*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-11, ਅੰਕ-10, ਅਕਤੂਬਰ 2021

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਸਾਡੇ ਪੰਥਕ ਵਿਦਵਾਨ ਤੇ ਲੀਡਰ ਆਖਿਰ ਚਾਹੁੰਦੇ ਕੀ ਹਨ ?/4

ਘੋਲਗੰਢ ਪੈ ਗਈ ਬੱਲਿਆ.../6

ਤੀਸਰੇ ਇੱਕ ਰੋਜ਼ਾ ਪੁਸਤਕ ਮੇਲੇ ਤੇ ਕੈਲਗਰੀ ਦੇ ਪਾਠਕਾਂ ਵਲੋਂ ਦਿਖਾਇਆ ਉਤਸ਼ਾਹ ! /10

ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਦੀ ਢੌਂਗੀ ਜੰਗ/11

ਭਾਅ ਜੀ ਗੁਰਸ਼ਰਨ ਸਿੰਘ ਦਾ ਔਰਤਾਂ ਬਾਰੇ ਦ੍ਰਿਸ਼ਟੀਕੋਣ/15

ਸਾਧੂ ਬਿਨਿੰਗ ਨਾਲ਼ ਕੁਝ ਗੱਲਾਂ/16

ਡੂੰਘੀ ਹੁੰਦੀ ਆਨਲਾਈਨ ਸਿੱਖਿਆ ਦੀ ਘੁਸਪੈਠ/21

ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਭਾਵਨਾ ਦੀ ਲਾਟ ਪ੍ਰਚੰਡ ਕਰੋ/23

ਭੀਮਾਕੋਰੇਗਾਓਂ ਕੇਸ 'ਚ ਸਬੂਤ ਲੈਪਟਾਪ 'ਚ ਪਲਾਂਟ ਕੀਤੇ ਕਿਵੇਂ ?/24

ਕੈਨੇਡਾ ਪ੍ਰਵਾਸੀ ਮਜ਼ਦੂਰਾਂ ਦੀਆਂ ਹਾਲਤਾਂ 'ਤੇ ਇੱਕ ਝਾਤ/27

ਅੰਗਰੇਜ਼ ਰਾਜ 'ਚ ਦਲਿਤਾਂ ਦੀ ਹਾਲਤ ਅਤੇ ਆਜ਼ਾਦ ਪੰਜਾਬ ਦੇ ਪਹਿਲੇ ਦਲਿਤ ਮੁੱਖ ਮੰਤਰੀ ਲਈ ਚੁਣੌਤੀਆਂ/28

# ਭਾਰਤ ਬੰਦ ਨੂੰ ਵਿਸ਼ਾਲ ਲੋਕ ਹੁੰਗਾਰਾ







27 ਸਤੰਬਰ ਦੇ ਭਾਰਤ ਬੰਦ ਦੀ ਕਾਮਯਾਬੀ ਨਾਲ ਮਹਾਂਅੰਦੋਲਨ ਇਕ ਨਵੇਂ ਮੁਕਾਮ 'ਤੇ ਪਹੁੰਚ ਗਿਆ ਹੈ। ਇਹ ਮਹਿਜ਼ ਬੰਦ ਨਹੀਂ ਸੀ, ਇਹ ਤਾਂ ਇਕ ਤਰ੍ਹਾਂ ਨਾਲ ਮਹਾਂਅੰਦੋਲਨ ਦੀ ਇਖ਼ਲਾਕੀ ਜਿੱਤ ਦਾ ਜਸ਼ਨ ਸੀ ਜਿਸ ਵਿਚ ਅਵਾਮ ਨੇ ਬੇਮਿਸਾਲ ਉਤਸ਼ਾਹ, ਚਾਅ ਅਤੇ ਜੋਸ਼ੋ-ਖ਼ਰੋਸ਼ ਨਾਲ ਹਿਸਾ ਲਿਆ। 1947 ਤੋਂ ਬਾਦ ਦੇ ਸੱਤ ਦਹਾਕਿਆਂ ਦੇ ਅਰਸੇ 'ਚ ਸਮਾਜ ਦੇ ਵੱਖ-ਵੱਖ ਹਿੱਸਿਆਂ ਦੀ ਭਰਵੀਂ ਸ਼ਮੂਲੀਅਤ ਵਾਲੇ ਐਸੇ ਬੰਦ ਦੀ ਮਿਸਾਲ ਨਹੀਂ ਮਿਲਦੀ। ਇਨ੍ਹਾਂ ਸੱਦਿਆਂ ਦੀ ਕਾਮਯਾਬੀ ਨੇ ਫਾਸ਼ਿਸ਼ਟ ਹਕੂਮਤ ਦੀਆਂ ਮਨਮਾਨੀਆਂ ਵਿਰੁੱਧ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਹਿੱਸਿਆਂ ਦੀ ਅਨਿਆਂਕਾਰੀ ਪ੍ਰਬੰਧ ਦਾ ਟਾਕਰਾ ਕਰਨ ਦੀ ਸਮਰੱਥਾ ਸਾਹਮਣੇ ਲਿਆਂਦੀ ਹੈ। 10 ਮਹੀਨੇ ਦੇ ਸਮੇਂ 'ਚ 600 ਤੋਂ ਵਧੇਰੇ ਸ਼ਹਾਦਤਾਂ ਦੇਣ ਵਾਲੇ ਸੰਘਰਸ਼ ਦੇ ਸਿਦਕ ਅਤੇ ਸਿਰੜ ਨੂੰ ਸਮਝਣ ਤੋਂ ਇਨਕਾਰੀ ਹੈਂਕੜਬਾਜ਼ ਹਕੂਮਤ ਅਜੇ ਵੀ ਇਸ ਭੁਲੇਖੇ 'ਚ ਹੈ ਕਿ ਇਹ ਸੰਘਰਸ਼ ਸੱਤਾ ਦੀ ਜ਼ਿੱਦ ਅੱਗੇ ਦਮ ਤੋੜ ਦੇਵੇਗਾ। ਪਰ ਮਹਾਂਅੰਦੋਲਨ ਰਾਹੀਂ ਉਜਾਗਰ ਹੋਇਆ ਅਵਾਮ ਦਾ ਸਿਦਕ ਅਤੇ ਸਿਰੜ ਪੂਰੀ ਤਰ੍ਹਾਂ ਉਲਟ ਸੰਦੇਸ਼ ਦੇ ਰਿਹਾ ਹੈ ਕਿ ਹੁਕਮਰਾਨਾਂ ਨੂੰ ਆਖ਼ਿਰਕਾਰ ਪਿੱਛੇ ਹਟਣਾ ਪਵੇਗਾ।



ਬੂਟਾ ਸਿੰਘ ਨਵਾਂਸ਼ਹਿਰ
94634-74342

ਪਿਛਲੇ ਸਾਲ 25 ਸਤੰਬਰ ਨੂੰ ਪੰਜਾਬ ਦੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨੇ ਮੁਕੰਮਲ ਪੰਜਾਬ ਬੰਦ ਕਰਕੇ ਆਰ.ਐੱਸ.ਐੱਸ.-ਬੀ.ਜੇ.ਪੀ. ਵੱਲੋਂ ਥੋਪੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਵਿਸ਼ਾਲ ਲਾਮਬੰਦੀ ਦਾ ਪਿੜ ਬੰਨ੍ਹਿਆ ਸੀ। ਜਦੋਂ 25 ਨਵੰਬਰ ਨੂੰ ਫਾਸ਼ੀਵਾਦੀ ਹਕੂਮਤ ਵੱਲੋਂ ਲਗਾਈਆਂ ਜਾਬਰ ਰੋਕਾਂ ਨੂੰ ਚਕਨਾਚੂਰ ਕਰਕੇ ਪੰਜਾਬ ਅਤੇ ਹਰਿਆਣੇ ਦੇ ਕਿਸਾਨ ਦਿੱਲੀ ਦੀ ਹੱਦ ਉੱਪਰ ਜਾ ਪਹੁੰਚੇ ਅਤੇ ਪੱਕੇ ਮੋਰਚੇ ਲਗਾ ਕੇ ਬੈਠ ਗਏ ਉਦੋਂ ਭਗਵੀਂ ਹਕੂਮਤ ਨੂੰ ਭਰਮ ਸੀ ਕਿ ਥੋੜ੍ਹੇ ਹਫ਼ਤਿਆਂ 'ਚ ਹੀ ਥੱਕ-ਹਾਰ ਕੇ ਅੰਦੋਲਨਕਾਰੀ ਦਿੱਲੀ ਦੀਆਂ ਬਰੂਹਾਂ ਤੋਂ ਪੱਕੇ ਮੋਰਚੇ ਸਮੇਟਕੇ ਘਰਾਂ ਨੂੰ ਚਲੇ ਜਾਣਗੇ ਅਤੇ ਲਾਮਬੰਦੀ ਖਿੰਡ ਜਾਵੇਗੀ। ਪਰ ਅੰਦੋਲਨ ਨੇ ਪੂਰਾ ਇਕ ਸਾਲ ਅਡੋਲ ਡੱਟੇ ਰਹਿ ਕੇ, ਖ਼ਾਸ ਕਰਕੇ ਦਿੱਲੀ ਦੀਆਂ ਬਰੂਹਾਂ ਉੱਪਰ ਦਸ ਮਹੀਨੇ ਪੂਰੇ ਕਰਕੇ ਨਾ ਸਿਰਫ਼ ਹੁਕਮਰਾਨਾਂ ਦਾ ਭਰਮ ਤੋੜਿਆ ਹੈ ਸਗੋਂ ਮੁਲਕ ਦੇ ਦੂਰ-ਦਰਾਜ ਹਿੱਸਿਆਂ ਤੱਕ ਫੈਲ ਕੇ ਅਤੇ ਵੱਖ-ਵੱਖ ਵਰਗਾਂ ਨੂੰ ਅੰਦੋਲਨ ਵਿਚ ਖਿੱਚ ਕੇ ਇਸ ਦਾ ਘੇਰਾ ਵੀ ਵਿਸ਼ਾਲ ਕੀਤਾ ਹੈ। ਇਸ ਦੀ ਮੁੱਖ ਮਿਸਾਲ ਮੁਜ਼ੱਫ਼ਰਨਗਰ ਮਹਾਪੰਚਾਇਤ ਦਾ ਇਕੱਠ ਸੀ। 8 ਦਸੰਬਰ 2020 ਅਤੇ 26 ਮਾਰਚ 2021 ਦੇ ਭਾਰਤ ਬੰਦ ਦੇ ਸੱਦਿਆਂ ਤੋਂ ਬਾਦ 27 ਸਤੰਬਰ ਦੇ ਭਾਰਤ ਬੰਦ ਦੇ ਸੱਦੇ ਨੂੰ ਮਿਲੀ ਵਿਆਪਕ ਹਮਾਇਤ, ਜੋ 26 ਮਾਰਚ ਦੇ ਬੰਦ ਤੋਂ ਵੀ ਵਿਸ਼ਾਲ ਸੀ, ਇਸ ਦਾ ਮੂੰਹ ਬੋਲਦਾ ਸਬੂਤ ਹੈ। ਅੰਦੋਲਨ ਲਗਾਤਾਰ ਪੱਕੇ ਪੈਰੀਂ ਵੀ ਹੋ ਰਿਹਾ ਹੈ। ਇਕ ਸਾਲ ਲਗਾਤਾਰ ਲੜਨ ਤੋਂ ਬਾਦ ਬੰਦ ਦੇ ਸੱਦੇ

(ਬਾਕੀ ਸਫ਼ਾ 29 'ਤੇ)

CONGRATULATIONS
TEAM OVER 750 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® MULTIPLE LISTING SERVICE®
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

# ਕੈਲਗਰੀ ਵਿੱਚ ਕਿਸਾਨ ਮੋਰਚੇ ਦੇ ਹੱਕ ਵਿੱਚ ਪ੍ਰਭਾਵਸ਼ਾਲੀ ਰੈਲੀ !




ਕੈਲਗਰੀ (ਹਰਚਰਨ ਪਰਹਾਰ) : 27 ਸਤੰਬਰ ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ ਅਤੇ ਅਦਾਰਾ ਸਰੋਕਾਰਾਂ ਦੀ ਆਵਾਜ਼ ਟਰਾਂਟੋ ਦੇ ਸੱਦੇ ਤੇ ਪ੍ਰੇਰੀਵਿੰਡਜ਼ ਪਾਰਕ ਨਾਰਥ ਈਸਟ ਕੈਲਗਰੀ ਦੇ ਬਾਹਰ ਭਾਰਤ ਸਰਕਾਰ ਵਲੋਂ ਕਿਸਾਨ ਵਿਰੋਧੀ ਬਣਾਏ ਤਿੰਨ ਕਨੂੰਨਾਂ ਖਿਲਾਫ ਇੱਕ ਭਰਵੀਂ ਰੈਲੀ ਕੀਤੀ ਗਈ। ਇਹ ਰੈਲੀ ਸੰਯੁਕਤ ਕਿਸਾਨ ਮੋਰਚੇ ਵਲੋਂ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਤੇ ਭਾਰਤ ਸਰਕਾਰ ਦੇ ਹਠੀ ਵਤੀਰੇ ਖਿਲਾਫ 27 ਸਤੰਬਰ ਨੂੰ ਭਾਰਤ ਬੰਦ ਦੇ ਸੱਦੇ ਦੇ ਸਮਰਥਨ ਵਿੱਚ ਸੀ। ਬੇਸ਼ੱਕ ਕੋਵਿਡ ਕਾਰਨ ਬਹੁਤੇ ਇਕੱਠ ਦੀ ਆਸ ਨਹੀਂ ਸੀ, ਪਰ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀ ਸ਼ਮੂਲੀਅਤ ਦੱਸਦੀ ਸੀ ਕਿ ਲੋਕਾਂ ਵਿੱਚ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਸਾਲ ਬੀਤਣ ਬਾਅਦ ਵੀ ਹਮਦਰਦੀ ਹੈ ਤੇ ਸਰਕਾਰ ਪ੍ਰਤੀ ਪੂਰਾ ਰੋਹ ਹੈ। ਇਥੇ ਯਾਦ ਰਹੇ ਕਿ ਇੱਕ ਸਾਲ ਪਹਿਲਾਂ 25 ਸਤੰਬਰ ਨੂੰ ਪੰਜਾਬ ਬੰਦ ਦੇ ਸੱਦੇ ਨਾਲ਼ ਸੰਘਰਸ਼ ਸ਼ੁਰੂ ਹੋਇਆ ਸੀ, ਜੋ ਬਾਅਦ ਵਿੱਚ 26 ਨਵੰਬਰ, 2020 ਤੋਂ ਦਿੱਲੀ ਦੇ ਬਾਰਡਰਾਂ ਤੇ ਚੱਲ ਰਿਹਾ ਹੈ। ਇਸ ਮੌਕੇ ’ਤੇ ਰੈਲੀ ਦੇ ਮੁੱਖ ਪ੍ਰਬੰਧਕ ਮਾਸਟਰ ਭਜਨ ਸਿੰਘ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਭਾਰਤ ਸਰਕਾਰ ਵਲੋਂ ਪਾਸ ਕੀਤੇ ਤਿੰਨ ਨਵੇਂ ਖੇਤੀ ਕਨੂੰਨਾਂ ਦੇ ਲਾਗੂ ਹੋਣ ਨਾਲ ਖੇਤੀ ਸੈਕਟਰ ਤੇ ਵੀ ਵੱਡੀਆਂ ਕਾਰਪੋਰੇਸ਼ਨਾਂ ਦਾ ਕਬਜਾ ਹੋ ਜਾਵੇਗਾ। ਸਰਕਾਰ ਵਲੋਂ ਫਸਲਾਂ ਦਾ ਤਹਿ ਕੀਤਾ ਜਾਂਦਾ ਘੱਟੋ-ਘੱਟ ਸਮਰਥਨ ਮੁੱਲ ਵੀ ਹੌਲੀ-ਹੌਲੀ ਖਤਮ ਹੋ ਜਾਵੇਗਾ। ਛੋਟੇ ਤੇ ਮੱਧ ਵਰਗੀ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਹੋਣਾ ਪਵੇਗਾ ਤੇ ਜਮੀਨਾਂ ਦੀ ਮਾਲਕੀ ਵੀ ਵੱਡੇ ਘਰਾਣਿਆਂ ਕੋਲ ਚਲੀ ਜਾਵੇਗੀ। ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਬਣ ਕੇ ਰਹਿ ਗਈ ਹੈ। ਕੈਲਗਰੀ ਦੀ ਉਘੀ ਕਵਿਤਰੀ ਤੇ ਕਈ ਕਿਤਾਬਾਂ ਦੀ ਲੇਖਿਕਾ ਸੁਰਿੰਦਰ ਗੀਤ ਵਲੋਂ ਕਿਸਾਨਾਂ ਤੇ ਮਜਦੂਰਾਂ ਦੇ ਹੱਕ ਵਿੱਚ ਦੋ ਗਜ਼ਲਾਂ ਪੜ੍ਹੀਆਂ।ਗੀਤ ਜੀ ਦੀ ਕਿਸਾਨ-ਮਜ਼ਦੂਰ ਗੀਤਾਂ, ਕਵਿਤਾਵਾਂ ਤੇ ਗਜ਼ਲਾਂ ਅਧਾਰਿਤ ਇੱਕ ਕਿਤਾਬ ਪਿਛਲ਼ੇ ਦਿਨੀਂ ਸਿੰਘੂ ਬਾਰਡਰ ਤੇ ਸੰਯੁਕਤ ਕਿਸਾਨ ਮੋਰਚੇ ਵਲੋਂ ਰਿਲੀਜ਼ ਕੀਤੀ ਗਈ ਸੀ। ਇਸ ਮੌਕੇ ’ਤੇ ਟੀਮ ਕਲਾਕਾਰ ਹਰਿੰਦਰ ਸਿੰਘ ਵਲੋਂ ਕਿਸਾਨੀ ਸੰਘਰਸ਼ ਨਾਲ਼ ਸਬੰਧਤ ਗੀਤ ਪੇਸ਼ ਕੀਤਾ ਗਿਆ। ਕਮਲਪ੍ਰੀਤ ਪੰਧੇਰ ਦੀ ਅਗਵਾਈ ਵਿੱਚ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵਲੋਂ ਰੰਮੀ ਰੰਧਾਵਾ ਤੇ ਪ੍ਰਿੰਸ ਰੰਧਾਵਾ ਵਲੋਂ ਗਾਏ ਗੀਤ, ‘ਓ ਸਾਨੂੰ ਦੱਸਿਓ ਕਿ ਗੌਣ ਵਾਲਿਓ, ਓ ਜੱਟ ਕਿਹੜੇ ਪਿੰਡ ਰਹਿੰਦਾ ਹੈ ----’ ਤੇ ਕੋਰੀਓਗਰਾਫੀ ਪੇਸ਼ ਕੀਤੀ, ਜਿਸਨੂੰ ਮੁਜ਼ਾਹਰਾਕਾਰੀਆਂ ਨੇ ਖੂਬ ਸਰਾਹਿਆ। ਬਹੁਤ ਸਾਰੇ ਮੁਜ਼ਾਹਰਾਕਾਰੀ ਕਿਸਾਨੀ ਦੇ ਪ੍ਰਤੀਕ ਹਰੇ ਤੇ ਪੀਲੇ ਰੰਗ ਦੇ ਕੱਪੜੇ, ਦਸਤਾਰਾਂ ਜਾਂ ਚੁੰਨੀਆਂ ਪਾ ਕੇ ਆਏ ਹੋਏ ਸਨ। ਸਾਰੇ ਮੁਜ਼ਾਹਰੇ ਦੌਰਾਨ ਕਿਸਾਨਾਂ ਦੇ ਹੱਕ ਵਿੱਚ ਅਤੇ ਮੋਦੀ ਸਰਕਾਰ ਦੇ ਵਿਰੋਧ ਵਿੱਚ ਰੋਹ ਭਰੇ ਨਾਹਰੇ ਲਗਦੇ ਰਹੇ। ਇਸ ਮੌਕੇ ਵੈਦ ਬਰੇਟਾ ਵਲੋਂ ਕਿਸਾਨ ਵਿਰੋਧੀ ਕਨੂੰਨਾਂ ਦੇ ਮਾਰੂ ਪ੍ਰਭਾਵਾਂ ਬਾਰੇ ਜੋਸ਼ੀਲੀ ਤਕਰੀਰ ਕੀਤੀ, ਉਨ੍ਹਾਂ ਦੱਸਿਆ ਕਿ ਕਾਰੋਪੋਰੇਟ ਪੱਖੀ ਤੇ ਲੋਕ ਵਿਰੋਧੀ ਪਾਲਸੀਆਂ 20-25 ਸਾਲ ਤੋਂ ਭਾਰਤ ਵਿੱਚ ਚੱਲ ਰਹੀਆਂ ਹਨ। ਸਿੱਖ ਵਿਰਸਾ ਇੰਟਰਨੈਸ਼ਨਲ ਤੋਂ ਹਰਚਰਨ ਸਿੰਘ ਪ੍ਰਹਾਰ ਵਲੋਂ ਆਏ ਹੋਏ ਲੋਕਾਂ, ਮੀਡੀਆ, ਜਥੇਬੰਦੀਆਂ ਦਾ ਧੰਨਵਾਦ ਕੀਤਾ, ਜੋ ਬਹੁਤ ਘੱਟ ਸਮੇਂ ਦੇ ਨੋਟਿਸ ਤੇ ਵੱਡੀ ਗਿਣਤੀ ਵਿੱਚ ਪਹੁੰਚੇ।ਕੈਲਗਰੀ ਨਾਰਥ ਈਸਟ ਦੇ ਪ੍ਰੇਰੀਵਿੰਡਜ਼ ਪਾਰਕ ਵਿੱਚ ਇਸ ਮੁਜ਼ਾਹਰੇ ਦੇ ਅਖੀਰ ਵਿੱਚ ਕਿਸਾਨਾਂ ਦੇ ਹੱਕ ਤੇ ਮੋਦੀ ਸਰਕਾਰ ਦੇ ਵਿਰੋਧ ਵਿੱਚ ਚੁੱਕੇ ਹੋਏ ਬੈਨਰਾਂ ਤੇ ਤਖਤੀਆਂ ਨਾਲ ਪ੍ਰਦਰਸ਼ਨਕਾਰੀਆਂ ਨੇ ਪ੍ਰੇਰੀਵਿੰਡ ਦੇ ਬਾਹਰ ਰੋਡ ਦੇ ਨਾਲ-ਨਾਲ ਨਾਹਰੇਬਾਜੀ ਕਰਦੇ ਹੋਏ ਰੋਸ ਮਾਰਚ ਵੀ ਕੀਤਾ।






**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Graphic Desinger**
Baljinder Singh Waraich
+91-92167-29598
akashdeep.1064@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Malkit Singh Abbotsford (BC)
Narbhinder Singh (India) (Punjab)
935-443-0211
Buta Singh Nawan Shahr (Punjab)
946-347-4342
atoozed@gmail.com
Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# 'ਭਾਰਤ ਬੰਦ' ਦੀ ਹਮਾਇਤ 'ਚ ਬਰੈਂਪਟਨ ਕੈਨੇਡਾ ਵਿਚ ਵੀ ਭਾਵਪੂਰਤ ਮੁਜ਼ਾਹਰਾ




ਬਰੈਂਪਟਨ, (ਡਾ. ਝੰਡ) - ਦਿੱਲੀ ਦੀਆਂ ਬਰੂਹਾਂ 'ਤੇ ਪਿਛਲੇ 10 ਮਹੀਨੇ ਤੋਂ ਚੱਲ ਰਹੇ ਕਿਸਾਨੀ ਅੰਦੋਲਨ ਦੇ ਮੱਦੇ-ਨਜ਼ਰ ਸੰਯੁਕਤ ਕਿਸਾਨ ਮੋਰਚੇ ਵੱਲੋਂ 27 ਸਤੰਬਰ ਨੂੰ 'ਭਾਰਤ ਬੰਦ' ਦੇ ਸੱਦੇ ਦੀ ਭਰਪੂਰ ਹਮਾਇਤ ਕਰਦਿਆਂ ਹੋਇਆਂ ਬਰੈਂਪਟਨ ਵਿਚ ਵਿਚਰ ਰਹੀਆਂ ਵੱਖ-ਵੱਖ 10 ਜੱਥੇਬੰਦੀਆਂ ਦੀ ਸਾਂਝੀ ਕਮੇਟੀ ਦੇ 100 ਤੋਂ ਵਧੇਰੇ ਸਰਗ਼ਰਮ ਮੈਂਬਰਾਂ ਨੇ ਸਟੀਲਜ਼ ਐਵੀਨਿਊ ਅਤੇ ਹਾਈਵੇਅ-10 ਦੇ ਇੰਟਰਸੈੱਕਸ਼ਨ ਦੀ ਉੱਤਰ-ਪੂਰਬੀ ਨੁੱਕਰ 'ਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੀਕ ਜ਼ੋਰਦਾਰ ਮੁਜ਼ਾਹਰਾ ਕੀਤਾ। ਉਹ ਛੇ ਵਜੇ ਤੋਂ ਪਹਿਲਾਂ ਇਸ ਨਿਸਚਿਤ ਕੀਤੀ ਗਈ ਥਾਂ 'ਤੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਸਵਾ ਛੇ ਵਜੇ ਉੱਥੇ ਮੁਜ਼ਾਹਰਾ-ਕਾਰੀਆਂ ਦੀ ਗਿਣਤੀ ਕਾਫ਼ੀ ਹੋ ਗਈ ਅਤੇ ਨਾਲ ਹੀ ਵੱਖ-ਵੱਖ ਨੇਤਾਵਾਂ ਨੇਂ ਵਾਰੀ-ਵਾਰੀ ਛੋਟਾ ਸਪੀਕਰ ਹੱਥ ਵਿਚ ਫੜ ਕੇ ਜੋਸ਼ੀਲੇ ਨਾਅਰੇ ਲਗਾ ਕੇ ਮਾਹੌਲ ਨੂੰ ਗਰਮਾਉਣਾ ਸ਼ੁਰੂ ਕਰ ਦਿੱਤਾ।

ਪ੍ਰੋਗਰਾਮ ਨੂੰ ਵਿਧੀ-ਵੱਤ ਤਰੀਕੇ ਨਾਲ ਚਲਾਉਣ ਲਈ ਬੁਲਾਰਿਆਂ ਨੂੰ ਵਾਰੀ-ਸਿਰ ਬੁਲਾਉਣ ਦੀ ਜ਼ਿੰਮੇਵਾਰੀ ਸੰਭਾਲਦਿਆਂ ਫ਼ਾਰਮਰਜ਼ ਸੁਪੋਰਟ ਕਮੇਟੀ ਦੇ ਨੁਮਾਇੰਦੇ ਪ੍ਰੋ.ਜਗੀਰ ਸਿੰਘ ਕਾਹਲੋਂ ਨੇ ਦੱਸਿਆ ਕਿ ਸਤੰਬਰ ਦਾ ਮਹੀਨਾ ਸਾਡੇ ਸਾਰਿਆਂ ਲਈ ਬੜਾ ਅਹਿਮ ਹੈ, ਕਿਉਂਕਿ ਇਸ ਵਿਚ ਸ਼ਹੀਦੇ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੀ ਸੋਚ ਨੂੰ ਨਾਟਕਾਂ ਰਾਹੀਂ ਥਾਂ-ਥਾਂ ਪਹੁੰਚਾਉਣ ਵਾਲੇ ਨਾਇਕ ਭਾਅਜੀ ਗੁਰਸ਼ਰਨ ਸਿੰਘ ਅਤੇ ਇਨਕਲਾਬੀ ਕਵੀ ਪਾਸ਼ ਦਾ ਜਨਮ ਹੋਇਆ। ਇਸ ਦੇ ਨਾਲ ਹੀ ਇਸ ਮਹੀਨੇ ਦਾ 27 ਸਤੰਬਰ ਦਾ ਦਿਨ ਭਾਰਤ ਦੇ ਇਤਿਹਾਸ ਵਿਚ ਕਾਲ਼ਾ ਦਿਨ ਅਖਵਾਏਗਾ, ਕਿਉਂਕਿ 27 ਸਤੰਬਰ 2020 ਨੂੰ ਭਾਰਤ ਦੇ ਰਾਸ਼ਟਰਪਤੀ ਨੇ ਤਿੰਨ ਖੇਤੀ ਕਾਨੂੰਨਾਂ ਉੱਪਰ ਦਸਤਖ਼ਤ ਕਰਕੇ ਇਨ੍ਹਾਂ ਤੇ ਆਪਣੀ ਮੋਹਰ ਲਗਾਈ ਸੀ। ਉਨ੍ਹਾਂ ਸੱਭ ਤੋਂ ਪਹਿਲਾਂ 'ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ' ਦੇ ਨੇਤਾ ਮਲਕੀਤ ਸਿੰਘ ਜਿੰਡੇਰ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਭਾਰਤ ਵਿਚ 27 ਸਤੰਬਰ ਦੇ 'ਭਾਰਤ-ਬੰਦ' ਦੀ ਭਰਪੂਰ ਸਫ਼ਲਤਾ ਲਈ ਸਮੂਹ ਲੋਕਾਂ ਦਾ ਧੰਨਵਾਦ ਕਰਦਿਆਂ ਕਿਸਾਨ ਮੋਰਚੇ ਨੂੰ ਵਿਦੇਸ਼ਾਂ ਵਿਚੋਂ ਮਿਲ ਰਹੀ ਪੂਰੀ ਹਮਾਇਤ ਬਾਰੇ ਵਿਸ਼ੇਸ਼ ਜ਼ਿਕਰ ਕੀਤਾ। 'ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ' ਦੇ ਪ੍ਰਧਾਨ ਪਰਮਜੀਤ ਸਿੰਘ ਬੜਿੰਗ ਨੇ ਭਾਰਤ ਸਰਕਾਰ ਵੱਲੋਂ ਸਾਰੇ ਵੱਡੇ ਸਰਕਾਰੀ ਕਾਰੋਬਾਰੀ-ਅਦਾਰੇ ਅੰਬਾਨੀ, ਅੰਡਾਨੀ ਵਰਗੇ ਕਾਰਪੋਰੇਟ ਅਦਾਰਿਆਂ ਨੂੰ ਸੌਂਪਣ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰਾ ਦੇਸ਼ ਇਨ੍ਹਾਂ ਕੋਲ ਗਹਿਣੇ ਧਰ ਦਿੱਤਾ ਹੈ। 'ਅਲਾਇੰਸ ਫ਼ਾਰ ਪ੍ਰਾਗਰੈੱਸਿਵ ਕੈਨੇਡੀਅਨਜ਼' ਦੇ ਹਰਪ੍ਰਿੰਦਰ ਗ਼ਦਰੀ ਨੇ ਭਾਰਤ ਵਿਚ ਸਾਮਰਾਜੀ ਤਾਕਤਾਂ ਦੇ ਨਿੱਤ ਵੱਧਦੇ ਪ੍ਰਭਾਵ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਸ ਨੂੰ ਰੋਕਣ ਲਈ ਅਗਾਂਹ-ਵਧੂ ਵਿਚਾਰਾਂ ਵਾਲੇ ਲੋਕਾਂ ਅਤੇ ਰਾਜਨੀਤਕ ਪਾਰਟੀਆਂ ਦੇ ਇਕੱਠੇ ਹੋਣ ਦੀ ਜ਼ਰੂਰਤ ਹੈ।

ਸ਼ਹੀਦੇ-ਆਜ਼ਮ ਸ. ਭਗਤ ਸਿੰਘ ਦੇ ਕਰੀਬੀ ਰਿਸ਼ਤੇਦਾਰ ਅੰਮ੍ਰਿਤ ਢਿੱਲੋਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਭਾਰਤ ਵਿਚ ਕਿਸਾਨ ਅੰਦੋਲਨ ਦੀ ਸ਼ੁਰੂਆਤ 1907 ਵਿਚ ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਅਜੀਤ ਸਿੰਘ ਵੱਲੋਂ ਕੀਤੀ ਗਈ ਸੀ। ਉਨ੍ਹਾਂ ਉਦੋਂ 'ਪੱਗੜੀ ਸੰਭਾਲ ਜੱਟਾ' ਦਾ ਨਾਅਰਾ ਦਿੱਤਾ ਅਤੇ 9 ਮਹੀਨੇ ਲੰਮਾ ਸੰਘਰਸ਼ ਕਰਕੇ ਉਦੋਂ ਦੀ ਅੰਗਰੇਜ਼ ਸਰਕਾਰ ਦੇ ਤਿੰਨ 'ਖੇਤੀ ਕਾਲੇ-ਕਾਨੂੰਨ' ਰੱਦ ਕਰਵਾਏ ਸਨ। ਅੱਜ ਫਿਰ ਕਿਸਾਨ ਭਾਰਤ ਦੀ ਕੇਂਦਰ ਸਰਕਾਰ ਦੇ ਬਣਾਏ ਹੋਏ 'ਤਿੰਨ ਖੇਤੀ ਕਾਲ਼ੇ ਕਾਨੂੰਨ' ਰੱਦ ਕਰਨ ਲਈ ਪਿਛਲੇ 10 ਮਹੀਨੇ ਤੋਂ ਅੰਦੋਲਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਉਹ ਇਸ ਵਿਚ ਕਾਮਯਾਬ ਹੋਣਗੇ। ਇਸ ਦੌਰਾਨ 'ਜੀਟੀਏ ਵੈੱਸਟ ਕਲੱਬ ਸੀ.ਪੀ.ਸੀ.' ਦੀ ਨੁਮਾਇੰਦਾ ਮਿਸ ਐਨੀ, ਸੀ.ਪੀ.ਆਈ. (ਐੱਮ.ਐੱਲ.) ਕੈਨੇਡਾ ਦੇ ਫਿਲਿਪ ਫ਼ਰਨਾਂਡੇਜ਼, ਅੰਤਰਰਾਸ਼ਟਰੀ ਇਨਕਲਾਬੀ ਮੰਚ ਦੇ ਨਵਦੀਪ ਜੋਧਾਂ, ਮਨਦੀਪ ਚੀਮਾ ਚੈਰੀਟੇਬਲ ਸੰਸਥਾ ਦੀ ਨੁਮਾਇੰਦਾ ਨਵਦੀਪ ਕੌਰ ਗਿੱਲ, ਸਿੱਖ ਮੋਟਰਸਾਈਕਲ ਕਲੱਬ ਬਰੈਂਪਟਨ ਦੇ ਖ਼ੁਸ਼ਵੰਤ ਸਿੰਘ ਬਾਜਵਾ, ਕਿਸਾਨ ਆਗੂ ਲਾਲ ਸਿੰਘ, ਫ਼ਾਰਮਰਜ਼ ਸੁਪੋਰਟ ਗਰੁੱਪ ਬਰੈਂਪਟਨ ਦੇ ਨੇਤਾਵਾਂ ਮੱਲ ਸਿੰਘ ਬਾਸੀ, ਬਲਦੇਵ ਸਿੰਘ ਬਰਾੜ, ਮੁਹਿੰਦਰ ਸਿੰਘ ਮੋਹੀ ਅਤੇ ਪੱਤਰਕਾਰਾਂ ਚਰਨਜੀਤ ਸਿੰਘ ਬਰਾੜ ਤੇ ਡਾ.ਸੁਖਦੇਵ ਸਿੰਘ ਝੰਡ ਨੇ ਵੀ ਕਿਸਾਨੀ ਅੰਦੋਲਨ, ਬੀਤੇ ਦਿਨੀਂ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਹੋਏ ਜ਼ਬਰਦਸਤ ਰੋਸ-ਮੁਜ਼ਾਹਿਰਆਂ ਅਤੇ ਸਫ਼ਲ ਭਾਰਤ-ਬੰਦ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੁਜ਼ਾਹਰੇ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਇਸ ਵਿਚ ਪੰਜਾਬੀ ਕਮਿਊਨਿਟੀ ਤੋਂ ਇਲਾਵਾ ਇੱਥੋਂ ਦੀ ਗੋਰਾ ਕਮਿਊਨਿਟੀ ਅਤੇ ਹੋਰ ਕਮਿਊਨਿਟੀਆਂ ਦੇ ਲੋਕਾਂ ਨੇ ਵੀ ਆਪਣੀ ਸ਼ਮੂਲੀਅਤ ਕੀਤੀ। ਅਖ਼ੀਰ ਵਿਚ ਸਰੋਕਾਰਾਂ ਦੀ ਆਵਾਜ਼ ਦੇ ਦਵਿੰਦਰ ਤੂਰ ਵੱਲੋਂ ਇਸ ਮੁਜ਼ਾਹਰੇ ਵਿਚ ਪਹੁੰਚਣ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

ਚੱਲ ਰਹੇ ਇਸ ਮੁਜ਼ਾਹਰੇ ਦੌਰਾਨ ਸਟੀਲਜ਼ ਐਵੀਨਿਊ ਅਤੇ ਹਾਈਵੇਅ-10 'ਤੇ ਜਾਣ ਵਾਲੇ ਕਾਰਾਂ ਅਤੇ ਟਰੱਕਾਂ ਦੇ ਬਹੁਤ ਸਾਰੇ ਡਰਾਈਵਰ ਆਪਣੇ ਵਾਹਨਾਂ ਦੇ ਹਾਰਨ ਵਜਾ-ਵਜਾ ਕੇ ਇਸ ਦੀ ਹਮਾਇਤ ਕਰਦੇ ਨਜ਼ਰ ਆਏ। ਲੱਗਭੱਗ ਦੋ ਘੰਟੇ ਚੱਲੇ ਇਸ ਮੁਜ਼ਾਹਰੇ ਨੂੰ 'ਪੀ.ਟੀ.ਸੀ', 'ਹਮਦਰਦ ਮੀਡੀਆ', 'ਜੀਟੀਏ ਨਿਊਜ਼ ਮੀਡੀਆ', ਓਮਨੀ ਟੀ.ਵੀ., ਪੰਜ ਆਬ ਟੀ.ਵੀ. ਅਤੇ ਕਈ ਹੋਰ ਚੈਨਲਾਂ ਵੱਲੋਂ ਭਰਪੂਰ ਕੱਵਰੇਜ ਦਿੱਤੀ ਗਈ।

**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਸਾਡੇ ਪੰਥਕ ਵਿਦਵਾਨ ਤੇ ਲੀਡਰ ਆਖਿਰ ਚਾਹੁੰਦੇ ਕੀ ਹਨ ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com

'ਖਾਲਿਸਤਾਨ ਦਾ ਸੰਕਲਪ ਪਹਿਲੇ ਦਿਨ ਤੋਂ ਹੀ ਗੈਰ-ਸਿੱਖਾਂ ਦੀ ਸਿੱਖਾਂ ਵਿਰੁੱਧ ਵਰਤਣ ਲਈ ਘੜੀ ਗਈ ਘਾੜਤ ਸੀ। ਇਸ ਦੀਆਂ ਜੜ੍ਹਾਂ 1945 ਤੱਕ ਕਾਂਗਰਸ ਪਾਰਟੀ ਦੇ ਦਸਤਾਵੇਜਾਂ ਅਤੇ ਮਾਹਾਸ਼ਾ ਅਖ਼ਬਾਰਾਂ ਦੇ ਨੀਤੀ-ਲੇਖਾਂ ਤੱਕ ਪਹੁੰਚਦੀਆਂ ਹਨ। ਸਿੱਖਾਂ-ਮੁਸਲਮਾਨਾਂ ਦੇ ਆਪਸੀ ਡੂੰਘੇ ਵੈਰ ਪਵਾ ਕੇ ਪੰਜਾਬ ਦੀ ਵੰਡ ਨੂੰ ਯਕੀਨੀ ਬਣਾਉਣ ਲਈ ਇਸਨੂੰ 1947 ਤੋਂ ਪਹਿਲਾਂ ਵਰਤਿਆ ਜਾ ਚੁੱਕਾ ਸੀ। ਉਸ ਤੋਂ ਬਾਅਦ ਇਹ ਸਿੱਖਾਂ ਅਤੇ ਪੰਜਾਬ ਨੂੰ ਬਣਦੇ ਹੱਕਾਂ ਤੋਂ ਵਾਂਝੇ ਰੱਖਣ ਲਈ ਉਸੇ ਤਰ੍ਹਾਂ ਵਰਤਿਆ ਗਿਆ ਸੀ, ਜਿਵੇਂ ਪਾਕਿਸਤਾਨ ਦੇ ਸੰਕਲਪ ਨੂੰ ਮੁਸਲਮਾਨਾਂ ਨੂੰ ਹਿੰਦ ਵਿੱਚ ਥਾਂ ਸਿਰ ਰੱਖਣ ਲਈ ਵਰਤਿਆ ਗਿਆ ਸੀ। 1984 ਤੋਂ ਬਾਅਦ ਸਿੱਖਾਂ ਦੇ ਅਥਾਹ ਰੋਸ ਤੇ ਜੋਸ਼ ਨੂੰ ਕੁਰਾਹੇ ਪਾਉਣ ਲਈ ਫੇਰ ਇਹੀ 'ਖਾਲਿਸਤਾਨ' ਦਾ ਲਫ਼ਜ਼ ਵਰਤਿਆ ਗਿਆ। ਜੂਨ 1984 ਵਿੱਚ ਦੋ ਪੱਤਰਕਾਰ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਸੰਤ ਭਿੰਡਰਾਂਵਾਲ਼ਿਆਂ ਨੂੰ ਆਖਰੀ ਸਮੇਂ ਮਿਲਣ ਦਾ ਝੂਠਾ ਦਾਅਵਾ ਕੀਤਾ ਅਤੇ ਸੰਤਾਂ ਦੇ ਏਸ ਸਬੰਧੀ ਆਪੇ ਘੜੇ ਬਿਆਨ ਜਾਰੀ ਕੀਤੇ।ਕੁਝ ਸਮੇਂ ਬਾਅਦ ਸੰਤ ਜੀ ਦੀ ਏਸ ਸਬੰਧੀ ਗੁੱਸੇ ਵਿੱਚ ਕੀਤੀ ਇੱਕ ਛੋਟੀ ਜਿਹੀ ਟਿੱਪਣੀ ਲੱਭ ਲਈ ਗਈ (ਜਿਸ ਦਿਨ ਅਕਾਲ ਤਖਤ ਤੇ ਹਮਲਾ ਹੋਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ) ਅਤੇ ਫਿਰ ਇਸਨੂੰ ਸਿੱਖ ਕੌਮੀ ਰਾਜਨੀਤੀ ਦੇ ਧੁਰੇ ਦਾ ਦਰਜਾ ਦੇ ਕੇ ਪ੍ਰਚਾਰਨਾ ਸ਼ੁਰੂ ਕੀਤਾ ਗਿਆ। ਦਰਬਾਰ ਸਾਹਿਬ ਤੇ ਫੌਜੀ ਹਮਲੇ ਦੀ ਝੰਬੀ ਸਿੱਖ ਮਾਨਸਿਕਤਾ ਦੇ ਮੁੱਢਲੇ ਖਾੜਕੂ ਆਗੂਆਂ ਨੇ ਖਾਲਿਸਤਾਨ ਨੂੰ, ਸੁਤੇ ਸਿਧ, ਸੱਚੇ ਮਨ ਨਾਲ਼ ਗੱਲਵੱਕੜੀ ਪਾ ਲਈ।ਉਹ ਗੁਰਸਿੱਖੀ ਰੀਤ ਅਨੁਸਾਰ ਸਿਰ ਤਲੀ ਉਤੇ ਰੱਖ ਕੇ ਜੂਝ ਗਏ।'

'ਇਸ ਰੀਤ ਨੂੰ ਗਾਡੀ ਰਾਹ ਬਣਨ ਤੋਂ ਰੋਕਣ ਦਾ ਇੰਤਜ਼ਾਮ ਪਹਿਲਾਂ ਹੀ ਹੋ ਚੁੱਕਾ ਸੀ। ਸਿੱਖਾਂ ਵਿਰੁੱਧ ਨਫਰਤ ਭਰਿਆ, ਹਿੰਦੂਆਂ ਨੂੰ ਡਰਾਉਣ ਵਾਲ਼ਾ, ਦੁਸ਼-ਪ੍ਰਚਾਰ ਇਸਦਾ ਇੱਕ ਅੰਗ ਸੀ। ਖਾੜਕੂ ਭੇਸ ਵਿੱਚ ਪੁਲਿਸ ਮੁੱਖਬਰ, ਜਮੀਨ-ਦੋਜ਼ ਪੁਲਿਸ ਧਾੜਾਂ ਅਤੇ ਬੇਗਾਨੇ ਦੇਸ਼ਾਂ ਵਿੱਚ ਮਰਨ-ਮਾਰਨ ਨੂੰ ਤੂਲ ਦੇਣ ਵਾਲ਼ੇ ਸਰਕਾਰ ਦੇ ਹਾਮੀ ਵੱਡੀ ਗਿਣਤੀ ਵਿੱਚ ਭਰਤੀ ਕੀਤੇ ਗਏ। ਮਣਾਂ-ਮੂੰਹੀਂ ਧਨ ਲੁਟਾਇਆ ਗਿਆ। ਇਸ ਹਰਚੰਦਿਓਰੀ ਦੇ ਦਰਸ਼ਨ ਕਰਵਾਉਂਦਿਆਂ ਦੇਸ਼-ਵਿਦੇਸ਼ ਵਿੱਚ ਸਿੱਖਾਂ ਨੂੰ ਗੁਰਦੁਆਰਿਆ ਰਾਹੀਂ ਲੁੱਟਿਆ ਗਿਆ, ਬੇਦੋਸ਼ਿਆਂ ਦਾ ਮਣਾਂ-ਮੂੰਹੀਂ ਖੂਨ ਇਸ ਬਹਾਨੇ (ਖਾਲਿਸਤਾਨੀ ਲਹਿਰ ਰਾਹੀਂ) ਬਹਾਇਆ ਗਿਆ। ਇਸ ਵਿਉਂਤਬੰਦੀ ਦਾ ਆਖਰੀ ਨਿਸ਼ਾਨਾ ਸੀ, ਸਿੱਖ ਵਿਰੋਧੀ ਅਨਸਰਾਂ ਨੂੰ ਖਾੜਕੂ ਪ੍ਰਚਾਰ ਕੇ, ਗੈਰ-ਰਸਮੀ ਸਿੱਖ ਸਿਆਸਤ ਉਤੇ ਕਾਬਿਜ਼ ਕਰਵਾ ਕੇ, ਸਰਕਾਰੀ ਮੰਤਵ ਹੱਲ ਕਰਨਾ? ਇਸ ਤਰ੍ਹਾਂ ਸਿਰਜੇ ਮਾਹੌਲ ਵਿੱਚ ਭਰਾ-ਮਾਰੂ ਜੰਗ ਦਾ ਰੁਝਾਨ ਚਲਾ ਕੇ ਅਤੇ ਕੌਮ ਦੇ ਅਸਲ ਹਿੱਤਾਂ ਨੂੰ ਨਾਕਾਰ ਕੇ ਸਿੱਖੀ ਨੂੰ ਆਗੂ-ਰਹਿਤ ਕਰਨ ਦਾ ਕੰਮ ਆਰੰਭ ਹੋਇਆ। ਇਸ ਵਿੱਚ ਚਿਰਾਂ ਤੋਂ ਚੱਲੇ ਆਉਂਦੇ ਸਥਾਪਿਤ ਸਿੱਖ ਆਗੂਆਂ, ਸਿਆਸੀ ਜਮਾਤਾਂ, ਵਿਦੇਸ਼ੀਂ ਵੱਸਦੇ ਸਰਦੇ-ਪੁੱਜਦੇ ਸਿੱਖਾਂ ਆਦਿ ਨੇ ਵੱਡਾ ਹਿੱਸਾ ਪਾਇਆ। ਕਹਿੰਦੇ-ਕਹਾਉਂਦੇ ਆਗੂਆਂ ਨੇ ਨਕਲੀ ਖਾੜਕੂ ਪਾਲ਼ੇ ਅਤੇ ਉਨ੍ਹਾਂ ਕੋਲ਼ੋਂ ਮਨ-ਭਾਉਂਦੇ ਕੰਮ ਕਰਵਾਏ-ਜਿਹੋ-ਜਿਹੇ ਕੰਮ ਅੱਜ-ਕੱਲ੍ਹ ਦੇ ਦੌਰ ਵਿੱਚ ਗੈਂਗਸਟਰ ਆਖ ਕੇ ਬਦਨਾਮ ਕੀਤੇ ਨੌਜਵਾਨਾਂ ਤੋਂ ਕਰਵਾਏ ਜਾ ਰਹੇ ਹਨ? ਇਸ ਤਰ੍ਹਾਂ ਸਿੱਖੀ ਅਤੇ ਪੰਜਾਬ ਦੇ ਅਸਲ ਨਿਸ਼ਾਨਿਆਂ ਨੂੰ ਹਾਸਿਲ ਕਰਨ ਲਈ ਚੱਲੀ ਤਹਿਰੀਕ ਨੂੰ ਕੁਰਾਹੇ ਪਾਇਆ ਗਿਆ?'

ਉਪਰਲੇ ਵਿਚਾਰ ਕਿਸੇ ਕਾਮਰੇਡ, ਕਾਂਗਰਸੀ, ਭਾਜਪਈ, ਆਰ. ਐਸ. ਐਸ ਦੇ ਕਿਸੇ ਲੀਡਰ ਜਾਂ ਵਿਦਵਾਨ ਦੇ ਨਹੀਂ, ਸਗੋਂ ਸਿੱਖਾਂ ਵਿੱਚ ਪਿਛਲੇ 40 ਕੁ ਸਾਲਾਂ ਤੋਂ ਸਥਾਪਿਤ ਟਕਸਾਲੀ ਸਿੱਖ ਵਿਦਵਾਨ, ਹਿਸਟੋਰੀਅਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੇ ਸਭ ਤੋਂ ਪਿਆਰੇ ਸਾਥੀ ਤੇ ਖਾਸ ਸਲਾਹਕਾਰ, ਸ਼੍ਰੋਮਣੀ ਕਮੇਟੀ ਤੋਂ 'ਪ੍ਰੋਫੈਸਰ ਆਫ ਸਿੱਖਇਜ਼ਮ' ਦੀ ਉਪਾਧੀ ਨਾਲ਼ ਸਨਮਾਨਿਤ ਤੇ ਸਿੱਖ ਕੌਮ ਤੇ ਹੋਰ ਰਹੇ ਧੱਕਿਆਂ ਖਿਲਾਫ ਰੋਸ ਵਜੋਂ 'ਆਈ. ਏ. ਐਸ.' ਦੀ ਵਕਾਰੀ ਨੌਕਰੀ ਤਿਆਗਣ ਵਾਲ਼ੇ ਸਿਰਦਾਰ ਗੁਰਤੇਜ ਸਿੰਘ ਦੇ ਹਨ, ਜੋ ਉਨ੍ਹਾਂ ਨੇ ਆਪਣੇ ਫੇਸਬੁੱਕ ਪੇਜ਼ ਤੇ 3 ਸਤੰਬਰ, 2021 ਲਿਖੇ ਲੇਖ 'ਤੱਥ ਵਿਹੂਣੇ ਇਤਿਹਾਸਕਾਰ ਦੇ ਕੋਝੇ ਸਿਧਾਂਤਾਂ ਦਾ ਤੀਰ' ਵਿੱਚ ਪ੍ਰਗਟ ਕੀਤੇ ਹਨ। ਗੁਰਤੇਜ ਸਿੰਘ ਦੀਆਂ ਸਿੱਖ ਸੰਘਰਸ਼ ਬਾਰੇ ਇਹ ਟਿੱਪਣੀਆਂ, ਸਿੱਖ ਚਿੰਤਕ ਤੇ ਖਾਲਿਸਤਾਨ ਦੇ ਸੰਕਲਪ ਦੇ ਸਿਧਾਂਤਕ ਵਿਆਖਿਆਕਾਰ ਅਜਮੇਰ ਸਿੰਘ ਵਲੋਂ ਪਿਛਲ਼ੇ ਕੁਝ ਮਹੀਨਿਆਂ ਤੋਂ ਆਪਣੇ ਯੂ ਟਿਊਬ ਚੈਨਲ 'ਸਿੱਖ ਵਿਊ ਪੁਆਇੰਟ' ਰਾਹੀਂ ਸੰਘਰਸ਼ ਬਾਰੇ ਸਿਰਜੇ ਜਾ ਰਹੇ ਬਿਰਤਾਂਤਾਂ ਤੇ ਖਾਸਕਰ ਡਾ. ਸੋਹਣ ਸਿੰਘ ਦੀ ਅਗਵਾਈ ਵਾਲ਼ੀ ਪੰਥਕ ਕਮੇਟੀ ਅਧੀਨ ਕੰਮ ਕਰਦੀਆਂ ਪੰਜ ਖਾੜਕੂ ਜਥੇਬੰਦੀਆਂ ਵਲੋਂ ਸੰਤ ਭਿੰਡਰਾਂਵਾਲ਼ਿਆਂ ਦੇ ਖਾਸਮ-ਖਾਸ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੂੰ ਗਦਾਰ ਕਹਿ ਕੇ ਕੀਤੇ ਕਤਲ ਨੂੰ 30 ਸਾਲ ਬਾਅਦ ਜਾਇਜ਼ ਠਹਿਰਾਉਣ ਦੇ ਪ੍ਰਤੀਕਰਮ ਵਿੱਚ ਆਈਆਂ ਹਨ। ਜਿਥੇ ਸ. ਅਜਮੇਰ ਸਿੰਘ ਖਾੜਕੂ ਸੰਘਰਸ਼ ਨੂੰ ਉਚੀਆਂ-ਸੁੱਚੀਆਂ ਤੇ ਇਲਾਹੀ ਸੋਚ ਵਿੱਚ ਲਬਰੇਜ ਕਦਰਾਂ-ਕੀਮਤਾਂ ਦਾ ਨਾਮੂਨਾ ਪੇਸ਼ ਕਰਦਾ ਹੈ, ਉਥੇ ਗੁਰਤੇਜ ਸਿੰਘ ਹੋਰੀਂ ਜੋ ਕਿ ਇਸ ਸੰਘਰਸ਼ ਵਿੱਚ ਸੰਤ ਭਿੰਡਰਾਂਵਾਲ਼ਿਆਂ ਨਾਲ਼ ਸ਼ੁਰੂ ਤੋਂ ਜੁੜੇ ਰਹੇ ਹਨ, ਵੱਖਰੇ ਨਜ਼ਰੀਏ ਤੋਂ ਦੇਖ ਰਹੇ ਹਨ ਤੇ ਕਹਿ ਰਹੇ ਹਨ ਕਿ ਖਾਲਿਸਤਾਨੀ ਮੂਵਮੈਂਟ ਰਾਹੀਂ ਪੰਥ ਦੋਖੀ ਧਿਰਾਂ ਵਲੋਂ ਸਿੱਖਾਂ ਨੂੰ ਵਿਨਾਸ਼ਕਾਰੀ ਹਿੰਸਕ ਖਾਲਿਸਤਾਨੀ ਸੰਘਰਸ਼ ਦੇ ਰਾਹ ਪਾਇਆ ਗਿਆ ਸੀ। ਜੇ ਗੁਰਤੇਜ ਸਿੰਘ ਹੋਰਾਂ ਦੀਆਂ ਉਪਰਲੀਆਂ ਗੱਲਾਂ ਨੂੰ ਬਿਨਾਂ ਕਿਸੇ ਟਿੱਪਣੀ ਦੇ ਬਿਲਕੁਲ ਸੱਚ ਮੰਨੀਏ ਤਾਂ ਸਪੱਸ਼ਟ ਹੁੰਦਾ ਹੈ ਕਿ 'ਖਾਲਿਸਤਾਨ' ਦੀ ਮੰਗ ਸਿੱਖਾਂ ਦੀ ਨਹੀਂ ਸੀ, ਇਸਨੂੰ ਸਿੱਖਾਂ ਸਿਰ ਮੜਿਆ ਗਿਆ ਸੀ ਅਤੇ ਦੂਜਾ 1984 ਤੋਂ ਬਾਅਦ ਸ਼ੁਰੂ ਹੋਇਆ ਖਾੜਕੂਵਾਦ ਦਾ ਦੌਰ ਸਿੱਖ ਵਿਰੋਧੀਆਂ ਵਲੋਂ ਜੂਨ 84 ਦੇ ਹਮਲੇ ਤੋਂ ਬਾਅਦ ਪੈਦਾ ਹੋਏ ਰੋਸ ਨੂੰ ਸਿੱਖਾਂ ਖਿਲਾਫ ਹੀ ਵਰਤਣ ਲਈ ਸ਼ੁਰੂ ਕਰਵਾਇਆ ਗਿਆ ਸੀ? ਅਸੀਂ ਆਪਣੇ ਪਿਛਲੇ ਆਰਟੀਕਲ 'ਕੀ ਸਿੱਖਾਂ ਨੂੰ 1947 ਵਿੱਚ ਖਾਲਿਸਤਾਨ ਮਿਲ਼ਦਾ ਸੀ?' ਵਿੱਚ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਦੇ ਅਧਾਰ ਤੇ ਇੱਕ ਨਿਮਾਣਾ ਜਿਹਾ ਯਤਨ ਕੀਤਾ ਸੀ ਕਿ 'ਖਾਲਿਸਤਾਨ' ਮਿਲਣਾ ਜਾਂ ਨਾ ਮਿਲਣਾ ਤਾਂ ਬਾਅਦ ਦੀ ਗੱਲ ਸੀ, ਖਾਲਿਸਤਾਨ ਸਿੱਖਾਂ ਦੀ ਕਿਸੇ ਰਾਜਸੀ ਜਾਂ ਧਾਰਮਿਕ ਜਥੇਬੰਦੀ ਦੀ ਮੰਗ ਹੀ ਨਹੀਂ ਸੀ? ਇਸ ਮੰਗ ਨੂੰ ਸਿੱਖ ਆਗੂਆਂ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੂੰ ਖੁੰਡਾ ਕਰਨ ਲਈ ਹੀ ਵਰਤਿਆ ਸੀ ਕਿ ਜੇ ਦੇਸ਼ ਨੂੰ ਧਰਮ ਦੇ ਅਧਾਰ ਤੇ ਹੀ ਵੰਡਣਾ ਹੈ ਤਾਂ ਹਿੰਦੂਆਂ ਲਈ ਇੰਡੀਆ ਤੇ ਮੁਸਲਮਾਨਾਂ ਲਈ ਪਾਕਿਸਤਾਨ ਦੇ ਨਾਲ਼ ਸਿੱਖਾਂ ਨੂੰ ਵੀ ਖਾਲਿਸਤਾਨ ਮਿਲਣਾ ਚਾਹੀਦਾ ਹੈ? ਜਿਨ੍ਹਾਂ ਸਿੱਖ ਵਿਦਵਾਨਾਂ ਤੇ ਖਾਲਿਸਤਾਨੀ ਜਥੇਬੰਦੀਆਂ ਨੂੰ ਸੰਬੋਧਨ ਕਰਕੇ ਗੁਰਤੇਜ ਸਿੰਘ ਹੋਰਾਂ ਇਹ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਵਲੋਂ ਲਹਿਰ ਤੇ ਲਗਾਏ ਗੰਭੀਰ ਦੋਸ਼ਾਂ ਦਾ ਮਹੀਨਾ ਬੀਤਣ ਬਾਅਦ ਵੀ ਪ੍ਰਤੀਕਰਮ ਨਾ ਆਉਣਾ, ਕਈ ਤਰ੍ਹਾਂ ਦੇ ਸਵਾਲ ਖੜੇ ਕਰ ਰਿਹਾ ਹੈ ਕਿ ਗੁਰਤੇਜ ਸਿੰਘ ਦੀਆਂ ਗੱਲਾਂ ਵਿੱਚ ਜੇ ਸਾਰੀ ਨਹੀਂ ਤਾਂ ਬਹੁਤ ਸਾਰੀ ਸਚਾਈ ਜਰੂਰ ਹੈ? ਅਸੀਂ ਸਮਝਦੇ ਹਾਂ ਕਿ ਸਚਾਈ ਕੁਝ ਵੀ ਹੋਵੇ, ਪਰ ਗੁਰਤੇਜ ਸਿੰਘ ਵਲੋਂ ਪ੍ਰਗਟਾਏ ਖਦਸ਼ਿਆਂ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ? ਸਬੰਧਤ ਧਿਰਾਂ ਨੂੰ ਮੌਜੂਦਾ ਭਾਰਤ ਵਿੱਚ 'ਸਿੱਖ ਰਾਜ ਦੇ ਸੰਕਲਪ' ਦੇ ਸਿਧਾਂਤਕ ਵਿਆਖਿਆਕਾਰ ਸਿਰਦਾਰ ਕਪੂਰ ਸਿੰਘ ਦੀ ਵਿਚਾਰਧਾਰਾ ਦੇ ਵਾਰਿਸ ਗੁਰਤੇਜ ਸਿੰਘ ਵਲੋਂ ਉਠਾਏ ਸਵਾਲਾਂ ਦੇ ਜਵਾਬ ਜਰੂਰ ਦੇਣੇ ਬਣਦੇ ਹਨ?



ਗੁਰਤੇਜ ਸਿੰਘ ਆਪਣੇ ਇਸ ਲੇਖ ਵਿੱਚ ਖਾਲਿਸਤਾਨ ਦੀ ਲਹਿਰ ਬਾਰੇ ਇੱਕ ਹੋਰ ਗੰਭੀਰ ਸਵਾਲ ਉਠਾਉਂਦੇ ਹੋਏ, ਖਾਲਿਸਤਾਨੀ ਧਿਰਾਂ ਅਤੇ ਖਾਸਕਾਰ ਇਸਦੇ ਵਿਆਖਿਆਕਾਰਾਂ ਤੋਂ ਮੰਗ ਕਰਦੇ ਹਨ: 'ਮੈਂ ਕਈ ਦਹਾਕਿਆਂ ਤੋਂ ਮੰਗ ਕਰ ਰਿਹਾ ਹਾਂ ਕਿ ਏਸ ਲਫਜ਼ (ਖਾਲਿਸਤਾਨ) ਦੀ ਏਸ ਨਾਮ ਹੇਠ ਤਹਿਰੀਕ ਚਲਾਉਣ ਵਾਲਿਆਂ ਵਲੋਂ ਕੀਤੀ ਕੋਈ ਵਿਆਖਿਆ ਸਾਹਮਣੇ ਆਉਣੀ ਚਾਹੀਦੀ ਹੈ? ਕਈਆਂ ਨੂੰ ਮਿਲ਼ ਕੇ ਵੀ ਬੇਨਤੀਆਂ ਕੀਤੀਆਂ, ਪਰ ਕੁਝ ਪੱਲੇ ਨਹੀਂ ਪਿਆ।ਐਸ ਵੇਲੇ ਤੱਕ 'ਖਾਲਿਸਤਾਨ' ਇੱਕ ਨਾਅਰੇ ਤੋਂ ਵੱਧ ਕੁਝ ਨਹੀਂ, ਜਿਸਦੇ ਵਰਦਾਨ ਸਦਕਾ ਕੁਝ ਲੋਕ ਮਾਲਾ-ਮਾਲ ਹਨ।ਇਹੋ ਸ਼ਬਦ ਸੱਚੇ-ਸੁੱਚੇ ਲੋਕਾਂ ਲਈ ਸਰਾਪ ਵੀ ਬਣਿਆ ਹੋਇਆ ਹੈ, ਜਿਨ੍ਹਾਂ ਨੂੰ ਉਹੀ ਨਾਅਰਾ ਮਾਰਨ ਅਤੇ ਛਪੀਆਂ ਕਿਤਾਬਾਂ ਰੱਖਣ ਵਿੱਚ ਉਮਰ ਕੈਦ ਵੀ ਹੋ ਚੁੱਕੀ ਹੈ।ਮਾਜਰਾ ਸਮਝ ਨਹੀਂ ਪੈ ਰਿਹਾ।ਗੁੱਥੀ ਉਦੋਂ ਸੁਲਝੇਗੀ, ਜਦੋਂ ਏਸ ਨੂੰ ਮੰਨਣ ਵਾਲ਼ੇ ਲੋਕਾਂ ਨੂੰ ਭਰੋਸੇ ਵਿੱਚ ਲੈ ਕੇ, ਏਸ ਦੀ ਖੁੱਲ੍ਹੇਆਮ ਵਿਆਖਿਆ ਕਰਕੇ ਮਨੁੱਖਾਂ ਦੇ ਹੱਕਾਂ ਅਤੇ ਕਮਿਉਨਿਸਟ ਮੈਨੀਫੈਸਟੋ ਦੀ ਤਰਜ਼ ਦਾ ਕੋਈ ਦਸਤਾਵੇਜ ਜਾਰੀ ਕਰਨਗੇ?'

ਸਾਡੀ ਤਰਾਸਦੀ ਦੇਖੋ ਕਿ ਸਿੱਖ ਕੌਮ ਦਾ ਟਕਸਾਲੀ ਵਿਦਵਾਨ ਅਤੇ ਖਾਲਿਸਤਾਨੀ ਲਹਿਰ ਦੇ ਸੰਸਥਾਪਕ ਸੰਤ ਭਿੰਡਰਾਂਵਾਲ਼ਿਆਂ ਦਾ ਸਲਾਹਕਾਰ ਅਤੇ ਸਿੱਖ ਰਾਜ ਦੇ ਸਿਧਾਂਤਕ ਵਿਆਖਿਆਕਾਰ ਸਿਰਦਾਰ ਕਪੂਰ ਸਿੰਘ ਦੀ ਵਿਚਾਰਧਾਰਾ ਦਾ ਵਾਰਿਸ, 40 ਸਾਲ ਬਾਅਦ ਸਵਾਲ ਕਰ ਰਿਹਾ ਹੈ ਕਿ ਸਾਨੂੰ ਦੱਸੋ ਕਿ ਤੁਹਾਡਾ ਖਾਲਿਸਤਾਨ ਕੀ ਬਲਾ ਹੈ? ਤੁਸੀਂ ਕਿਉਂ ਇੱਕ ਨਾਹਰੇ ਨੂੰ ਜਿੰਦਾ ਰੱਖਣ ਲਈ ਸਾਰੀ ਸਿੱਖ ਕੌਮ ਨੂੰ ਬਲੀ ਦੇ ਬੂਥੇ ਦੇਈ ਜਾਂਦੇ ਹੋ? ਅਸੀਂ ਕੁਝ ਮਹੀਨੇ ਪਹਿਲਾਂ ਆਪਣੇ ਇੱਕ ਲੇਖ 'ਕੀ ਸਿੱਖ ਵਿਦਵਾਨ ਭੰਬਲ਼ਭੂਸੇ ਦਾ ਸ਼ਿਕਾਰ ਹਨ' ਵਿੱਚ ਜ਼ਿਕਰ ਕੀਤਾ ਸੀ ਕਿ ਸਿੱਖ ਲੀਡਰ ਤੇ ਵਿਦਵਾਨ, ਹਰ ਮੁੱਦੇ ਤੇ ਦੁਬਿਧਾ ਦਾ ਸ਼ਿਕਾਰ ਹਨ, ਕਿਤੇ ਵੀ ਖੁੱਲ੍ਹ ਕੇ ਇਮਾਨਦਾਰੀ ਨਾਲ਼ ਆਪਣਾ ਪੱਖ ਨਹੀਂ ਰੱਖ ਸਕੇ? ਪਿਛਲੇ 70-80 ਸਾਲ ਤੋਂ 'ਖਾਲਸਾ ਰਾਜ', 'ਸਿੱਖ ਰਾਜ', 'ਵੱਖਰੀ ਸਿੱਖ ਸਟੇਟ', 'ਪੂਰਨ ਆਜ਼ਾਦੀ', 'ਆਨੰਦਪੁਰ ਦਾ ਮਤਾ', 'ਖਾਲਿਸਤਾਨ' ਆਦਿ ਵਿੱਚ ਉਲਝੇ ਹੋਏ ਹਨ। ਅਜੇ ਤੱਕ ਇਸ ਗੱਲ ਪ੍ਰਤੀ ਹੀ ਸਪੱਸ਼ਟ ਨਹੀਂ ਕਿ ਉਹ ਭਾਰਤ ਦੇ ਵਿੱਚ ਰਹਿ ਕੇ ਕੁਝ ਵੱਖਰਾ ਰਾਜ ਚਾਹੁੰਦੇ ਹਨ ਜਾਂ ਭਾਰਤ ਤੋਂ ਵੱਖ ਆਜ਼ਾਦ ਦੇਸ਼ ਚਾਹੁੰਦੇ ਹਨ? ਸਿਰਦਾਰ ਕਪੂਰ ਸਿੰਘ ਤੋਂ ਲੈ ਕੇ ਸੰਤ ਭਿੰਡਰਾਂਵਾਲ਼ੇ, ਗੁਰਤੇਜ ਸਿੰਘ, ਪੱਤਰਕਾਰ ਦਲਬੀਰ ਸਿੰਘ, ਅਜਮੇਰ ਸਿੰਘ ਆਦਿ ਸਭ ਅਜਿਹੀ ਦੁਬਿਧਾ ਦਾ ਸ਼ਿਕਾਰ ਹਨ।

ਲਉ ਹੁਣ ਅੱਗੇ ਹੋਰ ਸੁਣੋ: 'ਸਾਡੇ ਵਿੱਚ ਯੋਧੇ ਬਣਨ ਦੀ ਬੜੀ ਲਾਲਸਾ ਰਹਿੰਦੀ ਹੈ। ਸੰਘਰਸ਼ ਕਿਵੇਂ ਲੜਨਾ ਹੈ, ਬਾਰੇ ਕਦੇ ਸੋਚਿਆ ਨਹੀਂ? ਅਸੀਂ ਸਿਰਫ ਲੜਨਾ-ਝਗੜਨਾ ਜਾਣਦੇ ਹਾਂ।ਕਦੇ ਲਿਆਕਤ ਨਾਲ਼ ਅੱਗੇ ਵਧਣਾ ਨਹੀਂ ਸਿੱਖਿਆ? ਸਾਡੀ ਇਸੇ ਸੋਚ ਨੇ 84 ਲਿਆਂਦੀ। ਮੂਵਮੈਂਟ ਵਿੱਚ ਚੱਕ ਦਿਉ, ਸੋਧ ਦਿਉ, ਆ ਕਰਦੋ, ਔਹ ਕਰਦੋ, ਉਹਨੂੰ ਮਾਰਦੋ ਆਦਿ ਦੀ ਸੋਚ ਹੀ ਭਾਰੂ ਸੀ। ਕਦੇ ਸੋਚਿਆ ਹੀ ਨਹੀਂ ਸੀ ਕਿ ਕਦਮ-ਦਰ-ਕਦਮ ਆਪਣੇ ਰਾਜਸੀ ਸੰਘਰਸ਼ ਨੂੰ ਅੱਗੇ ਕਿਵੇਂ ਲਿਜਾਣਾ ਹੈ, ਅਜਿਹੀ ਕੋਈ ਸੋਚ ਨਹੀਂ ਸੀ? 84 ਵਾਲ਼ੀ ਮੂਵਮੈਂਟ ਰਾਜਨੀਤਕ ਨਾਲ਼ੋਂ ਹਿੰਸਕ ਵੱਧ ਸੀ।ਸਾਡੇ ਵਿੱਚ ਨਿੱਜਵਾਦ ਦੀ ਭੁੱਖ ਬਹੁਤ ਹੈ।ਚੁਰਾਸੀ ਤੋਂ ਪਹਿਲਾਂ ਸੰਤਾਂ ਦਾ ਜ਼ੋਰ ਸੀ ਤਾਂ ਹਰ ਕੋਈ ਉਨ੍ਹਾਂ ਦੇ ਪੈਰੀਂ ਪੈਂਦਾ ਸੀ, ਪਰ ਕੋਈ ਹਿੰਮਤ ਨਹੀਂ ਸੀ ਕਰਦਾ, ਜੋ ਉਨ੍ਹਾਂ ਨੂੰ ਦੱਸਦਾ ਕਿ ਰਾਜਨੀਤੀ ਕਿਵੇਂ ਚਲਾਉਣੀ ਹੈ? ਅਕਾਲੀ ਤੇ ਸੰਤ, ਇੱਕ ਦੂਜੇ ਤੋਂ ਤਾਕਤ ਖੋਹਣ ਦੀ ਰਾਜਨੀਤੀ ਹੀ ਕਰਦੇ ਰਹੇ। ਇਸ ਵਿੱਚ ਨੁਕਸਾਨ ਸਾਰੀ ਸਿੱਖ ਕੌਮ ਦਾ ਹੋਇਆ।ਨੌਜਵਾਨ ਕਦੇ ਦੂਰ-ਅੰਦੇਸ਼ ਨਹੀਂ ਹੁੰਦੇ।ਉਨ੍ਹਾਂ ਵਿੱਚ ਸਿਰਫ ਜ਼ੋਸ਼ ਤੇ ਜ਼ਜਬਾ ਹੁੰਦਾ। ਇਸੇ ਕਰਕੇ ਸਾਡੀ 84 ਦੀ ਸਾਰੀ ਮੂਵਮੈਂਟ ਪੂਰੀ ਤਰ੍ਹਾਂ ਹਿੰਸਕ ਹੋ ਗਈ ਸੀ। ਕਿਸੇ ਦਾ ਕਿਸੇ ਤੇ ਕੋਈ ਕੰਟਰੋਲ ਨਹੀਂ ਸੀ। ਸਿਰਫ ਬਿਆਨ ਹੀ ਵੱਡੇ-ਵੱਡੇ ਆਉਂਦੇ ਸਨ ਕਿ ਸਾਡਾ ਰਾਜ ਆਇਆ ਲਉ, ਸਰਬੱਤ ਖਾਲਸਾ ਸੱਦ ਲਿਆ, ਪੰਥਕ ਕਮੇਟੀਆਂ ਬਣਾਤੀਆਂ, ਕਦੇ ਜਥੇਦਾਰ ਲਾ ਦਿੱਤੇ, ਕਦੇ ਲਾਹ ਦਿੱਤੇ, ਕਿਸੇ ਨੂੰ ਪੰਥ 'ਚੋਂ ਛੇਕਤਾ, ਕਿਸੇ ਨੂੰ ਗਦਾਰ ਕਹਿ ਕੇ ਮਾਰਤਾ ਆਦਿ ਆਦਿ। ਇਹੀ ਸੋਚ ਲਗਾਤਾਰ ਅੱਜ ਵੀ ਹਾਵੀ ਹੈ। ਸਿੱਖ ਲੀਡਰਾਂ ਕੋਲ਼ ਕੋਈ ਵਿਜ਼ਨ ਨਹੀਂ?'

ਉਪਰਲੇ ਵਿਚਾਰ ਵੀ ਸਿੱਖ ਕੌਮ ਜਾਂ ਖਾਲਿਸਤਾਨ ਦੇ ਖਾੜਕੂ ਸੰਘਰਸ਼ ਦੇ ਕਿਸੇ ਵਿਰੋਧੀ ਦੇ ਨਹੀਂ, ਸਗੋਂ ਇਹ ਵਿਚਾਰ ਪਿਛਲੇ ਦਿਨੀਂ 16 ਅਗਸਤ, 2021 ਨੂੰ ਖਾਲਿਸਤਾਨੀ ਸੰਘਰਸ਼ ਵਿੱਚ ਰਹੇ ਪ੍ਰਮੁੱਖ ਖਾੜਕੂ ਰਣਜੀਤ ਸਿੰਘ ਕੁੱਕੀ ਨੇ 'ਪੰਜਾਬ ਨਿਊਜ਼ ਆਨਲਾਈਨ' ਯੂ ਟਿਊਬ ਚੈਨਲ ਤੇ ਸੁੱਖਨੈਬ ਸਿੱਧੂ ਨੂੰ ਦਿੱਤੀ ਇੰਟਰਵਿਊ ਵਿੱਚ ਪ੍ਰਗਟ ਕੀਤੇ ਸਨ।ਰਣਜੀਤ ਸਿੰਘ ਕੁੱਕੀ ਖਾੜਕੂ ਸੰਘਰਸ਼ ਦੇ ਕੁਝ ਚੋਣਵੇਂ ਪੜ੍ਹ-ਲਿਖੇ ਤੇ ਖਾਂਦੇ-ਪੀਂਦੇ ਘਰਾਂ ਦੇ ਨੌਜਵਾਨਾਂ ਵਿੱਚੋਂ ਇੱਕ ਹੈ, ਜਿਸਨੇ ਇਸ ਸੰਘਰਸ਼ ਵਿੱਚ 14 ਸਾਲ ਅਮਰੀਕਾ ਵਿੱਚ ਤੇ ਫਿਰ ਕੁਝ ਸਾਲ ਭਾਰਤ ਵਿੱਚ ਜੇਲ੍ਹ ਕੱਟੀ ਸੀ। ਉਨ੍ਹਾਂ ਦੀਆਂ ਇਸ ਇੰਟਰਵਿਊ ਵਿੱਚ ਕੀਤੀਆਂ ਬੇਬਾਕ ਟਿੱਪਣੀਆਂ ਸਪੱਸ਼ਟ ਤੌਰ ਤੇ ਦੱਸਦੀਆਂ ਹਨ ਕਿ ਸਿੱਖ ਖਾੜਕੂ ਲਹਿਰ ਪੂਰੀ ਤਰ੍ਹਾਂ ਹਿੰਸਕ ਹੋ ਕੇ ਬੇਕਾਬੂ ਹੋ ਚੁੱਕੀ ਸੀ। 'ਆਨੰਦਪੁਰ ਦੇ ਮਤੇ' ਦੇ ਰੂਪ ਵਿੱਚ ਕੁਝ ਰਾਜਸੀ ਤੇ ਧਾਰਮਿਕ ਮੰਗਾਂ ਲਈ ਸ਼ੁਰੂ ਹੋਇਆ ਸ਼ਾਂਤਮਈ ਸੰਘਰਸ਼ ਹਿੰਸਾ ਦੀ ਭੇਟ ਚੜ੍ਹ ਕੇ ਹਜਾਰਾਂ ਲੋਕਾਂ ਦੀਆਂ ਜਾਨਾਂ ਦਾ ਖੌਅ ਬਣ ਗਿਆ ਸੀ। ਪਰ ਅਜੇ ਵੀ ਅਜਮੇਰ ਸਿੰਘ ਵਰਗੇ ਬਹੁਤ ਸਾਰੇ ਅਜਿਹੇ ਭੱਦਰਪੁਰਸ਼ ਹਨ, ਜੋ ਦੇਸ਼-ਵਿਦੇਸ਼ ਵਿੱਚ ਬੈਠ ਕੇ ਜਜ਼ਬਾਤੀ ਨੌਜਵਾਨਾਂ ਨੂੰ ਸ਼ਹੀਦੀਆਂ ਦਾ ਪਾਠ ਪੜ੍ਹਾ ਰਹੇ ਹਨ। ਇਸ ਇੰਟਰਵਿਊ ਵਿੱਚ ਕੁੱਕੀ ਨੇ ਬੜਾ ਅਹਿਮ ਮੁੱਦਾ ਉਠਾਇਆ ਹੈ ਕਿ ਸਿੱਖ ਲੀਡਰਸ਼ਿਪ ਕੋਲ਼ ਹਲਾ-ਲਲਾ ਕਰਨ ਤੋਂ ਇਲਾਵਾ ਕੋਈ ਵਿਜ਼ਨ ਨਹੀਂ ਤੇ ਜਿਸ ਖਾਲਿਸਤਾਨ ਲਈ ਲੜਨ ਦਾ ਦਾਅਵਾ ਕਰ ਰਹੇ ਹਨ, ਉਸ ਬਾਰੇ 40 ਸਾਲ ਬਾਅਦ ਵੀ ਦੁਨੀਆਂ ਅੱਗੇ ਕੋਈ ਬਲਿਊ ਪ੍ਰਿੰਟ ਨਹੀਂ ਪੇਸ਼ ਕਰ ਸਕੇ? ਇਸ ਸਬੰਧੀ ਦਰਿਆਈ ਪਾਣੀਆਂ ਦੇ ਮਾਹਰ ਪ੍ਰੀਤਮ ਸਿੰਘ ਕੁੰਮੇਦਾਨ ਦੀ 'ਰੈਫਰੈਂਡਮ 2020' ਬਾਰੇ ਇੰਟਰਵਿਊ ਸੁਣਨਯੋਗ ਹੈ, ਜਿਸ ਵਿੱਚ ਉਹ ਖਾਲਿਸਤਾਨ ਬਾਰੇ ਅਨੇਕਾਂ ਸਵਾਲ ਉਠਾਉਂਦੇ ਹਨ, ਪਰ 3 ਸਾਲ ਬੀਤਣ ਬਾਅਦ ਵੀ ਕਦੇ ਕਿਸੇ ਖਾਲਿਸਤਾਨੀ ਲੀਡਰ ਜਾਂ ਵਿਦਵਾਨ ਨੇ ਉਨ੍ਹਾਂ ਦੇ ਜਾਵਬ ਦੇਣ ਦੀ ਹਿੰਮਤ ਨਹੀਂ ਦਿਖਾਈ? ਉਹ ਸਵਾਲ ਕਰਦੇ ਹਨ ਕਿ ਮੌਜੂਦਾ ਪੰਜਾਬ ਦੇ ਤਿੰਨੋਂ ਦਰਿਆ, ਉਨ੍ਹਾਂ ਇਲਾਕਿਆਂ ਵਿੱਚੋਂ ਲੰਘਦੇ ਹਨ, ਜਿਥੇ ਬਹੁ-ਗਿਣਤੀ ਹਿੰਦੂ ਵਸੋਂ ਹੈ, ਜੇ ਪਾਕਿਸਤਾਨ ਦੀ ਤਰਜ਼ ਤੇ ਵਸੋਂ ਅਧਾਰਿਤ ਤਬਾਦਲੇ ਨਾਲ਼ ਖਾਲਿਸਤਾਨ ਬਣੇ ਤਾਂ ਪੰਜਾਬ ਹੱਥੋਂ ਤਿੰਨੇ ਦਰਿਆ ਵੀ ਚਲੇ ਜਾਣਗੇ? ਇਸੇ ਤਰ੍ਹਾਂ ਖਾਲਿਸਤਾਨ ਦੇ ਨਾਹਰੇ ਲਾਉਣ ਵਾਲ਼ਿਆਂ ਨੇ ਪੰਜਾਬ ਵਿੱਚ ਵਸਦੇ 65% ਹਿੰਦੂਆਂ ਤੇ ਦਲਿਤਾਂ ਬਾਰੇ ਕਦੇ ਨਹੀਂ ਸੋਚਿਆ ਕਿ ਉਨ੍ਹਾਂ ਤੋਂ ਬਿਨਾਂ ਇਨ੍ਹਾਂ ਦੀ ਇਹ ਮੰਗ ਕਿਵੇਂ ਸੰਭਵ ਹੋ ਸਕਦੀ ਹੈ?

ਅਜਮੇਰ ਸਿੰਘ ਵਲੋਂ ਹਰਮਿੰਦਰ ਸਿੰਘ ਸੰਧੂ ਦੇ ਕਤਲ ਨੂੰ ਜਾਇਜ਼ ਠਹਿਰਾਉਣ ਲਈ ਜੋ ਖਿਆਲੀ ਬਿਰਤਾਂਤ ਸਿਰਜੇ ਹਨ, ਉਸਦਾ ਇਨ੍ਹਾਂ ਦੇ ਆਪਣੇ ਖੇਮਿਆਂ ਵਿੱਚ ਵੱਡਾ ਵਿਰੋਧ ਹੋਇਆ ਹੈ।ਹਰਮਿੰਦਰ ਸਿੰਘ ਸੰਧੂ ਦੇ ਨਾਲ਼ ਵਿਚਰਦੇ ਰਹੇ ਫੈਡਰੇਸ਼ਨ

ਦੇ ਆਗੂਆਂ, ਤੇਜਿੰਦਰਪਾਲ ਸਿੰਘ ਟਿੰਮਾ, ਡਾ. ਭਗਵਾਨ ਸਿੰਘ, ਪ੍ਰੋ ਕੁਲਬੀਰ ਸਿੰਘ, ਪ੍ਰੀਤਮ ਸਿੰਘ ਜੋਗਾਨੰਗਲ, ਚਿੱਤਰਕਾਰ ਭੁਪਿੰਦਰ ਸਿੰਘ ਆਦਿ ਨੇ ਇੱਕ ਸੁਰ ਹੋ ਕੇ ਕਿਹਾ ਹੈ ਕਿ ਹਰਮਿੰਦਰ ਸਿੰਘ ਸੰਧੂ ਦਾ ਕਤਲ ਨਿੱਜੀ ਰੰਜਸ਼ ਤੇ ਸੰਧੂ ਦੀ ਵਿਦਵਤਾ ਤੋਂ ਘਬਰਾ ਕੇ ਕੀਤਾ ਗਿਆ ਸੀ। ਇਸ ਸਬੰਧੀ ਸੰਤ ਭਿੰਡਰਾਂਵਾਲ਼ਿਆਂ ਦੇ ਨਜਦੀਕੀ ਰਹੇ ਅਤੇ ਬਾਅਦ ਵਿੱਚ ਖਾੜਕੂ ਧਿਰਾਂ ਵਲੋਂ ਨਵੰਬਰ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਸੰਗਰੂਰ ਤੋਂ ਐਮ. ਪੀ. ਬਣੇ ਐਡਵੋਕੇਟ ਰਾਜਦੇਵ ਸਿੰਘ ਖਾਲਸਾ ਦੀ ਯੂ ਟਿਊਬ ਚੈਨਲ 'ਅਲਾਈਵ ਪੰਜਾਬ' ਤੇ ਜਗਜੀਤ ਸਿੰਘ ਸੰਧੂ ਨਾਲ਼ ਇੰਟਰਵਿਊ ਵੀ ਸੁਣਨ ਤੇ ਵਿਚਾਰਨਯੋਗ ਹੈ। ਜਿਸ ਵਿੱਚ ਉਹ ਖਾੜਕੂ ਧਿਰਾਂ ਬਾਰੇ ਅਨੇਕਾਂ ਤਰ੍ਹਾਂ ਦੇ ਖੁਲਾਸੇ ਕਰਦੇ ਹਨ। ਉਨ੍ਹਾਂ ਦੀ ਇੰਟਰਵਿਊ ਦੇ ਕੁਝ ਅਹਿਮ ਨੁਕਤੇ ਇਹ ਹਨ:


'ਸੰਤ ਭਿੰਡਰਾਂਵਾਲ਼ਿਆਂ ਦੀ ਸੰਘਰਸ਼ ਬਾਰੇ ਕੋਈ ਯੋਜਨਾ ਨਹੀਂ ਸੀ।ਜੂਨ 84 ਵਿੱਚ ਬਲੂ ਸਟਾਰ ਮੌਕੇ ਦਰਬਾਰ ਸਾਹਿਬ ਵਿਚ ਬੈਠ ਕੇ ਲੜਾਈ ਲੜਨ ਦੀ ਕੋਈ ਤੁਕ ਨਹੀਂ ਬਣਦੀ ਸੀ। ਜਿਹੜੇ (ਅਜਮੇਰ ਸਿੰਘ ਵਰਗੇ) ਕਹਿੰਦੇ ਹਨ ਕਿ ਖਾੜਕੂ ਜੂਨ 84 ਵਿੱਚ ਦਰਬਾਰ ਸਾਹਿਬ ਵਿੱਚੋਂ ਅਗਲੀ ਲੜਾਈ ਲੜਨ ਲਈ ਬਾਹਰ ਨਿਕਲ ਗਏ ਸਨ, ਬਿਲਕੁਲ ਗਲਤ ਹੈ। ਇਹ ਲੜਾਈ ਪਹਿਲੇ ਦਿਨ ਤੋਂ ਬਿਨਾਂ ਸੋਚੇ-ਸਮਝੇ ਤੇ ਬਿਨਾਂ ਕਿਸੇ ਯੋਜਨਾ ਦੇ ਚੱਲ ਰਹੀ ਸੀ। ਉਨ੍ਹਾਂ ਅਨੁਸਾਰ 1983 ਦੇ ਅਖੀਰ ਵਿੱਚ ਟਕਸਾਲ ਦੇ ਸਿੰਘਾਂ ਤੇ ਬੱਬਰਾਂ ਵਿੱਚ ਟਕਰਾਅ ਇਤਨਾ ਵਧ ਗਿਆ ਸੀ ਕਿ ਸੰਤਾਂ ਨੂੰ ਮਾਰਨ ਦੀ ਸਾਜਿਸ਼ ਰਚੀ ਗਈ ਸੀ। ਜੇ ਸੰਤ ਦਸੰਬਰ 1983 ਵਿੱਚ ਗੁਰੂ ਨਾਨਕ ਨਿਵਾਸ ਤੋਂ ਅਕਾਲ ਤਖਤ ਤੇ ਨਾ ਜਾਂਦੇ ਤਾਂ ਇਨ੍ਹਾਂ ਨੇ ਆਪਸ ਵਿੱਚ ਲੜ ਕੇ ਹੀ ਮਰ ਜਾਣਾ ਸੀ ਅਤੇ 84 ਵਾਲ਼ਾ ਭਾਣਾ ਵਾਪਰਨਾ ਹੀ ਨਹੀਂ ਸੀ? 1984 ਤੋਂ ਬਾਅਦ ਵੀ ਸੰਘਰਸ਼ ਸਬੰਧੀ ਕੋਈ ਯੋਜਨਾ ਨਹੀਂ ਸੀ। ਇਹ ਸਿਰਫ ਮਾਰ-ਧਾੜ ਦੀ ਲੜਾਈ ਸੀ। ਦਰਬਾਰ ਸਾਹਿਬ ਅੰਦਰ ਮੋਰਚਾਬੰਦੀ ਕਰਨੀ ਹੀ ਗਲਤ ਸੀ। ਮੈਂ ਇਹ ਸਵਾਲ ਉਸ ਸਮੇਂ ਜਨਰਲ ਸ਼ੁਬੇਗ ਸਿੰਘ ਕੋਲ਼ ਉਠਾਇਆ ਸੀ ਕਿ ਇਸ ਨਾਲ਼ ਸਿੱਖਾਂ ਦਾ ਭਾਰੀ ਨੁਕਸਾਨ ਹੋਵੇਗਾ। ਰਾਜਦੇਵ ਸਿੰਘ ਖਾਲਸਾ ਆਪਣੀ ਗੱਲ ਅੱਗੇ ਤੋਰਦਿਆਂ ਖਾੜਕੂ ਸੰਘਰਸ਼ ਬਾਰੇ ਆਪਣੇ ਨਿੱਜੀ ਤਜ਼ੁਰਬੇ ਅਧਾਰਿਤ ਅੰਦਰਲੀਆਂ ਗੱਲਾਂ ਦਾ ਨਵਾਂ ਖੁਲਾਸਾ ਕਰਦੇ ਹੋਏ ਦੱਸਦੇ ਹਨ ਕਿ ਉਸ ਸਮੇਂ ਦੇ ਪੁਲਿਸ ਮੁੱਖੀ ਕੇ. ਪੀ. ਐਸ. ਗਿੱਲ ਨੇ ਤਾਂ ਖਾੜਕੂ ਸੰਘਰਸ਼ ਖਤਮ ਕਰਨ ਦੇ ਐਵੇਂ ਨੰਬਰ ਬਣਾ ਲਏ, ਜਦਕਿ ਬਹੁਤੇ ਵੱਡੇ ਖਾੜਕੂ ਆਪਸੀ ਲੜਾਈ ਵਿੱਚ ਮਾਰੇ ਗਏ ਸਨ, ਪੁਲਿਸ ਤਾਂ ਬਾਅਦ ਵਿੱਚ ਲਾਸ਼ਾਂ ਚੁੱਕ ਕੇ ਕਹਿ ਦਿੰਦੀ ਸੀ ਕਿ ਅਸੀਂ ਖਾੜਕੂ ਮੁਕਾਬਲੇ ਵਿੱਚ ਮਾਰੇ ਹਨ। ਉਹ ਅੱਗੇ ਇੰਕਸ਼ਾਫ ਕਰਦੇ ਹਨ ਕਿ ਇਹ ਲੜਾਈ ਸਿੱਖੀ ਲਈ ਨਹੀਂ ਸੀ (ਜਦਕਿ ਖਾਲਿਸਤਾਨੀ ਧਿਰਾਂ ਇਹ ਦਾਅਵਾ ਕਰਦੀਆਂ ਹਨ ਕਿ ਇਹ ਲੜਾਈ ਸਿੱਖੀ ਦੀ ਹੋਂਦ ਬਚਾਉਣ ਲਈ ਸੀ, ਭਾਰਤ ਦੀ ਬ੍ਰਾਹਮਣਵਾਦੀ ਹਿੰਦੂ ਸਰਕਾਰ ਨੇ ਗੁਰੂਆਂ ਤੇ ਸਿੱਖਾਂ ਖਿਲਾਫ ਪੰਜ ਸਦੀਆਂ ਦਾ ਵੈਰ ਕਮਾਉਣ ਲਈ ਤੇ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਜੂਨ 84 ਦਾ ਘੱਲੂਘਾਰਾ ਵਰਤਾਇਆ ਸੀ) ਇਹ ਲਹਿਰ ਬੇਮੁਹਾਰੀ ਹਿੰਸਕ ਲਹਿਰ ਸੀ, ਜਿਸ ਵਿੱਚ ਵੱਖ-ਵੱਖ ਗਰੁੱਪ ਇੱਕ ਦੂਜੇ ਨੂੰ ਹੀ ਮਾਰ ਰਹੇ ਸਨ। ਇਥੇ ਉਹ ਉਸ ਸਮੇਂ ਦੌਰਾਨ ਮਾਰੇ ਗਏ ਵੱਡੇ ਖਾੜਕੂਆਂ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਡਿੰਪਲ ਸਿੰਘ ਬਰਨਾਲ਼ਾ, ਖਾੜਕੂ ਚਰਨ ਸਿੰਘ ਚੁੰਘ, ਖਾਲਿਸਤਾਨ ਕਮਾਂਡੋ ਫੋਰਸ ਲੈਫਟੀਨੈਂਟ ਜਨਰਲ ਨਾਇਬ ਸਿੰਘ ਰੂੜੇਕੇ, ਪ੍ਰਸਿੱਧ ਖਾੜਕੂ ਧਰਮ ਸਿੰਘ ਢਿੱਲਵਾਂ, ਖਾਲਿਸਤਾਨ ਲਿਬਰੇਸ਼ਨ ਫੋਰਸ ਮੁੱਖੀ ਗੁਰਜੰਟ ਸਿੰਘ ਬੁੱਧਸਿੰਘਵਾਲ਼ਾ, ਬੱਬਰ ਖਾਲਸਾ ਮੁੱਖੀ ਸੁਖਦੇਵ ਸਿੰਘ ਬੱਬਰ ਆਦਿ ਦੇ ਨਾਮ ਲੈ ਕੇ ਦੱਸਦਾ ਹੈ ਕਿ ਕਿਵੇਂ ਖਾੜਕੂ ਫਿਰੌਤੀਆਂ ਦੀ ਰਾਸ਼ੀ ਵੰਡਣ ਲਈ ਇੱਕ ਦੂਜੇ ਨੂੰ ਮਾਰ ਰਹੇ ਸਨ। ਕਈ ਅਜਿਹੇ ਕੇਸ ਵੀ ਹੋਏ ਸਨ, ਜਿਨ੍ਹਾਂ ਵਿੱਚ ਜਿਨ੍ਹਾਂ ਘਰਾਂ ਵਿੱਚ ਖਾੜਕੂਆਂ ਦੀਆਂ ਠਾਹਰਾਂ ਸਨ, ਉਨ੍ਹਾਂ ਨੇ ਹੀ ਖਾੜਕੂਆਂ ਨੂੰ ਖਾਣੇ ਜਾਂ ਦੁੱਧ ਵਿੱਚ ਜ਼ਹਿਰ ਦੇ ਕੇ ਮਾਰ ਦਿੱਤਾ ਸੀ, ਬਾਅਦ ਵਿੱਚ ਪੁਲਿਸ ਨੇ ਮੁਕਾਬਲਾ ਦਿਖਾ ਦਿੱਤਾ।

ਇਸ ਸਬੰਧੀ ਵੱਖ-ਵੱਖ ਸਰੋਤਾਂ ਤੋਂ ਮਿਲ਼ੀ ਜਾਣਕਾਰੀ ਤੇ ਵੱਖ-ਵੱਖ ਇਲਾਕਿਆਂ ਵਿੱਚ ਪ੍ਰਚਲਤ ਦੰਦ ਕਥਾਵਾਂ ਅਨੁਸਾਰ ਡਿੰਪਲ ਸਿੰਘ ਨੇ ਨਾਇਬ ਸਿੰਘ ਰੂੜੇਕੇ ਨੂੰ ਫਿਰੌਤੀ ਦੀ ਵੰਡ ਬਦਲੇ ਮਾਰ ਦਿੱਤਾ ਸੀ ਅਤੇ ਧਰਮ ਸਿੰਘ ਢਿੱਲਵਾਂ ਨੇ ਡਿੰਪਲ ਨੂੰ ਮਾਰ ਦਿੱਤਾ ਸੀ। ਐਸ ਐਸ ਪੀ ਇਜ਼ਹਾਰ ਆਲਮ ਨੇ ਦਬਾਅ ਪਾ ਕੇ ਜਨਰਲ ਲਾਭ ਸਿੰਘ ਉਰਫ ਸੁੱਖਾ ਸਿਪਾਹੀ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁੱਡੇ ਕਰਾਲ਼ੇ ਵਿੱਚ ਇੱਕ ਠੇਕੇਦਾਰ ਦੀ ਠਾਹਰ ਤੇ ਉਸਦੀ ਪਤਨੀ ਕੋਲ਼ੋਂ ਦੁੱਧ ਵਿੱਚ ਨੀਂਦ ਵਾਲ਼ਾ ਪਾਊਡਰ ਜ਼ਿਆਦਾ ਪਵਾ ਕੇ ਮਰਾ ਦਿੱਤਾ ਸੀ। ਬਾਅਦ ਵਿੱਚ ਮੁਕਾਬਲਾ ਦਿਖਾ ਦਿੱਤਾ ਸੀ। ਇਸ ਤੋਂ ਮਗਰੋਂ ਪਰਮਜੀਤ ਸਿੰਘ ਪੰਜਵੜ ਨੇ ਉਸ ਔਰਤ ਨੂੰ ਘਰ ਵਿੱਚ ਜਾ ਕੇ ਮਾਰ ਦਿੱਤਾ ਸੀ ਅਤੇ ਉਸਦਾ ਪਤੀ ਠੇਕੇਦਾਰ ਅਜੇ ਵੀ ਵਿਦੇਸ਼ਾਂ ਵਿੱਚ ਨਕਲੀ ਨਾਮ ਹੇਠ ਰਹਿ ਰਿਹਾ ਹੈ। ਇਸੇ ਤਰ੍ਹਾਂ ਦੀਪੇ ਹੇਰਾਂ ਵਾਲ਼ੇ ਨੂੰ ਉਸਦੇ ਦੇ ਸਾਥੀ ਭਾਗੋ ਸਮਗਲਰ ਨੇ ਜ਼ਹਿਰ ਦੇ ਕੇ ਮਾਰਤਾ ਸੀ ਤੇ ਪੁਲਿਸ ਨੇ ਮੁਕਾਬਲਾ ਦਿਖਾ ਦਿੱਤਾ ਸੀ। ਪ੍ਰਸਿੱਧ ਖਾੜਕੂ ਜਗਰੂਪ ਸਿੰਘ ਕਾਲਖ ਨੂੰ ਵੀ ਠਾਹਰ ਵਾਲ਼ੇ ਘਰਦਿਆਂ ਜਹਿਰ ਦੇ ਦਿੱਤਾ ਸੀ। ਧਰਮ ਸਿੰਘ ਕਾਸ਼ਤੀਵਾਲ਼ ਨੂੰ ਉਸਦੇ ਸਾਥੀ ਮਾਝੇ ਦੇ ਬਦਨਾਮ ਸਮਗਲਰ ਪੰਮੇ ਮੱਧੋਕੇ ਨੇ ਡੀ ਆਈ ਜੀ ਐਸ ਐਸ ਵਿਰਕ ਦੇ ਦਬਾਅ ਹੇਠ ਆਪਣੇ ਘਰੇ ਜਹਿਰ ਦੇ ਦਿੱਤਾ ਸੀ। ਇਸ ਤਰ੍ਹਾਂ ਦੇ ਅਨੇਕਾਂ ਕੇਸ ਹਨ, ਜਿਨ੍ਹਾਂ ਘਰਾਂ ਵਿੱਚ ਖਾੜਕੂ ਰਹਿੰਦੇ ਸਨ, ਉਨ੍ਹਾਂ ਪਰਿਵਾਰਾਂ ਨੇ ਹੀ ਖਾੜਕੂਆਂ ਅਤੇ ਪੁਲਿਸ ਤੋਂ ਦੁਖੀ ਹੋ ਕੇ ਅਜਿਹੇ ਕੰਮ ਕੀਤੇ ਸਨ। ਇਥੇ ਵਰਨਣਯੋਗ ਹੈ ਕਿ ਇੱਕ ਸਮੇਂ ਲੋਕ ਹੱਸ ਕੇ ਖਾੜਕੂਆਂ ਨੂੰ ਪਨਾਹਾਂ ਵੀ ਦਿੰਦੇ ਸਨ ਤੇ ਖਾੜਕੂ ਜੁਗਰਾਜ ਸਿੰਘ ਤੂਫਾਨ ਦੇ ਭੋਗ ਤੇ ਹਜਾਰਾਂ ਲੋਕਾਂ ਦਾ ਇਕੱਠ ਵੀ ਹੁੰਦਾ ਹੈ, ਪਰ ਬਾਅਦ ਵਿੱਚ ਠਾਹਰਾਂ ਦੇਣ ਵਾਲ਼ੇ ਲੋਕ ਹੀ ਖਾੜਕੂਆਂ ਦੇ ਵਿਰੁੱਧ ਹੋ ਗਏ ਸਨ। ਜਿਸ ਕਾਰਨ ਪੁਲਿਸ ਦਾ ਕੰਮ ਅਸਾਨ ਹੋ ਗਿਆ ਸੀ।

ਰਾਜਦੇਵ ਸਿੰਘ ਖਾਲਸਾ ਆਪਣੀ ਇੰਟਰਵਿਊ ਵਿੱਚ ਖਾੜਕੂ ਸੰਘਰਸ਼ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ: 'ਜੇ ਅਜਮੇਰ ਸਿੰਘ ਅਨੁਸਾਰ ਹਰਮਿੰਦਰ ਸਿੰਘ ਸੰਧੂ ਦਾ ਕਤਲ ਇਸ ਲਈ ਜਾਇਜ ਸੀ ਜਾਂ ਉਹ ਇਸ ਲਈ ਗਦਾਰ ਸੀ ਕਿ ਉਸਨੇ ਮੌਕੇ ਦੀ ਹਕੂਮਤ ਨਾਲ਼ ਗੱਲਬਾਤ ਕੀਤੀ ਸੀ ਤਾਂ ਉਹ ਕਹਿੰਦੇ ਹਨ ਕਿ ਮੇਰੇ ਸਮੇਤ ਹਰ ਵੱਡੇ ਖਾੜਕੂ ਤੇ ਖਾੜਕੂ ਜਥੇਬੰਦੀਆਂ ਨਾਲ਼ ਸਰਕਾਰ ਦੇ ਵੱਖ-ਵੱਖ ਤਰ੍ਹਾਂ ਦੇ ਅਧਿਕਾਰੀ ਜਾਂ ਮਨਿਸਟਰ ਗੱਲ-ਬਾਤ ਕਰਦੇ ਰਹੇ ਸਨ। ਉਨ੍ਹਾਂ ਅਨੁਸਾਰ ਗੱਲ-ਬਾਤ ਕਰਨ ਨਾਲ਼ ਕੋਈ ਗਦਾਰ ਨਹੀਂ ਬਣ ਜਾਂਦਾ? ਉਹ ਕਹਿੰਦੇ ਹਨ ਕਿ ਖਾੜਕੂ ਗੁਰਬਚਨ ਸਿੰਘ ਮਾਨੋਚਾਹਲ ਦੀ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨਾਲ਼ ਸਿੱਧੀ ਗੱਲਬਾਤ ਸੀ।ਖਾਲਸਾ ਅਨੁਸਾਰ ਖਾੜਕੂ ਲਹਿਰ ਦੌਰਾਨ 'ਦਮਦਮੀ ਟਕਸਾਲ', ਸੰਘਰਸ਼ ਵਿਰੁੱਧ ਸਾਜ਼ਿਸ਼ਾਂ ਦਾ ਅੱਡਾ ਬਣ ਚੁੱਕੀ ਸੀ।ਬੰਦੇ ਮਾਰਨੇ ਖਾੜਕੂਆਂ ਦਾ ਸ਼ੌਕ ਬਣ ਚੁੱਕਾ ਸੀ। ਉਸ ਅਨੁਸਾਰ ਅੱਜ ਦੀ ਤਾਲੀਬਾਨ ਲਹਿਰ ਉਸ ਸਮੇਂ ਦੀ ਖਾੜਕੂ ਲਹਿਰ ਨਾਲ਼ੋਂ ਕਿਤੇ ਵੱਧ ਸਿਆਣੀ ਤੇ ਵੱਧ ਅਨੁਸ਼ਾਸਨ ਵਾਲ਼ੀ ਲਹਿਰ ਹੈ। ਖਾੜਕੂ ਲਹਿਰ ਆਪੇ ਤੋਂ ਬਾਹਰ ਸੀ, ਬਿਨਾਂ ਕਸੂਰ ਜਾਂ ਸ਼ੱਕ ਦੇ ਅਧਾਰ ਤੇ ਵੀ ਨਾ ਸਿਰਫ ਆਮ ਲੋਕ ਹੀ ਮਾਰੇ ਜਾ ਰਹੇ ਸਨ, ਸਗੋਂ ਖਾੜਕੂ ਆਪਣੇ ਸਾਥੀਆਂ ਨੂੰ ਵੀ ਮਾਰੀ ਜਾ ਰਹੇ ਸਨ।ਸਾਬਕਾ ਐਮ ਪੀ. ਰਾਜਦੇਵ ਸਿੰਘ ਖਾਲਸਾ ਅਨੁਸਾਰ ਹਰਮਿੰਦਰ ਸੰਧੂ ਦੀ ਵਿਦਵਤਾ ਹੀ ਉਸਦੇ ਕਤਲ ਦਾ ਕਾਰਨ ਬਣੀ ਸੀ। ਉਨ੍ਹਾਂ ਅਨੁਸਾਰ, ਸੰਧੂ ਦੀ ਜ਼ੇਲ੍ਹ ਤੋਂ ਰਿਹਾਈ ਬਾਅਦ ਰਾਜਦੇਵ ਸਿੰਘ ਹੀ ਸੰਗਰੂਰ ਤੋਂ ਅੰਮ੍ਰਿਤਸਰ ਤੱਕ ਹਜਾਰਾਂ ਲੋਕਾਂ ਦੇ ਜਲੂਸ ਵਿੱਚ ਸੰਧੂ ਨੂੰ ਦਰਬਾਰ ਸਾਹਿਬ ਲੈ ਕੇ ਗਿਆ ਸੀ। ਜਿਸ ਤੋਂ ਉਸਦੀ ਲੋਕਪ੍ਰਿਅਤਾ ਦਾ ਪਤਾ ਲਗਦਾ ਹੈ। ਸਾਰੇ ਖਾੜਕੂ ਸਰਕਾਰ ਨਾਲ਼ ਗੱਲਬਾਤ ਲਈ ਸੰਪਰਕ ਵਿੱਚ ਸਨ, ਸਭ ਨੂੰ ਡਰ ਸੀ ਕਿ ਕਿਤੇ ਦੂਜਾ ਗਰੁੱਪ ਸਿਹਰਾ ਨਾ ਬੰਨ੍ਹ ਲਵੇ? ਜਿਥੇ ਖਾੜਕੂਵਾਦ ਹੋ ਗਿਆ, ਉਥੇ ਗੱਲਬਾਤ ਹੋ ਹੀ ਨਹੀਂ ਸਕਦੀ। ਸੰਧੂ ਦਾ ਕਤਲ ਖਾਲਿਸਤਾਨ ਦੇ ਵਿਚਾਰ ਦਾ ਕਤਲ ਸੀ। ਉਹ ਅੱਗੇ ਦੱਸਦੇ ਹਨ ਕਿ ਸਰਕਾਰ ਨਾਲ਼ ਗੱਲਬਾਤ ਤੋਂ ਬਾਅਦ ਹੀ ਖਾੜਕੂਆਂ ਵਲੋਂ ਅਕਾਲ ਤਖਤ ਦੇ ਥਾਪੇ ਜਥੇਦਾਰ ਜਸਵੀਰ ਸਿੰਘ ਰੋਡੇ ਅਤੇ ਚਾਰ ਜਥੇਦਾਰਾਂ ਨੂੰ ਉਹ ਹੀ ਦਮਦਮੀ ਟਕਸਾਲ ਦੇ ਐਕਟਿੰਗ ਮੁੱਖੀ ਬਾਬਾ ਠਾਕਰ ਸਿੰਘ ਦੇ ਹੁਕਮਾਂ ਅਨੁਸਾਰ ਛੁਡਾ ਕੇ ਲਿਆਏ ਸਨ। ਉਨ੍ਹਾਂ ਅਨੁਸਾਰ ਜਦੋਂ ਜਥੇਦਾਰ ਰੋਡੇ ਆਪਣੇ ਸਾਥੀਆਂ ਸਮੇਤ ਦਰਬਾਰ ਸਾਹਿਬ ਪਹੁੰਚੇ ਸਨ ਤਾਂ ਖਾੜਕੂ ਜਗੀਰ ਸਿੰਘ, ਨਿਰਵੈਰ ਸਿੰਘ, ਅਮਰੀਕ ਸਿੰਘ ਅਜਨਾਲ਼ਾ, ਸੁਰਜੀਤ ਸਿੰਘ ਪੈਂਟਾ ਆਦਿ ਨੇ ਉਨ੍ਹਾਂ ਦੇ ਆਉਣ ਦੀ ਖੁਸ਼ੀ ਦੀ ਆੜ ਵਿੱਚ ਕੀਤੇ ਜਾਣ ਵਾਲ਼ੇ ਫਾਇਰਾਂ ਵਿੱਚ ਸਾਰੇ ਜਥੇਦਾਰਾਂ ਨੂੰ ਕਤਲ ਕਰਨ ਦੀ ਸਕੀਮ ਵੀ ਬਣਾਈ ਹੋਈ ਸੀ, ਜੋ ਪਹਿਲਾਂ ਪਤਾ ਲੱਗਣ ਤੇ ਟਲ਼ ਗਈ ਸੀ। ਜਿਸ ਤੋਂ ਸਪੱਸ਼ਟ ਸੀ ਕਿ ਖਾੜਕੂ ਉਸ ਵਕਤ ਕਿਸੇ ਨੂੰ ਵੀ ਸ਼ੱਕ ਦੇ ਅਧਾਰ ਤੇ ਮਾਰਨ ਨੂੰ ਤਿਆਰ ਰਹਿੰਦੇ ਸਨ? ਖਾਲਸਾ ਜੀ ਇਹ ਵੀ ਦੱਸਦੇ ਹਨ ਕਿ ਸੰਧੂ ਦੇ ਭੋਗ ਤੋਂ ਉਨ੍ਹਾਂ ਨੂੰ ਬਾਬਾ ਠਾਕੁਰ ਸਿੰਘ ਨਾਲ਼ ਗੱਲ ਕਰਨ ਦੇ ਬਹਾਨੇ ਬੁਲਾ ਕੇ ਲੈ ਗਏ ਖਾੜਕੂ ਮਾਰਨ ਲੱਗੇ ਸਨ, ਜਦੋਂ ਉਹ ਬਾਬਾ ਠਾਕੁਰ ਸਿੰਘ ਅੱਗੇ ਸਤਿਕਾਰ ਵਜੋਂ ਝੁਕਣ ਲੱਗੇ ਸਨ ਤਾਂ ਮੌਕੇ ਤੇ ਉਨ੍ਹਾਂ ਦੇ ਅੰਗ ਰੱਖਿਅਕਾਂ ਨੇ ਉਨ੍ਹਾਂ ਨੂੰ ਬਚਾ ਲਿਆ ਸੀ। ਜੇ ਉਹ ਮੇਰੇ ਵਰਗੇ ਸੰਤ ਜੀ ਦੇ ਸਾਥੀ ਤੇ ਖਾੜਕੂਆਂ ਦੇ ਸਮਰਥਕ ਤੇ ਲੱਖਾਂ ਲੋਕਾਂ ਵਲੋਂ ਚੁੱਣੇ ਹੋਏ ਨੁਮਾਇੰਦੇ ਦਾ ਬਿਨਾਂ ਕਿਸੇ ਕਤਲ ਕਰਨ ਲਈ ਤਿਆਰ ਸਨ ਤਾਂ ਉਹ ਕੁਝ ਵੀ ਕਰ ਸਕਦੇ ਸਨ?'

ਪਿਛਲੇ ਸਮੇਂ ਵਿੱਚ ਖਾੜਕੂ ਸੰਘਰਸ਼ ਨਾਲ਼ ਜੁੜੇ ਰਹੇ ਅਨੇਕਾਂ ਸਾਬਕਾ ਖਾੜਕੂਆਂ ਵਲੋਂ ਸੰਘਰਸ਼ ਬਾਰੇ ਬੇਬਾਕ ਖੁਲਾਸੇ ਕੀਤੇ ਜਾ ਰਹੇ ਹਨ। ਜੇ ਅਜਿਹੇ ਖੁਲਾਸੇ ਕੋਈ ਸਰਕਾਰੀ ਧਿਰ, ਪੁਲਿਸ ਅਫਸਰ ਜਾਂ ਆਮ ਵਿਦਵਾਨ ਕਰੇ ਤਾਂ ਉਸਦੀ ਉਤਨੀ ਅਹਿਮੀਅਤ ਨਹੀਂ, ਜਿਤਨੀ ਵਿਚਲੇ ਲੋਕਾਂ ਵਲੋਂ ਕੀਤੀਆਂ ਜਾ ਰਹੀਆਂ ਟਿੱਪਣੀਆਂ ਹਨ, ਜੋ ਸੰਘਰਸ਼ ਦੇ ਅੰਦਰਲੇ ਸੱਚ ਨੂੰ ਪ੍ਰਗਟ ਕਰ ਰਹੀਆਂ ਹਨ।ਜਦੋਂ ਸੰਤ ਭਿੰਡਰਾਂਵਾਲ਼ਿਆਂ ਦੇ ਨਜ਼ਦੀਕੀ ਤੇ ਖਾੜਕੂ ਸੰਘਰਸ਼ ਦੇ ਸਿਧਾਂਤਕ ਹਮਾਇਤੀ ਰਹੇ ਸੁਖਦੇਵ ਸਿੰਘ, ਕਰਮਜੀਤ ਸਿੰਘ, ਮਰਹੂਮ ਦਲਬੀਰ ਸਿੰਘ ਆਦਿ ਵਰਗੇ ਸੀਨੀਅਰ ਪੱਤਰਕਾਰ ਅਤੇ ਅਜਮੇਰ ਸਿੰਘ, ਗੁਰਤੇਜ ਸਿੰਘ, ਪ੍ਰੋ ਗੁਰਦਰਸ਼ਨ ਸਿੰਘ ਢਿੱਲੋਂ ਵਰਗੇ ਵਿਦਵਾਨ ਖਾੜਕੂ ਸੰਘਰਸ਼ ਬਾਰੇ ਜੋ ਬਿਰਤਾਂਤ ਸਿਰਜਦੇ ਹਨ, ਉਸ ਬਾਰੇ ਇਨ੍ਹਾਂ ਦੇ ਆਪਣੇ ਸਾਥੀਆਂ ਵਲੋਂ ਅੰਦਰਲੇ ਭੇਦਾਂ ਰਾਹੀਂ ਕੀਤੇ ਜਾ ਰਹੇ ਖੁਲਾਸੇ ਇਨ੍ਹਾਂ ਦੇ ਬਿਰਤਾਂਤਾਂ ਨੂੰ ਸ਼ੱਕ ਦੇ ਘੇਰੇ ਵਿੱਚ ਲਿਆ ਖੜਾ ਕਰਦੇ ਹਨ? ਗੁਰਤੇਜ ਸਿੰਘ ਵਲੋਂ ਅਜਮੇਰ ਸਿੰਘ ਨੂੰ ਕੀਤੇ ਸਵਾਲਾਂ ਤੋਂ ਬਾਅਦ ਡਾ. ਗੁਰਦਰਸ਼ਨ ਸਿੰਘ ਢਿੱਲੋਂ ਵਲੋਂ ਜਿਸ ਤਰ੍ਹਾਂ ਤੇ ਨਿੱਜੀ ਇਲਜਾਮ ਗੁਰਤੇਜ ਸਿੰਘ ਤੇ ਲਗਾਏ ਹਨ, ਉਸ ਤੋਂ ਇਨ੍ਹਾਂ ਵਿਦਵਾਨਾਂ ਦੀ ਸਮਝ ਦਾ ਮਿਆਰ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਰਹਿੰਦੀ? ਅਸੀਂ ਚਾਹੁੰਦੇ ਹਾਂ ਕਿ ਜੇ ਇਹ ਲੋਕ ਪੰਜਾਬ ਤੇ ਸਿੱਖਾਂ ਦਾ ਭਲਾ ਚਾਹੁੰਦੇ ਹਨ ਤਾਂ ਇਮਾਨਦਾਰੀ ਨਾਲ਼ ਆਪਣੀ ਲਹਿਰ ਦਾ ਵਿਸ਼ਲੇਸ਼ਣ ਕਰਨ, ਜਿਸ ਖਾਲਿਸਤਾਨ ਦੇ ਸੰਕਲਪ ਨੂੰ ਲੈ ਕੇ ਪਿਛਲੇ ਸਮੇਂ ਵਿੱਚ ਹਜ਼ਾਰਾਂ ਲੋਕ ਦੋਨਾਂ ਪਾਸਿਆਂ ਤੋਂ ਮਰੇ ਹਨ, ਉਸ ਖਾਲਿਸਤਾਨ ਬਾਰੇ ਲੋਕਾਂ ਨੂੰ ਕੁਝ ਤਾਂ ਸਪੱਸ਼ਟ ਕਰਨ ਕਿ ਇਨ੍ਹਾਂ ਦਾ ਖਾਲਿਸਤਾਨ ਕਿਹੋ ਜਿਹਾ ਹੋਵੇਗਾ? ਮੌਜੂਦਾ ਮਾਡਰਨ ਵਰਲਡ ਰਾਜਨੀਤੀ ਅਨੁਸਾਰ ਇਨ੍ਹਾਂ ਕੋਲ਼ ਕਿਸ ਤਰ੍ਹਾਂ ਦਾ ਆਰਥਿਕ ਮਾਡਲ ਹੋਵੇਗਾ? ਇਸ ਨਵੇਂ ਦੇਸ਼ ਵਿੱਚ ਰਾਜਨੀਤੀ ਦਾ ਲੋਕਤੰਤਰੀ ਜਾਂ ਧਰਮ ਅਧਾਰਿਤ ਡਿਕਟੇਟਰਸ਼ਿਪ ਸਿਸਟਮ ਹੋਵੇਗਾ? ਸਿੱਖਾਂ ਤੋਂ ਇਲਾਵਾ ਪੰਜਾਬ ਵਿੱਚ ਦੋ ਪ੍ਰਮੁੱਖ ਫਿਰਕਿਆਂ ਹਿੰਦੂਆਂ ਤੇ ਦਲਿਤਾਂ ਦੇ ਨਾਲ਼-ਨਾਲ਼ ਹੋਰ ਅਨੇਕਾਂ ਘੱਟ-ਗਿਣਤੀਆਂ ਦਾ ਇਸ ਕਲਪੇ ਜਾਂਦੇ ਖਾਲਿਸਤਾਨ ਵਿੱਚ ਕੀ ਭਵਿੱਖ ਹੋਵੇਗਾ? ਜੇ ਸਿੱਖਾਂ ਤੋਂ ਇਲਾਵਾ ਪੰਜਾਬ ਵਿੱਚ ਵਸਦੇ ਬਾਕੀ ਸਾਰੇ ਫਿਰਕਿਆਂ ਨੂੰ ਇਹ ਆਪਣੇ ਵਿਰੋਧੀ ਸਮਝਦੇ ਹਨ ਤਾਂ ਉਹ ਕਿੱਥੇ ਜਾਣਗੇ? ਭਾਰਤ ਵਿੱਚ ਪੰਜਾਬ ਤੋਂ ਬਾਹਰ ਵੱਸਦੇ ਲੱਖਾਂ ਸਿੱਖਾਂ ਬਾਰੇ ਇਨ੍ਹਾਂ ਦੀ ਕੀ ਪਲੈਨ ਹੈ? 1947 ਦੀ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਏ ਕੁਝ ਗੁਰਦੁਆਰਿਆਂ ਦੇ ਖੁੱਲੇ ਦਰਸ਼ਨ ਦੀਦਾਰ ਲਈ ਅਰਦਾਸ ਕਰਨ ਵਾਲ਼ੇ ਖਾਲਸੇ ਕੋਲ਼ ਖਾਲਿਸਤਾਨ ਬਣਨ ਤੋਂ ਬਾਅਦ ਬਾਕੀ ਭਾਰਤ ਵਿੱਚ ਰਹਿ ਜਾਣ ਵਾਲ਼ੇ ਦੋ ਤਖਤਾਂ ਸਮੇਤ ਸੈਂਕੜੇ ਗੁਰਦੁਆਰਿਆਂ ਲਈ ਕੀ ਪਲੈਨ ਹੈ? ਪ੍ਰੀਤਮ ਸਿੰਘ ਕੁਮੇਦਾਨ ਦੇ ਸਵਾਲ ਕਿ ਪੰਜਾਬ ਵਿਚਲੇ ਬਹੁ-ਗਿਣਤੀ ਹਿੰਦੂ ਇਲਾਕੇ ਭਾਰਤ ਕੋਲ਼ ਚਲੇ ਜਾਣ ਦੀ ਸੂਰਤ ਵਿੱਚ ਜੇ ਸਾਰੇ ਦਰਿਆ ਭਾਰਤ ਵਿੱਚ ਚਲੇ ਜਾਂਦੇ ਹਨ ਤਾਂ ਪੰਜਾਬ ਦੇ ਪੱਲੇ ਕੀ ਰਹਿੰਦਾ ਹੈ, ਇਸ ਬਾਰੇ ਕਦੇ ਉਨ੍ਹਾਂ ਸੋਚਿਆ ਹੈ? ਕੀ ਖਾਲਿਸਤਾਨ ਵੀ ਸ਼ਰੀਅਤ ਅਧਾਰਿਤ ਮੁਸਲਮਾਨ ਦੇਸ਼ਾਂ ਵਾਂਗ ਧਰਮ ਅਧਾਰਿਤ ਸਟੇਟ ਹੋਵੇਗੀ, ਜਿਥੇ ਹਰ ਇੱਕ ਨੂੰ ਸਿੱਖ ਰਹਿਤ ਮਰਿਯਾਦਾ ਦਾ ਪਾਲਣ ਕਰਨਾ ਪਵੇਗਾ? ਫਿਰ 90% ਮੋਨੇ ਤੇ ਗੈਰ-ਅੰਮ੍ਰਿਤਧਾਰੀ ਵਿਅਕਤੀ ਖਾਲਿਸਤਾਨ ਵਿੱਚ ਸਿੱਖ ਹੋਣਗੇ ਜਾਂ ਨਾਨ-ਸਿੱਖ? ਅਜਿਹੇ ਅਨੇਕਾਂ ਸਵਾਲ ਹਨ, ਜਿਸਦਾ ਕਿਸੇ ਧਿਰ ਵਲੋਂ ਕੋਈ ਜਵਾਬ ਨਹੀਂ ਦਿੱਤਾ ਜਾਂਦਾ, ਸਿਰਫ ਨਾਹਰਿਆਂ ਦੀ ਜਜ਼ਬਾਤੀ ਸਿਆਸਤ ਹੀ ਭਾਰੂ ਹੈ?

ਅਜਮੇਰ ਸਿੰਘ ਆਪਣੇ ਯੂ ਟਿਊਬ ਚੈਨਲ 'ਸਿੱਖ ਵਿਊ ਪੁਆਇੰਟ' ਤੇ ਆਪਣੀਆਂ ਤਾਜਾ ਮੁਲਾਕਤਾਂ ਵਿੱਚ ਸਿੱਖ ਖਾੜਕੂ ਸੰਘਰਸ਼ ਬਾਰੇ ਅਨੇਕਾਂ ਬਿਰਤਾਂਤ ਸਿਰਜਦਾ ਹੈ। ਪਰ ਉਹ ਅਕਸਰ ਇਸ ਸੰਘਰਸ਼ ਨੂੰ ਉਥੇ ਦੀਆਂ ਜਮੀਨੀ ਹਕੀਕਤਾਂ ਅਤੇ ਮਾਡਰਨ ਵਰਲਡ ਦੀਆਂ ਚੁਣੌਤੀਆਂ ਦੇ ਸੰਦਰਭ ਵਿੱਚ ਵਿਚਾਰਨ ਦੀ ਥਾਂ ਰੂਹਾਨੀਅਤ ਦੇ ਭਾਰੀ-ਭਰਕਮ ਤੇ ਭੁਲੇਖਾ ਪਾਊ ਸੰਕਲਪਾਂ ਵਿੱਚ ਉਲਝਾ ਦਿੰਦਾ ਹੈ। ਆਪਣੀ ਤਾਜ਼ਾ ਇੰਟਰਵਿਊ 'ਦੇਸ਼ ਭਗਤੀ ਤੇ ਰਾਸ਼ਟਰਵਾਦ' ਵਿੱਚ ਉਹ ਪੱਛਮ ਦੇ ਪੂੰਜੀਵਾਦ ਤੇ ਨੈਸ਼ਨਲਿਜਮ ਦੇ ਮਾਡਲਾਂ ਦੀ ਵਿਆਖਿਆ ਕਰਦਾ, ਜਿਥੇ ਉਸਨੂੰ ਮਨੁੱਖਤਾ ਵਿਰੋਧੀ ਕਹਿ ਕੇ ਨਕਾਰਦਾ ਹੈ, ਉਥੇ ਹਿੰਦੂ ਰਾਸ਼ਟਰਵਾਦ ਨੂੰ ਦੁਨੀਆਂ ਦਾ ਸਭ ਤੋਂ ਨਖਿਧ ਵਰਤਾਰਾ ਦੱਸਦਾ ਹੈ। ਪਰ ਦੂਜੇ ਪਾਸੇ ਉਸੇ ਤਰਜ ਦੇ 'ਸਿੱਖ ਰਾਸ਼ਟਰਵਾਦ' ਦੀ ਵਕਾਲਤ ਕਰਦਾ ਹੈ, ਭਾਵੇਂ ਉਸ ਕੋਲ਼ ਸਿੱਖ ਰਾਸ਼ਟਰਵਾਦ ਦੀ ਵੀ ਕੋਈ ਗੁਰਬਾਣੀ ਅਧਾਰਿਤ ਪ੍ਰੀਭਾਸ਼ਾ ਨਹੀਂ ਹੈ? ਇਸੇ ਤਰ੍ਹਾਂ ਆਪਣੇ 'ਸ਼ਹੀਦ ਦੀ ਪ੍ਰੀਭਾਸ਼ਾ' ਲੈਕਚਰ ਵਿੱਚ ਉਹ ਦੁਨੀਆਂ ਭਰ ਵਿੱਚ ਆਪਣੀਆਂ ਰਾਜਸੀ ਇਛਾਵਾਂ ਦੀ ਪੂਰਤੀ, ਆਪਣੇ ਰਾਸ਼ਟਰਾਂ ਲਈ ਲੜ ਕੇ ਮਰਨ ਵਾਲ਼ੇ ਯੋਧਿਆਂ ਨੂੰ 'ਸ਼ਹੀਦ' ਮੰਨਣ ਲਈ ਤਿਆਰ ਨਹੀਂ, ਸਿਰਫ ਧਰਮ ਲਈ ਮਰਨ ਵਾਲਿਆਂ ਨੂੰ ਹੀ ਸ਼ਹੀਦ ਮੰਨਦਾ ਹੈ। ਪਰ ਉਸੇ ਵਕਤ ਭਾਰਤ ਦੇ ਭੂਗੋਲਿਕ ਨਕਸ਼ੇ ਵਿੱਚ ਇੱਕ ਛੋਟੀ ਜਿਹੀ ਸਟੇਟ 'ਪੰਜਾਬ' ਤੇ ਸਿਆਸੀ ਕਬਜ਼ਾ ਕਰਨ (ਆਪਣਾ ਸਿੱਖ ਰਾਜ ਬਣਾਉਣ) ਲਈ ਮਰਨ ਵਾਲ਼ਿਆਂ ਨੂੰ ਰੂਹਾਨੀਅਤ ਵਿੱਚ ਲਬਰੇਜ਼ ਕਿਸੇ ਇਲਾਹੀ ਜੋਤ ਨਾਲ਼ ਇੱਕ-ਮਿੱਕ ਹੋ ਕੇ ਲੜਨ ਵਾਲ਼ੇ 'ਸ਼ਹੀਦ' ਕਹਿ ਕੇ ਵਡਿਆਉਂਦਾ ਹੈ? ਕਿਨ੍ਹਾਂ ਲੋਕਾਂ ਲਈ ਕੌਣ ਸ਼ਹੀਦ ਹਨ ਜਾਂ ਕੌਣ ਨਹੀਂ ਹਨ, ਇਸਦਾ ਫੈਸਲਾ ਉਨ੍ਹਾਂ ਲੋਕਾਂ ਨੇ ਆਪ ਕਰਨਾ ਹੁੰਦਾ ਹੈ ਨਾ ਕਿ ਕਿਸੇ ਵਿਦਵਾਨ ਦੀ ਪ੍ਰੀਭਾਸ਼ਾ ਵਿੱਚ ਫਿੱਟ ਆਉਣ ਵਾਲ਼ਾ ਹੀ 'ਸ਼ਹੀਦ' ਹੋ ਸਕਦਾ ਹੈ? ਇਸੇ ਤਰ੍ਹਾਂ ਦੇ ਅੰਤਰ ਵਿਰੋਧ ਅਜਮੇਰ ਸਿੰਘ ਦੀਆਂ ਕਿਤਾਬਾਂ ਵਿੱਚ ਵੀ ਬਹੁਤ ਮਿਲਦੇ ਹਨ। ਜਿਸ ਤਰ੍ਹਾਂ ਉਹ ਆਪਣੀ ਕਿਤਾਬ; 'ਤੀਜੇ ਘੱਲੂਘਾਰੇ ਤੋਂ ਬਾਅਦ, ਸਿੱਖਾਂ ਦੀ ਸਿਧਾਂਤਕ



ਘੇਰਾਬੰਦੀ’ ਦੇ ਚੈਪਟਰ 7 ‘ਗਿਆਨ ਦੇ ਮਾਰਗ ਦਾ ਸੱਚ ਕੀ ਹੈ’ ਦੇ ਪੰਨਾ 237 ਤੇ ਲਿਖਦਾ ਹੈ: ‘ਉਦਾਰਵਾਦੀ ਫਲਸਫਾ, ਕਮਿਊਨਿਸਟ ਫਲਸਫਾ, ਨਾਜ਼ੀਵਾਦ, ਫਾਸ਼ੀਵਾਦ, ਈਸਾਈਅਤ, ਇਸਲਾਮ, ਬ੍ਰਾਹਮਣਵਾਦ-ਇਨ੍ਹਾਂ ਸਾਰਿਆਂ ਦੀ ਇੱਕ ਗੱਲ ਸਾਂਝੀ ਹੈ। ਇਹ ਸਾਰੇ ਹੀ ਮੂਲ ਖਾਸੇ ਪੱਖੋਂ ਇਕਤਾਵਾਦੀ (ਇੱਕ ਰੱਬ ਨੂੰ ਮੰਨਣ ਵਾਲ਼ੇ), ਸ੍ਰਿਸ਼ਟੀ ਦੇ ਨਿਯਮਾਂ ਦੇ ਵਿਰੋਧੀ ਹਨ। ਇਨ੍ਹਾਂ ਦੇ ਪੈਰੋਕਾਰਾਂ ਦੇ ਮਨਾਂ ਅੰਦਰ ਵੰਨ-ਸੁਵੰਨਤਾ ਦੀ ਕਦਰ ਪੈਦਾ ਨਹੀਂ ਹੋ ਸਕਦੀ। ਇਸ ਕਰਕੇ ਇਹ ਇਸ ਮਸਲੇ ਪ੍ਰਤੀ ਖਰੇ ਰੂਪ ਵਿੱਚ ਸੰਵੇਦਨਸ਼ੀਲ ਨਹੀਂ ਹੋ ਸਕਦੇ। ਖਰੀ ਸੰਵੇਦਨਸ਼ੀਲਤਾ ਦਾ ਆਧਾਰ ਨੈਤਿਕਤਾ ਹੀ ਹੋ ਸਕਦੀ ਹੈ, ਸੋ ਇਹ ਕੋਈ ‘ਖੂਨ ਦਾ ਨੁਕਸ’ ਨਹੀਂ, ਸਿਧਾਂਤਕ ਅਕੀਦਿਆਂ ਤੇ ਆਦਰਸ਼ਾਂ ਦੇ ਖੋਟ ਦਾ ਮਾਮਲਾ ਹੈ।’ ਇਥੇ ਅਜਮੇਰ ਸਿੰਘ ਸਿੱਖ ਫਲਸਫੇ ਦੀ ਉਚਤਾ ਦਰਸਾਉਣ ਲਈ ਦੁਨੀਆਂ ਭਰ ਦੇ ਸਾਰੇ ਫਲਸਫਿਆਂ ਨੂੰ ਰੱਦ ਕਰਦੇ ਹਨ, ਪਰ ਪੱਛਮੀ ਫਲਸਫੇ ਨੂੰ ਰੱਦ ਕਰਨ ਲਈ, ਇਸੇ ਕਿਤਾਬ ਦੇ ਪੰਨਾ 229 ਤੇ ਅਜਮੇਰ ਸਿੰਘ ਨੇ ਅਕਬਰ ਅਹਿਮਦ ਦੀ ਕਿਤਾਬ ‘ਪੋਸਟ ਮੌਡਰਨਿਜ਼ਮ ਅਤੇ ਇਸਲਾਮ’ ਦੇ ਪੰਨਾ 109 ਦਾ ਹਵਾਲਾ ਦਿੱਤਾ ਹੈ: ‘ਇਹ ਸਭਿਅਤਾ (ਪੱਛਮੀ) ਕਿਸੇ ਨੈਤਿਕ ਫਲਸਫੇ ਜਾਂ ਅਸੂਲਾਂ ਦੇ ਸੰਗ੍ਰਹਿ ਆਸਰੇ ਨਹੀਂ ਚੱਲਦੀ। ਇਸਦੀ ਗਤੀਸ਼ੀਲ ਊਰਜਾ ਦਾ ਸੋਮਾ ਵਿਅਕਤੀਵਾਦ ਹੈ।’ ਪਰ ਇਸੇ ਕਿਤਾਬ ਅਨੁਸਾਰ ਜਿਸ ਇਸਲਾਮਿਕ ਫਲਸਫੇ ਨੂੰ ਅਜਮੇਰ ਸਿੰਘ ਪੰਨਾ 237 ਤੇ ਸ੍ਰਿਸ਼ਟੀ ਵਿਰੋਧੀ, ਕੁਦਰਤ ਦੀ ਵੰਨ-ਸੁਵੰਨਤਾ ਦਾ ਵਿਰੋਧੀ, ਜਿਸਦੇ ਸਿਧਾਂਤਕ ਅਕੀਦਿਆਂ ਤੇ ਆਦਰਸ਼ਾਂ ਵਿੱਚ ਖੋਟ ਦੱਸਦਾ ਹੈ, ਉਸੇ ਕਿਤਾਬ ਵਿੱਚ ਲੇਖਕ ਅਕਬਰ ਅਹਿਮਦੀ ਲਿਖਦਾ ਹੈ: ‘ਕੁਰਾਨ ਕੋਲ਼ ਹੀ ਯੂਨੀਵਰਸਲ ਵਿਜ਼ਨ ਹੈ, ਕੁਰਾਨ ਸਿਰਫ ਸਾਡੇ ਯੂਨੀਵਰਸ ਬਾਰੇ ਹੀ ਲਗਾਤਾਰ ਗੱਲ ਨਹੀਂ ਕਰਦੀ, ਸਗੋਂ ਹੋਰ ਯੂਨੀਵਰਸਾਂ (ਜਿਸ ਬਾਰੇ ਸਾਇੰਸ ਨੂੰ ਅਜੇ ਪਤਾ ਨਹੀਂ ?) ਬਾਰੇ ਵੀ ਦੱਸਦੀ ਹੈ। ਲੇਖਕ ਅਨੁਸਾਰ ਬਾਕੀਆਂ ਕੋਲ਼ ਤਾਂ ਗਲੋਬਲ ਵਿਊ ਹੈ, ਪਰ ਮੁਸਲਮਾਨਾਂ ਕੋਲ਼ ਕੁਰਾਨਿਕ ਯੂਨੀਵਰਸਲ ਵਿਊ ਹੈ। ਪੂਰਬ ਤੇ ਪੱਛਮ ਦੀਆਂ ਦੂਰੀਆਂ ਨੂੰ ਮਿਟਾਉਣ ਲਈ ਕੁਰਾਨਿਕ ਵਿਜ਼ਨ ਹੀ ਕੰਮ ਆ ਸਕਦਾ ਹੈ ਕਿਉਂਕਿ ਇਸ ਕੋਲ਼ ਵੰਨ-ਸੁਵੰਨਤਾ ਵਾਲ਼ਾ ਯੂਨੀਵਰਸਲ ਵਿਜ਼ਨ ਹੈ।’ ਜਿਸ ਤੋਂ ਸਪੱਸ਼ਟ ਹੈ ਕਿ ਹਰ ਕੋਈ ਆਪਣੇ ਫਲਸਫੇ ਨੂੰ ਹੀ ਮਹਾਨ ਦੱਸਦਾ ਹੈ ਤੇ ਬਾਕੀਆਂ ਨੂੰ ਨਖਿਧ ? ਪਰ ਸਵਾਲ ਤਾਂ ਇਹ ਹੈ ਕਿ ਕਿਤਾਬਾਂ ਵਿੱਚ ਤਾਂ ਸਾਰੇ ਫਲਸਫੇ ਬੜੀਆਂ ਖੂਬਸੂਰਤ ਗੱਲਾਂ ਕਰਦੇ ਹਨ ਤੇ ਬੜੇ ਲੁਭਾਵਣੇ ਸਬਜਬਾਗ ਵੀ ਦਿਖਾਉਂਦੇ ਹਨ। ਪਰ ਅਸਲ ਗੱਲ ਤਾਂ ਇਹ ਹੈ ਕਿ ਜਦੋਂ ਉਸਨੂੰ ਸਮਾਜ ਤੇ ਲਾਗੂ ਕਰਨਾ ਹੁੰਦਾ ਹੈ ਤਾਂ ਉਹ ਕਿੱਥੇ ਖੜਦਾ ਹੈ ਜਾਂ ਉਸਨੂੰ ਮੰਨਣ ਵਾਲੇ ਕਿੱਥੇ ਖੜਦੇ ਹਨ ? ਜਿਸ ਤਰ੍ਹਾਂ ਅਜਮੇਰ ਸਿੰਘ ਜੀ ਇਸੇ ਕਿਤਾਬ ਦੇ ਪੰਨਾ 235 ਤੇ ਸਿੱਖ ਧਰਮ ਦੀ ਸਰਬਉਚਤਾ ਦਾ ਦਾਅਵਾ ਕਰਦੇ ਹੋਏ ਫੁਰਮਾਉਂਦੇ ਹਨ: ‘ਸਿੱਖ ਧਰਮ ਦੇ ਸੰਬੰਧ ਵਿੱਚ ਪੂਰੇ ਮਾਣ ਨਾਲ਼ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਸਿੱਖ ਧਰਮ ਦੇ ਪੰਜ ਸਦੀਆਂ ਦੇ ਫੈਲੇ ਸਮੁੱਚੇ ਇਤਿਹਾਸ ਵਿੱਚੋਂ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ, ਜਿੱਥੇ ਸਿੱਖ ਸਮੂਹਿਕ ਰੂਪ ਵਿੱਚ ਅੰਨ੍ਹੀ ਹਿੰਸਾ ਉਤੇ ਉਤਾਰੂ ਹੋ ਗਏ ਹੋਣ ਅਤੇ ਉਨ੍ਹਾਂ ਉਕਾ ਹੀ ਨਿਰਦੋਸ਼ ਲੋਕਾਂ ਉਤੇ ਸਮੂਹਿਕ ਤੌਰ ਤੇ ਵਹਿਸ਼ੀ ਜ਼ੁਲਮ ਢਾਹੇ ਹੋਣ।’ ਅਜਿਹੀ ਮਾਣ ਤੇ ਦਾਅਵੇ ਵਾਲ਼ੀ ਸਟੇਟਮੈਂਟ ਲਿਖਣ ਤੋਂ ਤੁਰੰਤ ਬਾਅਦ ਸ਼ਾਇਦ ਉਨ੍ਹਾਂ ਨੂੰ 1947 ਦੇ ਕਤਲੇਆਮ ਦੀ ਯਾਦ ਆ ਗਈ ਤਾਂ ਉਸੇ ਪੇਜ਼ ਤੇ ਫੁੱਟ ਨੋਟ ਲਿਖ ਦਿੱਤਾ ਤੇ ਉਸ ਵਿੱਚ ਸਿੱਖਾਂ ਨੂੰ ਬਰੀ ਕਰਦੇ ਹੋਏ ਸਾਰਾ ਦੋਸ਼ ਹਿੰਦੂ ਰਾਸ਼ਟਰਵਾਦੀਆਂ ਸਿਰ ਮੜਦੇ ਹੋਏ ਲਿਖਦੇ ਹਨ: ‘1947 ਦੀ ਵੰਡ ਦੌਰਾਨ ਹੋਏ ਖੂਨ-ਖਰਾਬੇ ਦਾ ਮਾਮਲਾ ਵੱਖਰਾ ਹੈ। ਇਸਦਾ ਆਧਾਰ ਧਾਰਮਿਕ ਵੈਰ-ਵਿਰੋਧ ਨਹੀਂ ਬਣਿਆ ਸੀ। ਇਹ ਏਕਾਅਧਿਕਾਰ-ਮੁਖੀ ਰਾਸ਼ਟਰਵਾਦ (ਹਿੰਦੂ) ਦੀ ਵਿਚਾਰਧਾਰਾ ਤੇ ਰਾਜਨੀਤੀ ਦਾ ਕਾਰੂਪ ਚਿਹਰਾ ਪ੍ਰਗਟ ਹੋਇਆ ਸੀ।’ ਸਵਾਲ ਪੈਦਾ ਹੁੰਦਾ ਹੈ ਕਿ ਜੇ ਬਿਨਾਂ ਧਾਰਮਿਕ ਵੈਰ-ਵਿਰੋਧ ਦੇ 10 ਲੱਖ ਬੰਦਾ ਮਾਰਿਆ ਜਾ ਸਕਦਾ ਹੈ ਤਾਂ ਫਿਰ ਜਿਨ੍ਹਾਂ ਨਾਲ਼ ਵੈਰ-ਵਿਰੋਧ ਹੋਵੇਗਾ, ਉਨ੍ਹਾਂ ਨਾਲ਼ ਕੀ ਬੀਤੇਗੀ ?

ਇਸੇ ਕਿਤਾਬ ‘ਤੀਜੇ ਘੱਲੂਘਾਰੇ ਤੋਂ ਬਾਅਦ, ਸਿੱਖਾਂ ਦੀ ਸਿਧਾਂਤਕ ਘੇਰਾਬੰਦੀ’ ਵਿੱਚ ਸਿੱਖ ਚਿੰਤਕ ਤੇ ਸਿੱਖ ਸੰਘਰਸ਼ ਦੇ ਸਿਧਾਂਤਕ ਵਿਆਖਿਆਕਾਰ ਪੰਨਾ 224 ਤੇ ਵਿਗਿਆਨ ਤੇ ਵਿਗਿਆਨਕ ਤਰੱਕੀ ਬਾਰੇ ਇਵੇਂ ਲਿਖਦੇ ਹਨ: ‘ਸਾਇੰਸ ਤੇ ਟੈਕਨੋਲੌਜੀ ਦੇ ਖੇਤਰ ਵਿੱਚ ਪੁੱਟੀ ਹਰ ਪੁਲਾਂਘ ਨਾਲ਼ ਮਨੁੱਖੀ ਜੀਵਾਂ ਦੇ ਅਧਿਆਤਮਕ ਰੁਤਬੇ ਵਿੱਚ ਹੋਰ ਨਿਘਾਰ ਆਇਆ ਹੈ। ਰਵਾਇਤੀ ਸਮਾਜਾਂ ਅੰਦਰ ਦੂਜੇ ਮਨੁੱਖਾਂ ਨੂੰ ਆਪਣੇ ਸਹਿਚਾਰੀ ਹੋਣ ਦੇ ਨਾਤੇ ਸਵੀਕਾਰ ਕਰਨ ਦੀ ਭਾਵਨਾ ਨਾਲ਼ ਦੇਖਿਆ ਜਾਂਦਾ ਸੀ। ਪ੍ਰੰਤੂ ਆਧੁਨਿਕ ਸਭਿਅਤਾ ਅੰਦਰ ਦੂਜੇ ਮਨੁੱਖਾਂ ਨੂੰ ਸਿਰਫ ਇੱਕ ਪਦਾਰਥ ਦੇ ਤੌਰ ’ਤੇ ਵੇਖਿਆ/ਸਮਝਿਆ ਜਾਣ ਲੱਗਾ ਹੈ। ਆਤਮ ਲਗਭਗ ਗੈਰ-ਹਾਜਿਰ ਹੈ।’ ਬੇਸ਼ਕ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਇੰਸ ਦੀਆਂ ਕਾਢਾਂ ਨਾਲ਼ ਮਨੁੱਖ ਨੂੰ ਮਿਲ਼ੀਆਂ ਸੁੱਖ-ਸਹੂਲਤਾਂ ਪਾਉਣ ਲਈ ਹਰ ਮਨੁੱਖ ਪੈਸੇ ਦੀ ਦੌੜ ਵਿੱਚ ਹੈ। ਪਰ ਸਵਾਲ ਤਾਂ ਇਹ ਹੈ ਕਿ ਮਨੁੱਖ ਸਭਿਅਤਾ ਦੇ ਜਿਸ ਦੌਰ ਵਿੱਚ ਪਹੁੰਚ ਚੁੱਕਾ ਹੈ, ਕੀ ਉਥੋਂ ਚਾਰ ਪੰਜ ਸੌ ਸਾਲ਼ ਪਿਛੇ ਜਾਇਆ ਜਾ ਸਕਦਾ ਹੈ ? ਕੀ ਅੱਜ ਦਾ ਮਨੁੱਖ ਬਹੁਤ ਦੂਰ ਤਾਂ ਕੀ 100 ਸਾਲ ਪਹਿਲਾਂ ਵਾਲ਼ੇ ਜੀਵਨ ਵਿੱਚ ਵੀ ਜੀਣ ਲਈ ਤਿਆਰ ਹੋ ਸਕਦਾ ਹੈ ? ਸਾਡੇ ਪਲੈਨਿਟ ਤੇ ਜਿਤਨੀ ਮਨੁੱਖੀ ਅਬਾਦੀ ਹੈ, ਕੀ ਉਸਨੂੰ ਸਾਇੰਸ ਦੀਆਂ ਮਸ਼ੀਨਾਂ ਤੋਂ ਬਿਨਾਂ ਖਾਣ ਲਈ ਦੋ ਵਕਤ ਰੋਟੀ ਵੀ ਦਿੱਤੀ ਜਾ ਸਕਦੀ ਹੈ ? ਬੇਸ਼ਕ ਅੱਜ ਗਲੋਬਲ ਵਾਰਮਿੰਗ ਤੇ ਪਲੂਸ਼ਨ ਸਾਰੀ ਦੁਨੀਆਂ ਲਈ ਵੱਡੀ ਚੁਣੌਤੀ ਹੈ, ਪਰ ਕੀ ਅੱਜ ਦਾ ਮਨੁੱਖ ਧੂੰਆਂ ਛੱਡਣ ਵਾਲ਼ੀਆਂ ਕਾਰਾਂ, ਬੱਸਾਂ, ਟਰੇਨਾਂ, ਜਹਾਜਾਂ ਤੋਂ ਬਿਨਾਂ ਰਹਿਣਾ ਇੱਕ ਦਿਨ ਵੀ ਚਿਤਵ ਸਕਦਾ ਹੈ ? ਸਾਨੂੰ ਅਜਮੇਰ ਸਿੰਘ ਹੋਰਾਂ ਦੀ ਵਿਗਿਆਨ ਦੀ ਵਿਰੋਧਤਾ ਤੇ ਕੋਈ ਇਤਰਾਜ ਨਹੀਂ, ਪਰ ਉਹ ਮਨੁੱਖਤਾ ਸਾਹਮਣੇ ਗੁਰਬਾਣੀ ਜਾਂ ਸਿੱਖ ਫਲਸਫੇ ਅਧਾਰਿਤ ਕੋਈ ਮਾਡਲ ਤਾਂ ਪੇਸ਼ ਕਰਨ ? ਉਹ ਅੱਜ ਦੇ ਮਾਡਰਨ ਵਰਲਡ ਵਿੱਚ ਲਾਗੂ ਹੋ ਸਕੇਗਾ ਜਾਂ ਨਹੀਂ, ਇਹ ਤਾਂ ਬਾਅਦ ਦਾ ਸਵਾਲ ਹੈ ? ਕੀ ਸਾਡੇ ਵਿਗਿਆਨ ਵਿਰੋਧੀ ਵਿਦਵਾਨ ਦੱਸ ਸਕਦੇ ਹਨ ਕਿ ਜੇ ਪਲੂਸ਼ਨ ਜਾਂ ਗਲੋਬਲ ਵਾਰਮਿੰਗ ਦੀ ਸਮੱਸਿਆ ਨੂੰ ਹੱਲ ਕਰਨਾ ਹੈ ਤਾਂ ਕੀ ਉਨ੍ਹਾਂ ਦੀ ਰੂਹਾਨੀਅਤ ਫੌਸਿਲ ਫਿਊਲ ਦੀ ਅਨਰਜੀ ਦਾ ਕੋਈ ਹੋਰ ਬਦਲ ਪੇਸ਼ ਕਰ ਸਕਦੀ ਹੈ ? ਇਸ ਲਈ ਵੀ ਤਾਂ ਕੰਮ ਵਿਗਿਆਨੀ ਹੀ ਕਰ ਰਹੇ ਹਨ।

ਪਿਛਲੇ ਦਿਨੀਂ ਪੰਜਾਬ ਦੇ ਸਾਬਕਾ ਗਵਰਨਰ ਬੀ ਡੀ ਪਾਂਡੇ ਦੀ ਲੜਕੀ ਰਤਨਾ ਐਮ ਸੁਦਰਸ਼ਨ ਵਲੋਂ ਉਨ੍ਹਾਂ ਦੇ ਮਰਨ ਤੋਂ 12 ਸਾਲ ਬਾਅਦ ਉਨ੍ਹਾਂ ਦੀਆਂ ਯਾਦਾਂ ਅਧਾਰਿਤ ਐਡਿਟ ਕਰਕੇ ਕਿਤਾਬ ‘ਇਨ ਦੀ ਸਰਵਿਸ ਆਫ ਫਰੀ ਇੰਡੀਆ’ ਛਪਾਈ ਹੈ। ਜਿਸ ਵਿੱਚ ਉਨ੍ਹਾਂ ਦੀਆਂ ਆਪਣੇ ਸਿਆਸੀ ਤੇ ਸਿਵਲ ਸਰਵਿਸਿਜ਼ ਦੇ ਜੀਵਨ ਦੀਆਂ ਯਾਦਾਂ ਹਨ। ਯਾਦ ਰਹੇ ਬੀ ਡੀ ਪਾਂਡੇ ਨੂੰ ਇੰਦਰਾ ਗਾਂਧੀ ਸਰਕਾਰ ਵਲੋਂ ਦਰਬਾਰਾ ਸਿੰਘ ਦੀ ਸਰਕਾਰ ਭੰਗ ਹੋਣ ਤੋਂ ਬਾਅਦ 10 ਅਕਤੂਬਰ, 1983 ਨੂੰ ਪੰਜਾਬ ਦਾ ਗਵਰਨਰ ਲਗਾਇਆ ਸੀ ਤੇ ਉਸਨੇ 27 ਜੂਨ, 1984 ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਕਿਹਾ ਜਾਂਦਾ ਹੈ ਕਿ ਉਸਨੇ ਆਪਣੇ ਪਰਿਵਾਰ ਨੂੰ ਹਦਾਇਤ ਕੀਤੀ ਸੀ ਕਿ ਇਹ ਕਿਤਾਬ ਉਸਦੇ ਮਰਨ ਤੋਂ ਘੱਟੋ-ਘੱਟ ਪੰਜ ਸਾਲ ਬਾਅਦ ਛਾਪੀ ਜਾਵੇ। ਉਨ੍ਹਾਂ ਦੀ 2009 ਵਿੱਚ 92 ਸਾਲ ਦੀ ਉਮਰ ਵਿੱਚ ਮੌਤ ਤੋਂ 12 ਸਾਲ ਬਾਅਦ ਇਹ ਕਿਤਾਬ ਮਾਰਕੀਟ ਵਿੱਚ ਆਈ ਹੈ। ਬੀ ਡੀ ਪਾਂਡੇ ਦੇ ਗਵਰਨਰ ਕਾਲ ਵਿੱਚ ਹੀ ਜੂਨ 1984 ਦੀਆਂ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਸਨ। ਇਸ ਕਿਤਾਬ ਵਿੱਚ ਉਨ੍ਹਾਂ ਜੂਨ 1984 ਦੇ ਘੱਲੂਘਾਰੇ ਲਈ ਬਹੁਤ ਸਾਰੇ ਪੱਖਾਂ ਤੋਂ ਇੰਦਰਾ ਗਾਂਧੀ ਤੇ ਉਸਦੀ ਸਰਕਾਰ ਨੂੰ ਦੋਸ਼ੀ ਮੰਨਿਆ ਹੈ। ਉਸਨੇ ਇਸ ਵਿੱਚ ਦਰਬਾਰਾ ਸਿੰਘ ਅਤੇ ਗਿਆਨੀ ਜੈਲ ਸਿੰਘ ਦੀ ਸਿਆਸੀ ਖਿਚੋਤਾਣ ਨੂੰ ਵੀ ਦੋਸ਼ੀ ਗਰਦਾਨਿਆ ਹੈ। ਉਸਦਾ ਕਹਿਣਾ ਹੈ ਕਿ ਜਦੋਂ ਉਸਨੇ ਉਪਰੇਸ਼ਨ ਬਲੂ ਸਟਾਰ ਤੋਂ 8-9 ਮਹੀਨੇ ਪਹਿਲਾਂ ਪੰਜਾਬ ਦਾ ਚਾਰਜ ਲਿਆ ਸੀ ਤਾਂ ਇੰਦਰਾ ਗਾਂਧੀ ਅੱਤਵਾਦੀਆਂ ਨੂੰ ਦਰਬਾਰ ਵਿੱਚੋਂ ਕੱਢਣ ਲਈ ਦ੍ਰਿੜ ਸੀ, ਪਰ ਉਸਨੇ ਬਹੁਤਾ ਧਿਆਨ ਨਹੀਂ ਕਿਉਂਕਿ ਦਰਬਾਰ ਸਾਹਿਬ ਕੀਤੀ ਜਾਣ ਵਾਲ਼ੀ ਕਾਰਵਾਈ ਤੋਂ ਨਿਕਲਣ ਵਾਲ਼ੇ ਨਤੀਜਿਆਂ ਪ੍ਰਤੀ ਉਹ ਚਿੰਤਤ ਸੀ। ਉਸਦਾ ਮੰਨਣਾ ਸੀ ਕਿ ਇੰਦਰਾ ਗਾਂਧੀ ਆਪਣੇ ਵਿਰੋਧੀਆਂ ਨੂੰ ਬਰਦਾਸ਼ਤ ਨਹੀਂ ਕਰਦੀ ਸੀ ਤੇ ਪੰਜਾਬ ਵਿੱਚ ਉਸਦੇ ਵਿਰੋਧੀ ਅਕਾਲੀ ਸਨ। ਉਸਦਾ ਮੰਨਣਾ ਹੈ ਕਿ ਇਹ ਕਹਿਣਾ ਕਿ ਪੰਜਾਬ ਪੁਲਿਸ ਦੀ ਸੀ ਆਈ ਡੀ ਵਲੋਂ ਫੌਜ ਨੂੰ ਦਰਬਾਰ ਅੰਦਰ ਹਥਿਆਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ (ਜਿਸ ਤਰ੍ਹਾਂ ਜਨਰਲ ਬਰਾੜ ਨੇ ਆਪਣੀ ਕਿਤਾਬ ‘ਉਪਰੇਸ਼ਨ ਬਲੂ ਸਟਾਰ: ਏ ਟਰੂ ਸਟੋਰੀ’ ਵਿੱਚ ਕਿਹਾ ਸੀ), ਜਦਕਿ ਉਨ੍ਹਾਂ ਨੂੰ ਹਰ ਛੋਟੇ ਤੋਂ ਵੱਡੇ ਹਥਿਆਰ ਦੀ ਜਾਣਕਾਰੀ ਦਿੱਤੀ ਗਈ ਸੀ।

ਅਖੀਰ ਵਿੱਚ ਇਹੀ ਕਹਿਣਾ ਚਾਹੁੰਦੇ ਹਾਂ ਕਿ ਜੇ ਰਾਜਦੇਵ ਸਿੰਘ ਖਾਲਸਾ ਜਾਂ ਗੁਰਤੇਜ ਸਿੰਘ ਅਨੁਸਾਰ ਸਿੱਖਾਂ ਨੇ ਵਿਚਾਰੇ ਤੋਂ ਬਿਨਾਂ ਸੰਘਰਸ਼ ਸ਼ੁਰੂ ਕਰ ਲਏ ਸਨ ਜਾਂ ਵਿਰੋਧੀਆਂ ਦੇ ਜ਼ਾਲ਼ ਵਿੱਚ ਫਸ ਗਏ ਸਨ ਤਾਂ ਹੁਣ ਹੀ ਖਿਆਲੀ ਪਲਾਉ ’ਚੋਂ ਬਾਹਰ ਨਿਕਲ਼ ਕੇ ਕੁਝ ਵਿਚਾਰ ਲੈਣ ? ਜਿਸ ਤਰ੍ਹਾਂ ਬੀ ਡੀ ਪਾਂਡੇ ਨੇ ਇਸ ਨਵੀਂ ਕਿਤਾਬ ਵਿੱਚ ਇੰਦਰਾ ਗਾਂਧੀ ਬਾਰੇ ਖਰੀਆਂ ਗੱਲਾਂ ਕੀਤੀਆਂ ਹਨ, ਉਸ ਤੋਂ ਸਿੱਖ ਵਿਦਵਾਨਾਂ ਤੇ ਲੀਡਰਾਂ ਨੂੰ ਖੁਸ਼ ਹੋਣ ਦੀ ਥਾਂ ਕੋਈ ਸਬਕ ਲੈ ਕੇ ਆਪਣੇ ਅੰਦਰ ਵੀ ਝਾਤ ਮਾਰ ਲੈਣੀ ਚਾਹੀਦੀ ਹੈ ? ਕੀ ਦਰਬਾਰ ਸਾਹਿਬ ਤੇ ਫੌਜੀ ਕਾਰਵਾਈ ਲਈ ਸਿਰਫ ਸਰਕਾਰ ਹੀ ਦੋਸ਼ੀ ਸੀ ਜਾਂ ਦਰਬਾਰ ਸਾਹਿਬ ਅੰਦਰ ਵੱਡੇ-ਵੱਡੇ ਹਥਿਆਰ ਰੱਖ ਕੇ ਮੋਰਚਾਬੰਦੀ ਕਰਨ ਵਾਲਿਆਂ ਦਾ ਵੀ ਕੋਈ ਮਾੜਾ-ਮੋਟਾ ਕਸੂਰ ਸੀ ? ਜਾਂ ਉਨ੍ਹਾਂ ਲੋਕਾਂ ਦਾ ਵੀ ਥੋੜਾ ਬਹੁਤਾ ਕਸੂਰ ਸੀ, ਜਿਨ੍ਹਾਂ ਨੇ ਨਾ ਸਿਰਫ ਦਰਬਾਰ ਸਾਹਿਬ ਦੇ ਅੰਦਰ ਕਤਲ ਕਰਨੇ ਸ਼ੁਰੂ ਕੀਤੇ ਹੋਏ ਸਨ, ਸਗੋਂ ਬਾਹਰ ਵੀ ਸਿਆਸੀ ਤੇ ਧਾਰਮਿਕ ਲੀਡਰਾਂ ਦੇ ਨਾਲ਼-ਨਾਲ਼ ਪੱਤਰਕਾਰਾਂ, ਬੁੱਧੀਜੀਵੀਆਂ ਸਮੇਤ ਬੱਸਾਂ ਵਿੱਚੋਂ ਲਾਹ ਕੇ ਬੰਦੇ ਮਾਰੇ ਜਾ ਰਹੇ ਸਨ ? ਕੀ ਅਜਮੇਰ ਸਿੰਘ, ਗੁਰਤੇਜ ਸਿੰਘ, ਗੁਰਦਰਸ਼ਨ ਢਿੱਲੋਂ, ਕਰਮਜੀਤ ਸਿੰਘ ਪੱਤਰਕਾਰ ਵਰਗੇ ਸਾਡੇ ਉਚ ਕੋਟੀ ਦੇ ਵਿਦਵਾਨ ਵੀ ਬੀ ਡੀ ਪਾਂਡੇ ਵਾਂਗ ਵੱਡਾ ਜਿਗਰਾ ਕਰਕੇ ਕਦੇ ਨਿਰਪੱਖਤਾ ਨਾਲ਼ 1978 ਤੋਂ 1995 ਤੱਕ ਦੇ ਸੰਘਰਸ਼ ਦਾ ਵਿਸ਼ਲੇਸ਼ਣ ਕਰਨਗੇ ? ਜਿਸ ਖਾਲਸਾ ਰਾਜ ਲਈ ਉਨ੍ਹਾਂ ਅਨੁਸਾਰ ਲੱਖਾਂ ਸਿੰਘ-ਸਿੰਘਣੀਆਂ ਸ਼ਹੀਦ ਹੋ ਚੁੱਕੇ ਹਨ, ਕੀ ਉਸ ਰਾਜ ਦਾ ਦੁਨੀਆਂ ਸਾਹਮਣੇ ਕੋਈ ਮਾਡਲ ਪੇਸ਼ ਕਰਨਗੇ ਕਿ ਆਖਿਰ ਉਹ ਚਾਹੁੰਦੇ ਕੀ ਹਨ ? ਬਿਨਾਂ ਕਿਸੇ ਪਲੈਨ ਤੇ ਦੂਰ-ਅੰਦੇਸ਼ੀ ਸੋਚ ਤੋਂ ਐਵੇਂ ਨਾਹਰਿਆਂ ਰਾਹੀਂ ਨੁਕਸਾਨ ਕਰਾਈ ਜਾਣਾ ਕੋਈ ਸਿਆਣਪ ਨਹੀਂ ਕਹੀ ਜਾ ਸਕਦੀ ? ਅੱਜ ਪੰਜਾਬ ਦੇ ਲੋਕਾਂ ਲਈ ਧਰਮ ਨਾਲ਼ੋਂ ਵੱਡਾ ਮਸਲਾ ਰੋਟੀ ਰੋਜ਼ੀ ਦਾ ਬਣ ਚੁੱਕਾ ਹੈ, ਆਪਣੇ ਬੱਚਿਆਂ ਦੇ ਭਵਿੱਖ ਦਾ ਹੈ ? ਇਸੇ ਕਰਕੇ ਹਰ ਪੰਜਾਬੀ ਆਪਣੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਨਾ ਸਿਰਫ ਜਮੀਨਾਂ ਵੇਚ ਕੇ ਹੀ, ਸਗੋਂ ਬਹੁਤ ਵਾਰ ਜਮੀਰਾਂ ਵੇਚ ਕੇ ਵੀ ਬਾਹਰ ਭੇਜਣ ਲਈ ਤਿਆਰ ਹੈ ? ਅੱਜ ਪੰਜਾਬ ਦਾ ਪਾਣੀ ਖਤਮ ਹੋ ਰਿਹਾ ਹੈ, ਮਹਿੰਗਾਈ ਤੇ ਬੇਰੁਜਗਾਰੀ ਨੇ ਆਮ ਬੰਦੇ ਦਾ ਲੱਕ ਤੋੜ ਦਿੱਤਾ ਹੈ ? ਖੇਤੀਬਾੜੀ ਦਾ ਧੰਦਾ ਘਾਟੇ ਦਾ ਸੌਦਾ ਬਣ ਚੁੱਕਾ ਹੈ ? ਵਧਦੀ ਅਬਾਦੀ ਨਾਲ਼ ਜਮੀਨਾਂ ਘਟ ਰਹੀਆਂ ਹਨ। ਕੀ ਅਸੀਂ ਕਦੇ ਪੰਜਾਬ ਵਿੱਚ ਖੇਤੀਬਾੜੀ ਦੇ ਨਵੇਂ ਬਦਲ ਤੇ ਮਾਡਲ ਬਾਰੇ ਵੀ ਸੋਚਾਂਗੇ ? ਕੀ ਸਾਡੇ ਵਿਦਵਾਨ ਕਦੇ ਅਜਿਹੇ ਲੋਕ ਮਸਲਿਆਂ ਬਾਰੇ ਵੀ ਗੰਭੀਰ ਹੋਣਗੇ ?

# ਘੋਲਰਗੰਢ ਪੈ ਗਈ ਬੱਲਿਆ...

(ਸਿੱਧੂ ਸਾਹਿਬ ਨੇ ਅਸਤੀਫਾ ਬੰਬ ਚਲਾ ਦਿੱਤਾ ਤੇ ਕੈਪਟਨ ਭਾਜਪਾ ਦੇ ਰੱਥ ਦਾ ਝੂਟਾ ਲੈਣ ਲਈ ਦਿੱਲੀ ਚਲੇ ਗਏ...)

ਸਿਆਣੇ ਬੰਦੇ ਅਕਸਰ ਸਿਆਣੀਆਂ ਗੱਲਾਂ ਕਰ ਜਾਂਦੇ ਹਨ ਅਤੇ ਉਹਨਾਂ ਗੱਲਾਂ ਵਿਚ ਬਹੁਤ ਸਾਰੀਆਂ ਰਮਜਾਂ ਛੁਪੀਆਂ ਹੁੰਦੀਆਂ ਹਨ। ਜਦ ਕਾਂਗਰਸ ਹਾਈਕਮਾਨ ਨੇ ਪੰਜਾਬ ਕਾਂਗਰਸ ਦੇ ਸੰਕਟ ਦਾ ਹੱਲ ਕੱਢਣ ਲਈ ਕੈਪਟਨ ਨੂੰ ਹਟਾ ਕੇ ਨਵਜੋਤ ਸਿੱਧੂ ਨੂੰ ਪ੍ਰਧਾਨ ਬਣਾ ਦਿੱਤਾ ਤਾਂ ਸੁਨੀਲ ਜਾਖੜ ਦਾ ਇਕ ਰਮਜ ਭਰਪੂਰ ਬਿਆਨ ਸੀ :

ਹਾਈਕਮਾਨ ਨੇ Gordian knot ਦਾ Alexandrian solution ਕਰ ਦਿੱਤਾ।

ਉਸ ਵਕਤ ਇਸ ਦਾ ਮਤਲਬ ਇਹ ਕੱਢਿਆ ਗਿਆ ਕਿ ਕਾਂਗਰਸ਼ ਹਾਈਕਮਾਨ ਨੇ ਦਲੇਰਾਨਾ ਫੈਸਲਾ ਲੈ ਕੇ ਬਹੁਤ ਗੁੰਝਲਦਾਰ ਮਸਲੇ ਦਾ ‘ਬਾਕਮਾਲ’ ਹੱਲ ਕੱਢ ਦਿੱਤਾ।

ਪਰ ਅਸਲ ਵਿਚ ਇਸ ਅਖਾਣ ਦੀਆਂ ਰਮਜਾਂ ਬਹੁਤ ਡੂੰਘੀਆਂ ਸਨ, ਜਿਨ੍ਹਾਂ ਦੀ ਉਸ ਵਕਤ ਵਿਆਖਿਆ ਕਰਨ ਦਾ ਜਾਂ ਸਮਝਣ ਦਾ ਕਿਸੇ ਕੋਲ ਵਕਤ ਨਹੀਂ ਸੀ ਤੇ ਨਾ ਹੀ ਲੋੜ ਹੀ ਸਮਝੀ ਗਈ।

ਆਓ ਇਸ ਨੂੰ ਸਮਝੀਏ...

ਇਹ ਇਕ ਮਿੱਥ ਕਥਾ ਹੈ ਕਿ 333 ਈਸਾ ਪੂਰਬ ਵਿਚ ਰਾਜਾ ਸਿਕੰਦਰ ਫ੍ਰੇਜੀਅਨ (ਹੁਣ ਵਾਲਾ ਤੁਰਕੀ) ਦੀ ਰਾਜਧਾਨੀ ਗੋਰਡੀਅਨ ਪਹੁੰਚੇ। ਇਥੇ ਆ ਕੇ ਉਸ ਨੂੰ ਪਤਾ ਲੱਗਾ ਕਿ ਇੱਥੋਂ ਦੇ ਰਾਜਾ ਮਿਡਾਸ ਦੇ ਪਿਤਾ ਗੋਰਡੀਅਸ ਨੇ ਆਪਣੇ ਮਰਨ ਤੋਂ ਪਹਿਲਾਂ ਇਕ ਦੇਵਤੇ ਦੀ ਸਲਾਹ ਨਾਲ ਇਥੇ ਇਕ ਬੈਲ-ਗੱਡੀ (ਬੈਗਨ) ਰਖਵਾ ਦਿੱਤੀ ਸੀ ਅਤੇ ਇਕ ਮੋਟੇ ਰੱਸੇ ਨਾਲ ਉਸ ਦੇ ਜੂਲੇ ਨੂੰ ਇਕ ਖੰਭੇ ਨਾਲ ਬੰਨ੍ਹ ਦਿੱਤਾ ਸੀ। ਰੱਸੇ ਨੂੰ ਏਨੇ ਪੇਚੀਦਾ ਢੰਗ ਨਾਲ ਗੰਢਾਂ ਦਿੱਤੀਆਂ ਗਈਆਂ ਸਨ ਕਿ ਉਸ ਨੂੰ ਕੋਈ ਖੋਲ੍ਹ ਨਾ ਸਕੇ। ਉਸ ਤੋਂ ਬਾਅਦ ਇਹ ਐਲਾਨ ਕੀਤਾ ਗਿਆ ਕਿ ਜਿਹੜਾ ਬੰਦਾ ਇਸ ਗੰਢ ਨੂੰ ਖੋਲ ਸਕੇਗਾ, ਉਹ ਪੂਰੇ ਏਸ਼ੀਆ ਤੇ ਆਪਣਾ ਰਾਜ ਕਾਇਮ ਕਰ ਸਕੇਗਾ।

ਬਹੁਤ ਲੋਕਾਂ ਨੇ ਇਸ ਗੰਢ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਕੋਈ ਵੀ ਸਫਲ ਨਾ ਹੋ ਸਕਿਆ। ਸਿਕੰਦਰ ਦੇ ਮਨ ਵਿਚ ਪਹਿਲਾਂ ਹੀ ਦੁਨੀਆ ਜਿੱਤਣ ਦਾ ਸੁਪਨਾ ਉੱਸਲਵੱਟੇ ਲੈ ਰਿਹਾ ਸੀ। ਉਹ ਤੁਰੰਤ ਉਸ ਬੈਲਗੱਡੀ ਕੋਲ ਗਿਆ ਤੇ ਉਸ ਗੰਢ ਦਾ ਮੁਆਇਨਾ ਕੀਤਾ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਗੰਢ ਖੁੱਲ੍ਹ ਸਕੇ, ਪਰ ਉਹ ਵੀ ਸਫਲ ਨਾ ਹੋਇਆ। ਇਸ ਦਾ ਉਸ ਨੂੰ ਬਹੁਤ ਮਲਾਲ ਹੋਇਆ। ਉਸ ਨੂੰ ਲੱਗਿਆ ਕਿ ਇੰਝ ਤਾਂ ਉਸ ਦਾ ਦੁਨੀਆ ਜਿੱਤਣ ਦਾ ਸੁਪਨਾ ਚੂਰ ਚੂਰ ਹੋ ਜਾਏਗਾ। ਉਸ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਸੱਚਮੁਚ ਹੀ ਇਸ ਗੰਢ ਦੇ ਖੁੱਲ੍ਹਣ ਤੇ ਉਹ ਦੁਨੀਆ ਜਿੱਤ ਲਏਗਾ। ਇਸ ਲਈ ਕਿਸੇ ਵੀ ਤਰੀਕੇ ਨਾਲ ਇਸ ਨੂੰ ਖੋਲ੍ਹ ਦੇਣਾ ਚਾਹੁੰਦਾ ਸੀ।

ਜਦ ਕੋਈ ਵੀ ਦਾਅ ਸਫਲ ਨਾ ਹੋਇਆ ਤਾਂ ਉਸ ਨੇ ਆਪਣੀ ਤਲਵਾਰ ਮਿਆਨ ਵਿੱਚੋਂ ਧੂਹ ਲਈ ਅਤੇ ਇੱਕੋ ਵਾਰ ਨਾਲ ਗੰਢ ਦੇ ਟੋਟੇ ਟੋਟੇ ਕਰ ਦਿੱਤੇ। ਹੁਣ ਉਹ ਪੂਰੇ ਉਤਸਾਹ ਨਾਲ ਦੁਨੀਆ ਜਿੱਤਣ ਲਈ ਨਿੱਕਲ ਪਿਆ। ਉਹ ਭੁੱਲ ਗਿਆ ਕਿ ਉਸ ਨੇ ਗੰਢ ਖੋਲ੍ਹੀ ਨਹੀਂ ਸੀ, ਸਾਰੀ ਰੱਸੀ ਹੀ ਕੱਟ ਦਿੱਤੀ ਸੀ।

ਇਸੇ ਤਰ੍ਹਾਂ ਦਾ ਸਾਡੇ ਪੰਜਾਬੀ ਸੱਭਿਆਚਾਰ ਦਾ ਸੰਕਲਪ ਘੋਲਗੰਢ ਦਾ ਵੀ ਹੈ। ਜਦ ਨਾਲੇ ਵਾਲੀ ਨਿੱਕਰ ਨੂੰ ਨਿਆਣੇ ਬਿਨਾ ਸੋਚੇ ਸਮਝੇ ਬੰਨ੍ਹਦੇ ਸੀ ਤਾਂ ਕਈ ਵਾਰ ਏਨੀ ਕਸੂਤੀ ਗੰਢ ਪੈ ਜਾਂਦੀ ਸੀ ਕਿ ਉਹ ਖੁਲ੍ਹਦੀ ਹੀ ਨਹੀਂ ਸੀ। ਉਧਰੋਂ ਪਖਾਨੇ ਨੇ ਦਬਾਅ ਬਣਾਇਆ ਹੁੰਦਾ ਸੀ ਤੇ ਉਧਰੋਂ ਗੰਢ ਨਹੀਂ ਖੁਲ੍ਹਦੀ ਸੀ ਤਾਂ ਫਿਰ ਨਾਲਾ ਤੋੜਨ ਤੋਂ ਬਿਨਾ ਕੋਈ ਚਾਰਾ ਨਹੀਂ ਸੀ ਬਚਦਾ। ਨਾਲਾ ਤੋੜ ਦਿੱਤਾ ਜਾਂਦਾ ਸੀ ਜਾਂ ਕੱਟ ਦਿੱਤਾ ਜਾਂਦਾ ਸੀ, ਪਰ ਉਸ ਤੋਂ ਬਾਅਦ ਨਿੱਕਰ ਨੂੰ ਬੰਨ੍ਹਣ ਦਾ ਸੰਕਟ ਖੜ੍ਹਾ ਹੋ ਜਾਂਦਾ ਸੀ। ਇੱਥੋਂ ਹੀ ਇਹ ਟੱਪਾ ਬਣਿਆ...

ਲਿਆ ਕੈਂਚੀ ਕਤਰੀਏ ਨਾਲਾ, ਘੋਲ ਗੰਢ ਪੈ ਗਈ ਘੁੱਗੂਆ..

ਖੈਰ ਸਿਕੰਦਰ ਮਹਾਨ ਰੱਸੇ ਦਾ ਸਤਿਆਨਾਸ ਕਰਕੇ ਦੁਨੀਆ ਨੂੰ ਜਿੱਤਦਾ-ਜਿੱਤਦਾ ਪੰਜਾਬ ਦੇ ਬਿਆਸ ਦਰਿਆ ਦੇ ਕੰਢਿਆਂ ਤੇ ਆ ਗਿਆ, ਜਿੱਥੇ ਰਾਜਾ ਪੋਰਸ ਨੇ ਉਸ ਦਾ ਨੱਕ ਮੋੜ ਦਿੱਤਾ ਤੇ ਸਿਕੰਦਰ ਦੀਆਂ ਫੌਜਾਂ ਲੜਨ ਤੋਂ ਇਨਕਾਰ ਕਰ ਗਈਆਂ ਤੇ ਉਸ ਦਾ ਜਿੱਤਣ ਦਾ ਸੁਪਨਾ ਤਹਿਸ-ਨਹਿਸ ਹੋ ਗਿਆ।

ਇਸੇ ਵਿੱਚੋਂ ਹੀ ਇਹ ਕਮਾਲ ਦਾ ਵਾਕ ਨਿੱਕਲਿਆ :

‘ਆਹ’ ਤੇ ‘ਵਾਹ’ ਵਿਚ ਇਕ ਅੱਖਰ ਦਾ ਹੀ ਤਾਂ ਫਰਕ ਹੁੰਦਾ ਹੈ, ਪਰ ਇਹ ਫਰਕ ਹਾਲਾਤ ਦਾ ਸਿਕੰਦਰ ਹੀ ਜਾਣ ਸਕਦਾ ਹੈ ਜੋ ‘ਬਿਆਸ’ ਦੇ ਕੰਢੇ ਤੇ ਪਹੁੰਚ ਕੇ ਵੀ ‘ਬੇ-ਆਸ’ ਪਰਤ ਜਾਂਦਾ ਹੈ।

ਬਹੁਤ ਲੰਮੀ ਹਲਾਂਅ ਨਾ ਪਾਈਏ.. ਸਿੱਧਾ ਜਿਹਾ ਮਤਲਬ ਇਹ ਨਿਕਲਦਾ ਹੈ ਕਿ ਸਿਕੰਦਰ ਨੇ ਗੰਢ ਨੂੰ ਖੋਲ੍ਹ ਕੇ ਨਹੀਂ ਕੱਟ ਕੇ ਉੱਪਰੋਂ-ਉੱਪਰੋ ‘ਬੋਲਡ’ ਦਿਸਣ ਵਾਲਾ ‘ਅਧੂਰਾ’ ਤੇ ‘ਬਚਕਾਨਾ’ ਹੱਲ ਕੱਢਿਆ। ਇਸ ਵਿੱਚੋਂ ਹੀ ਇਹ ਅਖਾਣ ਬਣੀ :

Alexandrian solution to Gordian knot

ਕਾਂਗਰਸ ਹਾਈਕਮਾਨ ਨੇ ਵੀ ਪੰਜਾਬ ਕਾਂਗਰਸ ਦੇ ਸੰਕਟ ਦੀ ਰੱਸੇ ਨੂੰ ਖੋਲ੍ਹਿਆ ਨਹੀਂ, ਕੱਟ ਦਿੱਤਾ। ਕੈਪਟਨ ਨੂੰ ਜਲੀਲ ਕਰ ਕੇ ਕੱਢ ਦਿੱਤਾ ਗਿਆ ਤੇ ਨਵਜੋਤ ਸਿੱਧੂ ਨਵੇਂ ਪ੍ਰਧਾਨ ਬਣ ਗਏ। ਪਰ ਰੱਸੇ ਦਾ ਕੀ ਬਣਿਆ..???

ਅਗਲਾ ਸਾਰਾ ਘਟਨਾਕ੍ਰਮ ਰੱਸੇ ਦੇ ਮਨਮਰਜੀ ਨਾਲ ਵੱਢਣ ਵਿੱਚੋਂ ਹੀ ਪੈਦਾ ਹੋਇਆ...

ਵਾਰ ਵਾਰ ਬਿਆਨ ਬਦਲੇ :

ਕਦੇ ਕਿਹਾ ਕੈਪਟਨ ਦੇ ਨਾਂ ਤੇ ਚੋਣਾਂ ਲੜਾਂਗੇ...ਫੇਰ ਜਦ ਚੰਨੀ ਸਾਹਿਬ ਆ ਗਏ ਤਾਂ ਕਿਹਾ ਕਿ ਨਵਜੋਤ ਸਿੱਧੂ ਦੇ ਨਾਂ ਤੇ ਚੋਣਾਂ ਲੜਾਂਗੇ...ਜਦ ਵਿਰੋਧ ਹੋ ਗਿਆ ਤਾਂ ਕਹਿ ਦਿੱਤਾ ਕਿ : ਨਹੀਂ ਜੀ ਚੰਨੀ ਅਤੇ ਨਵਜੋਤ ਸਿੱਧੂ ਦੋਹਾਂ ਦੇ ਨਾਂ ਤੇ ਚੋਣ ਲੜਾਂਗੇ...

ਕਦੇ ਸੁਖਜਿੰਦਰ ਰੰਧਾਵਾ ਮੁੱਖਮੰਤਰੀ..ਕਦੇ ਨਵਜੋਤ ਸਿੱਧੂ ਕਦੇ ਸੁਨੀਲ ਜਾਖੜ, ਕਦੇ ਅੰਬਿਕਾ ਸੋਨੀ..ਤੇ ਫਿਰ ਚੰਨੀ...

ਕਦੇ ਬ੍ਰਹਮ ਮਹਿੰਦਰਾ ਉਪ ਮੁੱਖ ਮੰਤਰੀ..ਕਦੇ ਓ ਪੀ ਸੋਨੀ ਤੇ ਕਦੇ ਜਾਖੜ..

ਇਸੇ ਤਰ੍ਹਾਂ ਮੰਤਰੀਆਂ ਦੀ ਨਿਯੁਕਤੀ..ਕਿਸੇ ਨੂੰ ਨਵਾਜ਼ਿਆ ਤੇ ਕਿਸੇ ਨੂੰ ਝਟਕਾਇਆ..ਕੋਈ ਕੱਢਿਆ, ਕੋਈ ਪਾਇਆ ਤੇ ਕੋਈ ਲਟਕਾਇਆ...

ਇਸੇ ਤਰ੍ਹਾਂ ਮੰਤਰੀਆਂ ਦੇ ਵਿਭਾਗ...

ਰੇਤ ਮਾਫੀਆ ਸਿੱਧੂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਅਹੁ ਗਿਆ..ਅਹੁ ਗਿਆ..ਅਹੁ ਗਿਆ...

ਸੁਮੇਧ ਸੈਣੀ ਦਾ ਕੇਸ ਲੜਨ ਵਾਲਾ ਏ ਜੀ ਬਣ ਗਿਆ...

ਸਿੱਧੂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਚੰਨੀ ਨੂੰ ਥਾਪੀ ਦੇਵੇ, ਜਾਂ ਰੇਤੇ ਵਾਲੇ ਭਾਈ ਦੇ ਗੱਲ ਵਿਚ ਹਾਰ ਪਾਵੇ...

ਮਤਲਬ ਕਾਂਗਰਸ ਹਾਈਕਮਾਨ ਏਨੀ ਕੁ ਬੇਬਸ ਤੇ ਕਮਜ਼ੋਰ ਨਜ਼ਰ ਆਈ ਕਿ ਉਸ ਦਾ ਹਰ ਫੈਸਲਾ ਵਾਰ ਵਾਰ ਪਲਟਿਆ ਗਿਆ..

ਹੁਣ ਰਹਿੰਦੀ ਖੂਹੰਦੀ ਰੱਸੀ ਦੇ ਵੀ ਕਈ ਟੁੱਕੜੇ ਹੋ ਗਏ...

ਸਿੱਧੂ ਸਾਹਿਬ ਅਸਤੀਫਾ ਦੇ ਗਏ ਤੇ ਕੈਪਟਨ ਭਾਜਪਾ ਦੇ ਰੱਥ ਦਾ ਝੂਟਾ ਲੈਣ ਲਈ ਦਿੱਲੀ ਚਲੇ ਗਏ...

ਮਤਲਬ ਮੂਹਰਲੇ ਹੱਥ ਵਿਚ ਦੇਗ ਭਾਈ ਜੀ ਨੇ ਨਹੀਂ ਦਿੱਤੀ, ਪਿਛਲੇ ਹੱਥ ਵਾਲੀ ਕੁੱਤਾ ਖਾ ਗਿਆ...

ਘੋਲਗੰਢ ਵੀ ਆਪੇ ਪਾ ਲਈ ਤੇ ਨਾਲਾ ਤੋੜ ਵੀ ਆਪੇ ਦਿੱਤਾ..ਹੁਣ ਨਿੱਕਰ ਸੰਭਾਲੀ ਨਹੀਂ ਜਾਣੀ...

ਰੱਬ ਖੈਰ ਕਰੇ...

**ਕੁਲਦੀਪ ਸਿੰਘ ਦੀਪ (ਡਾ.)**

# ਤਰਕਸ਼ੀਲ ਸੋਸਾਇਟੀ ਕਨੇਡਾ ਨੇ ਸ਼ਹੀਦ ਭਗਤ ਸਿੰਘ ਅਤੇ ਗੁਰਸ਼ਰਨ ਭਾਅ ਜੀ ਨੂੰ ਕੀਤਾ ਯਾਦ

## ਕਿਸਾਨੀ ਸੰਘਰਸ਼ ਨੂੰ ਉਨ੍ਹਾਂ ਦੀ ਵਿਚਾਰਧਾਰਾ ਦੇ ਸੰਦਰਭ ਵਿਚ ਵਿਚਾਰਿਆ ਗਿਆ







ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ ਭਾਰਤ ਦੀ ਅਜ਼ਾਦੀ ਦੇ ਸ਼ਹੀਦੇ ਆਜ਼ਮ ਸ: ਭਗਤ ਸਿੰਘ ਦੇ ਜਨਮ ਦਿਨ ਅਤੇ ਉਨ੍ਹਾਂ ਦੀ ਲਹਿਰ ਨੂੰ ਅੱਗੇ ਲਿਜਾਣ ਵਿਚ ਮੋਹਰੀ ਭਾਅ ਜੀ ਗੁਰਸ਼ਰਨ ਸਿੰਘ ਦੇ ਇਸ ਦੁਨੀਆਂ ਤੋਂ ਚਲੇ ਜਾਣ ਦੇ ਦਿਨ ਨੂੰ ਸਮਰਪਿਤ ਪ੍ਰੋਗਰਾਮ ਬੀਤੇ ਐਤਵਾਰ ਬਰੈਂਪਟਨ ਦੇ ਚਿੰਗਕੂਜ਼ੀ ਪਾਰਕ ਵਿਚ ਕੀਤਾ ਗਿਆ। ਕਰੋਨਾ ਬਿਮਾਰੀ ਦੀਆਂ ਬੰਦਸ਼ਾਂ ਕੁਝ ਕੁ ਖੁਲ੍ਹਣ ਤੋਂ ਬਾਅਦ ਸੁਸਾਇਟੀ ਦਾ ਇਹ ਪਹਿਲਾ ਪ੍ਰੋਗਰਾਮ ਸੀ ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ।

ਇਸ ਪ੍ਰੋਗਰਾਮ ਵਿਚ ਇਨ੍ਹਾਂ ਮਹਾਨ ਸ਼ਖਸ਼ੀਅਤਾਂ ਦੇ ਵਿਚਾਰਾਂ ਨੂੰ ਅਜੋਕੇ ਕਿਸਾਨੀ ਅੰਦੋਲਨ ਦੇ ਸੰਦਰਭ ਵਿਚ, ਜੋ ਸਾਮਰਾਜਵਾਦ ਦੀ ਅਜੋਕੀ ਸੂਰਤ ਨਵਉਦਾਰਵਾਦ ਦੇ ਮੱਥੇ ਵਿਚ ਤੀਰ ਵਾਂਗਰ ਵੱਜ ਰਿਹਾ ਹੈ, ਵਿਚਾਰਿਆ ਗਿਆ। ਸੁਸਾਇਟੀ ਦੇ ਕੋਆਡੀਨੇਟਰ ਬਲਦੇਵ ਰਹਿਪਾ ਨੇ ਕਿਹਾ ਕਿ ਜਿਸ ਦ੍ਰਿੜ ਇਰਾਦੇ ਨਾਲ ਕਿਸਾਨ ਐਨਾ ਲੰਬਾ ਸੰਘਰਸ਼ ਚਲਾ ਰਹੇ ਹਨ, ਉਸ ਦੇ ਦਬਾਅ ਥੱਲੇ ਭਾਰਤੀ ਨਵਉਦਾਰਵਾਦੀ ਤਾਕਤਾਂ ਨੂੰ ਪਿਛੇ ਮੁੜਨ ਲਈ ਮਜ਼ਬੂਰ ਹੋਣਾ ਹੀ ਪੈਣਾ ਹੈ। ਹੁਣ ਕਿਸਾਨਾ ਨੂੰ ਹੀ ਨਹੀਂ ਸਗੋਂ ਵੱਡੀ ਪੱਧਰ ਤੇ ਭਾਰਤ ਦੇ ਆਮ ਲੋਕਾਂ ਨੂੰ ਸਮਝ ਆ ਗਿਆ ਹੈ ਕਿ ਜੋ ਅਖੌਤੀ ਤਰੱਕੀ ਦਾ ਰਾਹ ਅਜੋਕੇ ਭਾਰਤ ਦੀਆਂ ਹੁਕਮਰਾਨ ਤਾਕਤਾਂ ਨੇ ਚੁਣਿਆਂ ਹੋਇਆ ਹੈ, ਉਹ ਉਨ੍ਹਾਂ ਲਈ ਆਉਂਦੇ ਸਮੇਂ ਵਿਚ ਚੰਗੇ ਦਿਨ ਨਹੀਂ ਸਗੋਂ ਮਾੜੇ ਦਿਨਾਂ ਦਾ ਸੰਕੇਤ ਕਰਦਾ ਹੈ।

ਇਸ ਸਮੇਂ ਡਾ. ਬਲਜਿੰਦਰ ਸੇਖੋਂ ਨੇ ਕਿਹਾ ਕਿ ਕਿਸਾਨੀ ਅੰਦੋਲਨ ਨੇ ਵੱਡੀ ਪੱਧਰ ਤੇ ਸਧਾਰਨ ਲੋਕਾਂ ਨੂੰ ਇਸ ਨਵਉਦਾਰਵਾਦ ਦੇ ਕੋਝੇ ਅਸੂਲ, ਬੇਮੁਹਾਰੀ ਖੁਲ੍ਹੀ ਮੰਡੀ, ਸਭ ਕੁਝ ਦਾ ਨਿੱਜੀਕਰਨ, ਵਪਾਰ ਲਈ ਖੁੱਲ੍ਹੀਆਂ ਸਰਹੱਦਾਂ, ਅਮੀਰਾਂ ਨੂੰ ਟੈਕਸ ਦੀਆਂ ਛੋਟਾਂ ਜਿਨ੍ਹਾਂ ਕਰਕੇ ਉਹ ਵੱਧ ਪੈਸਾ ਜੋੜ ਕੇ ਆਮ ਲੋਕਾਂ ਨੂੰ ਰੁਜ਼ਗਾਰ ਦੇਣ ਖਾਤਰ ਕਾਰਖਾਨੇ ਲਾਉਣਗੇ, ਵਪਾਰ ਵਧਾਉਣਗੇ ਅਤੇ ਇਸ ਸਿਸਟਮ ਦੇ ਅਧਾਰ, ਕਿ ਸਰਬੱਤ ਦੇ ਭਲੇ ਵਿਚ ਆਮ ਵਿਅਕਤੀ ਦਾ ਨਹੀਂ ਸਗੋਂ ਅਪਣੇ ਸੁਆਰਥ ਵਿਚ ਹੀ ਸਰਬੱਤ ਦਾ ਭਲਾ ਹੈ ਸੋ ਸੁਆਰਥੀ ਬਣੋ, ਲਾਲਚ ਕਰਨਾ ਬੁਰਾ ਨਹੀਂ ਸਗੋਂ ਚੰਗਾ ਹੈ, ਕਿਉਂਕਿ ਲਾਲਚ ਵਿਅਕਤੀ ਨੂੰ ਕੰਮ ਲਈ ਪ੍ਰੇਰਿਤ ਕਰਦਾ ਹੈ ਆਦਿ ਬਾਰੇ ਜਾਗਰੂਕ ਕੀਤਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਕਨੇਡਾ ਵਿਚ ਵੀ ਉੱਠ ਰਹੀਆਂ ਧੁਰ ਸੱਜੀਆਂ ਤਾਕਤਾਂ ਤੋਂ ਸੁਚੇਤ ਰਹਿਣਾ ਬਣਦਾ ਹੈ ਜੋ ਆਮ ਲੋਕਾਂ ਵਲੋਂ ਸੰਘਰਸ਼ ਕਰ ਕੇ ਲਈਆਂ ਵਿਦਿਆ, ਸਿਹਤ ਸੇਵਾਵਾਂ ਅਤੇ ਬੁਢਾਪੇ ਦੀਆਂ ਸਹੂਲਤਾਂ ਨੂੰ ਖੋਹਣ ਲਈ ਤਤਪਰ ਹਨ।

ਅਮ੍ਰਿਤ ਢਿਲੋਂ ਜੋ ਸ਼ਹੀਦ ਭਗਤ ਸਿੰਘ ਦੇ ਪ੍ਰੀਵਾਰ ਨਾਲ ਸਬੰਧਿਤ ਹਨ, ਨੇ ਸ਼ਹੀਦੇ ਆਜ਼ਮ ਦੇ ਜੀਵਨ ਨਾਲ ਸਬੰਧਿਤ ਘਟਨਾਵਾਂ ਬਾਰੇ ਚਾਨਣਾ ਪਾਇਆ। ਇਸ ਸਮੇਂ, ਨਾਹਰ ਔਜਲਾ, ਸਰੋਕਾਰਾਂ ਦੀ ਅਵਾਜ਼ ਦੇ ਐਡੀਟਰ ਹਰਬੰਸ, ਇੰਦਰਜੀਤ ਸਿੰਘ ਬੱਲ ਅਤੇ ਹੈਮਿਲਟਨ ਤੋਂ ਆਏ ਮਨਦੀਪ ਸਿੰਘ ਨੇ ਵੀ ਅਪਣੇ ਵਿਚਾਰ ਰੱਖੇ। ਪ੍ਰੋਗਰਾਮ ਨੂੰ ਬਲਤੇਜ ਸਿੰਘ, ਅਜਮੇਰ ਪ੍ਰਦੇਸੀ ਦੇ ਗੀਤਾਂ ਅਤੇ ਮਲੂਕ ਕਾਹਲੋਂ, ਕੁਲਵਿੰਦਰ ਖੇਹਰਾ ਦੀਆਂ ਕਵਿਤਾਵਾਂ ਨੇ ਰੌਚਿਕ ਬਣਾਇਆ। ਨਛੱਤਰ ਸਿੰਘ ਬਦੇਸ਼ਾ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਯੋਗਦਾਨ ਲਈ, ਸੋਰਕਾਰਾਂ ਦੀ ਆਵਾਜ਼, ਦੇਸ਼ ਭਗਤ ਸਪੋਰਟਸ ਕਲੱਬ, ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ, ਕਲਮਾਂ ਦਾ ਕਾਫਲਾ ਅਤੇ ਸੀਨੀਅਰ ਸੀਟੀਜਨ ਕਲੱਬਾਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਦੀ ਜ਼ਿੰਮੇਦਾਰੀ ਅਮਰਦੀਪ ਸਿੰਘ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਵਿਚ ਕਿਸਾਨੀ ਅੰਦੋਲਨ ਦੀ ਹਮਾਇਤ ਕਰਦੇ ਇਨਕਲਾਬੀ ਨਾਹਰੇ ਵੱਡੀ ਪੱਧਰ ’ਤੇ ਗੂੰਜਦੇ ਰਹੇ। ਸੁਸਾਇਟੀ ਬਾਰੇ ਜਾਣਕਾਰੀ ਲਈ ਬਲਦੇਵ ਰਹਿਪਾ (416 881 7202) ਜਾਂ ਨਿਰਮਲ ਸੰਧੂ (416 835 3450) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


SUPER VISA INSURANCE

ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE

For More Information Call:
HARCHARAN PARHAR

Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom



Harmanjot Dhudike
403-975-0006

ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com



Dalveer Purba
587-435-5600





# PUNJABI SWEETS
## House & Restaurant

All Kinds of Sweets
Non-Veg & Vegi Food

Take out
We do catering also

Fast & Best
Friendly
Service

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ,
ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ,
ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ
ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੇ ਜਾਂ ਫੋਨ ਕਰੋ।

Open 7 Days a Week
403-293-5252

Bay 113 216 Saddle Towne Cir, N.E. T3J 0C9



# Baljinder Singh
## Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca

MLS MULTIPLE LISTING SERVICE® | R REALTOR® | REAL ESTATE BOARD



Taranjit "T. J." Mand
Real Estate Associate

# Max Value Reality Ltd.

# BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

## Dr. Jaswinder S. Bains

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

Westwinds PHARMACY

# ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ



Apinder Aujla
BSc.Pharm

# Open 7 Days A Week

New Hours Mon To Fri 9am to 9 pm and 10 am to 6 pm Weekends

10% Discount on OTC Products with this coupon
EXP : Dec 31, 2021 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Satvachan Lal
B.Sc.Pharm

#1150, 4818 Westwindus Drive NE. Calgary
403-293-9360

Trust Your Memories to the Professionals

# Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762
or
29 DREAM
(37326)

Special Packages Available For All Occasions

urban
Real Estate Services Ltd.


# Harcharan Parhar
REALTOR®

For all your Real Estate needs
Please Call for Buy or Sell
Residential, Commercial, Condos
& Rental Property.

Cell : 403.681.8689
Email : hp8689@gmail.com
www.harcharanparhar.com



# ‘ਪੁਸਤਕਾਂ ਦਾ ਵਣਜਾਰਾ’ ਮਾ . ਭਜਨ ਗਿੱਲ ਪਿਆਰਾ’




**ਚੰਦ ਸਿੰਘ ਸਦਿਉੜਾ (ਕਮਿਊਨਿਟੀ ਰਿਪੋਰਟਰ)**

‘ਪੁਸਤਕਾਂ ਦੀ ਭਰਮਾਰ, ਸੰਘਰਸ਼ਸ਼ੀਲ ਨਾਟਕਾਂ ਦੀ ਗੁੰਜਾਰ’, ਕੈਲਗਰੀ ਸ਼ਹਿਰ ’ਚ ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਜਾਂ ਪੁਸਤਕ ਪਾਠਕ ਹੋਵੇ, ਜੋ ਮਾ. ਭਜਨ ਗਿੱਲ ਦੇ ਨਾਮ ਤੋਂ ਨਾਵਾਕਫ਼ ਹੋਵੇ। ਮੀਡੀਆ ਦੇ ਤਕਰੀਬਨ ਬਹੁਤੇ ਸਰੋਤਾਂ ਤੋਂ ਆਮ ਤੌਰ ’ਤੇ ਉਸ ਸੁਖ ਸੁਖਿਮਤ ਤੇ ਉਸਨੇ ਧੰਮ ਦੀਆਂ ਗਤੀਵਿਧੀਆਂ ਦਾ ਝਲਕਾਰਾ ਮਿਲਦਾ ਰਹਿੰਦਾ ਹੈ। ਪਿਛਲੇ ਪੰਜ ਸਾਲਾਂ ਤੋਂ ਕਰੀਬ ਹਰ ਸਾਲ ਕੈਲਗਰੀ ਸ਼ਹਿਰ ’ਚ ਤਿੰਨ ਪੁਸਤਕ ਮੇਲੇ ਲਗਾਏ ਜਾਂਦੇ ਹਨ ਜਿਸ ਵਿਚ ਪੰਜਾਬੀ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦੀਆਂ ਪੁਸਤਕਾਂ ਪਾਠਕਾਂ ਲਈ ਵਾਜਬ ਕੀਮਤ ’ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ।

ਇਸੇ ਸੰਦਰਭ ਵਿਚ 18 ਸਤੰਬਰ 2021 ਨੂੰ ਨਾਰਥ ਈਸਟ ਕੈਲਗਰੀ ਦੇ ਗਰੀਕ ਪਲਾਜ਼ਾ ਵਿਚ ਮਾ. ਭਜਨ ਗਿੱਲ ਦੀ ਟੀਮ ਦੀ ਰਹਿਨੁਮਾਈ ’ਚ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਸਵੇਰੇ 10 ਵਜੇ ਤੋਂ ਸ਼ਾਮ ਸੱਤ ਵਜੇ ਤੱਕ ਇਕ ਦਿਨਾ ਪੁਸਤਕ ਮੇਲੇ ਦਾ ਆਯੋਜਨ ਕੀਤਾ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਇਹ ਪੁਸਤਕ ਮੇਲਾ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਅਤੇ ਉਘੇ ਨਾਟਕਕਾਰ ਗੁਰਸ਼ਰਨ ਭਾਜੀ ਦੇ ਵਿਛੋੜੇ ਨੂੰ ਸਮਰਪਿਤ ਸੀ। ਇਸ ਮੇਲੇ ਦੇ ਸ਼ੁਰੂ ਵਿਚ ਹੀ ਪ੍ਰਬੰਧਕਾਂ ਵਲੋਂ ਭਾਰਤੀ ਕਿਸਾਨ ਅੰਦੋਲਨ ਦੇ ਹੱਕ ਵਿਚ 27 ਸਤੰਬਰ 2021 ਨੂੰ ਪ੍ਰੇਰੀਵਿੰਡਜ਼ ਪਾਰਕ ਵਿਚ ਹੋ ਰਹੀ ਰੈਲੀ ਦਾ ਪੋਸਤਕ ਰਿਲੀਜ਼ ਕੀਤਾ ਗਿਆ। ਸ੍ਰੀ ਭਜਨ ਗਿੱਲ ਦੇ ਦੱਸਣ ਮੁਤਾਬਕ ਇਸ ਪੁਸਤਕ ਮੇਲੇ ਨੂੰ ਪੁਸਤਕ ਪਾਠਕਾਂ ਵਲੋਂ ਆਸ ਤੋਂ ਵੱਧ ਹੁੰਗਾਰਾ ਮਿਲਿਆ। ਇਸ ਕਲਮ ਦੀ ਪੁਸਤਕ ਮੇਲੇ ਵਿਚ ਨਿੱਜੀ ਫੇਰੀ ਰਾਹੀਂ ਮਾਲੂਮ ਹੋਇਆ ਕਿ ਪ੍ਰਬੰਧਕਾਂ ਵਲੋਂ ਸਾਹਿਤ, ਮਾਨਸਿਕ ਰੋਗਾਂ, ਖੇਡਾਂ ਤੇ ਲਗਭਗ ਹਰ ਵੰਨਗੀ ਦੀਆਂ ਪੁਸਤਕਾਂ ਪਾਠਕਾਂ ਲਈ ਉਪਲਬਧ ਸਨ ਅਤੇ ਪਾਠਕਾਂ ਨੇ ਆਪਣੀ ਚਾਹਤ ਅਨੁਸਾਰ ਕਿਤਾਬਾਂ ਖਰੀਦੀਆਂ। ਪੰਜਾਬੀ ਮੀਡੀਆ ਦੀਆਂ ਵੱਖ-ਵੱਖ ਟੀਮਾਂ ਵਲੋਂ ਇਸ ਪੁਸਤਕ ਮੇਲੇ ਦੀ ਝਲਕ, ਪ੍ਰਬੰਧਕਾਂ ਅਤੇ ਖਰੀਦਦਾਰਾਂ ਦੇ ਵਿਚਾਰਾਂ ਨੂੰ ਆਪਣੇ ਆਪਣੇ ਸਟਿਲ ਕੈਮਰਿਆਂ ਅਤੇ ਵੀਡੀਓ ਕੈਮਰਿਆਂ ਵਿਚ ਕੈਦ ਕੀਤਾ ਜੋ ਆਉਣ ਵਾਲੇ ਦਿਨਾਂ ’ਚ ਮੀਡੀਆ ’ਚ ਛਾਪਿਆ ਹੋਵੇਗਾ। ਸੋ ਵਧਾਈ ਦੇ ਪਾਤਰ ਹਨ ਮਾ. ਭਜਨ ਗਿੱਲ ਅਤੇ ਉਨ੍ਹਾਂ ਦੀ ਸਮਰਪਿਤ ਟੀਮ, ਜੋ ਪਾਠਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ, ਹਰ ਵੰਨਗੀ ਦੀਆਂ ਪੁਸਤਕਾਂ ਉਪਲਬਧ ਕਰਾਉਂਦੇ ਹਨ। ਵਧੇਰੇ ਜਾਣਕਾਰੀ ਅਤੇ ਸਾਂਝ ਲਈ ਮਾ. ਭਜਨ ਗਿੱਲ ਨੂੰ 403-455-4220 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000

Free Estimate Paul Sekhon: 403-701-4947
Bay 11 2316 27 Ave. NE, Calgary Ph. : 403-701-4947


SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com


We Provide Following Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor
2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com


Desjardins Financial Security Independent Network · CPP · GREAT-WEST · BMO · RBC Royal Bank · Equitable Life of Canada · iA Financial Group · Manulife Financial · Canada Life · Foresters · ivari

# ਤੀਸਰਾ ਪੁਸਤਕ ਮੇਲਾ - ਕੈਲਗਰੀ ਦੇ ਪਾਠਕਾਂ ਵਲੋਂ ਉਤਸ਼ਾਹ !





ਕੈਲਗਰੀ (ਹਰਚਰਨ ਪਰਹਾਰ): ਲੰਘੇ ਵੀਕਐਂਡ ਤੇ 18 ਸਤੰਬਰ ਦਿਨ ਸ਼ਨੀਵਾਰ ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਤੀਜਾ ਇੱਕ ਰੋਜ਼ਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ। ਇੱਕ ਰੋਜ਼ਾ ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ।ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।ਮੇਲੇ ਦੌਰਾਨ ਹਾਸਰਸ ਲੇਖਕ ਤਰਲੋਕ ਚੁੱਘ ਵਲੋਂ ਆਪਣੀ ਚੁੱਟਕਲਿਆਂ ਦੀ ਨਵੀਂ ਕਿਤਾਬ 'ਹੱਸਦੇ ਰਹੋ, ਵਸਦੇ ਰਹੋ' ਮਾਸਟਰ ਭਜਨ ਸਿੰਘ ਤੇ ਹਰਚਰਨ ਪਰਹਾਰ ਨੂੰ ਭੇਟ ਕੀਤੀ। ਇਸ ਮੌਕੇ ਤੇ ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਦੇ ਸਬੰਧ ਵਿੱਚ ਸੰਯੁਕਤ ਕਿਸਾਨ ਮੋਰਚੇ ਵਲੋਂ 27 ਸਤੰਬਰ ਨੂੰ ਕੀਤੇ ਜਾ ਰਹੇ ਭਾਰਤ ਬੰਦ ਨੂੰ ਸਮਰਥਨ ਦੇਣ ਲਈ ਕੈਲਗਰੀ ਵਿੱਚ ਹੋ ਰਹੀ 'ਕਿਸਾਨ ਰੈਲੀ' ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਇਹ ਰੈਲੀ ਕੈਲਗਰੀ ਵਿੱਚ 27 ਸਤੰਬਰ ਸੋਮਵਾਰ ਨੂੰ ਸ਼ਾਮ ਪੰਜ ਵਜੇ ਪ੍ਰੇਰੀਵਿੰਡਜ਼ ਪਾਰਕ ਨਾਰਥ ਈਸਟ ਕੈਲਗਰੀ ਵਿਖੇ ਹੋਵੇਗੀ। ਇਸ ਮੌਕੇ ਤੇ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਸੰਬੋਧਨ ਹੁੰਦਿਆ ਅਪੀਲ ਕੀਤੀ ਕਿ ਵਧ ਤੋਂ ਵੱਧ ਇਸ ਰੈਲੀ ਵਿੱਚ ਸ਼ਾਮਿਲ ਹੋ ਕੇ ਕਿਸਾਨੀ ਸੰਘਰਸ਼ ਦੀ ਹਮਾਇਤ ਕਰੋ। ਉਨ੍ਹਾਂ ਅੱਗੇ ਕਿਹਾ ਕਿ ਇਹ ਪੁਸਤਕ ਮੇਲਾ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਅਤੇ ਉਘੇ ਨਾਟਕਕਾਰ ਭਾਜੀ ਗੁਰਸ਼ਰਨ ਸਿੰਘ ਦੀ ਬਰਸੀ ਨੂੰ ਸਪਰਪਿਤ ਸੀ। ਬੇਸ਼ੱਕ ਇਹ ਪੁਸਤਕ ਮੇਲਾ ਵੀਕੈਂਡ ਤੇ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?













ਨਸ਼ੀਲੇ ਪਦਾਰਥ ਅਤੇ ਪ੍ਰਛਾਵੇਂ

# ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਦੀ ਢੌਂਗੀ ਜੰਗ









**[ਨਸ਼ਿਆਂ ਦਾ ਮੁੱਦਾ ਪੰਜਾਬ ਵਿਚ ਚੋਣਾਂ 'ਚ ਇਕ ਮੁੱਖ ਮੁੱਦਾ ਚਲਿਆ ਆ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀਆਂ ਚੋਣਾਂ ਤੋਂ ਪਹਿਲਾਂ ਪਵਿੱਤਰ ਗੁਟਕਾ ਸਾਹਿਬ ਦੀ ਸਹੁੰ ਖਾ ਕੇ "ਇਕ ਹਫ਼ਤੇ 'ਚ ਨਸ਼ੇ ਖ਼ਤਮ ਕਰਨ" ਦਾ ਵਾਅਦਾ ਕਰਕੇ ਪੰਜਾਬ ਦੇ ਲੋਕਾਂ ਦੇ ਜਜ਼ਬਾਤਾਂ ਨੂੰ ਵੋਟਾਂ 'ਚ ਢਾਲਿਆ ਸੀ। ਨਸ਼ਿਆਂ ਵਿਰੁੱਧ ਹੁਕਮਰਾਨਾਂ ਦੀ ਜੰਗ ਦੀ ਅਸਲੀਅਤ ਕੀ ਹੈ, ਕਾਰਵਾਂ ਮੈਗਜ਼ੀਨ ਦੇ ਖੋਜੀ ਪੱਤਰਕਾਰਾਂ ਪ੍ਰਭਜੀਤ ਸਿੰਘ ਅਤੇ ਜਤਿੰਦਰ ਕੌਰ ਤੁੜ ਵੱਲੋਂ ਡੂੰਘਾਈ 'ਚ ਕੀਤੀ ਛਾਣਬੀਣ ਅੱਖਾਂ ਖੋਹਲਣ ਵਾਲੇ ਖ਼ੁਲਾਸੇ ਕਰਦੀ ਹੈ। ਪ੍ਰਭਜੀਤ ਸਿੰਘ ਸੁਤੰਤਰ ਪੱਤਰਕਾਰ ਹਨ। ਜਤਿੰਦਰ ਕੌਰ ਤੁੜ ਇੰਡੀਅਨ ਐਕਸਪ੍ਰੈਸ, ਦੀ ਟਾਈਮਜ਼ ਆਫ਼ ਇੰਡੀਆ, ਹਿੰਦੁਸਤਾਨ ਟਾਈਮਜ਼ ਅਤੇ ਡੈਕਨ ਕ੍ਰੌਨੀਕਲ ਸਮੇਤ ਵੱਖ-ਵੱਖ ਰਾਸ਼ਟਰੀ ਅੰਗਰੇਜ਼ੀ ਅਖ਼ਬਾਰਾਂ 'ਚ ਦੋ ਦਹਾਕੇ ਕੰਮ ਕਰਨ ਵਾਲੇ ਸੀਨੀਅਰ ਪੱਤਰਕਾਰ ਹਨ। ਇਸ ਦਾ ਅਨੁਵਾਦ ਪਾਠਕਾਂ ਲਈ ਹਾਜ਼ਰ ਹੈ - ਸੰਪਾਦਕ]**

ਪ੍ਰਭਜੀਤ ਸਿੰਘ, ਜਤਿੰਦਰ ਕੌਰ ਤੁੜ
ਅਨੁਵਾਦ: ਬੂਟਾ ਸਿੰਘ

ਦਸੰਬਰ 2015 ਵਿਚ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਵਿਚ ਸਰਗਰਮੀਆਂ ਦੀ ਗਹਿਮਾ ਗਹਿਮੀ ਸੀ। ਰਾਜ ਵਿਚ ਸ਼੍ਰੋਮਣੀ ਅਕਾਲੀ ਦਲ ਸੱਤਾ ਵਿਚ ਸੀ, ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਨਵੀਂ ਬਣੀ ਆਮ ਆਦਮੀ ਪਾਰਟੀ ਆਪਣੇ ਦਿੱਲੀ ਦੇ ਗੜ੍ਹ ਤੋਂ ਪਾਰ ਰਾਸ਼ਟਰੀ ਰਾਜਨੀਤੀ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੀ ਸੀ। ਮੁੱਖ ਵਿਰੋਧੀ ਪਾਰਟੀ ਕਾਂਗਰਸ, 2017 ਵਿਧਾਨ ਸਭਾ ਚੋਣਾਂ ਲਈ ਆਪਣੀ ਮੁਹਿੰਮ ਦਾ ਆਗਾਜ਼ ਪਵਿੱਤਰ ਸ਼ਹਿਰ ਤਲਵੰਡੀ ਸਾਬੋ ਵਿਖੇ ਇਕ ਵਿਸ਼ਾਲ ਰੈਲੀ ਦਾ ਆਯੋਜਨ ਕਰਕੇ ਕਰ ਰਹੀ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਚੁਣੇ ਗਏ ਪ੍ਰਧਾਨ ਅਮਰਿੰਦਰ ਸਿੰਘ ਨੇ ਭਾਸ਼ਣ ਦੇਣਾ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਕ ਮਹੀਨਾ ਪਹਿਲਾਂ ਦਾਅਵਾ ਕੀਤਾ ਸੀ ਕਿ ਕਾਂਗਰਸੀ ਨੇਤਾ ਭੀੜ ਨਹੀਂ ਜੁਟਾ ਸਕਣਗੇ। ਬਠਿੰਡਾ ਬਾਦਲਾਂ ਦਾ ਗੜ੍ਹ ਹੈ।

ਮੰਚ 'ਤੇ ਕਾਂਗਰਸੀ ਮੈਂਬਰਾਂ ਦੀ ਭੀੜ ਲੱਗੀ ਹੋਈ ਸੀ ਜੋ ਇਕ ਦੂਜੇ ਤੋਂ ਅੱਗੇ ਹੋ ਕੇ ਜਗ੍ਹਾ ਲੈਣ ਦੀ ਕੋਸ਼ਿਸ਼ ਕਰ ਰਹੇ ਸਨ। ਵਿਚਕਾਰ ਖੜ੍ਹੇ ਅਮਰਿੰਦਰ ਨੇ ਆਪਣੇ ਹੱਥ ਧੋਣ ਲਈ ਪਾਣੀ ਮੰਗਿਆ। ਫਿਰ, ਉਸਨੇ ਆਪਣੇ ਇਕ ਪਾਰਟੀ ਸਹਿਯੋਗੀ ਨੂੰ ਗੁਟਕਾ ਸਾਹਿਬ ਦੀ ਇਕ ਕਾਪੀ ਦੇਣ ਲਈ ਕਿਹਾ, ਇਕ ਪਵਿੱਤਰ ਗ੍ਰੰਥ ਜਿਸ ਵਿਚ ਸਿੱਖ ਧਰਮ ਗ੍ਰੰਥਾਂ ਦੇ ਚੋਣਵੇਂ ਸ਼ਲੋਕ ਸ਼ਾਮਿਲ ਹਨ. "ਇਹ ਗੁਟਕਾ ਸਾਹਿਬ ਹੈ," ਉਸਨੇ ਆਪਣੇ ਖੱਬੇ ਹੱਥ ਵਿਚ ਨੀਲੀ ਜਿਲਦ ਨੂੰ ਚੁੱਕਦਿਆਂ ਕਿਹਾ। "ਅਤੇ ਉੱਥੇ, ਤਿੰਨ ਕਿਲੋਮੀਟਰ ਦੂਰ, ਦਮਦਮਾ ਸਾਹਿਬ ਹੈ" - ਜੋ ਸਿੱਖ ਧਰਮ ਦੇ ਪਵਿੱਤਰ ਸਥਾਨਾਂ ਵਿੱਚੋਂ ਇਕ ਹੈ। ਸਿੰਘ ਨੇ ਕੁਝ ਸ਼ਾਨਦਾਰ ਵਾਅਦੇ ਕੀਤੇ।

"ਚਾਰ ਹਫ਼ਤਿਆਂ 'ਚ ਨਸ਼ਿਆਂ ਦਾ ਲੱਕ ਤੋੜ ਕੇ ਛੱਡੂੰ" - ਉਸਨੇ ਐਲਾਨ ਕੀਤਾ। ਭੀੜ ਤਾੜੀਆਂ ਨਾਲ ਗੂੰਜ ਉੱਠੀ। ਉਨ੍ਹਾਂ ਇਹ ਵੀ ਕਿਹਾ ਕਿ ਉਹ ਭ੍ਰਿਸ਼ਟਾਚਾਰ ਨੂੰ ਖ਼ਤਮ ਕਰੇਗਾ, ਨੌਜਵਾਨਾਂ ਦੀ ਬੇਰੁਜ਼ਗਾਰੀ ਨੂੰ ਘਟਾਏਗਾ ਅਤੇ "ਬਾਦਲ ਸਰਕਾਰ ਦੁਆਰਾ ਕਾਂਗਰਸੀ ਕਾਡਰਾਂ ਵਿਰੁੱਧ ਦਰਜ ਸਾਰੀਆਂ ਐਫਆਈਆਰ ਰੱਦ ਕੀਤੀਆਂ ਜਾਣਗੀਆਂ"। "ਮੈਂ ਇਹ ਸਭ ਕਰਨ ਲਈ ਆਪਣੇ ਦਸਵੇਂ ਗੁਰੂ ਦੇ ਨਾਂ 'ਤੇ ਸਹੁੰ ਚੁੱਕੀ ਹੈ," ਉਸਨੇ ਇਕ ਵਾਰ ਫਿਰ ਗੁਟਕਾ ਸਾਹਿਬ ਨੂੰ ਚੁੱਕਦਿਆਂ ਕਿਹਾ। "ਜੇ ਤੁਸੀਂ ਪੁੱਛਦੇ ਹੋ ਕਿ ਮੈਂ ਇਸਨੂੰ ਕਿਵੇਂ ਪ੍ਰਾਪਤ ਕਰ ਸਕਾਂਗਾ, ਸਿਰਫ਼ ਸਮਾਂ ਹੀ ਦੱਸੇਗਾ।"

ਇਹ ਨਾਟਕੀ ਘਟਨਾ ਸੀ, ਜਿਸਨੂੰ ਪੰਜਾਬ ਦੇ ਵੋਟਰ ਭੁੱਲ ਨਹੀਂ ਸਕਣਗੇ। ਰੈਲੀ ਵਿਚ ਉਨ੍ਹਾਂ ਨੂੰ ਕਈ ਵਾਰ "ਭਵਿੱਖ ਦਾ ਮੁੱਖ ਮੰਤਰੀ" ਕਿਹਾ ਗਿਆ ਸੀ। ਅਗਲੇ ਸਾਲ 2016 ਵਿਚ, ਆਮ ਆਦਮੀ ਪਾਰਟੀ ਨੇ ਵੀ ਨਸ਼ਿਆਂ ਦੇ ਮੁੱਦੇ 'ਤੇ ਜਨਤਕ ਦਬਾਓ ਬਣਾਇਆ, ਇਸ ਨੇ ਆਪਣੇ ਵਾਅਦੇ ਕੀਤੇ। ਪਾਰਟੀ ਨੇ ਅਮਰਿੰਦਰ 'ਤੇ ਪੰਜਾਬ ਦੇ ਡਰੱਗ ਸੰਕਟ ਨਾਲ ਜੁੜੇ ਸਭ ਤੋਂ ਵਿਵਾਦਪੂਰਨ ਵਿਅਕਤੀਆਂ 'ਚੋਂ ਇਕ ਬਿਕਰਮ ਸਿੰਘ ਮਜੀਠੀਆ ਬਾਰੇ ਨਰਮ ਰਵੱਈਆ ਅਖ਼ਤਿਆਰ ਕਰਨ ਦਾ ਦੋਸ਼ ਲਾਇਆ। ਸੁਖਬੀਰ ਸਿੰਘ ਬਾਦਲ ਦੇ ਸਾਲਾ ਸਾਹਬ ਮਜੀਠੀਆ ਉਸ ਸਮੇਂ ਮਾਲ ਮੰਤਰੀ ਸਨ ਅਤੇ ਆਗਾਮੀ ਚੋਣਾਂ ਮਜੀਠਾ ਦੇ ਆਪਣੇ ਜ਼ੱਦੀ ਹਲਕੇ ਤੋਂ ਲੜਨਾ ਚਾਹੁੰਦੇ ਸਨ। ਆਮ ਆਦਮੀ ਪਾਰਟੀ ਦੇ ਨੇਤਾ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਸ ਉੱਪਰ ਨਸ਼ਿਆਂ ਦੇ ਕਾਰੋਬਾਰ ਨੂੰ ਖੁੱਲ੍ਹ ਦੇਣ ਦਾ ਦੋਸ਼ ਲਾ ਰਹੇ ਸਨ, ਜਿਸ ਬਾਰੇ ਉਦੋਂ ਤਕ ਜਨਤਕ ਤੌਰ' ਤੇ ਐਨੀ ਸਪਸ਼ਟਤਾ ਨਾਲ ਗੱਲ ਨਹੀਂ ਕੀਤੀ ਗਈ ਸੀ। ਅਗਸਤ 2016 ਵਿਚ, ਉਤਸ਼ਾਹ 'ਚ ਆਏ ਅਮਰਿੰਦਰ ਨੇ ਵੀ ਇਕ ਹੋਰ ਕਾਂਗਰਸ ਰੈਲੀ ਵਿਚ ਕਿਹਾ, "ਜੇ 2017 ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਮੈਂ ਬਿਕਰਮ ਸਿੰਘ ਮਜੀਠੀਏ ਨੂੰ ਜੇਲ੍ਹ ਭੇਜਾਂਗਾ।"

ਕਾਂਗਰਸ ਨੇ ਚੋਣਾਂ ਜਿੱਤੀਆਂ ਅਤੇ ਅਮਰਿੰਦਰ ਨੇ ਮਾਰਚ 2017 ਵਿਚ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ। ਉਸੇ ਮਹੀਨੇ, ਪੰਜਾਬ ਸਰਕਾਰ ਨੇ ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ ਦਾ ਗਠਨ ਕੀਤਾ ਅਤੇ ਵਧੀਕ ਪੁਲਿਸ ਡਾਇਰੈਕਟਰ ਜਨਰਲ ਹਰਪ੍ਰੀਤ ਸਿੰਘ ਸਿੱਧੂ ਨੂੰ ਇਸ ਦਾ ਮੁਖੀ ਨਿਯੁਕਤ ਕੀਤਾ। ਇਹ ਨਿਯੁਕਤੀ ਬਹੁਤ ਧੂਮਧਾਮ ਨਾਲ ਕੀਤੀ ਗਈ। ਸਿੱਧੂ ਨੂੰ ਉਚੇਚੇ ਤੌਰ 'ਤੇ ਛੱਤੀਸਗੜ੍ਹ ਤੋਂ ਵਾਪਸ ਲਿਆਂਦਾ ਗਿਆ, ਜਿੱਥੇ ਉਹ ਵਿਦਰੋਹ ਵਿਰੋਧੀ ਡੈਪੂਟੇਸ਼ਨ' ਤੇ ਸੀ। ਉਸ ਨੇ ਐੱਸਟੀਐੱਫ ਦੇ ਨਿਯਮਾਂ ਅਨੁਸਾਰ ਸਿੱਧਾ ਮੁੱਖ ਮੰਤਰੀ ਦਫ਼ਤਰ ਨੂੰ ਰਿਪੋਰਟ ਦੇਣੀ ਸੀ, ਨਾ ਕਿ ਪੁਲਿਸ ਡਾਇਰੈਕਟਰ ਜਨਰਲ ਨੂੰ।

ਐੱਸਟੀਐੱਫ ਨੇ ਸਰਗਰਮੀਆਂ ਦੀ ਹਲਚਲ ਦਰਮਿਆਨ ਆਪਣਾ ਕੰਮ ਸ਼ੁਰੂ ਕੀਤਾ। ਪੰਜਾਬ ਸਰਕਾਰ ਦੇ ਇਕ ਪ੍ਰੈੱਸ ਬਿਆਨ ਅਨੁਸਾਰ, ਰਾਜ ਨੇ ਛੱਤੀਸ ਹਜ਼ਾਰ ਤੋਂ ਵੱਧ ਕੇਸ ਦਰਜ ਕੀਤੇ, ਪੰਤਾਲੀ ਹਜ਼ਾਰ ਤੋਂ ਵੱਧ ਗ੍ਰਿਫ਼ਤਾਰੀਆਂ ਕੀਤੀਆਂ ਅਤੇ ਹੋਰ ਨਸ਼ੀਲੇ ਪਦਾਰਥਾਂ ਦੇ ਨਾਲ ਤੇਰਾਂ ਸੌ ਕਿਲੋਗ੍ਰਾਮ ਤੋਂ ਵੱਧ ਹੈਰੋਇਨ ਬਰਾਮਦ ਕੀਤੀ। ਸਿੱਧੂ ਨੇ ਸਾਡੇ ਨਾਲ ਅੰਕੜੇ ਸਾਂਝੇ ਕੀਤੇ ਜੋ ਹਰੇਕ ਪੈਮਾਨੇ ਲਈ ਕਈ ਗੁਣਾ ਜ਼ਿਆਦਾ ਸਨ: 2017 ਅਤੇ ਇਸ ਸਾਲ ਦੇ ਮਈ ਦਰਮਿਆਨ ਤਕਰੀਬਨ ਪੰਜਾਹ ਹਜ਼ਾਰ ਮਾਮਲੇ ਦਰਜ ਹੋਏ ਅਤੇ ਚੌਹਠ ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮਹੱਤਵਪੂਰਨ ਗੱਲ ਇਹ ਹੈ ਕਿ ਪੁਲਿਸ ਅਧਿਕਾਰੀਆਂ ਦੇ ਖਿਲਾਫ ਲੱਗਭੱਗ ਦੋ ਸੌ ਮਾਮਲੇ ਦਰਜ ਕੀਤੇ ਗਏ ਸਨ। ਪਰ ਇਹ ਇੰਦਰਜੀਤ ਸਿੰਘ ਨਾਂ ਦੇ ਇਕ ਪੁਲਿਸ ਇੰਸਪੈਕਟਰ ਦੀ ਗ੍ਰਿਫ਼ਤਾਰੀ ਸੀ - ਚਾਰ ਕਿਲੋਗ੍ਰਾਮ ਹੈਰੋਇਨ ਰੱਖਣ ਅਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਬਦਲੇ - ਜਿਸਨੇ ਉਹ ਅਸਲ ਰੁਕਾਵਟਾਂ ਸਾਹਮਣੇ ਲਿਆਂਦੀਆਂ ਜੋ ਕਿ ਪੰਜਾਬ ਦੀ ਡਰੱਗ ਸਮੱਸਿਆ ਦੀ ਜਾਂਚ ਕਰਨ ਵਾਲੇ ਕਿਸੇ ਵੀ ਵਿਅਕਤੀ ਦੇ ਰਾਹ ਦਾ ਰੋੜਾ ਹਨ।

ਹਾਲਾਂਕਿ ਕੁਝ ਦਿਨਾਂ ਬਾਅਦ ਇੰਦਰਜੀਤ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ, ਪਰ ਉਸਦੀ ਗ੍ਰਿਫ਼ਤਾਰੀ ਨੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਵਿਚ ਬਹੁਤ ਚਿੰਤਾ ਪੈਦਾ ਕਰ ਦਿੱਤੀ ਅਤੇ ਘਟਨਾਵਾਂ ਦੀ ਇਕ ਲੜੀ ਸ਼ੁਰੂ ਹੋ ਗਈ। ਇਕ ਸੀਨੀਅਰ ਪੁਲਿਸ ਸੁਪਰਡੈਂਟ ਰਾਜ ਜੀਤ ਸਿੰਘ ਹੁੰਦਲ - ਜੋ ਇੰਦਰਜੀਤ ਦਾ ਸੀਨੀਅਰ ਸੀ ਅਤੇ ਜਿਸ ਨੇ ਉਸ ਦੇ ਕਰੀਅਰ ਵਿਚ ਕਈ ਤਰੱਕੀਆਂ ਯਕੀਨੀਂ ਬਣਾਈਆਂ ਸਨ - ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਕਿ ਇੰਦਰਜੀਤ ਦਾ ਕੇਸ ਤਬਾਦਲਾ ਕਰਕੇ ਸਿੱਧੂ ਤੋਂ ਇਲਾਵਾ ਕਿਸੇ ਹੋਰ ਅਧਿਕਾਰੀ ਨੂੰ ਦਿੱਤਾ ਜਾਵੇ। (ਸਿੱਧੂ ਨੇ ਇੰਦਰਜੀਤ ਨੂੰ ਦਿੱਤੀ ਸਰਪ੍ਰਸਤੀ ਅਤੇ ਨਸ਼ਾ ਤਸਕਰੀ ਦੇ ਮਾਮਲੇ ਵਿਚ ਉਸਦੀ ਭੂਮਿਕਾ ਨੂੰ ਲੈ ਕੇ ਹੁੰਦਲ ਤੋਂ ਵੀ ਪੁੱਛਗਿੱਛ ਕੀਤੀ ਸੀ।) ਇਸ ਨਾਲ ਦਸੰਬਰ 2017 ਵਿਚ ਇਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠ ਤਿੰਨ ਮੈਂਬਰੀ ਟੀਮ ਬਣਾਉਣ ਦਾ ਆਦੇਸ਼ ਦਿੱਤਾ, ਜੋ ਉਸ ਵਕਤ ਮਨੁੱਖੀ ਸਰੋਤ ਵਿਕਾਸ ਲਈ ਪੁਲਿਸ ਡਾਇਰੈਕਟਰ ਸਨ, ਜੋ ਨਸ਼ਿਆਂ ਦੇ ਕਾਰੋਬਾਰ ਵਿਚ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਦੇ ਦੋਸ਼ਾਂ ਦੀ ਜਾਂਚ ਕਰੇ।

31 ਜਨਵਰੀ 2018 ਨੂੰ, ਐੱਸਟੀਐੱਫ ਨੇ ਇਕ ਰਿਪੋਰਟ ਸੌਂਪੀ ਜਿਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ, ਡਰੱਗ ਮਾਫ਼ੀਆ ਦੇ ਮੈਂਬਰਾਂ ਦੇ ਇਕਬਾਲੀਆ ਬਿਆਨ ਅਤੇ ਪੁਲਿਸ ਰਿਕਾਰਡ ਤੋਂ ਸਮੱਗਰੀ ਹਾਸਲ ਕੀਤੀ ਗਈ ਸੀ। ਰਿਪੋਰਟ ਨੇ ਸਿੱਟਾ ਕੱਢਿਆ ਕਿ "ਜਾਂਚ ਅਧੀਨ ਅਰਜ਼ੀ ਵਿਚ ਲਗਾਏ ਗਏ ਦੋਸ਼ਾਂ ਦੇ ਸੰਬੰਧ ਵਿਚ ਬਿਕਰਮ ਸਿੰਘ ਮਜੀਠੀਆ ਦੀ ਭੂਮਿਕਾ ਦੀ ਹੋਰ ਜਾਂਚ ਕਰਨ ਲਈ ਰਿਕਾਰਡ 'ਤੇ ਲੋੜੀਂਦੇ ਸਬੂਤ ਮੌਜੂਦ ਹਨ।" ਉਸੇ ਸਾਲ, ਸਿੱਟ ਨੇ ਆਪਣੀ ਪਹਿਲੀ ਸਟੇਟਸ ਰਿਪੋਰਟ 1 ਫਰਵਰੀ ਨੂੰ, ਦੂਜੀ 15 ਮਾਰਚ ਨੂੰ ਅਤੇ ਤੀਜੀ 8 ਮਈ ਨੂੰ, ਸੀਲਬੰਦ ਲਿਫ਼ਾਫ਼ਿਆਂ 'ਚ ਹਾਈ ਕੋਰਟ ਨੂੰ ਸੌਂਪੀ। 8 ਮਈ ਨੂੰ ਚੌਥੀ ਰਿਪੋਰਟ ਵੀ ਸੀਲਬੰਦ ਲਿਫ਼ਾਫ਼ੇ 'ਚ ਬੰਦ ਕਰਕੇ ਸੌਂਪੀ ਗਈ ਜਿਸ ਉੱਪਰ ਸਿਰਫ਼ ਚਟੋਪਾਧਿਆਏ ਦੇ ਦਸਤਖ਼ਤ ਸਨ।

ਇਨ੍ਹਾਂ ਰਿਪੋਰਟਾਂ ਦਾ ਸਟੇਟਸ, ਹੋਰਾਂ ਦੇ ਨਾਲ, ਹੁਣ ਪੰਜਾਬ ਦੀ ਡਰੱਗ ਕਹਾਣੀ ਦਾ ਇਕ ਮੁੱਖ ਹਿੱਸਾ ਹੈ। ਜਦੋਂਕਿ ਸਿੱਧੂ ਨੇ ਰਾਜ ਵਿਚ ਡਰੱਗ ਮਾਫ਼ੀਆ ਦੀ ਜਾਂਚ ਕੀਤੀ, ਅਤੇ ਸਿੱਟ ਦੀਆਂ ਰਿਪੋਰਟਾਂ ਵਿਚ ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੇ ਗੱਠਜੋੜ ਵੱਲੋਂ ਨਸ਼ਿਆਂ ਦੇ ਵਪਾਰ ਦੀ ਮੱਦਦ ਕਰਨ ਦਾ ਦੋਸ਼ ਲਗਾਇਆ ਗਿਆ, ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਨਿਆਂਪਾਲਿਕਾ ਵੱਲੋਂ ਕੋਈ ਕਾਰਵਾਈ ਨਾ ਕਰਨ ਕਰਨ ਦੇ ਨਤੀਜੇ ਵਜੋਂ ਗੱਲ ਉੱਥੇ ਦੀ ਉੱਥੇ ਖੜ੍ਹੀ ਹੈ। (ਸਿੱਧੂ ਨੂੰ ਪੁਲਿਸ ਦੇ ਤੱਤਕਾਲੀ ਡਾਇਰੈਕਟਰ ਜਨਰਲ ਸੁਰੇਸ਼ ਅਰੋੜਾ ਨਾਲ ਤਣਾਅ ਦੀਆਂ ਰਿਪੋਰਟਾਂ ਦਰਮਿਆਨ ਐੱਸਟੀਐੱਫ ਦੇ ਮੁਖੀ ਵਜੋਂ ਸਤੰਬਰ 2018 ਵਿਚ ਹਟਾ ਦਿੱਤਾ ਗਿਆ ਸੀ। ਉਸ ਨੂੰ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਦਾ ਚਾਰਜ ਦਿੱਤਾ ਗਿਆ ਸੀ। ਜਦੋਂਕਿ ਜੁਲਾਈ 2019, ਸਿੱਧੂ ਨੇ ਐੱਸਟੀਐੱਫ ਦੀ ਅਗਵਾਈ ਮੁੜ ਸਾਂਭ ਲਈ।)

ਜਦੋਂ ਪੰਜਾਬ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਿਹਾ ਹੈ, ਇਕ ਵਾਰ ਫਿਰ ਧਿਆਨ ਮੁੱਖ ਮੰਤਰੀ ਅਮਰਿੰਦਰ ਸਿੰਘ 'ਤੇ ਕੇਂਦਰਤ ਹੋ ਗਿਆ ਹੈ। ਬਹੁਤ ਸਾਰੇ ਲੋਕ ਇਹ ਸਵਾਲ ਪੁੱਛ ਰਹੇ ਹਨ ਕਿ ਕੀ ਉਸਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਜੋ ਬੜੇ ਬੜੇ ਵਾਅਦੇ ਕੀਤੇ ਸਨ, ਕੀ ਉਨ੍ਹਾਂ ਨੂੰ ਪੂਰਾ ਕੀਤਾ ਹੈ? ਕਾਂਗਰਸ ਦੇ ਅੰਦਰ ਅਮਰਿੰਦਰ ਦੇ ਸਭ ਤੋਂ ਵੱਧ ਬੇਬਾਕ ਵਿਰੋਧੀ ਨਵਜੋਤ ਸਿੰਘ ਸਿੱਧੂ ਨੇ ਨਸ਼ਿਆਂ ਦੇ ਮੁੱਦੇ 'ਤੇ ਮੁੱਖ ਮੰਤਰੀ ਨਾਲ ਖੁੱਲ੍ਹੇਆਮ ਲੜਾਈ ਦਿੱਤੀ ਹੈ। ਇਸ ਸਾਲ ਜੁਲਾਈ ਵਿਚ, ਪਾਰਟੀ ਦੇ ਅੰਦਰ ਵਧ ਰਹੇ ਤਣਾਅ ਦਰਮਿਆਨ ਉਸਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਉਸ ਨੇ ਟਵੀਟ ਕੀਤਾ, "18 ਸੂਤਰੀ ਏਜੰਡੇ ਦੇ ਤਹਿਤ ਨਸ਼ਿਆਂ ਦੇ ਵਪਾਰ ਦੇ ਪਿੱਛੇ ਕੰਮ ਕਰਦੇ ਦੋਸ਼ੀਆਂ ਨੂੰ ਸਜ਼ਾ ਦੇਣਾ ਕਾਂਗਰਸ ਦੀ ਤਰਜ਼ੀਹ ਹੈ। ਮਜੀਠੀਆ 'ਤੇ ਕੀ ਕਾਰਵਾਈ ਹੋਈ? ਜੇ ਹੋਰ ਦੇਰੀ ਹੋਈ ਤਾਂ ਅਸੀਂ ਰਿਪੋਰਟਾਂ ਨੂੰ ਜਨਤਕ ਕਰਨ ਲਈ ਪੰਜਾਬ ਵਿਧਾਨ ਸਭਾ ਵਿਚ ਮਤਾ ਲਿਆਵਾਂਗੇ।"

ਪੰਜਾਬ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ, ਅਤੇ ਇਹ ਵਿਸ਼ਵਵਿਆਪੀ ਨਸ਼ਾ ਤਸਕਰੀ ਨੈੱਟਵਰਕ ਵਿਚ ਇਕ ਕੇਂਦਰੀ ਗੰਢ ਰਿਹਾ ਹੈ ਜੋ ਅਫ਼ਗਾਨਿਸਤਾਨ ਤੋਂ ਲੈ ਕੇ ਦੱਖਣ-ਪੂਰਬੀ ਏਸ਼ੀਆ ਅਤੇ ਉੱਤਰੀ ਅਮਰੀਕਾ ਅਤੇ ਪੱਛਮੀ ਅਫਰੀਕਾ ਤੱਕ ਫੈਲਿਆ ਹੋਇਆ ਹੈ। ਹਾਲਾਂਕਿ ਭਾਰਤ ਖੁਦ ਅਫ਼ੀਮ ਦਾ ਵੱਡਾ ਹਿੱਸਾ ਪੈਦਾ ਕਰਦਾ ਹੈ, ਪਰ ਵਿਸ਼ਵ ਦੀ ਅਫੀਮ ਦਾ ਵੱਡਾ ਹਿੱਸਾ ਅਫਗਾਨਿਸਤਾਨ ਤੋਂ ਆਉਂਦਾ ਹੈ। ਕਈ ਜ਼ਮੀਨੀ ਅਤੇ ਹਵਾਈ ਮਾਰਗਾਂ 'ਤੇ ਜ਼ਬਤੀ ਹੋਈਆਂ ਹਨ, ਜੋ ਇਸ਼ਾਰਾ ਕਰਦੀਆਂ ਹਨ ਕਿ ਇਨ੍ਹਾਂ ਦੀ ਦੂਰ ਦੂਰ ਤੱਕ ਭੂਗੋਲਿਕ ਪਹੁੰਚ ਹੈ। ਯੂਨਾਈਟਿਡ ਨੇਸ਼ਨਜ਼ ਆਫਿਸ ਆਫ਼ ਡਰੱਗਜ਼ ਐਂਡ ਕ੍ਰਾਈਮ ਦੇ ਅਨੁਸਾਰ, ਕੈਨੇਡਾ ਨੇ ਨੋਟ ਕੀਤਾ ਹੈ ਕਿ ਇਸ ਦੀਆਂ ਮੰਡੀਆਂ 'ਚ ਹੈਰੋਇਨ ਭਾਰਤ ਅਤੇ ਪਾਕਿਸਤਾਨ ਤੋਂ ਆਉਂਦੀ ਹੈ। 2011 ਵਿਚ, ਭਾਰਤੀ ਅਧਿਕਾਰੀਆਂ ਦੁਆਰਾ ਜ਼ਬਤ ਕੀਤੇ ਗਏ ਸਭ ਤੋਂ ਵੱਧ ਪਾਰਸਲ ਕੈਨੇਡਾ ਲਈ ਭੇਜੇ ਗਏ ਸਨ।

ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੌਪਿਕ ਪਦਾਰਥ ਐਕਟ, 1985, ਭਾਰਤ ਵਿਚ ਨਸ਼ਿਆਂ ਦੀ ਵਰਤੋਂ ਨੂੰ ਨਿਯਮਤ ਕਰਨ ਵਾਲਾ ਮੁੱਖ ਕਾਨੂੰਨ ਹੈ। ਐੱਨਡੀਪੀਐੱਸ ਐਕਟ ਦੇ ਅਧੀਨ, ਪਦਾਰਥਾਂ ਦੀ ਇਕ ਸ਼੍ਰੇਣੀ ਤੈਅ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਸਖ਼ਤ ਕੰਟਰੋਲ ਹੇਠ ਲਿਆਂਦਾ ਗਿਆ ਹੈ, ਜਿਸ ਨਾਲ ਇਨ੍ਹਾਂ ਪਦਾਰਥਾਂ ਦੀ ਖ਼ਪਤ ਜਾਂ ਤਸਕਰੀ ਇਕ ਫ਼ੌਜਦਾਰੀ ਜੁਰਮ ਮੰਨੀ ਗਈ ਹੈ। ਹਾਲਾਂਕਿ, ਐਸੇ ਪਦਾਰਥਾਂ ਵਰਤੋਂ ਦੀਆਂ ਬਿਮਾਰੀਆਂ ਸਮੇਤ ਕਈ ਸਿਹਤ ਸਮੱਸਿਆਵਾਂ ਦੇ ਇਲਾਜ ਲਈ ਬਹੁਤ ਸਾਰੀਆਂ ਨਿਯੰਤਰਿਤ ਫਾਰਮਾਸਿਊਟੀਕਲ ਦਵਾਈਆਂ ਜ਼ਰੂਰੀ ਹਨ। ਨਸ਼ੀਲੇ ਪਦਾਰਥਾਂ ਦੇ ਪੂਰਵ-ਰਸਾਇਣ ਜੋ ਕਿ ਵੱਖ-ਵੱਖ ਦਵਾਈਆਂ ਅਤੇ ਹੋਰ ਉਤਪਾਦਾਂ ਦੇ ਉਤਪਾਦਨ ਲਈ ਵਰਤੇ ਜਾਂਦੇ ਹਨ, ਪਰ ਇਹ ਨਾਜਾਇਜ਼ ਦਵਾਈਆਂ ਲਈ ਵੀ ਵਰਤੇ ਜਾਂਦੇ ਹਨ - ਇਨ੍ਹਾਂ ਦੀਆਂ ਕਈ ਪ੍ਰਕਾਰ ਦੀ ਜਾਇਜ਼ ਵਰਤੋਂ ਹੁੰਦੀ ਹੈ, ਜੋ ਕਿ ਕਾਨੂੰਨ ਲਾਗੂ ਕਰਨ ਲਈ ਕਈ ਚੁਣੌਤੀਆਂ ਪੈਦਾ ਕਰਦੀਆਂ ਹਨ।

ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਇਸਦੇ ਪ੍ਰਭਾਵਾਂ ਦਾ ਭਾਰਤ ਵਿਚ ਚੰਗੀ ਤਰ੍ਹਾਂ ਦਸਤਾਵੇਜ਼ੀਕਰਨ ਨਹੀਂ ਕੀਤਾ ਜਾਂਦਾ ਅਤੇ ਅਧਿਕਾਰਤ ਅੰਕੜੇ ਸਾਹਮਣੇ ਆਉਣੇ ਮੁਸ਼ਕਲ ਹਨ। ਨਸ਼ਿਆਂ ਦੀ ਵਰਤੋਂ ਸੰਬੰਧੀ ਨੀਤੀਆਂ ਦਾ ਆਧਾਰ ਤਿਆਰ ਕਰਨ ਲਈ 2004 ਵਿਚ ਇਕ ਸਰਵੇਖਣ ਕੀਤਾ ਗਿਆ ਸੀ, ਪਰ ਇਹ ਵੱਖੋ-ਵੱਖਰੀਆਂ ਸੀਮਾਵਾਂ ਤੋਂ ਪੀੜਤ ਸੀ, ਜਿਸ ਵਿਚ ਇਕੱਲੇ ਮਰਦ ਉਪਭੋਗਤਾਵਾਂ 'ਤੇ ਧਿਆਨ ਕੇਂਦਰਤ ਕਰਨਾ ਅਤੇ ਜਾਣਕਾਰੀ ਨੂੰ ਰਾਜਾਂ ਅਨੁਸਾਰ ਵੱਖ-ਵੱਖ ਕਰਨ ਦੀ ਅਣਹੋਂਦ ਸ਼ਾਮਲ ਹੈ। 2016 ਵਿਚ, ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਨੇ ਇਨ੍ਹਾਂ ਵਿੱਚੋਂ ਕੁਝ ਘਾਟਾਂ ਨੂੰ ਦੂਰ ਲਈ ਨਸ਼ੇ ਦੇ ਤੱਤ ਵਾਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਇਕ ਰਾਸ਼ਟਰੀ ਸਰਵੇਖਣ ਕਰਵਾਇਆ। 2019 ਵਿਚ ਪ੍ਰਕਾਸ਼ਿਤ ਹੋਏ ਇਸ ਸਰਵੇਖਣ ਅਨੁਸਾਰ ਉੱਤਰ ਪ੍ਰਦੇਸ਼ ਅਤੇ ਪੰਜਾਬ ਇਨ੍ਹਾਂ ਪਦਾਰਥਾਂ ਦੀ ਦੁਰਵਰਤੋਂ ਦਾ

ਸ਼ਿਕਾਰ ਸਭ ਤੋਂ ਜ਼ਿਆਦਾ ਪੀੜਤ ਰਾਜ ਹਨ। ਸ਼ਰਾਬ ਤੋਂ ਬਾਦ ਅਫ਼ੀਮ ਅਤੇ ਭੰਗ ਦੋ ਸਭ ਤੋਂ ਜ਼ਿਆਦਾ ਵਰਤੇ ਜਾਣ ਵਾਲੇ ਪਦਾਰਥ ਹਨ।

ਪੰਜਾਬ ਵਿਚ ਨਸ਼ਿਆਂ ਨਾਲ ਨਜਿੱਠਣਾ ਹਮੇਸ਼ਾ ਇਕ ਚੁਣੌਤੀਪੂਰਨ ਕਾਰਜ ਰਿਹਾ ਹੈ। ਸਮੱਸਿਆ ਇਕ ਮਸ਼ਹੂਰ ਬਾਲੀਵੁੱਡ ਫਿਲਮ ਦਾ ਵਿਸ਼ਾ ਰਹੀ ਹੈ ਅਤੇ ਇਸ ਨੇ ਰਾਜ ਦੀਆਂ ਕਈ ਚੋਣਾਂ ਲੜਾਈਆਂ ਵਿਚ ਕੇਂਦਰੀ ਭੂਮਿਕਾ ਨਿਭਾਈ ਹੈ। ਐੱਸਟੀਐੱਫ ਨੇ ਸਿਰਫ 2018 ਵਿਚ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਕਾਰਨ 111 ਮੌਤਾਂ ਦਰਜ ਕੀਤੀਆਂ, ਪਰ ਅਸਲ ਗਿਣਤੀ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਅਨੁਰਾਗ ਅਗਰਵਾਲ, ਜੋ ਉਸ ਸਮੇਂ ਪੰਜਾਬ ਦੇ ਮੁੱਖ ਸਕੱਤਰ ਸਿਹਤ ਸਨ, ਨੇ ਸਾਨੂੰ ਦੱਸਿਆ, "ਅਜਿਹੀਆਂ ਮੌਤਾਂ ਦੀ ਅਸਲ ਸੰਖਿਆ ਬਹੁਤ ਜ਼ਿਆਦਾ ਹੈ, ਅਤੇ ਇਨ੍ਹਾਂ ਦਾ ਕਦੇ ਵੀ ਪਤਾ ਨਹੀਂ ਲਗਾਇਆ ਜਾ ਸਕਦਾ ਕਿਉਂਕਿ ਨਸ਼ੇ ਦੀ ਆਦਤ ਸਮਾਜਿਕ ਕਲੰਕ ਮੰਨੇ ਜਾਣ ਕਾਰਨ ਸੋਗ 'ਚ ਡੁੱਬੇ ਪਰਿਵਾਰ ਇਨ੍ਹਾਂ ਦਾ ਖ਼ੁਲਾਸਾ ਨਹੀਂ ਕਰਦੇ।" ਨਾੜਾਂ 'ਚ ਨਸ਼ੀਲੇ ਟੀਕੇ ਲਾਉਣ ਵਾਲੇ ਨਸ਼ੇੜੀ ਐੱਚਆਈਵੀ ਅਤੇ ਹੈਪੇਟਾਈਟਸ ਸੀ ਵਰਗੀਆਂ ਬੀਮਾਰੀਆਂ ਸਹੇੜਨ ਲਈ ਵੀ ਅਤਿ-ਸੰਵੇਦਨਸ਼ੀਲ ਹੁੰਦੇ ਹਨ।

ਰਾਜ ਸਰਕਾਰ ਨੇ 199 ਬਾਹਰੀ ਮਰੀਜਾਂ ਲਈ ਓਪੀਓਇਡ ਸਹਾਇਤਾ ਇਲਾਜ ਕਲੀਨਿਕ, 35 ਸਰਕਾਰੀ ਨਸ਼ਾ ਛੁਡਾਊ ਕੇਂਦਰ ਅਤੇ ਸੈਂਕੜੇ ਲਾਇਸੈਂਸਸ਼ੁਦਾ ਪ੍ਰਾਈਵੇਟ ਨਸ਼ਾ-ਛਡਾਊ ਸਹੂਲਤ ਕੇਂਦਰ ਸ਼ੁਰੂ ਕੀਤੇ ਹਨ। ਪੰਜਾਬ ਦੇ ਸਭ ਤੋਂ ਵੱਧ ਆਬਾਦੀ ਵਾਲੇ ਜ਼ਿਲ੍ਹੇ ਲੁਧਿਆਣਾ ਵਿਚ ਸਭ ਤੋਂ ਵੱਧ ਨਸ਼ਾ ਕਰਨ ਵਾਲੇ ਰਜਿਸਟਰਡ ਮਰੀਜ ਹਨ। ਇਸ ਤੋਂ ਬਾਅਦ ਮੋਗਾ ਅਤੇ ਤਰਨ ਤਾਰਨ ਆਉਂਦੇ ਹਨ। ਇਕੱਲੇ ਲੁਧਿਆਣਾ ਵਿਚ ਹੀ 23 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ, ਤਿੰਨ ਸਰਕਾਰੀ ਨਸ਼ਾ ਛੁਡਾਊ ਕੇਂਦਰ, 17 ਸਰਕਾਰੀ ਓਓਏਟੀ ਕਲੀਨਿਕ ਅਤੇ ਮਰੀਜ਼ਾਂ ਲਈ ਤਿੰਨ ਓਪੀਓਇਡ ਬਦਲ ਇਲਾਜ ਕੇਂਦਰ ਹਨ। ਤਰਨਤਾਰਨ ਦੇ ਜ਼ਿਲ੍ਹਾ ਸਿਵਲ ਹਸਪਤਾਲ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਹਸਪਤਾਲ ਵਿਚ ਬੁਪਰੇਨੋਰਫਾਈਨ ਲੈਣ ਲਈ ਆਉਂਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ - ਇਹ ਨਸ਼ੀਲਾ ਪਦਾਰਥ ਨਸ਼ੇ ਦੀ ਆਦਤ ਸਮੇਤ ਵੱਖ -ਵੱਖ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

ਇਕ ਨੀਤੀ ਨੁਕਸਾਨ ਘਟਾਉਣਾ ਹੈ ਜਿਸ ਦੁਆਰਾ ਸਰਕਾਰ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਹੀ ਹੈ, ਅਤੇ ਇਹ ਨਸ਼ੇ ਕਰਨ ਵਾਲਿਆਂ 'ਤੇ ਸੇਧਤ ਹੈ। ਪਰ ਜਦੋਂ ਨਸ਼ਿਆਂ ਦੀ ਸਪਲਾਈ ਕਰਨ ਵਾਲਿਆਂ ਦੀ ਗੱਲ ਆਉਂਦੀ ਹੈ, ਤਾਂ ਇਹ ਸਪਸ਼ਟ ਨਹੀਂ ਹੁੰਦਾ ਕਿ ਰਾਜ ਸਰਕਾਰ ਅਤੇ ਨਿਆਂਪਾਲਿਕਾ 'ਚ ਨਾਮਵਰ ਉੱਚ ਪੱਧਰੀ ਕੇਸਾਂ ਦੀ ਪੈੜ ਨੱਪਣ ਦੀ ਇੱਛਾ ਸ਼ਕਤੀ ਹੈ। ਇਨ੍ਹਾਂ ਵਿੱਚੋਂ ਸਭ ਤੋਂ ਕੇਂਦਰੀ 2013 ਦਾ ਭੋਲਾ ਡਰੱਗ ਕੇਸ ਹੈ, ਜਿਸ ਵਿਚ ਤਿੰਨ ਦੋਸ਼ੀਆਂ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਕੋਲ ਮਜੀਠੀਆ ਦਾ ਨਾਂ ਲਿਆ ਸੀ। ਇਸ ਤੋਂ ਇਲਾਵਾ, ਰਾਜ ਦੇ ਕੁਝ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਵਪਾਰ ਵਿਚ ਕਥਿਤ ਸ਼ਮੂਲੀਅਤ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਸੰਕਟ ਨੂੰ ਗੰਭੀਰਤਾ ਨਾਲ ਲੈਣਾ ਅਜੇ ਮੁਸ਼ਕਿਲ ਹੀ ਸ਼ੁਰੂ ਹੋਇਆ ਹੈ। ਰਾਜ ਜੀਤ ਸਿੰਘ ਹੁੰਦਲ ਤੋਂ ਇਲਾਵਾ, ਸਿੱਟ ਦੀ ਰਿਪੋਰਟਾਂ ਵਿਚ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸੁਰੇਸ਼ ਅਰੋੜਾ ਅਤੇ ਉਸਦੇ ਜਾਨਸ਼ੀਨ ਦਿਨਕਰ ਗੁਪਤਾ ਦਾ ਨਾਮ ਸ਼ਾਮਲ ਹੈ, ਜਿਸ ਨੇ ਇੰਦਰਜੀਤ ਮਾਮਲੇ ਵਿਚ ਉਨ੍ਹਾਂ ਦੀ ਭੂਮਿਕਾ ਦੀ ਜਾਂਚ ਦੀ ਮੰਗ ਕੀਤੀ ਹੈ। ਸਿੱਟ ਅਨੁਸਾਰ, ਇੰਦਰਜੀਤ ਕਈ ਸੀਨੀਅਰ ਅਧਿਕਾਰੀਆਂ ਦੀ ਸਪਸ਼ਟ ਸਰਪ੍ਰਸਤੀ ਮਾਣਦਾ ਰਿਹਾ ਅਤੇ ਵਿਭਾਗੀ ਪੜਤਾਲਾਂ ਅਤੇ ਉਸ ਵਿਰੁੱਧ ਕਈ ਅਪਰਾਧਿਕ ਮਾਮਲਿਆਂ ਦੇ ਬਾਵਜੂਦ ਰਾਜ ਦੀ ਪੁਲਿਸ ਵਿਚ ਕਈ ਸਾਲਾਂ ਤੋਂ ਉਸ ਦਾ ਕਾਫ਼ੀ ਰਸੂਖ਼ ਸੀ।

ਇਨ੍ਹਾਂ ਵਿਸਫੋਟਕ ਦੋਸ਼ਾਂ ਦੇ ਬਾਵਜੂਦ, ਇਨ੍ਹਾਂ ਮਾਮਲਿਆਂ ਵਿਚ ਕੋਈ ਠੋਸ ਹਰਕਤ ਨਹੀਂ ਹੋਈ ਹੈ। ਹੁਣ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ, ਸਿੱਟ ਦੇ ਮੁਖੀ ਚਟੋਪਾਧਿਆਏ ਅਤੇ ਈਡੀ ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਸਮੇਤ ਅੱਧੀ ਦਰਜਨ ਸੀਨੀਅਰ ਪੁਲਿਸ ਅਧਿਕਾਰੀ, ਅਤੇ ਨਾਲ ਹੀ ਸੀਨੀਅਰ ਵਕੀਲਾਂ ਦੀ ਟੋਲੀ ਭੋਲਾ ਡਰੱਗ ਕੇਸ ਜਾਂ ਡਰੱਗ ਮਾਫ਼ੀਆ ਦੀ ਕਥਿਤ ਪੁਲਿਸ ਸਰਪ੍ਰਸਤੀ ਬਾਬਤ ਬਿਨਾਂ ਕੁਝ ਹਾਸਲ ਕੀਤੇ ਵਾਪਸ ਆਉਂਦੀ ਰਹੇ ਹਨ। ਰਿਪੋਰਟਾਂ ਸੀਲਬੰਦ ਲਿਫ਼ਾਫ਼ਿਆਂ 'ਚ ਬੰਦ ਰਹਿੰਦੀਆਂ ਹਨ। ਇਕ ਸੀਨੀਅਰ ਵਕੀਲ ਨੇ ਕਿਹਾ, "ਅਸਲ ਵਿਚ ਮਈ 2018 ਤੋਂ ਬਾਅਦ ਅੱਜ ਤੱਕ ਕੁਝ ਨਹੀਂ ਹੋਇਆ।"

ਅਸੀਂ ਰਿਪੋਰਟਾਂ ਤੋਂ ਜਾਣੂ ਵੱਖ-ਵੱਖ ਲੋਕਾਂ ਨਾਲ ਗੱਲ ਕੀਤੀ। ਉਨ੍ਹਾਂ ਵਿਚ ਇਕ ਸੀਨੀਅਰ ਸਿਆਸਤਦਾਨ ਵੀ ਸ਼ਾਮਲ ਹੈ ਜਿਸ ਨੇ ਐੱਸਟੀਐੱਫ ਦੀ ਰਿਪੋਰਟ ਦੇ ਕਈ ਵੇਰਵੇ ਸਾਂਝੇ ਕੀਤੇ, ਅਤੇ ਕਈ ਸਰਕਾਰੀ ਏਜੰਸੀਆਂ ਦੇ ਅਧਿਕਾਰੀ ਸਨ ਜਿਨ੍ਹਾਂ ਨੇ ਸਿੱਟ ਰਿਪੋਰਟਾਂ ਦੇ ਅੰਸ਼ਾਂ ਦੇ ਨਾਲ-ਨਾਲ ਈਡੀ ਦੇ ਦਸਤਾਵੇਜ਼ ਵੀ ਸ਼ਾਮਲ ਕੀਤੇ ਜਿਨ੍ਹਾਂ ਵਿਚ ਮਜੀਠੀਆ ਦਾ ਨਾਂ ਲੈਣ ਵਾਲੇ ਤਿੰਨ ਦੋਸ਼ੀਆਂ - ਜਗਦੀਸ਼ ਭੋਲਾ, ਜਗਜੀਤ ਚਾਹਲ ਅਤੇ ਬਿੱਟੂ ਔਲਖ - ਦੇ ਇਕਬਾਲੀਆ ਬਿਆਨ ਸ਼ਾਮਲ ਹਨ। ਇਹ ਦਸਤਾਵੇਜ਼ ਇਕ ਡੂੰਘੇ ਸਮਝੌਤੇ ਦੀ ਤਸਵੀਰ ਨੂੰ ਦਰਸਾਉਂਦੇ ਹਨ, ਜਿਸ ਵਿਚ ਸਿਆਸਤਦਾਨਾਂ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਨਸ਼ੀਲੇ ਪਦਾਰਥਾਂ ਦੇ ਵਪਾਰ ਵਿਚ ਸਹਾਇਤਾ ਕੀਤੀ ਹੈ ਅਤੇ ਸੰਭਾਵਤ ਤੌਰ 'ਤੇ ਲਾਹਾ ਲਿਆ ਹੈ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਦਲੀਲ ਦਿੱਤੀ ਹੈ ਕਿ ਮਜੀਠੀਆ ਦੀ ਕਥਿਤ ਸ਼ਮੂਲੀਅਤ ਕਾਰਨ 6,000 ਕਰੋੜ ਰੁਪਏ ਦੇ ਅੰਤਰਰਾਸ਼ਟਰੀ ਡਰੱਗ ਘੁਟਾਲੇ ਨੂੰ ਸਾਹਮਣੇ ਨਹੀਂ ਆਉਣ ਦਿੱਤਾ ਜਾ ਰਿਹਾ। "ਇਸ ਘੁਟਾਲੇ ਵਿਚ ਅੰਤਰਰਾਸ਼ਟਰੀ ਸੰਬੰਧ ਦੇ ਪਹਿਲੂ ਨੂੰ ਮੁੜ ਦਬਾ ਦਿੱਤਾ ਗਿਆ ਅਤੇ ਸੱਤੇ, ਪਿੰਡੀ ਅਤੇ ਲਾਡੀ ਦੀ ਸ਼ਮੂਲੀਅਤ ਨੂੰ ਰਿਕਾਰਡ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ," ਪੀਐਚਆਰਓ ਨੇ ਇਸ ਮਾਮਲੇ ਵਿਚ ਤਿੰਨ ਕੈਨੇਡੀਅਨ ਵਸਨੀਕਾਂ ਦਾ ਹਵਾਲਾ ਦਿੰਦਿਆਂ ਹਾਈ ਕੋਰਟ ਨੂੰ ਦਿੱਤੀ ਆਪਣੀ ਬੇਨਤੀ ਵਿਚ ਕਿਹਾ। "ਇਸ ਵਿਚ ਇਨ੍ਹਾਂ ਨਸ਼ਾ ਤਸਕਰਾਂ ਬਾਰੇ ਇਕ ਵੀ ਸ਼ਬਦ ਨਹੀਂ ਹੈ ਅਤੇ ਇਸ ਦਾ ਇੱਕੋ ਇਕ ਕਾਰਨ ਮਜੀਠੀਆ ਦੇ ਖ਼ਿਲਾਫ਼ ਕਾਰਵਾਈ ਦਾ ਰਾਹ ਬੰਦ ਕਰਨਾ ਹੈ।"

ਬਹੁਤ ਸਾਰੀਆਂ ਪਟੀਸ਼ਨਾਂ ਨੇ ਹਾਈਕੋਰਟ ਨੂੰ ਇਨ੍ਹਾਂ ਮਾਮਲਿਆਂ ਨੂੰ ਫੌਰੀ ਤੌਰ 'ਤੇ ਲੈਣ ਲਈ ਕਿਹਾ ਹੈ, ਪਰ ਇਸ ਨੂੰ ਲਗਾਤਾਰ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਦੌਰਾਨ, ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਵਧਦੀ ਜਾ ਰਹੀ ਹੈ।

-----

ਇੰਦਰਜੀਤ ਸਿੰਘ ਨੇ ਪੰਜਾਬ ਪੁਲਿਸ ਦੇ ਰੈਂਕਾਂ ਜ਼ਰੀਏ ਅਸਾਧਾਰਨ ਬੁਲੰਦੀਆਂ ਛੂਹੀਆਂ, ਉਸ ਨੂੰ ਵਿਲੱਖਣ ਰਫ਼ਤਾਰ ਨਾਲ ਤਰੱਕੀਆਂ ਦਿੱਤੀਆਂ ਗਈਆਂ। ਸਿੰਘ ਨੇ 1986 'ਚ ਜਲੰਧਰ ਵਿਚ ਇਕ ਸਿਪਾਹੀ ਵਜੋਂ ਸ਼ੁਰੂਆਤ ਕੀਤੀ ਅਤੇ ਤਿੰਨ ਸਾਲਾਂ ਦੇ ਅੰਦਰ ਉਸ ਨੂੰ ਤਰੱਕੀ ਦੇ ਕੇ ਹੈੱਡ ਕਾਂਸਟੇਬਲ ਬਣਾ ਦਿੱਤਾ ਗਿਆ। 1993 ਤੱਕ, ਉਸ ਕੋਲ ਇਕ ਐਡਹਾਕ ਸਬ-ਇੰਸਪੈਕਟਰ ਦਾ ਦਰਜਾ ਸੀ। ਛੇਤੀ ਹੀ ਉਹ ਨਸ਼ਿਆਂ ਦੇ ਧੰਦੇ ਨੂੰ ਦਬੋਚਣ 'ਚ ਸੌ ਫ਼ੀ ਸਦੀ ਕਾਮਯਾਬੀ ਹਾਸਲ ਕਰਨ ਲਈ ਮਸ਼ਹੂਰ ਹੋ ਗਿਆ, ਭਾਵੇਂ ਉਹ ਕਿਤੇ ਵੀ ਤਾਇਨਾਤ ਹੋਵੇ। 2013 ਵਿਚ, ਰਾਜ ਜੀਤ ਸਿੰਘ ਹੁੰਦਲ, ਜੋ ਤਰਨ ਤਾਰਨ ਦੇ ਸੀਨੀਅਰ ਪੁਲਿਸ ਸੁਪਰਡੈਂਟ ਸਨ, ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਇੰਦਰਜੀਤ ਦਾ ਜਲੰਧਰ ਤੋਂ ਤਬਾਦਲਾ ਕਰਨ ਦੀ ਬੇਨਤੀ ਕੀਤੀ ਸੀ। ਹੁੰਦਲ ਨੇ ਕਥਿਤ ਤੌਰ 'ਤੇ ਪੰਜਾਬ ਦੇ ਵਧੀਕ ਪੁਲਿਸ ਡਾਇਰੈਕਟਰ ਜਨਰਲ ਨੂੰ ਚਿੱਠੀ ਲਿਖ ਕੇ ਕਿਹਾ ਕਿ ਇੰਦਰਜੀਤ ਦੀਆਂ "ਸੇਵਾਵਾਂ ਦੀ ਤੁਰੰਤ ਲੋੜ ਹੈ।" ਕਈ ਹੋਰ ਸੀਨੀਅਰ ਅਧਿਕਾਰੀਆਂ ਨੇ ਵੀ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੇ ਜ਼ਿਲ੍ਹਿਆਂ ਵਿਚ ਉਸ ਦੀਆਂ ਸੇਵਾਵਾਂ ਲਈ ਬੇਨਤੀ ਕੀਤੀ। ਇੰਦਰਜੀਤ ਨੇ 77 ਪ੍ਰਸ਼ੰਸਾ ਸਰਟੀਫਿਕੇਟ ਅਤੇ ਬਹਾਦਰੀ ਮੈਡਲ ਜਿੱਤੇ। ਉਸ ਦੀਆਂ ਈਰਖਾ ਵਾਲੀਆਂ ਤਰੱਕੀਆਂ ਅਤੇ ਲਾਹੇਵੰਦ ਪੋਸਟਿੰਗਾਂ ਵਿਚ ਕ੍ਰਾਈਮ ਇਨਵੈਸਟੀਗੇਸ਼ਨ ਏਜੰਸੀ ਵਿਚ ਇਕ ਅਧਿਕਾਰੀ ਵਜੋਂ ਨਿਯੁਕਤੀ ਸ਼ਾਮਲ ਸੀ ਜੋ ਪੰਜਾਬ ਪੁਲਿਸ ਦੀ ਵਿਸ਼ੇਸ਼ ਸ਼ਾਖਾ ਹੈ।

ਪਰ ਇੰਦਰਜੀਤ ਦੀ ਕਹਾਣੀ ਦੀ ਅਸਲੀਅਤ ਹੋਰ ਹੀ ਨਿਕਲੀ। ਸਿੱਟ ਜਾਂਚ ਤੋਂ ਜਾਣੂ ਸਰਕਾਰੀ ਅਧਿਕਾਰੀਆਂ ਨੇ ਰਿਪੋਰਟਾਂ ਵਿਚ ਸਾਡੇ ਨਾਲ ਕਈ ਵੇਰਵਿਆਂ ਬਾਰੇ ਗੱਲ ਕੀਤੀ ਜੋ ਇੰਦਰਜੀਤ ਦੇ ਰਿਕਾਰਡ ਉੱਤੇ ਸਵਾਲ ਖੜ੍ਹੇ ਕਰਦੇ ਹਨ। ਚਟੋਪਾਧਿਆਏ ਦੀ ਅਗਵਾਈ ਵਾਲੀ ਸਿੱਟ ਦੀ ਸਥਾਪਨਾ ਇੰਦਰਜੀਤ ਅਤੇ ਹੁੰਦਲ ਵਿਚਾਲੇ "ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਅਤੇ ਨਸ਼ਾ ਤਸਕਰਾਂ ਵਿਚਕਾਰ ਗੱਠਜੋੜ ਨੂੰ ਤੋੜਨ" ਲਈ "ਮਿਲੀ-ਭੁਗਤ ਦੀ ਜਾਂਚ" ਕਰਨ ਲਈ ਕੀਤੀ ਗਈ ਸੀ। ਇਕ ਸਰਕਾਰੀ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਸਿੱਟ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇੰਦਰਜੀਤ ਵਿਰੁੱਧ "ਅਪਰਾਧਿਕ ਦੁਰਾਚਾਰ ਦੇ ਗੰਭੀਰ ਦੋਸ਼" ਸਨ, ਜਿਨ੍ਹਾਂ ਵਿਚ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ, ਫਿਰੌਤੀਆਂ, ਜਾਅਲੀ ਨਸ਼ੇ ਦਿਖਾਉਣਾ ਅਤੇ ਸਬੂਤਾਂ ਨਾਲ ਛੇੜਛਾੜ ਸ਼ਾਮਲ ਹਨ।

ਇੰਦਰਜੀਤ ਨੂੰ ਸੀਆਈਏ ਵਿਚ ਸ਼ਾਮਲ ਕੀਤੇ ਜਾਣ ਨਾਲ ਕੁਝ ਪ੍ਰੇਸ਼ਾਨੀ ਹੋਈ ਹੋਵੇਗੀ। ਇਹ ਪੰਜਾਬ ਪੁਲਿਸ ਦੇ ਨਿਯਮਾਂ ਦੀ ਉਲੰਘਣਾ ਸੀ, ਜੋ ਇਹ ਕਹਿੰਦੇ ਹਨ ਕਿ ਸੀਆਈਏ ਸਟਾਫ਼ ਕਿਸੇ ਜ਼ਿਲ੍ਹੇ ਵਿਚ ਤਾਇਨਾਤ ਸਭ ਤੋਂ ਸੀਨੀਅਰ ਇੰਸਪੈਕਟਰਾਂ ਵਿੱਚੋਂ ਲਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਅਕਸ ਬੇਦਾਗ਼ ਹੋਣਾ ਚਾਹੀਦਾ ਹੈ। ਉਸ ਵਕਤ ਉਸ ਅਹੁਦੇ ਲਈ ਬਹੁਤ ਸਾਰੇ ਢੁੱਕਵੇਂ ਅਧਿਕਾਰੀ ਸਨ, ਅਤੇ ਇੰਦਰਜੀਤ ਦਾ ਕੋਈ ਨਿਰਦੋਸ਼ ਰਿਕਾਰਡ ਨਹੀਂ ਸੀ। ਹੁੰਦਲ ਨੇ ਇੰਦਰਜੀਤ ਦੀ ਹੈੱਡ ਕਾਂਸਟੇਬਲ ਤੋਂ ਸਹਾਇਕ ਸਬ-ਇੰਸਪੈਕਟਰ ਅਤੇ ਫਿਰ ਸਬ-ਇੰਸਪੈਕਟਰ ਲਈ ਦੋਹਰੀ ਤਰੱਕੀ ਦੀ ਸਿਫਾਰਸ਼ ਕੀਤੀ, ਇਹ ਤਸਦੀਕ ਕਰਦੇ ਹੋਏ ਕਿ ਉਸਦੇ ਵਿਰੁੱਧ ਕੋਈ ਅਪਰਾਧਿਕ ਕੇਸ ਜਾਂ ਵਿਭਾਗੀ ਜਾਂਚ ਬਾਕੀ ਨਹੀਂ ਹੈ। ਇਹ, ਜਿਵੇਂ ਕਿ ਸਿੱਟ ਨੇ ਪਤਾ ਲਾਇਆ, ਸਪੱਸ਼ਟ ਤੌਰ ਤੇ ਗ਼ਲਤ ਸੀ। ਹੁੰਦਲ ਨੂੰ ਇੰਦਰਜੀਤ ਵਿਰੁੱਧ ਕਈ ਪੜਤਾਲਾਂ ਦੀ ਜਾਣਕਾਰੀ ਦਿੱਤੇ ਜਾਣ ਦੇ ਬਾਵਜੂਦ, ਉਹ ਉਸ ਨੂੰ ਇਕ ਸਿਰਕੱਢ ਅਧਿਕਾਰੀ ਵਜੋਂ ਦਰਸਾਉਂਦਾ ਰਿਹਾ।

ਇੰਦਰਜੀਤ ਦੁਆਰਾ ਕੀਤੀਆਂ ਗਈਆਂ ਸਾਰੀਆਂ ਗ੍ਰਿਫ਼ਤਾਰੀਆਂ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਕ ਨਮੂਨਾ ਉਭਰਦਾ ਹੈ। ਉਸਨੇ ਵੱਖ-ਵੱਖ ਮਾਮਲੇ ਦਰਜ ਕੀਤੇ ਜਿਨ੍ਹਾਂ ਵਿਚ ਦੋਸ਼ੀ ਵਿਅਕਤੀ ਐੱਨਡੀਪੀਐੱਸ ਐਕਟ ਅਧੀਨ ਦੋਸ਼ ਲਗਾਏ ਜਾਣ ਤੋਂ ਬਾਅਦ ਚਮਤਕਾਰੀ ਢੰਗ ਨਾਲ ਮੁਕੱਦਮੇ ਤੋਂ ਬਚ ਜਾਂਦੇ। ਉਸਦਾ ਤਰੀਕਾ ਲੋਕਾਂ ਨੂੰ ਝੂਠੇ ਤਰੀਕੇ ਨਾਲ ਫਸਾਉਣਾ ਅਤੇ ਬਾਅਦ ਵਿਚ ਉਨ੍ਹਾਂ ਤੋਂ ਮੋਟੀ ਰਕਮ ਲੈ ਕੇ ਜ਼ਮਾਨਤ ਦਿਵਾਉਣ ਵਿਚ ਸਹਾਇਤਾ ਕਰਨਾ ਸੀ। ਉਨ੍ਹਾਂ ਨੂੰ ਕੇਸ 'ਚੋਂ ਕੱਢਣ ਵਿਚ ਮੱਦਦ ਕਰਨ ਲਈ, ਇੰਦਰਜੀਤ ਨੇ ਅਦਾਲਤ ਵਿਚ ਚਲਾਨ ਪੇਸ਼ ਕਰਨ ਵਿਚ ਦੇਰੀ ਕੀਤੀ ਜਾਂ ਬਰਾਮਦ ਕੀਤੇ ਨਸ਼ੇ ਨਿਰਧਾਰਤ ਸਮਾਂ ਸੀਮਾ ਲੰਘ ਜਾਣ ਤੋਂ ਬਾਅਦ ਪ੍ਰਯੋਗਸ਼ਾਲਾ ਦੇ ਵਿਸ਼ਲੇਸ਼ਣ ਲਈ ਭੇਜੇ। ਇੰਦਰਜੀਤ ਨੇ ਕੁਝ ਕੇਸਾਂ ਵਿਚ ਵੀਹ ਲੋਕਾਂ ਉੱਪਰ ਕਿਸੇ ਬਰਾਮਦਗੀ ਦੀ ਰਿਪੋਰਟ ਤੋਂ ਬਿਨਾਂ ਹੀ ਦੋਸ਼ ਵੀ ਲਗਾਏ।

6 ਜੂਨ 2014 ਨੂੰ, ਇੰਦਰਜੀਤ ਨੇ ਤਰਨ ਤਾਰਨ ਵਿਚ ਸੱਤ ਵਿਅਕਤੀਆਂ ਦੇ ਖ਼ਿਲਾਫ਼ ਰਪਟ ਦਰਜ ਕਰਵਾਈ। ਪੁਲਿਸ ਨੇ ਤਿੰਨ ਜਣਿਆਂ ਕੋਲੋਂ ਥੋਕ ਮਾਤਰਾ ਵਿਚ ਹੈਰੋਇਨ ਬਰਾਮਦ ਕੀਤੀ ਸੀ। ਬਾਅਦ ਵਿਚ, ਕੇਸ ਵਿਚ 16 ਜਣਿਆਂ ਨੂੰ ਸ਼ਾਮਲ ਕੀਤਾ ਗਿਆ, ਹਾਲਾਂਕਿ ਉਨ੍ਹਾਂ ਤੋਂ ਕੁਝ ਵੀ ਬਰਾਮਦ ਨਹੀਂ ਹੋਇਆ ਸੀ। ਇਨ੍ਹਾਂ ਸਾਰਿਆਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ, ਕਿਉਂਕਿ ਸਮੇਂ ਸਿਰ ਅਦਾਲਤ ਵਿਚ ਚਲਾਣ ਪੇਸ਼ ਨਹੀਂ ਕੀਤਾ ਗਿਆ ਅਤੇ ਮੁਲਜ਼ਮਾਂ ਕੋਲੋਂ ਕੋਈ ਨਸ਼ੀਲਾ ਪਦਾਰਥ ਬਰਾਮਦ ਨਹੀਂ ਕੀਤਾ ਗਿਆ ਸੀ। ਮੁੱਖ ਦੋਸ਼ੀਆਂ ਵਿੱਚੋਂ ਇਕ ਦਾ ਨਾਂ ਕਥਿਤ ਤੌਰ 'ਤੇ ਇਕ ਦੁਕਾਨ ਮਾਲਕ ਗੁਰਪ੍ਰਕਾਸ਼ ਸਿੰਘ ਹੈ, ਜਿਸਨੂੰ ਸੰਨੀ ਵੀ ਕਿਹਾ ਜਾਂਦਾ ਹੈ। ਇੰਦਰਜੀਤ ਨੇ ਇਸ ਕੇਸ ਵਿਚ ਸੰਨੀ ਦਾ ਨਾਂ ਸ਼ਾਮਲ ਕੀਤਾ, ਪਰ ਉਸ ਨੂੰ ਇਸ ਐੱਫਆਈਆਰ ਦੇ ਅਧਾਰ 'ਤੇ ਗ੍ਰਿਫ਼ਤਾਰ ਅਗਲੇ ਸਾਲ ਹੀ ਕੀਤਾ ਗਿਆ।



ਸੰਨੀ ਨੂੰ ਮਹੀਨੇ ਦੇ ਅਖ਼ੀਰ ਵਿਚ ਇਕ ਵੱਖਰੀ ਐੱਫਆਈਆਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਨੇ ਸਿੱਟ ਨੂੰ ਦੱਸਿਆ ਕਿ ਇੰਦਰਜੀਤ 26 ਜੂਨ ਨੂੰ ਅੰਮ੍ਰਿਤਸਰ ਵਿਚ ਉਸਦੀ ਦੁਕਾਨ 'ਤੇ ਆਇਆ ਸੀ ਅਤੇ ਉਸ ਨੇ 20 ਲੱਖ ਰੁਪਏ ਦੇਣ ਦੀ ਮੰਗ ਕੀਤੀ ਸੀ। ਉਹ ਭੁਗਤਾਨ ਕਰਨ ਵਿਚ ਅਸਮਰੱਥ ਸੀ, ਅਤੇ ਤਿੰਨ ਦਿਨਾਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੰਨੀ ਦੀ ਛੇ ਸਾਲਾ ਬੇਟੀ ਦੀ ਮੌਤ ਜੇਲ੍ਹ ਵਿਚ ਹੋਣ ਦੌਰਾਨ ਹੋਈ ਸੀ। ਉਸ ਦੇ ਅੰਤਿਮ ਸੰਸਕਾਰ ਸਮੇਂ ਉਸ ਨੇ ਪ੍ਰੈੱਸ ਨੂੰ ਦੱਸਿਆ ਕਿ ਇੰਦਰਜੀਤ ਉਸਨੂੰ ਫ਼ਿਰੌਤੀ ਦੀਆਂ ਧਮਕੀਆਂ ਦੇ ਰਿਹਾ ਸੀ। ਉਸਨੇ ਕਥਿਤ ਤੌਰ 'ਤੇ ਸਿੱਟ ਨੂੰ ਦੱਸਿਆ ਕਿ ਇਸ ਕਾਰਨ ਹੈਰੋਇਨ ਜ਼ਬਤ ਕਰਨ ਦੇ ਮਾਮਲੇ ਵਿਚ ਐੱਫਆਈਆਰ ਵਿਚ ਉਸ ਦਾ ਨਾਂ ਪਿਛਲੇ ਮਾਮਲੇ ਮੁਤਾਬਿਕ ਜੋੜਿਆ ਗਿਆ ਸੀ। ਜਦੋਂ ਉਸਨੂੰ 7 ਜਨਵਰੀ 2015 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਕੋਈ ਨਸ਼ਾ ਬਰਾਮਦ ਨਹੀਂ ਕੀਤਾ ਗਿਆ ਸੀ।

ਇਸ ਕੇਸ ਦੇ ਆਧਾਰ 'ਤੇ ਹੁੰਦਲ ਨੇ ਇੰਦਰਜੀਤ ਨੂੰ ਦੋਹਰੀ ਤਰੱਕੀ ਦੇਣ ਦੀ ਸਿਫ਼ਾਰਸ਼ ਕੀਤੀ, ਇਸ ਦੇ ਬਾਵਜੂਦ ਕਿ ਖੰਨਾ ਦੇ ਇਕ ਸੀਨੀਅਰ ਪੁਲਿਸ ਸੁਪਰਡੈਂਟ ਦੇ ਆਦੇਸ਼ 'ਤੇ ਉਸ ਵਿਰੁੱਧ ਵਿਭਾਗੀ ਜਾਂਚ ਅਜੇ ਬਾਕੀ ਸੀ। ਹੁੰਦਲ ਨੇ ਹੁਸ਼ਿਆਰਪੁਰ ਦੇ ਸੀਨੀਅਰ ਸੁਪਰਡੈਂਟ ਦੀ ਹੈਸੀਅਤ 'ਚ ਇੰਦਰਜੀਤ ਨੂੰ 4 ਸਤੰਬਰ 2014 ਨੂੰ ਬਰੀ ਕਰ ਦਿੱਤਾ।

ਇਕ ਹੋਰ ਮਿਸਾਲ 'ਚ, ਸਤਾਰਪਾਲ ਸਿੰਘ ਨਾਂ ਦੇ ਇਕ 18 ਸਾਲਾ ਵਿਦਿਆਰਥੀ ਉੱਪਰ ਐੱਨਡੀਪੀਐਸ ਐਕਟ ਤਹਿਤ ਤਿੰਨ ਵੱਖ-ਵੱਖ ਮਾਮਲਿਆਂ ਵਿਚ ਕੇਸ ਦਰਜ ਕੀਤਾ ਗਿਆ ਸੀ। ਉਸ ਦੇ ਖ਼ਿਲਾਫ਼ ਐੱਫਆਈਆਰ ਦਰਜ ਹੋਣ ਤੋਂ ਇਕ ਸਾਲ ਬਾਅਦ ਉਸਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸਤਾਰਪਾਲ ਨੇ ਸਿੱਟ ਨੂੰ ਦੱਸਿਆ ਕਿ ਉਸ ਦੇ ਘਰ 'ਚ ਉਦੋਂ ਛਾਪਾ ਮਾਰਿਆ ਗਿਆ ਸੀ ਜਦੋਂ ਘਰ ਵਿਚ ਕੋਈ ਨਹੀਂ ਸੀ। ਬਾਅਦ ਵਿਚ, ਜਦੋਂ ਉਹ ਇੰਦਰਜੀਤ ਦੇ ਟਾਊਟ ਸਾਹਿਬ ਸਿੰਘ ਨੂੰ ਮਿਲਿਆ, ਜਿਸ ਨੇ ਉਸ ਨੂੰ ਦੱਸਿਆ ਕਿ ਜੇਕਰ ਇੰਦਰਜੀਤ ਨੂੰ 25 ਲੱਖ ਰੁਪਏ ਦਿੱਤੇ ਜਾਂਦੇ ਤਾਂ ਉਸ ਨੂੰ ਰਾਹਤ ਮਿਲ ਸਕਦੀ ਸੀ। ਇਸ ਦੌਰਾਨ, ਇੰਦਰਜੀਤ ਨੇ ਸਤਾਰਪਾਲ ਦੇ ਪਿਤਾ, ਪ੍ਰੇਮ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ, ਜਿਸ ਦੇ ਕੋਲੋਂ 200 ਗ੍ਰਾਮ ਹੈਰੋਇਨ ਬਰਾਮਦ ਹੋਈ ਦਿਖਾਈ ਗਈ ਸੀ।

ਸਤਾਰਪਾਲ ਦੇ ਖ਼ਿਲਾਫ਼ ਇਕ ਇਲਜ਼ਾਮ ਇਹ ਸੀ ਕਿ ਉਸਦੇ ਕੋਲ ਇਕ ਕਿਲੋਗ੍ਰਾਮ ਹੈਰੋਇਨ ਸੀ। ਐੱਨਡੀਪੀਐਸ ਐਕਟ ਅਨੁਸਾਰ, ਜਦੋਂ ਵੀ ਨਸ਼ੇ ਬਰਾਮਦ ਹੁੰਦੇ ਹਨ ਤਾਂ ਨਮੂਨੇ ਜਲਦੀ ਤੋਂ ਜਲਦੀ ਫੌਰੈਂਸਿਕ ਪ੍ਰਯੋਗਸ਼ਾਲਾ ਵਿਚ ਭੇਜੇ ਜਾਣੇ ਚਾਹੀਦੇ ਹਨ। ਜਦੋਂਕਿ, ਇੰਦਰਜੀਤ ਦੀ ਟੀਮ ਨੇ ਕਈ ਮਹੀਨਿਆਂ ਬਾਅਦ ਨਮੂਨਾ ਭੇਜਿਆ। ਨਤੀਜੇ ਵਜੋਂ, ਸਾਰੇ ਦੋਸ਼ੀਆਂ ਨੂੰ ਅਦਾਲਤ ਨੇ ਜ਼ਮਾਨਤ ਦੇ ਦਿੱਤੀ। ਸਿੱਟ ਨੂੰ ਬਾਅਦ ਵਿਚ ਪਤਾ ਲੱਗਾ ਕਿ ਪੰਜਾਹ ਤੋਂ ਵੱਧ ਨਮੂਨੇ ਜੋ ਖਰੜ ਵਿਖੇ ਫੌਰੈਂਸਿਕ ਸਾਇੰਸ ਲੈਬਾਰਟਰੀ, ਪੰਜਾਬ ਨੂੰ ਭੇਜੇ ਗਏ ਸਨ, ਉਨ੍ਹਾਂ ਦੇ ਸ਼ੱਕੀ ਨਤੀਜੇ ਵਾਪਸ ਆਏ।

ਇਕ ਗੁਰਜੀਤ ਸਿੰਘ ਨਾਂ ਦੇ ਵਿਅਕਤੀ ਦੇ ਖ਼ਿਲਾਫ਼ ਇਕ ਹੋਰ ਮਾਮਲੇ ਵਿਚ, ਇੰਦਰਜੀਤ ਨੇ ਉਸਦੇ ਘਰੋਂ 60 ਲੱਖ ਰੁਪਏ ਬਰਾਮਦ ਕੀਤੇ ਪਰ ਰਿਕਾਰਡ ਵਿਚ ਸਿਰਫ 36 ਲੱਖ ਰੁਪਏ ਹੀ ਦਿਖਾਏ ਗਏ। ਕੁਝ ਦਿਨਾਂ ਬਾਅਦ, ਤਰਨ ਤਾਰਨ ਸੀਆਈਏ ਵਿਚ ਸਹਾਇਕ ਸਬ-ਇੰਸਪੈਕਟਰ ਅਤੇ ਇੰਦਰਜੀਤ ਦੇ ਟਾਊਟ ਸਾਹਬ ਸਿੰਘ ਦੇ ਜੀਜਾ ਬਲਵਿੰਦਰ ਸਿੰਘ ਨੇ ਉਸ ਦੇ ਘਰ ਦੁਬਾਰਾ ਛਾਪਾ ਮਾਰਿਆ ਅਤੇ ਗਹਿਣੇ, ਘਰ ਦਾ ਸਾਮਾਨ, ਫਰਨੀਚਰ ਅਤੇ ਇੱਥੋਂ ਤੱਕ ਕਿ ਗੁਰਜੀਤ ਦੇ ਕੱਪੜੇ ਵੀ ਚੁੱਕ ਕੇ ਲੈ ਗਿਆ। ਅੰਤ ਵਿਚ, ਗੁਰਜੀਤ ਦੀ ਪਤਨੀ ਨੂੰ ਉਨ੍ਹਾਂ ਦੇ ਘਰ ਦੇ ਰਜਿਸਟਰੀ ਦੇ ਦਸਤਾਵੇਜ਼ ਬਲਵਿੰਦਰ ਦੇ ਨਾਂ ਟ੍ਰਾਂਸਫਰ ਕਰਨ ਲਈ ਕਿਹਾ ਗਿਆ। 35 ਲੱਖ ਰੁਪਏ ਦੇਣ ਤੋਂ ਬਾਅਦ ਗੁਰਜੀਤ ਨੂੰ ਜ਼ਮਾਨਤ ਦੇ ਦਿੱਤੀ ਗਈ। ਉਸ ਦਾ ਚਲਾਨ ਅਦਾਲਤ ਵਿਚ ਬਹੁਤ ਦੇਰ ਨਾਲ ਪੇਸ਼ ਕੀਤਾ ਗਿਆ।

ਐੱਨਡੀਪੀਐੱਸ ਐਕਟ ਅਨੁਸਾਰ, ਸਿਰਫ਼ ਸਹਾਇਕ ਸਬ-ਇੰਸਪੈਕਟਰ ਜਾਂ ਇਸ ਤੋਂ ਉੱਚੇ ਦਰਜੇ ਦੇ ਅਧਿਕਾਰੀ ਹੀ ਡਰੱਗ ਦੇ ਕੇਸ ਦਰਜ ਕਰ ਜਾਂ ਜਾਂਚ ਕਰ ਸਕਦੇ ਹਨ। ਹੁੰਦਲ ਨੇ ਇੰਦਰਜੀਤ ਨੂੰ ਐਕਟ ਦੇ ਤਹਿਤ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦੀ ਇਜਾਜ਼ਤ ਦੇ ਦਿੱਤੀ ਹਾਲਾਂਕਿ ਉਹ ਏਐੱਸਆਈ ਨਹੀਂ ਬਣਿਆ ਸੀ। ਇਕ ਸਰਕਾਰੀ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਉਸਦਾ ਮੁੱਖ ਦਰਜਾ ਇਕ ਹੈੱਡ ਕਾਂਸਟੇਬਲ ਦਾ ਸੀ। ਇਸ ਕਾਰਨ ਬਹੁਤ ਸਾਰੇ ਮੁਲਜ਼ਮ ਬਰੀ ਹੋ ਗਏ। ਅਦਾਲਤ ਵਿਚ, ਇੰਦਰਜੀਤ ਖ਼ੁਦ ਗਵਾਹਾਂ ਦੇ ਬਿਆਨਾਂ, ਬਰਾਮਦਗੀ ਦੀ ਤਾਰੀਕ ਜਾਂ ਬਰਾਮਦ ਕੀਤੇ ਵਾਹਨਾਂ ਦੇ ਰਜਿਸਟ੍ਰੇਸ਼ਨ ਨੰਬਰ ਵਿਚ ਕੁਜੋੜਤਾ ਨੂੰ ਖ਼ੁਦ ਸਵੀਕਾਰ ਕਰ ਲੈਂਦਾ, ਜਿਸ ਨਾਲ ਹੋਰ ਦੋਸ਼ੀ ਬਰੀ ਹੋ ਜਾਂਦੇ।

ਸਿੱਟ ਨੇ ਇੰਦਰਜੀਤ ਦੀ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮਿਲੀਭੁਗਤ ਦੀ ਵੀ ਜਾਂਚ ਕੀਤੀ। ਹੁੰਦਲ ਨੇ ਕਥਿਤ ਤੌਰ 'ਤੇ ਸਿੱਟ ਨੂੰ ਦੱਸਿਆ ਕਿ ਇੰਦਰਜੀਤ ਨੇ ਉਸ ਨਾਲ ਸਿਰਫ ਚੌਦਾਂ ਮਹੀਨੇ ਕੰਮ ਕੀਤਾ ਸੀ, ਅਤੇ ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਬਹੁਤ ਸਾਰੇ ਅਧਿਕਾਰੀਆਂ ਨਾਲ ਵੀ ਇੰਦਰਜੀਤ ਤਾਇਨਾਤ ਰਿਹਾ ਸੀ। ਸਿੱਟ ਨੇ ਹੁੰਦਲ ਦੀਆਂ 2012 ਤੋਂ ਪ੍ਰਾਪਤ ਕੀਤੀਆਂ ਜਾਇਦਾਦਾਂ ਦੇ ਵੇਰਵੇ ਇਕੱਠੇ ਕਰਨੇ ਵੀ ਸ਼ੁਰੂ ਕਰ ਦਿੱਤੇ ਸਨ, ਜਿਸ ਵਿਚ ਉਹ ਫੰਡਾਂ ਦੇ ਸਰੋਤ ਵੀ ਸ਼ਾਮਲ ਸਨ ਜੋ ਉਹ ਇਨ੍ਹਾਂ ਜਾਇਦਾਦਾਂ ਨੂੰ ਖ਼ਰੀਦਣ ਲਈ ਵਰਤਦਾ ਸੀ।

ਅੰਮ੍ਰਿਤਸਰ ਵਿਚ ਇੰਦਰਜੀਤ ਵਿਰੁੱਧ 15 ਜੂਨ 2006 ਨੂੰ ਇਕ ਕੇਸ ਸੰਬੰਧਤ ਪੁਲਿਸ ਥਾਣੇ ਦੀ ਮਾਸਿਕ ਅਪਰਾਧ ਡਾਇਰੀ ਵਿੱਚੋਂ ਰਹੱਸਮਈ ਤਰੀਕੇ ਨਾਲ ਮਿਟਾਇਆ ਗਿਆ ਮਿਲਿਆ ਸੀ। ਰਾਜ ਦੀ ਭ੍ਰਿਸ਼ਟਾਚਾਰ ਵਿਰੋਧੀ ਸੰਸਥਾ ਵਿਜੀਲੈਂਸ ਬਿਊਰੋ ਵਿਚ ਵੀ ਇੰਦਰਜੀਤ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕਈ ਮਾਮਲੇ ਬਕਾਇਆ ਸਨ।

ਐੱਸਟੀਐੱਫ ਨੇ 12 ਜੂਨ 2017 ਨੂੰ

ਇੰਦਰਜੀਤ ਨੂੰ ਕਪੂਰਥਲਾ ਵਿਚ ਗ੍ਰਿਫ਼ਤਾਰ ਕੀਤਾ ਸੀ, ਉਸ ਦੀ ਜਲੰਧਰ ਅਤੇ ਫਗਵਾੜਾ ਵਿਚ ਸਥਿਤ ਦੋ ਸਰਕਾਰੀ ਰਿਹਾਇਸ਼ਾਂ ਤੋਂ ਹੈਰੋਇਨ ਬਰਾਮਦ ਹੋਈ ਸੀ। ਉਸ ਨੂੰ 16 ਜੂਨ ਨੂੰ ਜਲੰਧਰ ਦੇ ਐੱਸਐੱਸਪੀ ਸੰਦੀਪ ਕੁਮਾਰ ਸ਼ਰਮਾ, ਨੇ ਬਰਖ਼ਾਸਤ ਕਰ ਦਿੱਤਾ ਸੀ। ਇਕ ਸਹਾਇਕ ਸਬ-ਇੰਸਪੈਕਟਰ ਅਤੇ ਇੰਦਰਜੀਤ ਦੇ ਕਰੀਬੀ ਸਹਿਯੋਗੀ ਅਜਾਇਬ ਸਿੰਘ ਨੂੰ ਵੀ ਬਰਖ਼ਾਸਤ ਕਰ ਦਿੱਤਾ ਗਿਆ ਸੀ। ਈਡੀ ਦੇ ਇਕ ਸੀਨੀਅਰ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਚਟੋਪਾਧਿਆਏ ਨੇ ਈਡੀ ਨੂੰ ਲਿਖੇ ਇਕ ਪੱਤਰ ਵਿਚ ਦੋਸ਼ ਲਾਇਆ ਸੀ ਕਿ ਇੰਦਰਜੀਤ, ਹੁੰਦਲ ਅਤੇ ਹੋਰਨਾਂ ਨੇ ਗੈਰਕਨੂੰਨੀ ਤਰੀਕਿਆਂ ਨਾਲ ਇਕੱਠੇ ਕੀਤੇ ਪੈਸੇ ਲੁਕੋਏ ਹੋਏ ਸਨ ਅਤੇ ਉਹ ਮਨੀ ਲਾਂਡਰਿੰਗ ਵਿਚ ਵੀ ਲੱਗੇ ਹੋਏ ਸਨ, ਪਰ ਉਨ੍ਹਾਂ ਨੇ ਹੋਰ ਸਬੂਤ ਮੁਹੱਈਆ ਨਹੀਂ ਕਰਵਾਏ ਜਾਂ ਮੰਗੇ ਨਹੀਂ ਸਨ।

ਜੁਲਾਈ 2018 ਵਿਚ, ਪੰਜਾਬ ਵਿਜੀਲੈਂਸ ਬਿਊਰੋ ਨੇ ਹੁੰਦਲ ਨੂੰ ਭਾਰਤ ਛੱਡਣ ਤੋਂ ਰੋਕਣ ਲਈ ਮੁਲਕ ਦੇ ਸਾਰੇ ਹਵਾਈ ਅੱਡਿਆਂ ਨੂੰ ਲੁੱਕਆਊਟ ਨੋਟਿਸ ਭੇਜਿਆ। ਇਹ ਇੰਦਰਜੀਤ ਵੱਲੋਂ ਉਸ ਦਾ ਨਾਂ ਨਸ਼ਿਆਂ ਦੇ ਸੌਦਿਆਂ ਦੇ ਰਾਜ਼ੇ ਅਤੇ ਸਰਪ੍ਰਸਤ ਵਜੋਂ ਲੈਣ ਤੋਂ ਬਾਦ ਭੇਜਿਆ ਗਿਆ। ਹੁਣ, ਤਿੰਨ ਸਾਲ ਬਾਅਦ, ਹੁੰਦਲ ਮੋਹਾਲੀ ਵਿਚ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਵਿਖੇ ਸੀਨੀਅਰ ਪੁਲਿਸ ਸੁਪਰਡੈਂਟ ਦੇ ਅਹੁਦੇ 'ਤੇ ਹੈ।

ਹੁੰਦਲ ਨੇ ਇਸ ਸਟੋਰੀ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ, ਇਹ ਕਹਿੰਦਿਆਂ ਕਿ ਇਹ ਕੇਸ ਸੁਣਵਾਈ ਅਧੀਨ ਹੈ। ਹਾਲਾਂਕਿ, ਉਹ ਇਹ ਗੱਲ ਰਿਕਾਰਡ 'ਚ ਲਿਆਉਣਾ ਚਾਹੁੰਦਾ ਸੀ ਕਿ ਉਸ ਨੇ ਖ਼ੁਦ ਸਿੱਟ ਦੁਆਰਾ ਆਪਣੇ ਕੇਸ ਦੀ ਨਿਰਪੱਖ ਜਾਂਚ ਲਈ ਅਦਾਲਤ ਤੱਕ ਪਹੁੰਚ ਕੀਤੀ ਸੀ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਹਾਈ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਉਸ ਨਾਲ ਸੰਬੰਧਤ ਸਿੱਟ ਰਿਪੋਰਟਾਂ ਖੋਲ੍ਹੀਆਂ ਜਾਣ।

ਇਕ ਸੀਨੀਅਰ ਪੁਲਿਸ ਅਧਿਕਾਰੀ, ਜੋ ਆਪਣਾ ਨਾਂ ਨਹੀਂ ਦੱਸਣਾ ਚਾਹੁੰਦਾ ਸੀ, ਨੇ ਸਾਨੂੰ ਦੱਸਿਆ ਕਿ ਹੁੰਦਲ ਦੀ ਪੰਜਾਬ ਵਿਚ ਟਾਰਗੇਟਿਡ ਕਤਲਾਂ ਨਾਲ ਜੁੜੇ ਇਕ ਮਾਮਲੇ ਕਾਰਨ ਕੁਝ ਸੀਨੀਅਰ ਅਧਿਕਾਰੀਆਂ 'ਚ ਚੰਗੀ ਸਾਖ ਸੀ। ਅਧਿਕਾਰੀ ਨੇ ਕਿਹਾ, "ਰਾਜ ਜੀਤ ਉਸ ਟੀਮ ਦਾ ਮੈਂਬਰ ਸੀ ਜਿਸ ਨੇ ਇਕ ਮਹੱਤਵਪੂਰਨ ਕੇਸ ਨੂੰ ਸੁਲਝਾਇਆ। ਇਸ ਦੌਰਾਨ, ਰਾਜ ਜੀਤ ਵਿਰੁੱਧ ਇਹ ਦੋਸ਼ ਸਾਹਮਣੇ ਆਏ। ਇਸ ਕੇਸ ਤੋਂ ਬਾਅਦ ਰਾਜ ਜੀਤ ਨੂੰ ਧਮਕੀਆਂ ਵੀ ਮਿਲ ਰਹੀਆਂ ਸਨ, ਅਤੇ ਵਿਭਾਗ ਤੇ ਸੀਨੀਅਰਾਂ ਨੇ ਕਿਤੇ ਨਾ ਕਿਤੇ ਉਸ ਦੇ ਨਾਲ ਖੜ੍ਹੇ ਹੋਣ ਦਾ ਫ਼ੈਸਲਾ ਕੀਤਾ, ਜਦੋਂ ਕਿ ਡਰੱਗ ਮਾਫ਼ੀਆ ਨਾਲ ਉਸ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ ਹਾਈ ਕੋਰਟ ਦੁਆਰਾ ਬਣਾਈ ਗਈ ਸਿੱਟ ਵੱਲੋਂ ਕੀਤੀ ਜਾ ਰਹੀ ਸੀ।

15 ਮਾਰਚ 2018 ਨੂੰ, ਜਦੋਂ ਦੂਜੀ ਸਿੱਟ ਰਿਪੋਰਟ ਪੇਸ਼ ਕੀਤੀ ਗਈ ਸੀ ਤਾਂ ਚਟੋਪਾਧਿਆਏ ਨੇ ਕੁਝ ਸੰਵੇਦਨਸ਼ੀਲ ਮੁੱਦਿਆਂ 'ਤੇ ਜਾਣਕਾਰੀ ਦੇਣ ਲਈ ਹਾਈ ਕੋਰਟ ਨੂੰ ਵਿਸ਼ੇਸ਼ ਬੇਨਤੀ ਕੀਤੀ ਸੀ। ਉਸਨੂੰ ਪੰਜਾਬ ਦੇ ਐਡਵੋਕੇਟ ਜਨਰਲ ਦੇ ਨਾਲ, ਜੱਜਾਂ ਦੇ ਚੈਂਬਰਾਂ ਵਿਚ ਬੁਲਾਇਆ ਗਿਆ ਸੀ। ਚਟੋਪਾਧਿਆਏ ਨੇ ਜੱਜਾਂ ਨੂੰ ਦੱਸਿਆ ਕਿ "ਉਸ ਨੂੰ ਉਨ੍ਹਾਂ ਉੱਚ ਅਧਿਕਾਰੀਆਂ ਦੇ ਕਹਿਣ 'ਤੇ ਖ਼ੁਦਕੁਸ਼ੀ ਮਾਮਲੇ ਸੰਬੰਧੀ ਐੱਫਆਈਆਰ ਵਿਚ ਝੂਠਾ ਫਸਾਇਆ ਜਾ ਰਿਹਾ ਹੈ, ਜਿਨ੍ਹਾਂ ਦੀ ਭੂਮਿਕਾ ਰਾਜ ਜੀਤ ਸਿੰਘ ਅਤੇ ਇੰਦਰਜੀਤ ਸਿੰਘ ਨਾਲ ਨੇੜਿਓਂ ਜੁੜੇ ਹੋਣ ਕਾਰਨ ਜਾਂਚ ਅਧੀਨ ਹੈ।"

ਐੱਫਆਈਆਰ ਪ੍ਰਭਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਅਧਾਰਤ ਸੀ, ਜਿਸ ਦੇ ਪਿਤਾ ਇੰਦਰਪ੍ਰੀਤ ਸਿੰਘ ਚੱਢਾ ਦੀ ਉਸੇ ਸਾਲ ਜਨਵਰੀ ਵਿਚ ਖ਼ੁਦਕੁਸ਼ੀ ਕਰਕੇ ਮੌਤ ਹੋ ਗਈ ਸੀ। 5 ਅਪ੍ਰੈਲ ਨੂੰ ਹਾਈ ਕੋਰਟ ਨੂੰ ਦਿੱਤੀ ਅਰਜ਼ੀ ਵਿਚ ਚਟੋਪਾਧਿਆਏ ਨੇ ਕਿਹਾ ਕਿ ਚੱਡਾ ਵੱਲੋਂ ਆਪਣੇ ਪਿੱਛੇ ਛੱਡੇ ਗਏ ਦੋ ਖ਼ੁਦਕੁਸ਼ੀ ਨੋਟਾਂ ਵਿਚ ਉਨ੍ਹਾਂ ਦਾ ਨਾਮ ਨਹੀਂ ਸੀ। ਉਸਨੇ ਅੱਗੇ ਦਾਅਵਾ ਕੀਤਾ ਕਿ ਚੱਡਾ ਨੇ ਆਪਣੀ ਜਾਨ "ਕੁਝ ਵਾਇਰਲ ਹੋਏ ਵੀਡੀਓ ਦੇ ਕਾਰਨ ਹੋਈ ਬਦਨਾਮੀ ਕਰਕੇ" ਖ਼ੁਦ ਲਈ ਸੀ ਜਿੱਥੇ ਉਸਦੇ ਪਿਤਾ ਨੂੰ ਇਕ ਸਕੂਲ ਦੇ ਪ੍ਰਿੰਸੀਪਲ ਦੇ ਨਾਲ ਇਤਰਾਜ਼ਯੋਗ ਹਾਲਤ ਵਿਚ ਦਿਖਾਇਆ ਗਿਆ ਸੀ।"

ਇਸ ਮਾਮਲੇ ਦੀ ਜਾਂਚ ਲਈ ਇੰਸਪੈਕਟਰ ਜਨਰਲ ਕ੍ਰਾਈਮ ਐੱਲ ਕੇ ਯਾਦਵ ਦੀ ਅਗਵਾਈ ਵਿਚ ਇਕ ਸਿੱਟ ਦਾ ਗਠਨ ਕੀਤਾ ਗਿਆ ਸੀ। ਚਟੋਪਾਧਿਆਏ ਨੇ ਕਿਹਾ ਕਿ, ਉਸ ਵਕਤ ਡਰੱਗ ਮਾਮਲੇ ਵਿਚ ਉਸ ਦੀ ਜਾਂਚ ਨੇ ਸੁਰੇਸ਼ ਅਰੋੜਾ, ਜੋ ਉਸ ਸਮੇਂ ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ ਸਨ ਅਤੇ ਦਿਨਕਰ ਗੁਪਤਾ ਨੂੰ ਫਸਾਇਆ ਸੀ, ਜੋ ਅਗਲੇ ਸਾਲ ਅਰੋੜਾ ਤੋਂ ਬਾਅਦ ਡੀਜੀਪੀ ਬਣਨਗੇ। ਇਕ ਸੀਨੀਅਰ ਆਮਦਨ-ਕਰ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਚਟੋਪਾਧਿਆਏ ਨੇ ਅਰੋੜਾ ਅਤੇ ਗੁਪਤਾ ਦੀਆਂ ਜਾਇਦਾਦਾਂ ਬਾਰੇ ਆਮਦਨ-ਕਰ ਵਿਭਾਗ ਤੋਂ ਰਿਕਾਰਡ ਮੰਗਿਆ ਸੀ। ਅਧਿਕਾਰੀ ਨੇ ਕਿਹਾ ਕਿ ਉਸਨੇ ਜਵਾਬ 'ਚ ਕਿਹਾ ਕਿ ਉਸ ਕੋਲ ਅਜਿਹਾ ਕੋਈ ਵੇਰਵਾ ਨਹੀਂ ਹੈ।

ਅਰੋੜਾ ਅਤੇ ਗੁਪਤਾ ਦੀ ਇੰਦਰਜੀਤ ਅਤੇ ਹੁੰਦਲ ਨਾਲ ਸ਼ਮੂਲੀਅਤ ਦੀ ਜਾਂਚ ਕੀਤੀ ਜਾ ਰਹੀ ਹੈ। ਚਟੋਪਾਧਿਆਏ ਨੇ ਹਾਈ ਕੋਰਟ ਨੂੰ ਦੱਸਿਆ, "ਇਹ ਦੱਸਣਾ ਮਹੱਤਵਪੂਰਨ ਹੈ ਕਿ ਉਪਰੋਕਤ ਸਭ ਤੋਂ ਸੀਨੀਅਰ ਅਧਿਕਾਰੀ ਆਈਜੀਪੀ ਕ੍ਰਾਈਮ ਐੱਲਜੀ ਯਾਦਵ ਦੇ ਮਤਹਿਤ ਸਿੱਟ ਦੇ ਮੈਂਬਰਾਂ ਦੇ ਨਿਗਰਾਨ ਅਧਿਕਾਰੀ ਹਨ।" ਉਸ ਨੇ ਹੋਰ ਕਿਹਾ, "ਸਿੱਟ ਦੇ ਮੈਂਬਰਾਂ ਦੀ ਤਰੱਕੀ, ਪੋਸਟਿੰਗ ਅਤੇ ਕਰੀਅਰ ਦਾ ਅੱਗੇ ਵਧਣਾ ਇਨ੍ਹਾਂ ਸੀਨੀਅਰ ਅਧਿਕਾਰੀਆਂ ਦੇ ਹੱਥਾਂ 'ਚ ਹੈ।"

ਯਾਦਵ ਨੇ 2 ਅਪ੍ਰੈਲ ਨੂੰ ਚਟੋਪਾਧਿਆਏ ਨੂੰ ਇਕ ਸਵਾਲਨਾਮਾ ਜਾਰੀ ਕੀਤਾ ਸੀ। ਅਗਲੀ ਸ਼ਾਮ, ਚਟੋਪਾਧਿਆਏ ਨੂੰ ਇਕ ਪ੍ਰਮੁੱਖ ਅਖ਼ਬਾਰ ਦੇ ਪੱਤਰਕਾਰ ਵੱਲੋਂ ਸਵਾਲਨਾਮੇ ਦੇ ਪੂਰੇ ਵੇਰਵਿਆਂ ਨਾਲ ਇਕ ਟੈਕਸਟ ਸੁਨੇਹਾ ਮਿਲਿਆ, ਜਿਸ ਵਿਚ ਉਸ ਦੀਆਂ ਟਿੱਪਣੀਆਂ ਮੰਗੀਆਂ ਗਈਆਂ। 4 ਅਪ੍ਰੈਲ ਨੂੰ, ਯਾਦਵ ਵੱਲੋਂ ਸਿੱਟ ਦੀ ਜਾਂਚ ਦੇ ਸਾਰੇ ਗੁਪਤ ਵੇਰਵੇ ਅਖ਼ਬਾਰ ਵਿਚ ਛਪ ਗਏ। ਚਟੋਪਾਧਿਆਏ ਨੇ ਕਿਹਾ, "ਇਹ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਹ ਸਾਰੀ ਖੇਡ ਮੈਨੂੰ ਸ਼ਰਮਿੰਦਾ ਕਰਨ ਦੀ ਸੀ ਅਤੇ ਕਿਸੇ ਤਰ੍ਹਾਂ ਜਨਤਕ ਖੇਤਰ ਵਿਚ ਮੇਰੀ ਦਿਆਨਤਦਾਰੀ 'ਤੇ ਸਵਾਲ ਉਠਾਉਣ ਲਈ ਸੀ।" ਆਪਣੀ ਅਰਜ਼ੀ ਵਿਚ, ਚਟੋਪਾਧਿਆਏ ਨੇ ਦਲੀਲ ਦਿੱਤੀ ਕਿ ਉਸ ਨੂੰ ਨਸ਼ਿਆਂ ਦੀ ਜਾਂਚ ਦਾ ਰਾਹ ਬਦਲਣ ਲਈ ਦਬਾਓ ਪਾਉਣ ਲਈ ਇਕ ਐੱਫਆਈਆਰ ਵਿਚ ਉਸ ਦਾ ਨਾਂ ਲਿਆ ਗਿਆ ਸੀ। ਉਸ ਨੇ ਇਹ ਵੀ ਬੇਨਤੀ ਕੀਤੀ ਕਿ ਚੱਢਾ ਮਾਮਲਾ ਕੇਂਦਰੀ ਜਾਂਚ ਬਿਊਰੋ ਜਾਂ ਹਾਈ ਕੋਰਟ ਦੇ ਸੇਵਾਮੁਕਤ ਜੱਜ ਨੂੰ ਸੌਂਪਿਆ ਜਾਵੇ।




7 ਅਪ੍ਰੈਲ ਨੂੰ ਹਾਈਕੋਰਟ ਨੇ ਚੱਢਾ ਮਾਮਲੇ 'ਚ ਚਟੋਪਾਧਿਆਏ ਦੇ ਖ਼ਿਲਾਫ਼ ਕਾਰਵਾਈ ਉੱਪਰ ਰੋਕ ਲਗਾ ਦਿੱਤੀ। ਚਟੋਪਾਧਿਆਏ ਦੀ ਨੁਮਾਇੰਦਗੀ ਕਰਨ ਵਾਲੇ ਅਨੁਪਮ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਚਟੋਪਾਧਿਆਏ ਨੂੰ "ਸੂਤ" ਕਰਨ ਦੇ ਇੱਕੋਇਕ ਉਦੇਸ਼ ਨਾਲ ਅਰੋੜਾ ਅਤੇ ਗੁਪਤਾ ਵੱਲੋਂ ਖ਼ੁਦਕੁਸ਼ੀ ਮਾਮਲੇ ਦੀ ਜਾਂਚ ਦੀ ਹਰ ਘੰਟੇ ਸਿੱਧੀ ਨਿਗਰਾਨੀ ਕੀਤੀ ਜਾ ਰਹੀ ਸੀ। ਨਸ਼ੀਲੇ ਪਦਾਰਥਾਂ ਦੇ ਤਸਕਰੀ ਕੇਸ ਦੇ ਦਸਤਾਵੇਜ਼ਾਂ ਨਾਲ ਸਟੇਟਸ ਰਿਪੋਰਟ, ਅਤੇ ਨਾਲ ਹੀ ਚਟੋਪਾਧਿਆਏ ਨੇ ਯਾਦਵ ਵੱਲੋਂ ਉਸ ਨੂੰ ਪ੍ਰੇਸ਼ਾਨ ਕਰਨ ਬਾਬਤ ਜੋ ਪੂਰਕ ਦਸਤਾਵੇਜ਼ ਲਗਾਏ ਸਨ, ਉਨ੍ਹਾਂ ਨੂੰ ਉਸ ਦਿਨ ਦੀ ਸੁਣਵਾਈ ਤੋਂ ਬਾਅਦ ਹਾਈ ਕੋਰਟ ਨੇ ਦੁਬਾਰਾ ਸੀਲ ਕਰ ਦਿੱਤਾ।

ਚੱਢਾ ਮਾਮਲੇ ਦੀ ਸਿੱਟ ਦੀ ਨਿਗਰਾਨੀ ਪੰਜਾਬ ਪੁਲਿਸ ਦੀ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਪ੍ਰਬੋਧ ਕੁਮਾਰ ਨੇ ਕੀਤੀ ਸੀ, ਜੋ ਚਟੋਪਾਧਿਆਏ ਦੀ ਅਗਵਾਈ ਵਾਲੀ ਸਿੱਟ ਦੇ ਮੈਂਬਰ ਵੀ ਸਨ। ਕਾਰਵਾਂ ਕੋਲ ਉਹ ਚਿੱਠੀ ਹੈ ਜੋ ਕੁਮਾਰ ਨੇ 20 ਅਪ੍ਰੈਲ 2018 ਨੂੰ ਰਾਜ ਦੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਨਿਰਮਲ ਜੀਤ ਸਿੰਘ ਕਲਸੀ ਨੂੰ ਭੇਜੀ ਸੀ। ਕੁਮਾਰ ਨੇ ਚਿੱਠੀ ਵਿਚ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਕੇਸ ਵਿਚ 15 ਮਾਰਚ 2018 ਨੂੰ ਸਿੱਟ ਦੀ ਦੂਜੀ ਰਿਪੋਰਟ ਪੇਸ਼ ਕਰਨ ਤੋਂ ਬਾਅਦ 5 ਅਪ੍ਰੈਲ ਤੱਕ ਸਿੱਟ ਦੀ ਕੋਈ ਰਸਮੀ ਜਾਂ ਗ਼ੈਰਰਸਮੀ ਮੀਟਿੰਗ ਨਹੀਂ ਹੋਈ। ਨਸ਼ੀਲੇ ਪਦਾਰਥ ਮਾਮਲੇ 'ਤੇ ਸਿੱਟ ਦੇ ਇਕ ਹੋਰ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਵੀ ਇਕ ਚਿੱਠੀ ਵਿਚ ਕਿਹਾ ਕਿ ਚਟੋਪਾਧਿਆਏ ਉਸ ਨੂੰ ਸ਼ਾਮਲ ਕੀਤੇ ਬਿਨਾਂ ਹੀ ਜਾਂਚ ਕਰਦੇ ਰਹੇ। ਉਸ ਨੇ ਕਿਹਾ ਕਿ, ਹਾਲਾਂਕਿ ਅਪ੍ਰੈਲ ਵਿਚ ਦੋ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿਚ ਪ੍ਰਬੋਧ ਕੁਮਾਰ ਵੀ ਮੌਜੂਦ ਸੀ, ਜਾਂਚ ਸੰਬੰਧੀ ਕਿਸੇ ਵੀ ਚੀਜ਼ ਬਾਰੇ ਵਿਚਾਰ-ਚਰਚਾ ਨਹੀਂ ਕੀਤੀ ਗਈ।

ਦੋਵਾਂ ਅਧਿਕਾਰੀਆਂ ਨੇ ਚੱਢਾ ਮਾਮਲੇ ਸੰਬੰਧੀ ਅਦਾਲਤ ਵਿਚ ਚਟੋਪਾਧਿਆਏ ਦੀ ਅਰਜ਼ੀ ਦੀ ਕੋਈ ਵੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਚਟੋਪਾਧਿਆਏ ਨੇ ਉਨ੍ਹਾਂ ਵੱਲੋਂ ਸਿੱਟ ਦੀ ਜਾਂਚ ਨੂੰ ਪ੍ਰਭਾਵਿਤ ਕਰਨ ਲਈ ਪਾਇਆ ਜਾ ਰਿਹਾ ਉਹ ਕਥਿਤ ਦਬਾਓ ਕਦੇ ਵੀ ਉਨ੍ਹਾਂ ਦੇ ਧਿਆਨ ਵਿਚ ਨਹੀਂ ਲਿਆਂਦਾ ਸੀ ਕਿ ਜਿਸ ਦਾ ਉਸ ਨੂੰ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਨੇ ਲਿਖਿਆ ਕਿ ਚਟੋਪਾਧਿਆਏ ਵੱਲੋਂ ਸਿੱਟ ਨੂੰ ਨਾਲ ਲਏ ਬਗ਼ੈਰ ਹੀ ਮਾਮਲੇ ਨੂੰ ਇਕ ਖ਼ਾਸ ਪਾਸੇ ਵੱਲ ਲਿਜਾਣ ਲਈ ਜਾਂਚ ਕੀਤੀ ਜਾ ਰਹੀ ਸੀ, ਅਤੇ ਉਹ ਆਪਣੇ ਆਪ ਨੂੰ ਉਸ ਕਾਰਵਾਈ ਤੋਂ ਵੱਖ ਕਰ ਰਹੇ ਸਨ।

ਸੀਨੀਅਰ ਪੁਲਿਸ ਅਧਿਕਾਰੀ, ਜਿਸ ਨੇ ਆਪਣਾ ਨਾਂ ਗੁਪਤ ਰੱਖਣਾ ਚਾਹਿਆ, ਨੇ ਕਿਹਾ ਕਿ ਚਟੋਪਾਧਿਆਏ ਨੂੰ ਸਿਰਫ਼ ਚੱਢਾ ਖ਼ੁਦਕੁਸ਼ੀ ਮਾਮਲੇ ਵਿਚ ਹੀ ਤਲਬ ਕੀਤਾ ਗਿਆ ਸੀ ਅਤੇ ਕੁਝ ਵੀ ਸਿੱਧੇ ਤੌਰ 'ਤੇ ਸਾਬਤ ਨਹੀਂ ਹੋਇਆ ਸੀ। ਪਰ, ਅਧਿਕਾਰੀ ਨੇ ਕਿਹਾ, ਕਿਉਂਕਿ ਚਟੋਪਾਧਿਆਏ ਦੀ ਰਾਜ ਦਾ ਡੀਜੀਪੀ ਬਣਨ ਦੀ ਖ਼ਵਾਇਸ਼ ਸੀ, ਇਸ ਲਈ ਉਸਨੇ ਜਾਂਚ 'ਤੇ ਰੋਕ ਦੀ ਮੰਗ ਕੀਤੀ ਅਤੇ ਅਰੋੜਾ ਅਤੇ ਗੁਪਤਾ ਦੇ ਨਾਂ ਇਸ ਵਿਚ ਘਸੀਟ ਲਏ। ਅਸੀਂ ਕਈ ਵਾਰ ਚਟੋਪਾਧਿਆਏ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਨਾਲ ਸੰਪਰਕ ਨਹੀਂ ਹੋ ਸਕਿਆ।

ਫਰਵਰੀ 2019 ਵਿਚ, ਦਿਨਕਰ ਗੁਪਤਾ ਨੂੰ ਰਾਜ ਪੁਲਿਸ ਮੁਖੀ ਨਿਯੁਕਤ ਕੀਤਾ ਗਿਆ ਸੀ। ਇਸ ਨਿਯੁਕਤੀ ਨੂੰ ਤੁਰੰਤ ਮੁਹੰਮਦ ਮੁਸਤਫਾ ਅਤੇ ਚਟੋਪਾਧਿਆਏ ਨੇ ਚੁਣੌਤੀ ਦਿੱਤੀ ਸੀ, ਜਿਨ੍ਹਾਂ ਦੇ ਨਾਂ ਇਸ ਅਹੁਦੇ ਲਈ ਵਿਚਾਰ ਅਧੀਨ ਸਨ ਅਤੇ ਅਮਰਿੰਦਰ ਸਿੰਘ ਸਰਕਾਰ ਵੱਲੋਂ ਬਣਾਈ ਗਈ ਉਮੀਦਵਾਰਾਂ ਦੀ ਸੂਚੀ ਵਿਚ ਉਨ੍ਹਾਂ ਦੀ ਵਧੇਰੇ ਸੀਨੀਅਰਤਾ ਸੀ। ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ ਨੇ ਜਨਵਰੀ 2020 ਵਿਚ ਗੁਪਤਾ ਦੀ ਨਿਯੁਕਤੀ ਨੂੰ ਇਸ ਆਧਾਰ 'ਤੇ ਰੱਦ ਕਰ ਦਿੱਤਾ ਸੀ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ ਚੋਣ ਅਮਲ ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਦਿਆਂ ਚਲਾਇਆ ਸੀ ਅਤੇ ਇਸ ਅਮਲ ਵਿਚ ਪੱਖਪਾਤ ਦਿਖਾਇਆ ਸੀ। ਯੂਪੀਐੱਸਸੀ ਨੇ ਗੁਪਤਾ ਸਮੇਤ ਤਿੰਨ ਅਧਿਕਾਰੀਆਂ ਨੂੰ ਸੂਚੀਬੱਧ ਕਰਨ ਲਈ ਚੁਣਿਆ ਸੀ। ਸਰਕਾਰ ਵੱਲੋਂ ਭੇਜੇ ਗਏ 12 ਨਾਵਾਂ ਦੀ ਸੂਚੀ ਵਿਚ ਤਿੰਨਾਂ ਨੂੰ ਪੰਜ ਹੋਰਨਾਂ ਤੋਂ ਹੇਠਾਂ ਰੱਖਿਆ ਗਿਆ ਸੀ।

ਕੈਟ ਨੇ ਕਿਹਾ ਕਿ ਚੋਣ ਕਮੇਟੀ ਨੂੰ ਆਪਣੇ ਨਿਯਮ ਵਿਚ ਘੁਸੇੜਣ ਦੀ ਇਜਾਜ਼ਤ ਨਹੀਂ, ਅਤੇ ਇਹ ਕਿ ਅੰਤਿਮ ਚੋਣ ਤਿੰਨ ਮਾਪਦੰਡਾਂ ਉੱਪਰ ਕੀਤੀ ਜਾਣੀ ਸੀ: ਸੇਵਾ ਦੀ ਲੰਬਾਈ, ਚੰਗਾ ਰਿਕਾਰਡ ਅਤੇ ਪੁਲਿਸ ਫੋਰਸ ਦੀ ਅਗਵਾਈ ਕਰਨ ਦਾ ਤਜ਼ਰਬਾ। ਸੁਰੇਸ਼ ਅਰੋੜਾ ਸੂਚੀਕਰਨ ਅਮਲ ਦਾ ਹਿੱਸਾ ਸੀ, ਹਾਲਾਂਕਿ ਉਸ ਨੂੰ ਡਰੱਗਜ਼ ਮਾਮਲੇ 'ਤੇ ਚੱਲ ਰਹੀ ਸੁਣਵਾਈ ਦੇ ਕਾਰਨ ਚਟੋਪਾਧਿਆਏ ਦੀ ਸਾਲਾਨਾ ਗੁਪਤ ਰਿਪੋਰਟ ਨੂੰ ਰਿਕਾਰਡ 'ਚ ਦਰਜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਹਾਲਾਂਕਿ ਹਾਈਕੋਰਟ ਨੇ ਗੁਪਤਾ ਦੇ ਪੱਖ 'ਚ ਕੈਟ ਦੇ ਆਦੇਸ਼ 'ਤੇ ਰੋਕ ਲਗਾ ਦਿੱਤੀ। ਦਸੰਬਰ ਤੱਕ, ਸੁਪਰੀਮ ਕੋਰਟ ਨੇ ਅਰੋੜਾ, ਗੁਪਤਾ, ਯੂਪੀਐੱਸਸੀ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦੇਣ ਤੋਂ ਬਾਅਦ ਆਪਣਾ ਜਵਾਬ ਦਾਇਰ ਕਰਨ ਦਾ ਨੋਟਿਸ ਦੇ ਦਿੱਤਾ।

ਅਰੋੜਾ ਅਤੇ ਗੁਪਤਾ ਦੋਵਾਂ ਨੇ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਗੁਪਤਾ ਨੇ ਦਲੀਲ ਦਿੱਤੀ ਕਿ, ਉਸ ਨੇ ਡੀਜੀਪੀ ਵਜੋਂ ਆਪਣੇ ਕਾਰਜਕਾਲ ਦੌਰਾਨ, ਪੰਜਾਬ ਨੇ ਨਸ਼ਿਆਂ ਦੇ ਸੰਕਟ ਨਾਲ ਨਜਿੱਠਣ ਵਿਚ ਮਹੱਤਵਪੂਰਨ ਪ੍ਰਗਤੀ ਕੀਤੀ ਸੀ। ਉਸ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਤੋਂ ਕਰੋੜਾਂ ਰੁਪਏ ਦੇ ਮੁੱਲ ਦੇ ਟ੍ਰੈਮਾਡੋਲ ਅਤੇ ਅਲਪਰਾਜ਼ੋਲਮ ਵਰਗੀਆਂ ਨਸ਼ੀਲੀਆਂ ਦਵਾਈਆਂ ਜ਼ਬਤ ਕੀਤੀਆਂ ਹਨ। ਉਸ ਨੇ ਅਗਸਤ 2020 ਵਿਚ ਦਿੱਲੀ ਵਿਚ ਇਕ ਪਿਉ-ਪੁੱਤਰ ਦੀ ਗ੍ਰਿਫ਼ਤਾਰੀ ਦਾ ਜ਼ਿਕਰ ਕੀਤਾ, ਉਸ ਨੇ ਕਿਹਾ ਕਿ ਉਹ ਨਸ਼ੀਲੀਆਂ ਦਵਾਈਆਂ ਦੇ ਲੱਗਭੱਗ ਸੱਤਰ ਫ਼ੀਸਦੀ ਗੈਰਕਾਨੂੰਨੀ ਵਪਾਰ ਨੂੰ ਕੰਟਰੋਲ ਕਰਦਾ ਹੈ ਅਤੇ 17 ਰਾਜਾਂ ਵਿਚ ਦਵਾਈਆਂ ਦੀ ਸਪਲਾਈ ਕਰ ਰਿਹਾ ਸੀ। ਉਸ ਇਹ ਵੀ ਕਿਹਾ ਕਿ 2017 ਤੋਂ ਲੈ ਕੇ ਹੁਣ ਤੱਕ ਸੌ ਤੋਂ ਵੱਧ ਪੁਲਿਸ ਅਧਿਕਾਰੀਆਂ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਹੋਣ ਕਾਰਨ ਬਰਖ਼ਾਸਤ ਕੀਤਾ ਗਿਆ ਹੈ।

2013 ਦੇ ਸਿਆਲ 'ਚ ਇਕ ਬਹੁਕਰੋੜੀ ਡਰੱਗ ਘੁਟਾਲਾ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਸੀ। ਪੰਜਾਬ ਪੁਲਿਸ ਨੇ ਇਕ ਸਾਬਕਾ ਪੁਰਸਕਾਰ ਜੇਤੂ ਪਹਿਲਵਾਨ ਜਗਦੀਸ਼ ਸਿੰਘ ਭੋਲਾ ਨੂੰ ਉਸ ਦੇ ਅਤੇ ਉਸ ਦੇ ਸਾਥੀਆਂ ਦੇ ਘਰੋਂ 20 ਕਰੋੜ ਰੁਪਏ ਦੀਆਂ ਦਵਾਈਆਂ ਬਰਾਮਦ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਸੀ। ਦਵਾਈਆਂ ਵਿਚ ਕ੍ਰਿਸਟਲ ਮੈਥਮਫੇਟਾਮਾਈਨ ਦੇ ਨਾਲ ਐਫੇਡਰਾਈਨ ਅਤੇ ਸੂਡੋ-ਐਫੇਡਰਾਈਨ ਵੀ ਸ਼ਾਮਿਲ ਸਨ ਜੋ ਸਿੰਥੈਟਿਕ ਨਸ਼ੀਲੀਆਂ ਦਵਾਈਆਂ ਬਣਾਉਣ 'ਚ ਵਰਤੇ ਜਾਣ ਵਾਲੇ ਪਦਾਰਥ ਹਨ।

ਪਿਛਲੇ ਦਹਾਕੇ ਵਿਚ ਭੋਲਾ ਦੀ ਸਾਖ ਨੂੰ ਪਹਿਲਾਂ ਹੀ ਨੁਕਸਾਨ ਪਹੁੰਚ ਚੁੱਕਾ ਸੀ, ਜਦੋਂ ਉਸ ਤੋਂ ਉਸਦਾ ਅਰਜਨ ਪੁਰਸਕਾਰ ਵਾਪਸ ਲੈ ਲਿਆ ਗਿਆ ਸੀ ਅਤੇ ਉਸ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਉਸਦੀ ਭੂਮਿਕਾ ਲਈ ਪੰਜਾਬ ਦੇ ਉਪ ਪੁਲਿਸ ਕਪਤਾਨ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਉਹ 2008 ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਨਿਗਰਾਨੀ ਹੇਠ ਸੀ। ਇਸ ਵਾਰ ਈਡੀ ਨੇ ਆਪਣੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਦੀ ਅਗਵਾਈ ਵਿਚ 25 ਮਾਰਚ 2013 ਨੂੰ ਇਕ ਐੱਫਆਈਆਰ ਦੇ ਅਧਾਰ 'ਤੇ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਇਕ ਕੇਸ ਦਰਜ ਕੀਤਾ ਸੀ ਜੋ ਉਸ ਮਹੀਨੇ ਦੇ ਸ਼ੁਰੂ ਵਿਚ ਫਤਿਹਗੜ੍ਹ ਸਾਹਿਬ ਵਿਚ ਦਰਜ ਕੀਤਾ ਗਿਆ ਸੀ। ਬਾਅਦ ਵਿਚ ਸੱਤ ਹੋਰ ਐੱਫਆਈਆਰ ਕੇਸ ਵਿਚ ਜੋੜੀਆਂ ਗਈਆਂ। ਭੋਲਾ ਨੂੰ 11 ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਦੋ ਮਹੀਨੇ ਬਾਅਦ, 23 ਜਨਵਰੀ 2014 ਨੂੰ, ਈਡੀ ਨੇ ਉਸ ਨੂੰ ਲਿਆ ਕੇ ਉਸ ਦਾ ਬਿਆਨ ਦਰਜ ਕਰ ਲਿਆ। ਭੋਲਾ ਨੇ ਨਸ਼ਿਆਂ ਦੇ ਕਾਰੋਬਾਰ ਵਿਚ ਆਪਣੀ ਭੂਮਿਕਾ ਸਵੀਕਾਰ ਕੀਤੀ ਪਰ ਇਸ ਨਾਲ ਜੁੜੇ ਕਈ ਲੋਕਾਂ ਦੇ ਨਾਂ ਵੀ ਲਏ, ਜਿਨ੍ਹਾਂ ਵਿਚ ਮਨਿੰਦਰ ਸਿੰਘ ਔਲਖ, ਜਾਂ ਬਿੱਟੂ, ਅਤੇ ਕੈਨੇਡਾ ਵਿਚ ਰਹਿ ਰਹੇ ਕਈ ਗੈਰ-ਨਿਵਾਸੀ ਭਾਰਤੀ ਸ਼ਾਮਲ ਹਨ। ਉਸ ਵੱਲੋਂ ਦੱਸੇ ਨਾਵਾਂ ਵਿਚ ਸ਼ਾਮਿਲ ਸਨ ਸਤਪ੍ਰੀਤ ਸਿੰਘ, ਜਿਸਨੂੰ ਸੱਤਾ ਵੀ ਕਿਹਾ ਜਾਂਦਾ ਹੈ; ਪਰਮਿੰਦਰ ਸਿੰਘ, ਜਾਂ ਪਿੰਡੀ; ਅਤੇ ਅਮਰਿੰਦਰ ਸਿੰਘ, ਜਾਂ ਲਾਡੀ। ਹਾਲਾਂਕਿ ਉਨ੍ਹਾਂ ਨੇ ਸਭ ਤੋਂ ਤਹਿਲਕਾ ਮਚਾਊ ਨਾਮ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਦੱਸਿਆ ਸੀ। ਜਦੋਂ ਕਿ ਬਾਅਦ ਵਿਚ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ ਨੇ ਆਪਣੇ ਹੱਥ 'ਚ ਲੈ ਲਿਆ, ਈਡੀ ਨੇ ਤਸਕਰੀ ਨਾਲ ਜੁੜੀ ਮਨੀ ਲਾਂਡਰਿੰਗ ਦੀ ਸਮਾਨਾਂਤਰ ਜਾਂਚ ਸ਼ੁਰੂ ਕੀਤੀ।

ਭੋਲਾ ਨੇ ਕਿਹਾ ਕਿ ਉਸ ਨੂੰ ਨਸ਼ੇ ਜਗਜੀਤ ਸਿੰਘ ਚਾਹਲ ਨਾਂ ਦਾ ਕਾਰੋਬਾਰੀ ਮੁਹੱਈਆ ਕਰਵਾਉਂਦਾ ਸੀ। ਚਾਹਲ ਕਈ ਟਾਇਰ ਕੰਪਨੀਆਂ ਅਤੇ ਤਿੰਨ ਫਾਰਮਾਸਿਊਟੀਕਲ ਯੂਨਿਟਾਂ ਦਾ ਮਾਲਕ ਸੀ। ਉਸਨੂੰ ਭੋਲਾ ਦੇ ਇਕਬਾਲੀਆ ਬਿਆਨ ਤੋਂ ਦੋ ਦਿਨ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਈਡੀ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਦੋਸ਼ੀ ਇਕ ਦੂਜੇ ਨੂੰ ਕਿਵੇਂ ਜਾਣਦੇ ਸਨ। ਚਾਹਲ ਨੇ ਦੱਸਿਆ ਕਿ ਉਹ ਬਿੱਟੂ ਦੇ ਨਾਲ ਤਿੰਨ ਵਾਰ ਸੱਤਾ, ਪਿੰਡੀ ਅਤੇ ਲਾਡੀ ਨੂੰ ਮਿਲ ਚੁੱਕਾ ਹੈ। ਉਸ ਨੇ ਈਡੀ ਨੂੰ ਦੱਸਿਆ, "ਇਹ ਵਿਅਕਤੀ ਮੇਰੇ ਕੋਲ ਸੂਡੋ-ਐਫੇਡਰਾਈਨ ਖ਼ਰੀਦਣ ਆਏ ਸਨ ਅਤੇ ਬਿੱਟੂ ਔਲਖ ਨੇ ਮੈਨੂੰ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਮੈਨੂੰ ਇਨ੍ਹਾਂ ਵਿਅਕਤੀਆਂ ਦੀ ਮੱਦਦ ਕਰਨੀ ਚਾਹੀਦੀ ਹੈ।" ਮਜੀਠੀਆ ਨਾਲ ਚਾਹਲ ਦਾ ਰਿਸ਼ਤਾ ਕਈ ਸਾਲ ਪੁਰਾਣਾ ਜਾਪਦਾ ਹੈ। ਉਸਨੇ ਬਾਅਦ ਵਿਚ ਦਿੱਤੇ ਇਕ ਬਿਆਨ ਵਿਚ ਕਿਹਾ ਕਿ, 2007 ਤੋਂ 2012 ਦਰਮਿਆਨ ਉਸ ਨੇ ਮਜੀਠੀਆ ਨੂੰ ਕਈ ਕਿਸ਼ਤਾਂ ਵਿਚ 35 ਲੱਖ ਰੁਪਏ ਨਕਦ ਦਿੱਤੇ ਸਨ ਕਿਉਂਕਿ ਸਿਆਸਤਦਾਨ ਨੂੰ "ਚੋਣਾਂ ਲਈ ਇਸ ਪੈਸੇ ਦੀ ਲੋੜ ਸੀ।"

ਬਿੱਟੂ, ਜਿਸਦਾ ਬਿਆਨ ਚਾਹਲ ਦਾ ਬਿਆਨ ਲਏ ਜਾਣ ਦੇ ਦਿਨ ਹੀ ਦਰਜ ਕੀਤਾ ਗਿਆ ਸੀ, ਨੇ ਕਿਹਾ ਕਿ "ਬਿਕਰਮ ਸਿੰਘ ਮਜੀਠੀਆ ਨੇ ਸਤਪ੍ਰੀਤ ਸਿੰਘ ਸੱਤਾ ਨੂੰ ਆਪਣੇ ਸਭ ਤੋਂ ਚੰਗੇ ਮਿੱਤਰ ਵਜੋਂ ਪੇਸ਼ ਕੀਤਾ," ਅਤੇ ਇਹ ਕਿ "ਸੱਤਾ ਮਜੀਠਾ ਹਲਕੇ ਤੋਂ ਉਸ ਦੀ ਐੱਮ.ਐੱਲ.ਏ. ਦੀ ਚੋਣ ਮੁਹਿੰਮ ਦਾ ਤਾਲਮੇਲ ਕਰ ਰਿਹਾ ਸੀ।" ਚਾਹਲ ਨੇ ਈਡੀ ਨੂੰ ਦੱਸਿਆ ਕਿ ਸੱਤਾ ਜਦੋਂ ਭਾਰਤ ਆਉਂਦਾ ਸੀ ਤਾਂ ਮਜੀਠੀਆ ਕੋਲ ਠਹਿਰਦਾ ਸੀ। ਉਸ ਨੇ ਕਿਹਾ, "ਜਦੋਂ ਵੀ ਇਹ ਤਿੰਨ ਵਿਅਕਤੀ ਭਾਰਤ ਆਉਂਦੇ ਸਨ, ਉਹ ਮਜੀਠੀਆ ਦੀ ਗ੍ਰੀਨ ਐਵੀਨਿਊ, ਅੰਮ੍ਰਿਤਸਰ ਵਾਲੀ ਰਿਹਾਇਸ਼ ਅਤੇ ਸੈਕਟਰ 39, ਚੰਡੀਗੜ੍ਹ ਵਿਚ ਮਜੀਠੀਆ ਨੂੰ ਅਲਾਟ ਕੀਤੀ ਸਰਕਾਰੀ ਰਿਹਾਇਸ਼ ਵਿਚ ਠਹਿਰਦੇ ਸਨ।"

ਬਿੱਟੂ ਨੇ ਇੱਥੋਂ ਤੱਕ ਕਿਹਾ ਕਿ "ਬਿਕਰਮ ਸਿੰਘ ਮਜੀਠੀਆ ਪੰਜਾਬ ਵਿਚ ਰਹਿਣ ਦੌਰਾਨ ਸਤਪ੍ਰੀਤ ਸੱਤਾ ਸਿੰਘ ਨੂੰ ਇਨੋਵਾ ਕਾਰ, ਇਕ ਡਰਾਈਵਰ ਅਤੇ ਇਕ ਗੰਨਮੈਨ ਮੁਹੱਈਆ ਕਰਵਾਉਂਦਾ ਸੀ।" ਚਾਹਲ ਨੇ ਗੰਨਮੈਨ ਦਾ ਵੀ ਜ਼ਿਕਰ



ਕੀਤਾ।

ਐੱਸ.ਟੀ.ਐੱਫ. ਦੀ ਰਿਪੋਰਟ ਅਨੁਸਾਰ, ਚਾਹਲ ਨੇ ਇਹ ਵੀ ਕਿਹਾ ਸੀ ਕਿ ਮਜੀਠੀਆ ਬਿੱਟੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਦੇ ਨਾਲ ਮਾਈਨਿੰਗ ਦੇ ਕਾਰੋਬਾਰ ਵਿਚ ਸ਼ਾਮਲ ਸੀ। ਐੱਸ.ਟੀ.ਐੱਫ. ਦਾ ਮੰਨਣਾ ਹੈ ਕਿ ਰੇਤ ਦੇ ਖਣਨ ਦਾ ਮੁੱਦਾ ਵੀ ਮਹੱਤਵਪੂਰਣ ਸੀ, ਕਿਉਂਕਿ ਜਿਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਕੀਤੀ ਜਾ ਰਹੀ ਸੀ ਇਹ ਵੀ ਉਸੇ ਅਰਸੇ 'ਚ ਹੋਣ ਦੀ ਸੰਭਾਵਨਾ ਸੀ। ਇਸ ਨੇ ਦਲੀਲ ਦਿੱਤੀ ਕਿ ਮਜੀਠੀਆ ਦੀ ਰੇਤ-ਖਣਨ ਦੇ ਕਾਰੋਬਾਰ ਵਿਚ ਕਥਿਤ ਸ਼ਮੂਲੀਅਤ, ਜਦੋਂ ਕਿ ਉਹ 2007 ਤੋਂ ਲੈ ਕੇ ਪੰਜਾਬ ਸਰਕਾਰ ਵਿਚ ਮੰਤਰੀ ਸੀ, ਇਕ ਮਹੱਤਵਪੂਰਨ ਮੁੱਦਾ ਹੈ ਅਤੇ ਇਸ ਦੀ ਹੋਰ ਜਾਂਚਾਂ ਰਾਹੀਂ ਤਸਦੀਕ ਕਰਨ ਦੀ ਲੋੜ ਹੈ।

26 ਦਸੰਬਰ 2014 ਨੂੰ, ਮਜੀਠੀਆ ਤੋਂ ਉਸ ਸਮੇਂ ਈਡੀ ਦੇ ਸਹਾਇਕ ਨਿਰਦੇਸ਼ਕ ਨਿਰੰਜਨ ਸਿੰਘ ਨੇ ਪੁੱਛਗਿੱਛ ਕੀਤੀ ਸੀ। ਈਡੀ ਦੇ ਦਿੱਲੀ ਹੈੱਡਕੁਆਰਟਰ ਦੇ ਇਕ ਵਿਸ਼ੇਸ਼ ਨਿਰਦੇਸ਼ਕ ਜਲੰਧਰ ਆਇਆ ਅਤੇ ਪੁੱਛਗਿੱਛ ਦੌਰਾਨ ਮੌਜੂਦ ਸੀ। ਮਜੀਠੀਆ ਨੇ ਸੱਤਾ ਨਾਲ ਆਪਣੀ ਸਾਂਝ ਨੂੰ ਘਟਾ ਕੇ ਪੇਸ਼ ਦਿੱਤਾ ਅਤੇ ਆਪਣੀਆਂ ਮੀਟਿੰਗਾਂ ਬਾਰੇ ਅਸਪਸ਼ਟ ਗੱਲ ਕੀਤੀ। ਉਸ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ, "ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਪੰਜਾਬੀ ਸੱਭਿਆਚਾਰ ਵਿਚ ਬਹੁਤ ਸਾਰਿਆਂ ਦੇ ਨਾਂ ਸੱਤਾ, ਸੱਤੀ, ਸੁੱਖੀ, ਮੁਖੀ, ਜੱਗਾ, ਜੱਗੀ ਹਨ। "ਕਿਰਪਾ ਕਰਕੇ ਮੈਨੂੰ ਖ਼ਾਸ ਨਾਮ ਪੁੱਛੋ ਕਿਉਂਕਿ ਇੱਥੇ ਬਹੁਤ ਸਾਰੇ ਸਤਪ੍ਰੀਤ ਸੱਤੇ ਹੋ ਸਕਦੇ ਹਨ।"

ਮਜੀਠੀਆ ਸੱਤੇ ਨਾਲ ਆਪਣੀ ਸਾਂਝ ਬਾਰੇ ਗੋਲ-ਮੋਲ ਗੱਲ ਕਰਦਾ ਰਿਹਾ - "ਉਹ ਸ਼ਾਇਦ ਕੁਝ ਵਾਰ ਮੇਰੇ ਕੋਲ ਠਹਿਰਿਆ ਹੋ ਸਕਦਾ ਹੈ - ਪਰ "ਉਸ ਨਾਲ ਜਾਂ ਬਦੇਸ਼ ਵਿਚਲੇ ਕਿਸੇ ਹੋਰ ਵਿਅਕਤੀ ਨਾਲ ਵਿੱਤੀ ਲੈਣ-ਦੇਣ" ਹੋਣ ਤੋਂ ਇਨਕਾਰ ਕੀਤਾ। ਬਿੱਟੂ ਬਾਰੇ ਉਸ ਨੇ ਕਿਹਾ, "ਉਹ ਅੰਮ੍ਰਿਤਸਰ ਦਾ ਇਕ ਮਸ਼ਹੂਰ ਬੰਦਾ ਹੈ, ਜੋ ਆਪਣੇ ਪਰਿਵਾਰ ਸਮੇਤ ਰਾਜਨੀਤੀ ਵਿਚ ਸਰਗਰਮ ਹੈ ਅਤੇ ਮੈਂ ਉਸ ਨੂੰ ਇਸ ਤਰ੍ਹਾਂ ਜਾਣਦਾ ਹਾਂ।"

ਕਾਰਵਾਂ ਕੋਲ ਜ਼ਮੀਨੀ ਦਸਤਾਵੇਜ਼ ਹਨ ਜੋ ਇਹ ਦਿਖਾਉਂਦੇ ਹਨ ਕਿ ਮਜੀਠੀਆ ਅਤੇ ਬਿੱਟੂ ਦੇ ਇਕ ਦੂਜੇ ਨਾਲ ਸੰਬੰਧ ਸਿਆਸਤਦਾਨਾਂ ਤੋਂ ਵਧਕੇ ਹਨ। ਬਿੱਟੂ ਨੇ ਮਜੀਠਾ ਵਿਚ 1.37 ਏਕੜ ਦੇ ਫਾਰਮ ਹਾਊਸ ਪਲਾਟ ਦੀ ਮਲਕੀਅਤ ਦਾ ਤਬਾਦਲਾ ਮਜੀਠੀਆ ਦੀ ਪਤਨੀ Ganieve Kaur ਦੇ ਨਾਂ ਕਰਨ 'ਚ ਅਹਿਮ ਭੂਮਿਕਾ ਨਿਭਾਈ ਅਤੇ ਉਸ ਕੋਲ ਜਾਇਦਾਦ ਦਾ ਮੁਖ਼ਤਿਆਰਨਾਮਾ ਸੀ। ਇਹ ਜ਼ਮੀਨ ਅਸਲ ਵਿਚ ਬਿੱਟੂ ਦੇ ਮਾਮੇ ਪਾਲ ਸਿੰਘ ਦੀ ਸੀ।

ਬਿੱਟੂ ਨੇ ਅਪ੍ਰੈਲ 2016 ਵਿਚ ਈਡੀ ਦੇ ਸਾਹਮਣੇ ਆਪਣੇ ਇਕਬਾਲੀਆ ਬਿਆਨ ਵਿਚ ਕਿਹਾ ਸੀ ਕਿ ਉਹ ਇਸ ਜ਼ਮੀਨੀ ਲੈਣ-ਦੇਣ ਦਾ "ਗਵਾਹ" ਸੀ, ਅਤੇ ਪਾਲ ਸਿੰਘ ਦੀ ਕੁਝ ਮਹੀਨਿਆਂ ਬਾਅਦ ਮੌਤ ਹੋ ਗਈ ਸੀ। ਹਾਲਾਂਕਿ, ਉਹ ਈਡੀ ਜਾਂ ਪੰਜਾਬ ਪੁਲਿਸ ਨੂੰ ਕੋਈ ਸਬੂਤ ਪੇਸ਼ ਕਰਨ ਵਿਚ ਅਸਫ਼ਲ ਰਿਹਾ ਕਿ ਕੌਰ ਨੇ ਅਸਲ ਵਿਚ ਜਾਇਦਾਦ ਦੀ ਕੀਮਤ ਦੇ ਪੈਸੇ ਅਦਾ ਕੀਤੇ ਸਨ। ਈਡੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪਾਲ ਸਿੰਘ ਦਾ ਸਿਰਫ਼ ਇਕ ਹੀ ਬੈਂਕ ਖਾਤਾ ਸੀ, ਅਤੇ ਇਸ ਵਿਚ ਜ਼ਮੀਨੀ ਲੈਣ-ਦੇਣ ਲਈ ਕੋਈ ਪੈਸਾ ਜਮ੍ਹਾ ਨਹੀਂ ਹੋਇਆ ਸੀ। ਉਸ ਨੇ ਕਿਹਾ, "ਹੁਣ ਤੱਕ ਸਬੂਤ ਵਜੋਂ ਦਸਤਾਵੇਜ਼ ਇਹ ਨਹੀਂ ਦਿਖਾਉਂਦੇ ਕਿ ਉਕਤ ਸੌਦੇ ਲਈ ਕੋਈ ਪੈਸਾ ਦਿੱਤਾ ਗਿਆ ਸੀ।"

ਇਸ ਨਾਲ ਇਹ ਕਿਆਸ ਲਗਾਏ ਜਾ ਰਹੇ ਹਨ ਕਿ ਇਹ ਜਾਇਦਾਦ ਨਸ਼ੇ ਦੇ ਸੌਦੇ ਵਿਚ ਇਕ ਵੱਢੀ ਹੋ ਸਕਦੀ ਹੈ। ਪੀਐੱਚਆਰਓ, ਜਿਸ ਵੱਲੋਂ ਭੋਲਾ ਡਰੱਗ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ, ਵੱਲੋਂ ਸਤੰਬਰ 2018 'ਚ ਦਿੱਤੇ ਹਲਫ਼ਨਾਮੇ ਅਨੁਸਾਰ, "ਯੋਜਨਾ ਅਨੁਸਾਰ, ਬਿੱਟੂ ਨੂੰ ਦੱਸਿਆ ਗਿਆ ਸੀ ਕਿ ਕੱਚੇ ਮਾਲ/ ਰਸਾਇਣ ਦੀ ਗੁਣਵੱਤਾ ਚੰਗੀ ਨਹੀਂ ਸੀ ਅਤੇ ਸੌਦਾ ਰੱਦ ਕਰ ਦਿੱਤਾ ਗਿਆ ਸੀ। ਦੂਜੇ ਪਾਸੇ, ਮਜੀਠੀਏ, ਸੱਤੇ, ਚਾਹਲ ਅਤੇ ਪਿੰਡੀ ਨੇ ਉੱਤਰੀ ਅਮਰੀਕਾ ਸਮੇਤ ਬਦੇਸ਼ਾਂ ਵਿਚ ਸੂਡੋਫੇਡਰਾਈਨ ਆਦਿ ਦੀ ਸਪਲਾਈ ਦਾ ਕਾਰੋਬਾਰ ਸ਼ੁਰੂ ਕੀਤਾ। ਬਿੱਟੂ ਔਲਖ ਕੋਲ ਰੱਖੇ ਗਏ ਪੇਸ਼ਗੀ ਪੈਸੇ (ਸੱਤੇ ਅਤੇ ਚਹਿਲ ਦਰਮਿਆਨ ਨਸ਼ੇ ਦੇ ਸੌਦੇ ਲਈ) ਵਾਪਸ ਮੰਗੇ ਗਏ ਅਤੇ ਬਿੱਟੂ (ਉਸ ਪੈਸੇ ਦੇ ਬਦਲੇ) ਨੇ ਇਕ ਜਾਇਦਾਦ ਮਜੀਠੀਆ ਦੀ ਪਤਨੀ Ganieve Kaur ਦੇ ਨਾਂ ਕਰ ਦਿੱਤੀ।

13 ਫਰਵਰੀ ਨੂੰ ਮੋਹਾਲੀ ਦੀ ਇਕ ਸੀਬੀਆਈ ਅਦਾਲਤ ਨੇ ਚਾਹਲ ਨੂੰ ਦੋਸ਼ੀ ਕਰਾਰ ਦਿੱਤਾ ਪਰ ਬਿੱਟੂ ਨੂੰ ਇਸ ਮਾਮਲੇ ਵਿਚ ਬਰੀ ਕਰ ਦਿੱਤਾ। ਹਾਲਾਂਕਿ, ਬਿੱਟੂ ਅਜੇ ਵੀ ਈਡੀ ਦੇ ਮਨੀ ਲਾਂਡਰਿੰਗ ਮਾਮਲੇ ਵਿਚ ਦੋਸ਼ੀ ਹੈ।

ਮਜੀਠੀਆ ਨੇ ਕਾਰਵਾਂ ਵੱਲੋਂ ਭੇਜੇ ਗਏ ਸਵਾਲਨਾਮੇ ਦਾ ਜਵਾਬ ਨਹੀਂ ਦਿੱਤਾ।

ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਨਸ਼ਿਆਂ ਦੇ ਵਪਾਰ ਸੰਬੰਧੀ ਅਤੇ ਨਾਲ ਹੀ ਇਸ ਦੀ ਹਮਾਇਤ ਕਰਨ ਵਾਲੇ ਰਾਜਨੀਤਿਕ ਅਤੇ ਪੁਲਿਸ ਗੱਠਜੋੜ ਦੇ ਖ਼ਿਲਾਫ਼ ਜਨ-ਹਿਤ ਪਟੀਸ਼ਨ 2013 ਤੋਂ ਵਿਚਾਰ-ਅਧੀਨ ਹੈ। ਪਰ, ਮਸਲੇ ਦੀ ਪੇਚੀਦਗੀ ਦੇ ਮੱਦੇਨਜ਼ਰ, ਇਸ ਨੇ ਸ਼ੁਰੂ 'ਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਮੁਕੱਦਮੇ 'ਚ ਸ਼ਾਮਲ ਕੀਤਾ ਸੀ, ਇਸ ਨੇ ਈਡੀ, ਨਾਰਕੋਟਿਕਸ ਕੰਟਰੋਲ ਬਿਊਰੋ ਅਤੇ ਕੇਂਦਰੀ ਵਿੱਤ ਮੰਤਰਾਲੇ ਨੂੰ ਵੀ ਨੋਟਿਸ ਜਾਰੀ ਕੀਤੇ। ਜਨ-ਹਿਤ ਪਟੀਸ਼ਨ ਨੂੰ ਦਸੰਬਰ 2013 ਵਿਚ ਦਖਲਅੰਦਾਜ਼ੀ ਦੀ ਅਰਜ਼ੀ ਰਾਹੀਂ ਅੱਗੇ ਤੋਰਿਆ ਗਿਆ ਸੀ, ਜੋ ਕਿ ਲੌਇਰਜ਼ ਫਾਰ ਹਿਊਮੈਨ ਰਾਈਟਸ ਇੰਟਰਨੈਸ਼ਨਲ ਦੀ ਤਰਫੋਂ ਇਕ ਵਕੀਲ ਨਵਕਿਰਨ ਸਿੰਘ ਦੁਆਰਾ ਦਾਇਰ ਕੀਤੀ ਗਈ ਸੀ। ਇਸ ਦੇ ਨਤੀਜੇ ਵਜੋਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਨਸ਼ਿਆਂ ਦੇ ਖ਼ਤਰੇ ਨਾਲ ਸੰਬੰਧਤ ਵੱਖ-ਵੱਖ ਮੁੱਦਿਆਂ ਨਾਲ ਨਜਿੱਠਣ ਵਾਲੇ ਬੈਂਚਾਂ ਵੱਲੋਂ ਬਹੁਤ ਸਾਰੇ ਆਦੇਸ਼ ਦਿੱਤੇ ਗਏ। 21 ਜੁਲਾਈ 2014 ਨੂੰ, ਹਾਈਕੋਰਟ ਨੇ "ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਗਿਣਤੀ", "ਗ੍ਰਿਫ਼ਤਾਰ ਕੀਤੇ ਗਏ ਨਸ਼ੇੜੀਆਂ ਦੀ ਗਿਣਤੀ" ਅਤੇ "ਕੀ ਬਦੇਸ਼ਾਂ ਵਿਚਲੇ ਅਪਰਾਧੀਆਂ ਦੀ ਹਵਾਲਗੀ ਲਈ ਕੋਈ ਕਦਮ ਚੁੱਕੇ ਗਏ ਹਨ ਜਾਂ ਨਹੀਂ ਅਤੇ ਜੇ ਚੁੱਕੇ ਗਏ ਸਨ ਤਾਂ ਕਿਸ ਹੱਦ ਤੱਕ" ਦੇ ਸੰਬੰਧ ਵਿਚ ਪੰਜਾਬ ਸਰਕਾਰ ਤੋਂ ਹਲਫ਼ਨਾਮਾ ਮੰਗਿਆ ਸੀ।

2015 ਵਿਚ, ਸੁਪਰੀਮ ਕੋਰਟ ਨੇ ਹਾਈਕੋਰਟ ਨੂੰ ਨਸ਼ੀਲੇ ਪਦਾਰਥਾਂ ਨਾਲ ਜੁੜੇ ਸਾਰੇ ਮਾਮਲਿਆਂ ਦੀ ਸੁਣਵਾਈ ਲਈ ਇਕ ਵਿਸ਼ੇਸ਼ ਡਿਵੀਜ਼ਨ ਬੈਂਚ ਦੇ ਗਠਨ ਦਾ ਨਿਰਦੇਸ਼ ਦਿੱਤਾ ਸੀ। ਪਰ ਜਾਂਚ ਨੂੰ ਅੱਗੇ ਕਿਵੇਂ ਵਧਾਇਆ ਜਾਵੇ ਇਸ ਬਾਰੇ ਸੰਘਰਸ਼ ਜਾਰੀ ਰਿਹਾ, ਖ਼ਾਸ ਕਰਕੇ ਈਡੀ ਵਿਚ।

16 ਜਨਵਰੀ ਨੂੰ, ਮਜੀਠੀਆ ਤੋਂ ਪੁੱਛਗਿੱਛ ਦੇ ਤੁਰੰਤ ਬਾਅਦ, ਨਿਰੰਜਨ ਸਿੰਘ ਦਾ ਤਬਾਦਲਾ ਈਡੀ ਦੇ ਕੋਲਕਾਤਾ ਦਫ਼ਤਰ ਵਿਚ ਕਰ ਦਿੱਤਾ ਗਿਆ। ਥੋੜ੍ਹੇ ਦਿਨ ਬਾਅਦ, ਹਾਈ ਕੋਰਟ ਨੇ ਉਸ ਦੇ ਤਬਾਦਲੇ 'ਤੇ ਰੋਕ ਲਗਾ ਦਿੱਤੀ। ਅਦਾਲਤ ਦੇ ਨਿਰਦੇਸ਼ ਲੌਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੀ ਤਰਫ਼ੋਂ ਨਵਕਿਰਨ ਸਿੰਘ ਦੁਆਰਾ ਦਾਇਰ ਜਨਹਿਤ ਪਟੀਸ਼ਨ ਦੇ ਜਵਾਬ ਵਿਚ ਆਏ ਹਨ, ਜਿਸ ਵਿਚ ਕਿਹਾ ਗਿਆ ਹੈ ਕਿ ਨਿਰੰਜਨ ਦੀ ਭੂਮਿਕਾ ਜਾਂਚ ਲਈ ਜ਼ਰੂਰੀ ਸੀ। ਹਾਲਾਂਕਿ, ਜਾਂਚ ਇਸ ਨੁਕਤੇ ਤੋਂ ਬਹੁਤੀ ਅੱਗੇ ਨਹੀਂ ਤੁਰੀ।

ਜਦੋਂ ਅਸੀਂ ਨਵਕਿਰਨ ਸਿੰਘ ਨਾਲ ਗੱਲ ਕੀਤੀ ਤਾਂ ਉਹ ਨਿਰੰਜਨ 'ਤੇ ਵਰ੍ਹਿਆ। ਉਸ ਨੇ ਕਿਹਾ, "ਨਿਰੰਜਨ ਨੇ ਮਜੀਠੀਆ ਨੂੰ ਸਿਰਫ਼ ਇਕ ਵਾਰ ਤਲਬ ਕੀਤਾ ਅਤੇ ਕੋਲਕਾਤਾ ਤਬਾਦਲਾ ਕੀਤੇ ਜਾਣ ਤੇ, ਮੈਂ ਉਸ ਦੇ ਤਬਾਦਲੇ ਨੂੰ ਰੋਕਣ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ। ਹਾਲਾਂਕਿ, ਨਿਰੰਜਨ ਸਿੰਘ ਆਪਣੀ ਬਦਲੀ 'ਤੇ ਰੋਕ ਲਗਾਉਣ ਤੋਂ ਬਾਅਦ ਬਿਕਰਮਜੀਤ ਸਿੰਘ ਮਜੀਠੀਆ ਦੇ ਸੰਬੰਧ ਵਿਚ ਆਪਣੀ ਜਾਂਚ ਨੂੰ ਅੱਗੇ ਨਹੀਂ ਵਧਾ ਸਕਿਆ। ਅਤੇ ਕਾਰਨ ਤਾਂ ਸਿਰਫ਼ ਉਹੀ ਬਿਹਤਰ ਜਾਣਦਾ ਹੈ।"

ਅਗਲੇ ਸਾਲ, 24 ਜੂਨ 2016 ਨੂੰ, ਮਜੀਠੀਆ ਨੂੰ ਦੁਬਾਰਾ ਈਡੀ ਦਫ਼ਤਰ ਬੁਲਾਇਆ ਗਿਆ, ਪਰ ਉਹ ਪੇਸ਼ ਨਹੀਂ ਹੋਇਆ। ਥੋੜ੍ਹੇ ਮਹੀਨਿਆਂ ਬਾਅਦ, ਨਿਰੰਜਨ ਨੂੰ ਡਿਪਟੀ ਡਾਇਰੈਕਟਰ ਵਜੋਂ ਤਰੱਕੀ ਦਿੱਤੀ ਗਈ. ਅਪ੍ਰੈਲ 2017 ਵਿਚ, ਈਡੀ ਨੇ ਹਾਈਕੋਰਟ ਵਿਚ ਇਕ ਅਰਜ਼ੀ ਦਾਇਰ ਕਰਕੇ ਉਸਦੀ ਜਗ੍ਹਾ ਨਵੇਂ ਜਾਂਚ ਅਧਿਕਾਰੀ ਨਿਯੁਕਤ ਕਰਨ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਈਡੀ ਨੂੰ ਇਸ ਭੂਮਿਕਾ ਲਈ ਦੋ ਸਹਾਇਕ ਨਿਰਦੇਸ਼ਕ ਨਿਯੁਕਤ ਕਰਨ ਦੀ ਇਜਾਜ਼ਤ ਦੇ ਦਿੱਤੀ ਪਰ ਹੁਕਮ ਦਿੱਤਾ ਕਿ ਨਿਰੰਜਨ ਨੂੰ ਜਾਂਚ ਦੀ ਨਜ਼ਰਸਾਨੀ ਅਤੇ ਨਿਗਰਾਨੀ ਕਰਨੀ ਚਾਹੀਦੀ ਹੈ। ਮਾਰਚ 2015 ਅਤੇ ਜੁਲਾਈ 2017 ਦਰਮਿਆਨ, ਨਿਰੰਜਨ ਨੇ 68 ਦੋਸ਼ੀਆਂ ਦੇ ਖ਼ਿਲਾਫ਼ ਸੱਤ ਚਲਾਨ ਦਾਇਰ ਕੀਤੇ ਸਨ। ਉਦੋਂ ਤੋਂ, ਨਵੇਂ ਜਾਂਚ ਅਧਿਕਾਰੀਆਂ ਵੱਲੋਂ ਕੋਈ ਨਵਾਂ ਚਲਾਨ ਦਾਖ਼ਲ ਨਹੀਂ ਕੀਤਾ ਗਿਆ ਹੈ।

ਦੀਪਕ ਚੌਹਾਨ ਨੇ 8 ਜਨਵਰੀ 2018 ਨੂੰ ਰਸਮੀ ਤੌਰ 'ਤੇ ਭੋਲਾ ਡਰੱਗ ਕੇਸ ਹੱਥ 'ਚ ਲਿਆ, ਪਰ ਲੰਮੀ ਛੁੱਟੀ 'ਤੇ ਜਾਣਾ ਜਾਰੀ ਰੱਖਿਆ। ਇਸ ਸਮੇਂ ਤੱਕ, ਹਰਪ੍ਰੀਤ ਸਿੱਧੂ ਦੀ ਅਗਵਾਈ ਵਾਲੀ ਐੱਸਟੀਐੱਫ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਸੀ ਅਤੇ ਕਿਹਾ ਸੀ ਕਿ, ਈਡੀ ਦੁਆਰਾ ਦਰਜ ਕੀਤੇ ਗਏ ਬਿਆਨਾਂ ਅਤੇ ਇਸ ਦੁਆਰਾ ਕੀਤੀ ਗਈ ਕਾਰਵਾਈ ਦੇ ਅਧਾਰ 'ਤੇ, ਇਹ ਸਪੱਸ਼ਟ ਸੀ ਕਿ ਸੱਤਾ, ਲਾਡੀ, ਪਿੰਡੀ ਨਸ਼ਿਆਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਵਿਚ ਸ਼ਾਮਲ ਸਨ। ਐੱਸ.ਟੀ.ਐੱਫ. ਨੇ ਇਹ ਦਾਅਵਾ ਵੀ ਕੀਤਾ ਕਿ ਮਜੀਠੀਏ ਵੱਲੋਂ ਸੱਤੇ ਅਤੇ ਪਿੰਡੀ ਦੀ ਕੀਤੀ ਗਈ ਮੱਦਦ ਅਤੇ ਸਹਿਯੋਗ ਦੀ ਮਾਤਰਾ ਦੀ ਹੋਰ ਜਾਂਚ ਕਰਨ ਦੀ ਲੋੜ ਹੈ।

ਉਸੇ ਸਾਲ ਮਾਰਚ ਵਿਚ, ਨਿਰੰਜਨ ਨੇ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਈਡੀ ਵਿਚ ਉਸਦੇ ਸੀਨੀਅਰ ਉਸ ਵੱਲੋਂ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਦੇ ਕਾਰਨ ਉਸਨੂੰ ਮੁਅੱਤਲ ਕਰਨ ਦੀ ਧਮਕੀ ਦੇ ਰਹੇ ਸਨ। ਉਸ ਨੇ ਇਕ ਸੀਲਬੰਦ ਲਿਫ਼ਾਫ਼ੇ ਵਿਚ ਸਟੇਟਸ ਰਿਪੋਰਟ ਦਾਇਰ ਕੀਤੀ, ਅਤੇ ਅਦਾਲਤ ਨੂੰ ਸੂਚਿਤ ਕੀਤਾ ਕਿ ਮਨੀ ਲਾਂਡਰਿੰਗ ਦੇ ਕੇਸ ਕਾਨੂੰਨ ਅਨੁਸਾਰ ਜਾਰੀ ਹਨ ਅਤੇ ਹੋਰ ਸਬੂਤ ਇਕੱਠੇ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹਾਈਕੋਰਟ ਨੇ ਕੇਂਦਰੀ ਗ੍ਰਹਿ ਅਤੇ ਵਿਦੇਸ਼ ਮਾਮਲਿਆਂ ਦੇ ਮੰਤਰਾਲਿਆਂ ਤੋਂ ਸੀਲਬੰਦ ਲਿਫ਼ਾਫ਼ੇ 'ਚ ਇਸ ਕੇਸ ਨਾਲ ਸੰਬੰਧਤ ਇੰਟਰਪੋਲ ਦੇ ਨੋਟਿਸਾਂ ਬਾਰੇ ਸਥਿਤੀ ਰਿਪੋਰਟਾਂ ਵੀ ਮੰਗੀਆਂ। ਇਸ ਨੇ ਮੰਤਰਾਲਿਆਂ ਨੂੰ ਉਨ੍ਹਾਂ ਲੋਕਾਂ ਦੀ ਹਵਾਲਗੀ ਵਿਚ ਤੇਜ਼ੀ ਲਿਆਉਣ ਲਈ ਵੀ ਕਿਹਾ ਜਿਨ੍ਹਾਂ ਦੇ ਵੇਰਵੇ ਪੰਜਾਬ ਪੁਲਿਸ ਨੇ ਅੱਗੇ ਭੇਜੇ ਗਏ ਸਨ।

23 ਮਈ 2018 ਨੂੰ, ਪੰਜਾਬ ਸਰਕਾਰ ਨੇ ਇਕ ਛੋਟੇ ਹਲਫ਼ਨਾਮੇ ਨਾਲ ਸੀਲਬੰਦ ਲਿਫ਼ਾਫ਼ੇ 'ਚ ਐੱਸਟੀਐੱਫ ਦੀ ਰਿਪੋਰਟ 'ਤੇ ਆਪਣੀ ਸਥਿਤੀ ਦਾਇਰ ਕੀਤੀ। ਉਸ ਦਿਨ ਜਾਰੀ ਕੀਤੇ ਗਏ ਇਕ ਆਦੇਸ਼ ਵਿਚ, ਜੱਜਾਂ ਸੂਰਿਆਕਾਂਤ ਅਤੇ ਸ਼ੇਖਰ ਧਵਨ ਦੇ ਹਾਈ ਕੋਰਟ ਬੈਂਚ ਨੇ ਕਿਹਾ ਕਿ ਉਹ ਸਿੱਟ ਦੀਆਂ ਰਿਪੋਰਟਾਂ ਦੀ ਡੂੰਘਾਈ ਨਾਲ ਜਾਂਚ ਕਰੇਗਾ। "ਇਨ੍ਹਾਂ ਰਿਪੋਰਟਾਂ ਉੱਪਰ ਸਾਡੇ ਵੱਲੋਂ ਡੂੰਘਾਈ ਨਾਲ ਵਿਚਾਰ ਕਰਨ ਲਈ ਰਜਿਸਟਰਾਰ ਜੁਡੀਸ਼ੀਅਲ ਉਸ ਦਿਨ ਅਤੇ ਉਸ ਵਕਤ ਸਾਡੇ ਅੱਗੇ ਸੀਲਬੰਦ ਰਿਪੋਰਟਾਂ/ਸਮੁੱਚਾ ਰਿਕਾਰਡ ਪੇਸ਼ ਕਰੇਗਾ ਜਿਸ ਬਾਬਤ ਉਸ ਨੂੰ ਵੱਖਰੇ ਤੌਰ' ਤੇ ਸੂਚਿਤ ਕੀਤਾ ਜਾਵੇਗਾ।"

ਰਾਜ ਸਰਕਾਰ ਦੀ ਰਿਪੋਰਟ ਅਤੇ ਹਲਫ਼ਨਾਮਾ ਰਿਕਾਰਡ 'ਤੇ ਲਿਆ ਗਿਆ ਸੀ ਅਤੇ ਰਜਿਸਟਰਾਰ ਜੁਡੀਸ਼ੀਅਲ ਵੱਲੋਂ ਇਹ ਅਤੇ ਹੋਰ ਰਿਕਾਰਡ ਅਦਾਲਤ ਸਾਹਮਣੇ ਪੇਸ਼ ਕੀਤੇ ਸੀਲਬੰਦ ਲਿਫ਼ਾਫ਼ੇ 'ਚ ਪਏ ਹਨ। ਉਦੋਂ ਤੋਂ ਕੋਈ ਠੋਸ ਆਦੇਸ਼ ਨਹੀਂ ਦਿੱਤਾ ਗਿਆ ਹੈ।

ਅਕਤੂਬਰ 2018 ਵਿਚ, ਇੰਦਰਜੀਤ ਸਿੰਘ ਦਾ ਕੇਸ - ਜਿਸ ਤੋਂ ਐੱਸਟੀਐੱਫ ਨੇ ਪਿਛਲੇ ਸਾਲ ਨਸ਼ੀਲੇ ਪਦਾਰਥ, ਹਥਿਆਰ ਅਤੇ ਨਕਦੀ ਬਰਾਮਦ ਕੀਤੀ ਸੀ - ਨਿਰੰਜਨ ਤੋਂ ਲੈ ਕੇ ਤਬਦੀਲ ਕਰ ਦਿੱਤਾ ਗਿਆ ਸੀ। ਅਗਲੇ ਦਿਨ, ਨਿਰੰਜਨ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਥੋੜ੍ਹੇ ਦਿਨ ਬਾਅਦ, 11 ਅਕਤੂਬਰ ਨੂੰ, ਉਸ ਨੇ ਹਾਈ ਕੋਰਟ ਅਤੇ ਨਸ਼ਿਆਂ ਦੇ ਮਾਮਲਿਆਂ ਵਿਚ ਜਨਹਿਤ ਪਟੀਸ਼ਨ ਵਿਚ ਪੇਸ਼ ਹੋਏ ਵਕੀਲਾਂ ਦੀ ਇੱਛਾ ਦੇ ਮੱਦੇਨਜ਼ਰ ਆਪਣਾ ਅਸਤੀਫ਼ਾ ਵਾਪਸ ਲੈ ਲਿਆ।

21 ਜਨਵਰੀ 2019 ਨੂੰ, ਲੌਇਰਜ਼ ਫਾਰ ਹਿਊਮੈਨ ਰਾਈਟਸ ਨੇ 2013 ਦੇ ਡਰੱਗਜ਼ ਕੇਸ ਦਾ ਸੰਖੇਪ ਰੂਪ ਰਿਕਾਰਡ ਉੱਪਰ ਲਿਆਉਣ ਦੀ ਮੰਗ ਕਰਦਿਆਂ ਇਕ ਹੋਰ ਅਰਜ਼ੀ ਦਾਇਰ ਕੀਤੀ ਤਾਂ ਜੋ ਇਸ ਨੂੰ ਪਹਿਲ ਦੇ ਅਧਾਰ 'ਤੇ ਨਜਿੱਠਿਆ ਜਾ ਸਕੇ। ਉਦੋਂ ਤੋਂ ਇਹ ਮਾਮਲਾ ਮੁਲਤਵੀ ਹੁੰਦਾ ਜਾ ਰਿਹਾ ਹੈ। 2020 ਵਿਚ, ਦੇਰੀ ਕੋਵਿਡ-19 ਮਹਾਮਾਰੀ ਦੇ ਕਾਰਨ ਹੋਈ ਸੀ। ਇਸ ਸਾਲ, 16 ਅਪ੍ਰੈਲ ਨੂੰ ਨਵਕਿਰਨ ਨੇ ਲੌਇਰਜ਼ ਫਾਰ ਹਿਊਮਨ ਰਾਈਟਸ ਦੀ ਤਰਫੋਂ ਹਾਈ ਕੋਰਟ 'ਚ ਦੋ ਹੋਰ ਅਰਜ਼ੀਆਂ ਦਿੱਤੀਆਂ। ਇਨ੍ਹਾਂ ਵਿੱਚੋਂ ਇਕ ਨੇ ਪੁੱਛਿਆ ਕਿ ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਰਿਪੋਰਟ ਨੂੰ ਖੋਲ੍ਹੇ। ਦੂਜੀ ਅਰਜ਼ੀ ਵਿਚ ਅਦਾਲਤ ਨੇ ਬੇਨਤੀ ਕੀਤੀ ਕਿ ਅੰਤਰਰਾਸ਼ਟਰੀ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿਚ ਸ਼ਾਮਲ 13 ਭਗੌੜਿਆਂ ਦੀ ਹਵਾਲਗੀ ਬਾਰੇ ਬਦੇਸ਼ ਮੰਤਰਾਲੇ ਤੋਂ ਸਟੇਟਸ ਰਿਪੋਰਟ ਮੰਗੀ ਜਾਵੇ। ਇਸ ਮਾਮਲੇ 'ਤੇ ਅਜੇ ਵੀ ਕੈਨੇਡੀਅਨ ਸਰਕਾਰ ਵਿਚਾਰ ਕਰ ਰਹੀ ਹੈ।

ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ ਚਾਟੀਵਿੰਡ ਲੇਹਲ ਦੇ ਸਰਪੰਚ ਨੇ ਕਿਹਾ, "ਜੇ ਤੁਸੀਂ ਸੱਚਮੁੱਚ ਇਸ ਨਸ਼ੇ ਦੇ ਕਾਰਨਾਂ ਦਾ ਪਤਾ ਲਗਾਉਣਾ ਚਾਹੁੰਦੇ ਹੋ ਤਾਂ ਤੁਸੀਂ ਵੱਡੇ ਰਾਜਨੀਤਿਕਾਂ ਅਤੇ ਪੁਲਿਸ ਨਾਲ ਗੱਲ ਕਰੋ।" 2019 'ਚ ਸਿਆਲ ਦਾ ਠੰਡਾ ਦਿਨ ਸੀ, ਅਤੇ ਪਿੰਡ ਨਸ਼ੇ ਦੀ ਓਵਰਡੋਜ਼ ਕਾਰਨ ਦੋ ਲੋਕਾਂ ਦੀ ਮੌਤ ਉੱਪਰ ਸੋਗ ਮਨਾ ਰਿਹਾ ਸੀ। ਉਨ੍ਹਾਂ ਦੀਆਂ ਲਾਸ਼ਾਂ ਜ਼ਮੀਨ ਉੱਪਰ ਆਲੇ ਦੁਆਲੇ ਖਿੱਲਰੀਆਂ ਹੋਈਆਂ ਸਰਿੰਜਾਂ ਦਰਮਿਆਨ ਮਿਲੀਆਂ ਸਨ। ਉਨ੍ਹਾਂ ਦੀ ਮੌਤ ਦੀ ਖ਼ਬਰ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਪੰਜਾਬੀ ਅਖ਼ਬਾਰ ਅਜੀਤ ਵਿਚ ਛਪੀ ਸੀ। ਐੱਸਟੀਐੱਫ ਦੇ ਮੈਂਬਰ ਉਨ੍ਹਾਂ ਦੀ ਮੌਤ ਦਰਜ ਕਰਨ ਆਏ ਸਨ, ਪਰ ਦੁਖੀ ਪਰਿਵਾਰਾਂ ਨੇ ਉਨ੍ਹਾਂ ਨੂੰ ਬਿਨਾਂ ਕੋਈ ਬਿਆਨ ਦਿੱਤੇ ਵਾਪਸ ਮੋੜ ਦਿੱਤਾ। ਮ੍ਰਿਤਕ ਦੇ ਭਰਾ ਨੇ ਕਿਹਾ ਕਿ ਪੋਸਟਮਾਰਟਮ "ਸਾਨੂੰ ਹੋਰ ਪੇਚੀਦਗੀਆਂ ਵੱਲ ਲਿਜਾ ਸਕਦਾ ਸੀ। ਅਸੀਂ ਗ਼ਰੀਬ ਲੋਕ ਹਾਂ ਅਤੇ ਇਸ ਝਮੇਲੇ 'ਚ ਨਹੀਂ ਪੈਣਾ ਚਾਹੁੰਦੇ।"

ਸਰਪੰਚ ਨੇ ਸਮਝਾਇਆ ਕਿ ਪਰਿਵਾਰ ਨੂੰ ਸੰਭਾਵਤ ਤੌਰ 'ਤੇ ਕਿਹੜੀ ਮੁਸ਼ਕਲ ਦਾ ਸਾਹਮਣਾ ਕਰਨਾ ਪਏਗਾ। ਪੁਲਿਸ ਉਨ੍ਹਾਂ ਤੋਂ ਪੁੱਛਗਿੱਛ ਸ਼ੁਰੂ ਕਰ ਦੇਵੇਗੀ ਕਿ ਮ੍ਰਿਤਕ ਨੇ ਕਿੱਥੋਂ ਨਸ਼ੀਲੇ ਪਦਾਰਥ ਕਿੱਥੋਂ ਲਏ ਸਨ ਅਤੇ ਐਸੇ ਹੋਰ ਸਵਾਲ ਪੁੱਛੇ ਜਾਣਗੇ। ਚਿੱਟੇ ਦੀ ਸਪਲਾਈ ਲਈ ਇਲਾਕੇ ਦੇ ਲੋਕ ਪਹਿਲਾਂ ਹੀ ਇਕ ਦੂਜੇ ਦੇ ਪਿੰਡਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਜੋ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥਾਂ ਲਈ ਵਰਤਿਆ ਜਾਂਦਾ ਗਾਲ੍ਹਨੁਮਾ ਸ਼ਬਦ ਹੈ। ਸਰਪੰਚ ਨੇ ਕਿਹਾ, "ਰਾਏਪੁਰ ਕਲਾਂ ਚਲੇ ਜਾਓ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਕੌਣ ਸਪਲਾਈ ਕਰਦਾ ਹੈ।"

ਨਸ਼ੀਲੇ ਪਦਾਰਥਾਂ ਦੇ ਖ਼ਪਤਕਾਰਾਂ ਦੇ ਅਪਰਾਧੀਕਰਨ ਦੇ ਮੱਦੇਨਜ਼ਰ ਸਾਵਧਾਨੀ ਜਾਇਜ਼ ਜਾਪਦੀ ਸੀ। ਮਾਨਸਾ ਵਿਚ, 20 ਸਾਲਾ ਧਰਮਪ੍ਰੀਤ ਸਿੰਘ ਦੀ ਮੌਤ ਤੋਂ ਬਾਅਦ, ਪੁਲਿਸ ਨੇ ਉਸਦੇ ਤਿੰਨ ਦੋਸਤਾਂ ਦੇ ਵਿਰੁੱਧ ਐਫਆਈਆਰ ਦਰਜ ਕੀਤੀ, ਜਿਨ੍ਹਾਂ ਨਾਲ ਉਹ ਕਥਿਤ ਤੌਰ 'ਤੇ ਹੈਰੋਇਨ ਲੈ ਰਿਹਾ ਸੀ। ਧਰਮਪ੍ਰੀਤ ਦੀ ਮਾਂ ਨੇ ਉਸ ਦੇ ਪੁੱਤਰ ਦੇ ਦੋਸਤਾਂ ਨੂੰ ਉਸਦੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ। ਉਸ ਨੇ ਇਕ ਐੱਫਆਈਆਰ ਵਿਚ ਕਿਹਾ, "ਇਹ ਤਿੰਨ ਮੁੰਡੇ ਮੇਰੇ ਪੁੱਤਰ ਨੂੰ ਨਸ਼ਾ ਕਰਨ ਲਈ ਲੈ ਜਾਂਦੇ ਸਨ ਅਤੇ ਉਹ ਉਸਨੂੰ ਬੇਹੋਸ਼ ਕਰਕੇ ਘਰ ਵਾਪਸ ਲੈ ਆਏ ਸਨ। ਤਿੰਨਾਂ ਦੋਸ਼ੀਆਂ, ਜਿਨ੍ਹਾਂ ਦੀ ਉਮਰ ਵੀਹ ਸਾਲ ਦੀ ਸੀ, ਦੇ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 304 ਦੇ ਤਹਿਤ ਦੋਸ਼ ਲਗਾਏ ਗਏ ਸਨ - ਇਹ ਗ਼ੈਰਇਰਾਦਤ ਹੱਤਿਆ ਕਤਲ ਨਹੀਂ ਮੰਨੀ ਜਾਂਦੀ।

ਮਾਨਸਾ ਵਿਚ ਓਵਰਡੋਜ਼ ਨਾਲ ਇਕ ਹੋਰ ਮੌਤ ਤੋਂ ਬਾਅਦ, ਸੋਗ 'ਚ ਡੁੱਬੇ ਪਰਿਵਾਰ ਮੈਂਬਰਾਂ ਨੇ ਇਕ ਸਥਾਨਕ ਪੁਲਿਸ ਮੁਲਾਜ਼ਮ ਦਾ ਨਾਂ ਲੈਂਦਿਆਂ ਕਿਹਾ ਕਿ 22 ਸਾਲਾ ਮ੍ਰਿਤਕ ਸੁਨੀਲ ਨੂੰ "ਸਿਟੀ 2 ਪੁਲਿਸ ਸਟੇਸ਼ਨ ਤੋਂ ਚਿੱਟਾ ਸਪਲਾਈ" ਕੀਤਾ ਜਾਂਦਾ ਸੀ। ਇਕ ਰਿਸ਼ਤੇਦਾਰ ਨੇ ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਕਰਦਿਆਂ ਕਿਹਾ, "ਮੇਰਾ ਭਰਾ ਪੁਲਸੀਏ ਤੋਂ ਜੋ ਨਸ਼ਾ ਲੈਂਦਾ ਸੀ ਉਸ ਨੂੰ ਆਪ ਵੀ ਖਾਂਦਾ ਸੀ ਅਤੇ ਵੇਚਦਾ ਵੀ ਸੀ।

ਸੈਲ ਫ਼ੋਨਾਂ ਦੀ ਵਰਤੋਂ ਕਰਦੇ ਹੋਏ ਜੇਲ੍ਹਾਂ ਦੇ ਅੰਦਰੋਂ ਵਿਚਾਰ-ਅਧੀਨ ਕੈਦੀਆਂ ਵੱਲੋਂ ਨਸ਼ੀਲੇ ਪਦਾਰਥਾਂ ਦੇ ਲੈਣ-ਦੇਣ ਦੀਆਂ ਕਈ ਰਿਪੋਰਟਾਂ ਆਈਆਂ ਹਨ। 2018 ਵਿਚ, ਰੂਪਨਗਰ ਪੁਲਿਸ ਨੇ ਜਸਪਾਲ ਸਿੰਘ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਦੋ ਐੱਫਆਈਆਰ ਦਰਜ ਕੀਤੀਆਂ, ਜੋ ਪਹਿਲਾਂ ਹੀ ਕਪੂਰਥਲਾ ਕੇਂਦਰੀ ਜੇਲ੍ਹ ਵਿਚ ਬੰਦ ਸੀ। ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਜੋ ਚਾਰ ਨਸ਼ਾ





ਤਸਕਰਾਂ ਦੀ ਗ੍ਰਿਫ਼ਤਾਰੀ ਕੀਤੀ ਗਈ ਸੀ ਉਹ 250 ਗ੍ਰਾਮ ਤੋਂ ਵੱਧ ਹੈਰੋਇਨ ਸਮੇਤ ਫੜੇ ਜਾਣ ਦੇ ਕੇਸ ਸਨ। ਚਾਰੇ ਸੌਦਾਗਰਾਂ ਨੇ ਜਸਪਾਲ ਦੇ ਨਿਰਦੇਸ਼ਾਂ 'ਤੇ ਨਸ਼ੀਲੇ ਪਦਾਰਥ ਖ਼ਰੀਦਣ ਦਾ ਦਾਅਵਾ ਕੀਤਾ ਹੈ।

ਐਸੇ ਕੇਸਾਂ ਦੇ ਮੱਦੇਨਜ਼ਰ, ਐੱਸਟੀਐੱਫ ਨੇ ਰਾਜ ਦੀਆਂ ਜੇਲ੍ਹਾਂ ਵਿਚ ਸਿਗਨਲ ਜੈਮਰ ਲਗਾਉਣ ਲਈ ਕਿਹਾ। ਇਹ ਪ੍ਰਸਤਾਵ ਅਜੇ ਵੀ ਗ੍ਰਹਿ ਵਿਭਾਗ ਕੋਲ ਵਿਚਾਰ ਅਧੀਨ ਹੈ। ਜੇਲ੍ਹਾਂ ਲਈ ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ ਪ੍ਰਵੀਨ ਕੁਮਾਰ ਸਿਨਹਾ ਨੇ ਕਿਹਾ ਕਿ ਦੋ ਕੇਂਦਰੀ ਪਬਲਿਕ ਸੈਕਟਰ ਦੀਆਂ ਏਜੰਸੀਆਂ ਨੂੰ "4 ਜੀ ਜੈਮਰ" ਲਗਾਉਣ ਲਈ ਤਿਆਰ ਕੀਤਾ ਗਿਆ ਹੈ, ਪਰ "ਫੰਡਾਂ ਦੀ ਘਾਟ" ਕਾਰਨ ਇਹ ਕਵਾਇਦ ਰੋਕ ਦਿੱਤਾ ਗਈ ਸੀ। ਸਿਨਹਾ ਨੇ ਕਿਹਾ, "ਸਾਡੀਆਂ ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ੇੜੀਆਂ ਦੀ ਤੀਹ ਫ਼ੀ ਸਦੀ ਤੱਕ ਬਹੁਤ ਬੜੀ ਗਿਣਤੀ ਹੈ ਅਤੇ ਲੱਗਭੱਗ ਪੰਜਾਹ ਫ਼ੀਸਦੀ ਐਨਡੀਪੀਐਸ ਕੇਸਾਂ ਅਧੀਨ ਗ੍ਰਿਫ਼ਤਾਰ ਕੀਤੇ ਗਏ ਕੈਦੀ ਹਨ। ਜੇਲ੍ਹਾਂ ਅੰਡਰ ਟ੍ਰਾਇਲਾਂ ਨਾਲ ਭਰੀਆਂ ਹੋਈਆਂ ਹਨ।"

ਜਿੱਥੇ ਪੁਲਿਸ ਅਕਸਰ ਹੀ ਖ਼ੁਦ ਨਸ਼ੇ ਕਰਨ ਵਾਲੀ ਹੋਵੇ ਤਾਂ ਹਾਲਤ ਹੋਰ ਪੇਚੀਦਾ ਹੋ ਜਾਂਦੀ ਹੈ। ਜਦੋਂ ਦਸੰਬਰ 2019 'ਚ ਅਸੀਂ ਅੰਮ੍ਰਿਤਸਰ ਵਿਚ ਐਂਟੀ-ਨਾਰਕੋਟਿਕਸ ਸੈੱਲ ਦੀ ਇਕ ਚੌਕੀ ਦਾ ਦੌਰਾ ਕੀਤਾ ਤਾਂ ਗੇਟ ਅੰਦਰੋਂ ਬੰਦ ਕੀਤੇ ਹੋਏ ਸਨ। ਸਾਡੇ ਲਗਾਤਾਰ ਖੜਕਾਉਣ ਦੇ ਬਾਵਜੂਦ, ਇਕ ਨਸ਼ਾ ਕਰਨ ਵਾਲਾ ਪੁਲਿਸ ਮੁਲਾਜ਼ਮ ਅੰਦਰ ਨਸ਼ੇ ਦੀ ਲੋਰ 'ਚ ਸੁੱਤਾ ਰਿਹਾ। ਆਪਣੇ ਸਾਥੀ ਮੁਲਾਜ਼ਮ ਦੇ ਪਹੁੰਚਣ ਤੋਂ ਬਾਅਦ ਹੀ ਅੰਦਰਲੇ ਪੁਲਿਸ ਮੁਲਾਜ਼ਮ ਨੇ ਲੋਹੇ ਦਾ ਗੇਟ ਖੋਲ੍ਹਣ ਲਈ ਸੰਘਰਸ਼ ਕੀਤਾ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੱਤਰਕਾਰ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਬਾਰੇ ਇਕ ਕਹਾਣੀ 'ਤੇ ਕੰਮ ਕਰ ਰਹੇ ਹਨ, ਉਦੋਂ ਉਨ੍ਹਾਂ ਨੇ ਥੋੜ੍ਹਾ ਧਿਆਨ ਦੇਣਾ ਸ਼ੁਰੂ ਕੀਤਾ।

ਡਿਊਟੀ 'ਤੇ ਤਾਇਨਾਤ ਹੈੱਡ ਕਾਂਸਟੇਬਲ ਠੀਕ ਤਰ੍ਹਾਂ ਬੋਲਣ ਤੋਂ ਅਸਮਰੱਥ ਸੀ। ਉਸ ਨੂੰ ਭੇਤ ਖੁੱਲ੍ਹ ਜਾਣ ਦਾ ਕੋਈ ਡਰ ਨਹੀਂ ਸੀ। "ਤੁਸੀਂ ਕੱਲ੍ਹ ਰਾਤ ਹੀ ਮੈਨੂੰ ਫ਼ੋਨ ਕਿਉਂ ਨਹੀਂ ਕੀਤਾ ਤਾਂ ਜੋ ਅਸੀਂ ਉਸ ਦਾ ਡੋਪ ਟੈਸਟ ਕਰ ਸਕੀਏ?" ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਗਿੱਲ ਨੇ ਅਗਲੇ ਦਿਨ ਫ਼ੋਨ 'ਤੇ ਇਹ ਜਾਣਕਾਰੀ ਦਿੱਤੀ। "ਮੈਂ ਮਾਮਲੇ ਦੀ ਜਾਂਚ ਕਰਾਂਗਾ। ਆਦਮੀ ਦਾ ਪਹਿਲਾਂ ਡਾਕਟਰੀ ਮੁਆਇਨਾ ਹੋਣਾ ਚਾਹੀਦਾ ਹੈ।"

ਇਸ ਫੇਰੀ ਤੋਂ ਕੁਝ ਮਹੀਨੇ ਪਹਿਲਾਂ, ਪੀਟੀਆਈ ਨੇ "ਪੰਜਾਬ ਦੇ ਅੰਮ੍ਰਿਤਸਰ ਵਿਚ 15 ਪੁਲਿਸ ਕਰਮਚਾਰੀ ਡੋਪ ਟੈਸਟ ਵਿਚ ਫੇਲ੍ਹ ਹੋਏ" ਸਿਰਲੇਖ ਵਾਲੀ ਸਟੋਰੀ ਛਾਪੀ ਸੀ। ਲੱਗਭੱਗ ਉਸੇ ਸਮੇਂ, ਤਰਨ ਤਾਰਨ ਜ਼ਿਲ੍ਹਾ ਪੁਲਿਸ ਦੇ 38 ਪੁਲਿਸ ਮੁਲਾਜ਼ਮਾਂ ਦੇ ਡੋਪ ਟੈਸਟ ਹੋਏ, ਜਿਨ੍ਹਾਂ ਵਿੱਚੋਂ 26 ਫੇਲ੍ਹ ਹੋਏ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਦੋ ਨੂੰ ਉਨ੍ਹਾਂ ਦੀ "ਨਸ਼ਾ ਤਸਕਰੀ ਵਿਚ ਭੂਮਿਕਾ" ਦੇ ਕਾਰਨ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਅਮਰਿੰਦਰ ਸਿੰਘ, ਇਸ ਵਕਤ, ਮਹੱਤਵਪੂਰਨ ਕਾਰਗੁਜ਼ਾਰੀ ਦਾ ਦਾਅਵਾ ਕਰ ਰਹੇ ਸਨ।

4 ਦਸੰਬਰ 2019 ਨੂੰ, ਅਮਰਿੰਦਰ ਸਿੰਘ ਨੇ ਟਾਈਮਜ਼ ਆਫ਼ ਇੰਡੀਆ ਵਿਚ ਲਿਖਿਆ:

"ਢਾਈ ਸਾਲਾਂ ਤੋਂ ਵੱਧ ਸਮੇਂ ਤੋਂ, ਜਦੋਂ ਤੋਂ ਮੇਰੀ ਸਰਕਾਰ ਨੇ ਸਾਡੇ ਨੌਜਵਾਨਾਂ ਨੂੰ ਇਸ ਤਬਾਹੀ ਤੋਂ ਬਚਾਉਣ ਦੀ ਸਹੁੰ ਖਾ ਕੇ ਰਾਜ ਦੀ ਵਾਗਡੋਰ ਸੰਭਾਲੀ ਹੈ, ਅੱਜ ਅਸੀਂ ਅਤੀਤ ਦੇ ਲਾਚਾਰ ਤਮਾਸ਼ਬੀਨ ਨਹੀਂ ਹਾਂ। ਅਸੀਂ ਇਸ ਡਰਾਉਣੇ ਸੁਪਨੇ ਦੇ ਸੌਦਾਗਰਾਂ ਵਿਰੁੱਧ, ਪੂਰੀ ਤਾਕਤ ਨਾਲ ਡੱਟੇ ਹੋਏ ਹਾਂ।"

ਅਮਰਿੰਦਰ ਨੇ ਲਿਖਿਆ ਕਿ ਉਹ ਇਸ ਲੜਾਈ ਨੂੰ ਆਪਣੇ ਸਾਰਥਕ ਅੰਜ਼ਾਮ 'ਤੇ ਲਿਜਾਣ ਲਈ ਵਚਨਬੱਧ ਹੈ ਭਾਵੇਂ ਉਸ ਨੂੰ "ਹੱਥਲੇ ਇੱਕੋਇਕ ਵਸੀਲੇ ਦਾ ਇਸਤੇਮਾਲ ਕਰਨਾ ਪਿਆ ਸੀ।" ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਲੜਨ ਲਈ ਕੀ ਕੀਤਾ, ਇਸ ਦੀ ਉਨ੍ਹਾਂ ਨੇ ਲੰਮੀ ਸੂਚੀ ਮੁਹੱਈਆ ਕਰਵਾਈ। ਇਸ ਤਸਵੀਰ ਵਿਚ ਜੋ ਗ਼ਾਇਬ ਸੀ ਉਹ ਸੀ ਪੁਲਿਸ ਦੀ ਭਾਈਵਾਲੀ ਅਤੇ ਰਾਜਨੀਤਕ ਸਰਪ੍ਰਸਤੀ ਦੇ ਵਿਰੁੱਧ ਚੁੱਕੇ ਗਏ ਕਦਮਾਂ ਦਾ ਜ਼ਿਕਰ।

ਪੰਜਾਬ ਦੇ ਸਾਬਕਾ ਡੀਜੀਪੀ ਸਰਬਦੀਪ ਸਿੰਘ ਵਿਰਕ ਨੇ 2006 ਦੀ ਇਕ ਘਟਨਾ ਚੇਤੇ ਕੀਤੀ। ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਕਸਬੇ ਨਵਾਂਸ਼ਹਿਰ ਵਿਚ ਇਕ ਸੀਨੀਅਰ ਪੁਲਿਸ ਸੁਪਰਡੈਂਟ ਦਾ ਨਾਂ ਨਸ਼ਿਆਂ ਦੇ ਮਾਮਲੇ ਵਿਚ ਸਾਹਮਣੇ ਆਇਆ ਸੀ। ਵਿਰਕ ਨੇ ਕਿਹਾ, "ਮੈਂ ਉਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਸੀ ਕਿ ਰਾਜਾ ਨਿਆਂ ਕਰਨ ਸਮੇਂ ਰਿਸ਼ਤੇਦਾਰੀ ਨਹੀਂ ਦੇਖਦਾ।" (ਅਮਰਿੰਦਰ ਸਿੰਘ 2002 ਤੋਂ 2007 ਦਰਮਿਆਨ ਵੀ ਮੁੱਖ ਮੰਤਰੀ ਰਹੇ ਸਨ।) ਵਿਰਕ ਨੇ ਐੱਸਐੱਸਪੀ ਦੀ ਭੂਮਿਕਾ ਦੀ ਜਾਂਚ ਦੀ ਵਕਾਲਤ ਕੀਤੀ, ਪਰ ਅਮਰਿੰਦਰ ਨੇ "ਵੱਡੇ ਸ਼ਾਹੀ ਦਿਲ ਵਾਲਾ ਹੋਣ ਕਰਕੇ, ਮੈਨੂੰ ਅਜਿਹਾ ਕਰਨ ਤੋਂ ਵਰਜਿਆ।" ਵਿਰਕ ਨੇ ਕਿਹਾ ਕਿ ਐੱਸਐੱਸਪੀ ਨੂੰ ਇਸ ਲਈ ਛੱਡ ਦਿੱਤਾ ਗਿਆ ਕਿਉਂਕਿ ਉਸ ਨੇ ਉਸ ਵਕਤ ਬਾਦਲਾਂ 'ਤੇ ਸ਼ਿਕੰਜਾ ਕੱਸਦਿਆਂ ਕਾਂਗਰਸ ਸਰਕਾਰ ਨੂੰ ਖ਼ੁਸ਼ ਕੀਤਾ ਸੀ।

ਫਿਰ ਵੀ, ਵਿਰਕ ਨੇ ਕਿਹਾ ਕਿ ਉਹ ਮੁੱਖ ਮੰਤਰੀ 'ਤੇ ਸਥਿਤੀ ਦੀ ਗੰਭੀਰਤਾ ਦਾ ਪ੍ਰਭਾਵ ਪਾਉਣ ਦੇ ਯੋਗ ਸੀ, ਅਤੇ ਉਹ "ਐੱਨਡੀਪੀਐੱਸ ਐਕਟ ਵਿਚ ਗ਼ੈਰਕਨੂੰਨੀ ਆਵਾਜਾਈ ਦੀ ਰੋਕਥਾਮ ਤਹਿਤ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਤੀਹ ਤੋਂ ਚਾਲੀ ਦੇ ਕਰੀਬ ਵੱਡੀਆਂ ਮੱਛੀਆਂ ਨੂੰ ਹਿਰਾਸਤ ਵਿਚ ਲੈਣ ਵਿਚ ਕਾਮਯਾਬ ਰਿਹਾ। ਨਸ਼ਿਆਂ ਦੇ ਕਾਰੋਬਾਰ ਨੂੰ ਸਿਰ ਚੁੱਕਦੇ ਹੀ ਨੱਪਣ ਲਈ ਉਨ੍ਹਾਂ ਦੀ ਗੁਪਤ ਮੁਹਿਮ ਦੌਰਾਨ ਹੀ ਭੋਲੇ ਦਾ ਨਾਂ ਸਾਹਮਣੇ ਆਇਆ।"

ਭੋਲੇ ਨੂੰ ਆਖ਼ਰੀ ਪਲ 'ਤੇ ਸੂਹ ਮਿਲ ਗਈ ਅਤੇ ਉਹ ਫ਼ਰਾਰ ਹੋ ਗਿਆ। ਵਿਰਕ ਨੇ ਕਿਹਾ ਕਿ ਉਸਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਇਕ ਵਧੀਕ ਪੁਲਿਸ ਡਾਇਰੈਕਟਰ ਜਨਰਲ ਸੀ "ਜਿਸਨੇ ਭੋਲਾ ਨੂੰ ਉਸ ਨੂੰ ਹਿਰਾਸਤ 'ਚ ਲਏ ਦੀ ਸੂਹ ਦਿੱਤੀ ਸੀ।" ਇਸ ਤੋਂ ਤੁਰੰਤ ਬਾਅਦ, ਵਿਰਕ ਨੇ ਮਹਾਰਾਸ਼ਟਰ ਪੁਲਿਸ ਦਾ ਚਾਰਜ ਸੰਭਾਲ ਲਿਆ। ਬਾਅਦ ਵਿਚ, ਉਸਨੂੰ ਰਾਜ ਦੇ ਖ਼ੁਫ਼ੀਆ ਤੰਤਰ ਵਿਚਲੇ ਉਸ ਦੇ ਜਾਣੂਆਂ ਨੇ ਦੱਸਿਆ ਕਿ 2013 ਵਿਚ ਨਸ਼ੀਲੇ ਪਦਾਰਥ ਦੀ ਇਕ ਵੱਡੀ ਬਰਾਮਦਗੀ ਹੋਈ ਸੀ, ਅਤੇ ਪੰਜਾਬ ਪੁਲਿਸ ਦੀ ਇਸ ਵਿਚ ਸ਼ਮੂਲੀਅਤ ਸਾਹਮਣੇ ਆਈ ਸੀ। ਉਸਨੂੰ ਇਹ ਕਿਆਸ ਲਗਾਉਣ ਵਿਚ ਕੋਈ ਸਮਾਂ ਨਹੀਂ ਲੱਗਾ ਕਿ ਇਹ ਜਗਦੀਸ਼ ਸਿੰਘ ਭੋਲਾ ਸੀ।

ਅਗਲੇ ਕੁਝ ਸਾਲਾਂ ਵਿਚ, ਭੋਲੇ ਵਾਲਾ ਡਰੱਗ ਕੇਸ ਬਾਦਲ ਸਰਕਾਰ ਦੇ ਅਧੀਨ ਅਦਾਲਤਾਂ ਵਿਚ ਚੱਲਿਆ। ਜਦੋਂ 2017 ਵਿਚ ਅਮਰਿੰਦਰ ਸਿੰਘ ਸੱਤਾ ਵਿਚ ਵਾਪਸ ਆਏ ਤਾਂ ਜਨਤਾ ਵਧੇਰੇ ਫ਼ੈਸਲਾਕੁੰਨ ਕਾਰਵਾਈ ਦੀ ਉਮੀਦ ਕਰ ਰਹੀ ਸੀ, ਖ਼ਾਸ ਕਰਕੇ ਮਜੀਠੀਆ ਦੇ ਸੰਬੰਧ 'ਚ।

ਇਸ ਦੀ ਬਜਾਏ, ਆਗਾਮੀ ਵਿਧਾਨ ਸਭਾ ਚੋਣਾਂ ਦੀ ਤਿਆਰੀ ਨਾਲ, ਮਜੀਠੀਆ ਤਾਂ ਸਗੋਂ ਵਧ-ਫੁੱਲ ਰਿਹਾ ਪ੍ਰਤੀਤ ਹੁੰਦਾ ਹੈ। ਉਹ ਆਪਣੀ ਮਜੀਠਾ ਵਿਧਾਨ ਸਭਾ ਸੀਟ ਬਰਕਰਾਰ ਰੱਖਣ ਲਈ ਲੜੇਗਾ। ਇਸ ਸਾਲ ਫਰਵਰੀ ਵਿਚ ਮਜੀਠੀਆ, ਤਸਵੀਰ ਵਿਚ ਆਪਣੀ ਪਾਰਟੀ ਦੇ ਸਹਿਯੋਗੀ ਬੋਨੀ ਅਜਨਾਲਾ ਨਾਲ ਜਿੱਤ ਦਾ ਨਿਸ਼ਾਨ ਬਣਾਉਂਦੇ ਹੋਏ ਨਜ਼ਰ ਆਇਆ ਸੀ - ਜਿਸ ਨੇ 2016 ਵਿਚ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੀ ਇਕ ਚਿੱਠੀ ਵਿਚ ਮਜੀਠੀਆ ਦੀ ਡਰੱਗ ਘੁਟਾਲੇ ਕਰਨ ਵਾਲੇ ਸੱਤੇ ਅਤੇ ਪਿੰਡੀ ਨਾਲ ਕਥਿਤ ਮਿਲੀਭੁਗਤ ਨੂੰ ਉਜਾਗਰ ਕੀਤਾ ਸੀ। ਦੋਵੇਂ ਸਥਾਨਕ ਨਗਰ ਨਿਗਮ ਚੋਣਾਂ ਵਿਚ ਅਕਾਲੀ ਉਮੀਦਵਾਰਾਂ ਦੀ ਜਿੱਤ ਦਾ ਜਸ਼ਨ ਮਨਾ ਰਹੇ ਸਨ।


ਇਸ ਦੌਰਾਨ, ਅਦਾਲਤਾਂ ਵਿਚ ਨਸ਼ਿਆਂ ਦਾ ਕੇਸ ਲੰਮਾ ਹੁੰਦਾ ਜਾਂਦਾ ਹੈ। ਹਾਈ ਕੋਰਟ ਨੇ ਅਗਲੀ ਸੁਣਵਾਈ 15 ਨਵੰਬਰ 2021 ਤੈਅ ਕੀਤੀ ਹੈ। ਨਵਕਿਰਨ ਨੇ ਕਿਹਾ ਕਿ ਲੌਇਰਜ਼ ਫਾਰ ਹਿਊਮੈਨ ਰਾਈਟਸ ਨੇ ਸੁਣਵਾਈ ਪਹਿਲਾਂ 9 ਅਗਸਤ ਤੱਕ ਕਰਵਾਉਣ ਲਈ ਅਰਜ਼ੀ ਦਾਇਰ ਕੀਤੀ ਸੀ। ਅਰਜ਼ੀ ਵਿਚ ਕਿਹਾ ਗਿਆ ਹੈ, "ਇਹ ਮਾਮਲਾ ਪੰਜਾਬ ਰਾਜ ਵਿਚ ਚੱਲ ਰਹੇ ਡਰੱਗ ਮਾਫ਼ੀਆ ਨਾਲ ਜੁੜਿਆ ਹੋਇਆ ਹੈ ਜਿਸ ਦਾ ਜਾਲ ਅੰਤਰਰਾਸ਼ਟਰੀ ਹੈ ਅਤੇ ਇਸ ਨੂੰ ਫ਼ੌਰੀ ਅਧਾਰ 'ਤੇ ਨਜਿੱਠਣ ਦੀ ਲੋੜ ਹੈ ਕਿਉਂਕਿ ਇਹ ਪੰਜਾਬੀ ਨੌਜਵਾਨਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ।"

ਨਵਕਿਰਨ ਨੇ ਇਕ ਵਾਰ ਫਿਰ ਇਸ਼ਾਰਾ ਕੀਤਾ ਕਿ, ਸੀਨੀਅਰ ਸਿਆਸਤਦਾਨਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਫਸਾਉਣ ਵਾਲੀ ਐੱਸਟੀਐੱਫ ਰਿਪੋਰਟ ਨੂੰ ਪੇਸ਼ ਕੀਤੇ ਜਾਣ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਇਸ ਦੇ ਬਾਵਜੂਦ ਰਾਜ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਚਟੋਪਾਧਿਆਏ ਵੱਲੋਂ ਆਪਣੀ ਸਿੱਟ ਜਾਂਚ ਵਿਚ ਗੁਪਤਾ ਅਤੇ ਸੁਰੇਸ਼ ਅਰੋੜਾ ਦਾ ਨਾਂ ਲਏ ਜਾਣ ਤੋਂ ਦਸ ਮਹੀਨੇ ਬਾਅਦ, ਅਮਰਿੰਦਰ ਸਿੰਘ ਸਰਕਾਰ ਨੇ ਦਿਨਕਰ ਗੁਪਤਾ ਨੂੰ ਤਰੱਕੀ ਦੇ ਕੇ ਪੰਜਾਬ ਪੁਲਿਸ ਦੇ ਡੀਜੀਪੀ ਦੇ ਅਹੁਦੇ 'ਤੇ ਬਿਠਾਇਆ ਸੀ। ਰਾਜ ਜੀਤ ਸਿੰਘ ਹੁੰਦਲ ਵਿਜੀਲੈਂਸ ਬਿਊਰੋ ਵਿਚ ਹੈ ਅਤੇ ਉਸ ਨੂੰ ਕਦੇ ਵੀ ਮੁਅੱਤਲੀ ਦਾ ਸਾਹਮਣਾ ਨਹੀਂ ਕਰਨਾ ਪਿਆ।

13 ਅਗਸਤ ਨੂੰ ਜੱਜ ਰਾਜਨ ਗੁਪਤਾ ਅਤੇ ਅਜੈ ਤਿਵਾੜੀ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਿਸ਼ੇਸ਼ ਡਿਵੀਜ਼ਨ ਬੈਂਚ ਨੇ ਇਨ੍ਹਾਂ ਅਰਜ਼ੀਆਂ ਦੀ ਸੁਣਵਾਈ ਦੋ ਹਫਤਿਆਂ ਲਈ ਮੁਲਤਵੀ ਕਰ ਦਿੱਤੀ ਸੀ। ਆਦੇਸ਼ ਵਿਚ ਕਿਹਾ ਗਿਆ ਹੈ ਕਿ ਇਹ ਇਸ ਕਰਕੇ ਸੀ ਕਿ "ਬੈਂਚ ਦਾ ਗਠਨ ਹਾਲ ਹੀ ਵਿਚ ਕੀਤਾ ਗਿਆ ਸੀ ਅਤੇ ਵੱਖ-ਵੱਖ ਜਾਂਚ ਰਿਪੋਰਟਾਂ 2/3 ਸਾਲ ਪਹਿਲਾਂ ਪੇਸ਼ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਧਿਆਨ ਨਾਲ ਵਾਚਣ ਦੀ ਜ਼ਰੂਰਤ ਹੈ।" ਇਸ ਨੇ ਅੱਗੇ ਕਿਹਾ, "ਅਦਾਲਤ ਨੂੰ ਸੂਚਿਤ ਕੀਤਾ ਗਿਆ ਹੈ ਕਿ ਇਹ ਰਜਿਸਟਰਾਰ ਕੋਲ ਹਨ। ਪੇਸ਼ਗੀ ਸੁਣਵਾਈ ਲਈ ਮੌਜੂਦਾ ਅਰਜ਼ੀ 'ਤੇ ਕੋਈ ਹੋਰ ਆਦੇਸ਼ ਦੇਣ ਤੋਂ ਪਹਿਲਾਂ, ਰਜਿਸਟਰਾਰ (ਨਿਆਂਇਕ) ਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਉਹ ਸੁਣਵਾਈ ਦੀ ਅਗਲੀ ਤਰੀਕ ਤੋਂ ਪਹਿਲਾਂ ਚੈਂਬਰਾਂ ਵਿਚ ਰਿਪੋਰਟਾਂ ਪੇਸ਼ ਕਰੇ।" ਇਹ ਕੇਸ 1 ਸਤੰਬਰ ਨੂੰ ਇਕ ਹੋਰ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਸੀ। ਤਿਵਾੜੀ ਨੇ ਆਪਣੇ ਆਪ ਨੂੰ ਬੈਂਚ ਤੋਂ ਵੱਖ ਕਰ ਲਿਆ। ਚੀਫ ਜਸਟਿਸ ਤੋਂ ਆਦੇਸ਼ ਪ੍ਰਾਪਤ ਕਰਨ ਤੋਂ ਬਾਅਦ ਇਹ ਮਾਮਲਾ ਹੁਣ ਨਵੇਂ ਬੈਂਚ ਦੇ ਸਾਹਮਣੇ ਸੂਚੀਬੱਧ ਕੀਤਾ ਜਾਵੇਗਾ।

(ਕਾਰਵਾਂ ਮੈਗਜ਼ੀਨ, ਸਤੰਬਰ 2021 ਦੇ ਧੰਨਵਾਦ ਸਹਿਤ)

# ਭਾਅ ਜੀ ਗੁਰਸ਼ਰਨ ਸਿੰਘ ਦਾ ਔਰਤਾਂ ਬਾਰੇ ਦ੍ਰਿਸ਼ਟੀਕੋਣ



"ਬਰਾਬਰੀ ਮੇਰੇ ਲਈ ਨਾਹਰਾ ਨਹੀਂ ਹੈ, ਮੇਰਾ ਅਕੀਦਾ ਹੈ, ਮਨੁੱਖਤਾ ਦਾ ਸੁਪਨਾ ਹੈ" ਇਹ ਸ਼ਬਦ ਹਨ ਭਾਅ ਜੀ ਗੁਰਸ਼ਰਨ ਸਿੰਘ ਦੇ। ਇਹ ਗੱਲ ਉਹਨਾਂ ਨੇ ਸਿਰਫ ਕਹੀ ਹੀ ਨਹੀਂ ਸਗੋਂ ਆਪਣੇ ਹਰ ਇੱਕ ਨਾਟਕ ਅਤੇ ਹਰ ਲਿਖਤ ਵਿੱਚ ਇਸ ਗੱਲ ਨੂੰ ਉਭਾਰਿਆ ਵੀ। ਉਹ ਸੱਚਮੁੱਚ ਦੀ ਬਰਾਬਰੀ ਵਾਲਾ ਸੰਸਾਰ ਲੋਚਦੇ ਸਨ। ਇਹ ਉਹਨਾਂ ਦੇ ਜੀਵਨ ਦੇ ਹਰ ਪਹਿਲੂ ਵਿੱਚੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਜਿੱਥੇ ਗੁਰਸ਼ਰਨ ਸਿੰਘ ਦੱਬੇ ਕੁਚਲੇ,ਗਰੀਬ ਲੋਕਾਂ , ਦਲਿਤਾਂ ਬਾਰੇ ਜਿੰਦਗੀ ਦੀਆਂ ਬਰਾਬਰ ਸਹੂਲਤਾਂ ਬਾਰੇ ਫਿਕਰਮੰਦ ਸੀ ਉੱਥੇ ਔਰਤਾਂ ਜੋ ਉਹਨਾਂ ਤੋਂ ਵੀ ਵੱਧ ਕੇਵਲ ਔਰਤਾਂ ਹੋਣ ਕਰ ਕੇ ਸੰਤਾਪ ਹੰਢਾਅ ਰਹੀਆਂ ਹਨ ਬਾਰੇ ਚਿੰਤਾ ਉੱਸ ਤੋਂ ਵੀ ਵਧੇਰੇ ਸੀ।

ਸੰਨ 1947 ਵੇਲੇ ਸਿਰਫ 18 ਕੁ ਵਰ੍ਹਿਆਂ ਦੇ ਗੁਰਸ਼ਰਨ ਸਿੰਘ ਨੇ ਉਸ ਸਮੇਂ ਦਾ ਉਜਾੜਾ ਅਤੇ ਦੁੱਖ ਜੋ ਖਾਸ ਤੌਰ ਤੇ ਔਰਤਾਂ ਨੂੰ ਹੰਢਾਉਣਾ ਪਿਆ ਆਪਣੇ ਅੱਖੀਂ ਦੇਖਿਆ। ਇਹ ਉਹਨਾਂ ਦੇ ਮਨ ਤੇ ਹਮੇਸ਼ਾਂ ਚਿੱਤਰਿਆ ਰਿਹਾ। ਉਹ ਜਦ ਵੀ ਮਜ਼ਹਬੀ ਜਨੂੰਨ ਵਿੱਚ ਅੰਨ੍ਹੇ ਹੋਏ ਲੋਕਾਂ ਦੀਆਂ ਗੱਲਾਂ ਕਰਦੇ ਤਾਂ ਉਧਮ ਸਿੰਘ ਨਾਗੋਕੇ ਅਤੇ ਈਸ਼ਰ ਸਿੰਘ ਮਝੈਲ ਸਿੰਘ ਦਾ ਨਾਂ ਲੈਂਦਿਆਂ ਉਹਨਾਂ ਦੀ ਆਵਾਜ਼ ਰੋਹ ਨਾਲ ਭਰ ਜਾਂਦੀ ਜਿੰਨ੍ਹਾਂ ਨੇ ਅੰਮ੍ਰਿਤਸਰ ਹਾਲ ਬਾਜਾਰ ਤੋਂ ਲੈ ਕੇ ਮੋਚੀ ਬਾਜਾਰ ਤੱਕ ਮੁਸਲਮਾਨ ਔਰਤਾਂ ਨੂੰ ਨੰਗਾ ਕਰ ਕੇ ਜਲੂਸ ਕੱਢਿਆ ਸੀ। ਉਹਨਾਂ ਦੇ ਮਨ ਵਿੱਚ ਹਮੇਸ਼ਾਂ ਇਹ ਗੱਲ ਰੜਕਦੀ ਰਹੀ ਕਿ ਉਨ੍ਹਾਂ ਤੇ ਉਨ੍ਹਾਂ ਵਰਗੇ ਆਗੂਆਂ ਨੂੰ ਇਸ ਕਰਤੂਤ ਦੀ ਸਜਾ ਕਿਉਂ ਨਹੀਂ ਮਿਲੀ। ਉਨ੍ਹਾਂ ਸਾਰੀ ਉਮਰ ਮਜ਼ਹਬੀ ਦਹਿਸ਼ਤ ਅਤੇ ਸਿਆਸਤ ਦੀ ਵਿਰੋਧਤਾ ਕੀਤੀ ਜਿਸ ਦੇ ਨਾਂ ਤੇ ਔਰਤਾਂ ਨੂੰ ਕਾਫਲਿਆਂ ਵਿੱਚੋਂ ਧੂਹਿਆ ਗਿਆ।

ਭਾਅ ਜੀ ਕਹਿੰਦੇ ਸਨ, " ਲੋਕ-ਸ਼ਕਤੀ ਨਾਲ ਹੀ ਸਮਾਜ ਨੂੰ ਬਦਲਿਆ ਜਾ ਸਕਦਾ ਹੈ ਅਤੇ ਇਹ ਲੋਕ ਸ਼ਕਤੀ ਉਦੋਂ ਬਣੇਗੀ ਜਦੋਂ ਮੇਰੀਆ ਭੈਣਾਂ ਐਨ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਖਲੋਣਗੀਆਂ"। ਇਹੀ ਕਾਰਨ ਸੀ ਕਿ ਉਹ ਹਰ ਖੇਤਰ ਵਿੱਚ ਔਰਤਾਂ ਦੀ ਸ਼ਮੂਲੀਅਤ ਚਾਹੁੰਦੇ ਸਨ। ਕਈ ਵਾਰ ਜਦ ਪਿੰਡਾਂ ਵਿੱਚ ਦਰਸ਼ਕਾਂ ਵਿੱਚ ਔਰਤਾਂ ਨਾ ਹੁੰਦੀਆਂ ਤਾਂ ਉਹ ਨਾਟਕ ਸ਼ੁਰੂ ਨਹੀਂ ਸੀ ਕਰਦੇ ਤੇ ਸਟੇਜ ਤੋਂ ਅਨਾਊਂਸ ਕਰਦੇ। " ਮੇਰੀਆਂ ਧੀਆਂ, ਭੈਣਾ ਘਰਾਂ ਚ ਲੁਕ ਕੇ ਨਾ ਬੈਠਣ, ਉਹ ਵੀ ਆ ਕੇ ਨਾਟਕ ਦੇਖਣ"। ਫਿਰ ਜਦ ਔਰਤਾਂ ਆ ਜਾਂਦੀਆਂ ਤਾਂ ਨਾਟਕ ਸ਼ੁਰੂ ਕਰਦੇ। ਔਰਤਾਂ ਨੂੰ ਖਾਸ ਕਰਕੇ ਪੇਂਡੂ ਔਰਤਾਂ ਨੂੰ ਮਰਦਾਂ ਦੇ ਬਰਾਬਰ ਬੈਠ ਕੇ ਨਾਟਕ ਦੇਖਣ ਦੀ ਜੁੱਅਰਤ ਪੈਦਾ ਕਰਨਾ ਕੋਈ ਮਾਮੂਲੀ ਗੱਲ ਨਹੀਂ ਸੀ। ਉਹਨਾਂ ਦੇ ਬਹੁਤ ਸਾਰੇ ਨਾਟਕਾਂ ਵਿੱਚ ਔਰਤਾਂ ਨਾਲ ਸਬੰਧਤ ਵਿਸ਼ਾ ਹੁੰਦਾ। ਉਹ ਚਾਹੁੰਦੇ ਸਨ ਕਿ ਔਰਤਾਂ ਜਿਹੜੀ ਦੂਹਰੀ ਮਾਰ ਸਹਿ ਰਹੀਆਂ ਹਨ ਆਪਣੇ ਹੱਕਾਂ ਬਾਰੇ ਚੇਤਨ ਹੋਣ ਤੇ ਆਪਣੇ ਹੱਕਾਂ ਅਤੇ ਸਮਾਜਕ ਸਰੋਕਾਰਾਂ ਲਈ ਲੜੇ ਜਾ ਰਹੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ।

ਭਾਅ ਜੀ ਗੁਰਸ਼ਰਨ ਸਿੰਘ ਔਰਤਾਂ ਦੀ ਬਰਾਬਰੀ ਦੇ ਸੰਘਰਸ਼ ਦੀ ਗੱਲ ਆਪਣੇ ਨਾਟਕਾਂ ਵਿੱਚ ਕਰਦੇ ਸਨ। ਇਹ ਸਵਾਲ, " ਬੱਚੇ ਨੂੰ ਜਨਮ ਮਾਂ ਦਿੰਦੀ ਹੈ, ਪਾਲਣ ਪੋਸ਼ਣ ਵੀ ਮਾਂ ਹੀ ਕਰਦੀ ਹੈ, ਫਿਰ ਸਕੂਲ ਦਾਖਲ ਹੋਣ ਸਮੇਂ ਇਕੱਲੇ ਬਾਪ ਦਾ ਨਾਂ ਕਿਉਂ ਲਿਖਿਆ ਜਾਂਦਾ ਹੈ?" ਉਸ ਨੇ ਆਪਣੇ ਨਾਟਕ ਰਾਹੀਂ ਹੀ ਲੋਕਾਂ ਸਾਹਮਣੇ ਅਤੇ ਅਧਿਕਾਰੀਆਂ ਸਾਹਮਣੇ ਖੜਾ ਕੀਤਾ ਸੀ। ਉਸ ਨੇ ਲਗਾਤਾਰ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਵੀ ਜੋਰਦਾਰ ਆਵਾਜ਼ ਉਠਾਈ। ਨਾਟਕ ਰਾਹੀਂ ਇਹੀ ਸਵਾਲ ਉਠਾਉਣ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੇ ਐਲਾਨ ਕੀਤਾ, "ਅੱਜ ਤੋਂ ਬਾਦ ਹਰ ਸਾਰਟੀਫਿਕੇਟ ਉੱਤੇ ਮਾਂ ਅਤੇ ਬਾਪ ਦੋਹਾਂ ਦਾ ਨਾਮ ਲਿਖਿਆ ਜਾਵੇਗਾ।" ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕੀਤੀ ਪਹਿਲਕਦਮੀ ਤੇ ਹੁਣ ਹਰੇਕ ਬੋਰਡ ਅਤੇ ਯੂਨੀਵਰਸਿਟੀ ਨੇ ਇਸ ਨੂੰ ਅਪਨਾ ਲਿਆ ਹੈ।

ਭਾਅ ਜੀ ਨੇ ਜਿੰਦਗੀ ਭਰ ਔਰਤਾਂ ਦੇ ਮਾਨ ਸਨਮਾਨ ਦਾ ਹੋਕਾ ਆਪਣੇ ਨਾਟਕਾਂ ਰਾਹੀਂ ਦਿੱਤਾ। ਉਹਨਾਂ ਨੂੰ ਇਹ ਗੱਲ ਬਹੁਤ ਹੀ ਚੁਭਦੀ ਸੀ ਕਿ ਜਦੋਂ ਦੋ ਮਰਦ ਆਪਸ ਵਿੱਚ ਲੜਦੇ ਹਨ ਤਾਂ ਉਹ ਇੱਕ ਦੂਜੇ ਨੂੰ ਮਾਵਾਂ ਭੈਣਾਂ ਦੀਆਂ ਗਾਲਾਂ ਕਿਉਂ ਕਢਦੇ ਹਨ। ਔਰਤ ਨੂੰ ਦਿੱਤੀਆਂ ਜਾਣ ਵਾਲੀਆਂ ਅਸੀਸਾਂ ਵੀ ਉਸ ਲਈ ਨਾ ਹੋ ਕੇ ਉਸ ਦੇ ਪਤੀ ਜਾਂ ਪੁੱਤਰ ਲਈ ਹੀ ਹੁੰਦੀਆਂ ਹਨ। ਉਹ ਇਸ ਦੀ ਪੁਰਜੋਰ ਨਿਖੇਧੀ ਕਰਦੇ ਹੋਏ ਆਪਣੀ ਬੁਲੰਦ ਆਵਾਜ਼ ਵਿੱਚ ਕਹਿੰਦੇ, " ਮਾਵਾਂ ਭੈਣਾਂ ਨੂੰ ਗਾਲਾਂ ਮੱਤ ਕੱਢੋ"। ਉਹਨਾਂ ਮੁਤਾਬਕ ਗਾਲਾਂ ਕੱਢਣਾ ਸਾਡੇ ਸਭਿਆਚਾਰ ਦਾ ਅਤੀ ਸ਼ਰਮਨਾਕ ਅਤੇ ਨਿੰਦਨਯੋਗ ਪਹਿਲੂ ਹੈ। ਇਹ ਉਸ ਜਗੀਰੂ ਸੋਚ ਦਾ ਸਿੱਟਾ ਹੈ ਜਿਸ ਵਿੱਚ ਔਰਤ ਨੂੰ ਮਰਦ ਨਾਲੋਂ ਘਟੀਆ ਅਤੇ ਹੀਣਾ ਸਮਝਿਆ ਜਾਂਦਾ ਹੈ। ਉਹਨਾਂ ਹਮੇਸ਼ਾਂ ਔਰਤਾਂ ਦੀ ਬਰਾਬਰੀ ਅਤੇ ਮੁਕਤੀ ਲਈ ਚੱਲੇ ਘੋਲਾਂ ਦੀ ਹਮਾਇਤ ਕੀਤੀ। ਆਪਣੀ ਨਿਜੀ ਜਿੰਦਗੀ ਤੇ ਆਪਣੇ ਨਾਟ-ਸੰਸਾਰ ਵਿੱਚ ਔਰਤਾਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਦਾ ਸਾਥ ਦਿੱਤਾ। ਉਹਨਾਂ ਨੂੰ ਇਹ ਗੱਲ ਵੀ ਰੜਕਦੀ ਸੀ ਕਿ ਜਥੇਬੰਦੀਆਂ ਵਿੱਚ ਔਰਤਾਂ ਨਾਲ ਬੇਇਨਸਾਫੀ ਹੁੰਦੀ ਹੈ। ਉਹਨਾਂ ਦੀ ਕਾਬਲੀਅਤ ਨੂੰ ਅਣਗੌਲਿਆ ਕੀਤਾ ਜਾਂਦਾ ਹੈ।

ਭਾਅ ਜੀ ਨੇ ਜਿਸ ਤਰ੍ਹਾਂ ਮਜ਼ਹਬੀ ਦਹਿਸ਼ਤਗਰਦੀ ਅਤੇ ਸਿਆਸਤ ਦਾ ਸੰਨ 47 ਮੌਕੇ ਵਿਰੋਧ ਕੀਤਾ ਉਸੇ ਤਰ੍ਹਾਂ ਨੌਵੇਂ ਦਹਾਕੇ ਵਿੱਚ ਚੱਲੀ ਜਨੂੰਨੀ ਹਨੇਰੀ ਦਾ ਵੀ ਡਟ ਕੇ ਵਿਰੋਧ ਅਤੇ ਮੁਕਾਬਲਾ ਕੀਤਾ। ਉਹਨਾਂ ਦਾ ਕਹਿਣਾ ਸੀ, " ਮੇਰੀਆਂ ਦੋ ਧੀਆਂ ਨੇ ਤੇ ਉਹ ਕਿਸੇ ਮਜ਼ਹਬ ਦੇ ਨਾਂ ਤੇ ਉਸਾਰੇ ਗਏ ਸਮਾਜ ਵਿੱਚ ਬੰਦਸਾਂ ਭਰੀਆਂ ਜਿੰਦਗੀਆਂ ਜੀਣ, ਇਹ ਮੈਨੂੰ ਮਨਜ਼ੂਰ ਨਹੀਂ"। ਉਹ ਇਹ ਗੱਲ ਕਹਿੰਦਿਆਂ ਕਈ ਵਾਰ ਬਹੁਤ ਭਾਵੁਕ ਹੋ ਜਾਂਦੇ। ਉਹ ਇਹ ਗੱਲ ਸਿਰਫ ਆਪਣੀਆਂ ਹੀ ਧੀਆਂ ਵਾਸਤੇ ਨਹੀਂ ਸੀ ਕਹਿੰਦੇ ਸਗੋਂ ਇਸ ਧਰਤੀ ਦੀਆਂ ਸਮੁੱਚੀਆਂ ਧੀਆਂ ਦਾ ਉਹਨਾਂ ਨੂੰ ਫਿਕਰ ਸੀ। ਇਹ ਭਾਵੁਕਤਾ ਕਿਸੇ ਸਾਧਾਰਨ ਮਨੁੱਖ ਦੀ ਭਾਵੁਕਤਾ ਨਹੀਂ ਸੀ ਜੋ ਬਿਨਾ ਸੋਚ ਦੇ ਭਾਵੁਕ ਹੋ ਜਾਵੇ। ਇੱਕ ਸੱਚਾ ਸੁੱਚਾ ਕਮਿਊਨਿਸ਼ਟ ਹੋਣ ਕਰ ਕੇ ਇਹ ਸੰਵੇਦਨਸ਼ੀਲਤਾ ਉਹਨਾਂ ਨੂੰ ਉਸ ਵਿਚਾਰਧਾਰਾ ਚੋਂ ਮਿਲੀ ਸੀ। ਉਹਨਾਂ ਦਾ ਇਹ ਵੀ ਕਹਿਣਾ ਸੀ, " ਮੈਨੂੰ ਮੂਲਵਾਦੀਆਂ ਤੋਂ ਇਸ ਕਰ ਕੇ ਨਫਰਤ ਹੈ ਕਿ ਜੇ ਉੱਪਰ ਆ ਗਏ ਤਾਂ ਉਹ ਮੇਰੀਆਂ ਬੇਟੀਆਂ ਤੋਂ ਜੀਣ ਦਾ ਹੱਕ ਖੋਹ ਲੈਣਗੇ। ਸਭ ਤੋਂ ਪਹਿਲਾਂ ਉਹਨਾਂ ਦੇ ਸਿਰ ਤੇ ਪੱਲਾ ਕਰਵਾ ਦੇਣਗੇ ਤੇ ਉਹਨਾਂ ਨੂੰ ਕਹਿਣਗੇ ਬਈ ਔਰਤਾਂ ਇਹ ਨਹੀਂ ਕਰ ਸਕਦੀਆਂ ਉਹ ਨਹੀਂ ਕਰ ਸਕਦੀਆਂ, ਕਿਉਂਕਿ ਸਾਰੇ ਧਾਰਮਿਕ ਕੱਟੜਵਾਦੀ ਜਿਹੜੇ ਐ, ਉਹ ਔਰਤ ਵਿਰੋਧੀ ਨੇ"।

ਗੁਰਸ਼ਰਨ ਸਿੰਘ ਨੂੰ ਮਨੁੱਖਤਾ ਨਾਲ ਅੰਤਾਂ ਦਾ ਪਿਆਰ ਸੀ । ਇਸੇ ਮਨੁੱਖਤਾ ਵਿੱਚੋਂ ਹੀ ਉਹ ਔਰਤਾਂ ਪ੍ਰਤੀ ਬਹੁਤ ਸੰਵੇਦਨਸ਼ੀਲ ਸਨ ਤੇ ਔਰਤਾਂ ਦੇ ਹੱਕਾਂ ਤੇ ਔਰਤਾਂ ਦੀ ਮੁਕਤੀ ਲਈ ਉਹਨਾਂ ਆਪਣੀ ਸੁਰਤ ਸੰਭਲਣ ਤੋਂ ਲੈ ਕੇ ਅੰਤ ਤੱਕ ਆਪਣੇ ਵਿਸ਼ੇਸ਼ ਢੰਗ ਨਾਲ ਜਦੋ ਜਹਿਦ ਕੀਤੀ।

ਹਰਜੀਤ ਬੇਦੀ
62395-63570




ਹਰੀਪਾਲ
403-714-4816

*ਅਜੋਕੀਆਂ ਸਮੱਸਿਆਵਾਂ, ਖਾਸਕਰ ਕੈਨੇਡਾ ਦੇ ਪੰਜਾਬੀ ਭਾਈਚਾਰੇ ਦੇ ਸੰਦਰਭ ਵਿਚ, ਜਿਵੇਂ ਭਾਸ਼ਾ, ਸਾਹਿਤ, ਸੱਭਿਆਚਾਰ ਆਦਿ ਬਾਰੇ ਮੇਰੇ ਵਲੋਂ ਲਿਖ ਕੇ ਭੇਜੇ ਸਵਾਲਾਂ ਦੇ, ਲੰਮੇ ਸਮੇਂ ਤੋਂ ਵੈਨਕੂਵਰ ਰਹਿ ਰਹੇ* ***ਪੰਜਾਬੀ ਲੇਖਕ ਸਾਧੂ ਬਿਨਿੰਗ*** *ਵਲੋਂ, ਦਿੱਤੇ ਜਵਾਬ ਪਾਠਕਾਂ ਲਈ ਹਾਜ਼ਰ ਹਨ। - ਹਰੀਪਾਲ*

# ਸਾਧੂ ਬਿਨਿੰਗ ਨਾਲ਼ ਕੁਝ ਗੱਲਾਂ

## ਮਨੁੱਖਤਾ ਸਮਾਜਵਾਦੀ ਹੋ ਕੇ ਹੀ ਆਪਣਾ ਬਚਾ ਕਰ ਸਕਦੀ ਹੈ!



**ਸਵਾਲ : ਕੈਨੇਡਾ ਵਿੱਚ ਪੰਜਾਬੀ ਭਾਸ਼ਾ ਕੀ ਆਪਦੇ ਪੈਰ ਜਮਾ ਰਹੀ ਹੈ ਜਾਂ ਸਿਰਫ ਇੰਮੀਗਰੇਸ਼ਨ ਦੇ ਪਾਣੀ ਨਾਲ਼ ਹੀ ਜੀਵਿਤ ਰਹਿ ਰਹੀ ਹੈ?**

**ਜਵਾਬ :** ਮੇਰੇ ਖਿਆਲ ਵਿਚ ਪੰਜਾਬੀ ਬੋਲੀ ਇਸ ਵੇਲੇ ਕਨੇਡਾ ਵਿਚ ਆਪਣੇ ਪੈਰ ਜਮਾ ਰਹੀ ਹੈ ਤੇ ਹੁਣ ਇਹ ਏਨੀ ਛੇਤੀ ਅਲੋਪ ਨਹੀਂ ਹੋਣ ਲੱਗੀ। ਇਸ ਦਾ ਇਕ ਵੱਡਾ ਕਾਰਨ ਤਾਂ ਪਿਛਲੇ ਕੁਝ ਦਹਾਕਿਆਂ ਦੌਰਾਨ ਹੋਇਆ ਤਕਨੀਕੀ ਵਿਕਾਸ ਹੈ। ਹੁਣ ਇਹ ਗੱਲ ਤਾਂ ਕਿਆਸ ਨਹੀਂ ਕੀਤੀ ਜਾ ਸਕਦੀ, ਜਿਸ ਤਰ੍ਹਾਂ ਪਹਿਲਾਂ ਸੀ, ਕਿ ਤੀਜੀ ਪੀੜ੍ਹੀ ਤੱਕ ਨਵੇਂ ਥਾਂ ਜਾ ਕੇ ਆਵਾਸੀਆਂ ਦੀ ਬੋਲੀ ਖਤਮ ਹੋ ਜਾਵੇਗੀ ਕਿਉਂਕਿ ਹੁਣ ਨਵੇਂ ਆਵਾਸੀ ਆਪਣੇ ਪਿਛੋਕੜ ਨਾਲੋਂ ਪਹਿਲਾਂ ਵਾਂਗ ਪੂਰੀ ਤਰ੍ਹਾਂ ਟੁੱਟਦੇ ਨਹੀਂ। ਉਹ ਜਿਸ ਪੱਲ ਚਾਹੁਣ ਆਪਣੇ ਪਿੱਛੇ ਰਹਿ ਗਿਆਂ ਨਾਲ ਰਾਬਤਾ ਕਾਇਮ ਕਰ ਸਕਦੇ ਹਨ ਤੇ ਕਰਦੇ ਹਨ ਅਤੇ ਬਿਨਾਂ ਕਿਸੇ ਦੇਰੀ ਦੇ ਵਾਪਸ ਜਾ ਸਕਦੇ ਹਨ ਤੇ ਅਕਸਰ ਜਾਂਦੇ ਹਨ। ਸਾਨੂੰ ਪੰਜਾਬ ਵਿਚਲੇ ਪੰਜਾਬੀਆਂ ਬਾਰੇ ਹੀ ਨਹੀਂ ਸਗੋਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਵਸਦੇ ਪੰਜਾਬੀਆਂ ਦੀ ਵਾਪਰ ਰਹੀ ਹਰ ਗੱਲ ਦਾ ਉਸੇ ਪੱਲ ਪਤਾ ਲੱਗਦਾ ਰਹਿੰਦਾ ਹੈ। ਅਜੋਕੇ ਤਕਨੀਕੀ ਵਿਕਾਸ ਤੋਂ ਪਹਿਲਾਂ ਇਹ ਗੱਲਾਂ ਸੰਭਵ ਨਹੀਂ ਸਨ।

ਪਿਛਲੇ ਚਾਰ ਪੰਜ ਦਹਾਕਿਆਂ ਦੌਰਾਨ ਕਨੇਡਾ ਵਿਚ ਪੰਜਾਬੀਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ, ਖਾਸ ਕਰ ਪਿਛਲੇ ਕੁਝ ਸਾਲਾਂ 'ਚ ਬਹੁਤ ਵੱਡੀ ਗਿਣਤੀ ਵਿਚ ਪੰਜਾਬੀ ਨੌਜਵਾਨ ਵਿਦਿਆਰਥੀਆਂ ਵਜੋਂ ਆਏ ਹਨ। ਇਨ੍ਹਾਂ ਨੰਬਰਾਂ ਦੇ ਸਹਾਰੇ ਪੰਜਾਬੀ ਕਨੇਡਾ ਵਿਚ ਬੋਲੀਆਂ ਜਾਂਦੀਆਂ ਦੋ ਸੌ ਦੇ ਕਰੀਬ ਬੋਲੀਆਂ ਵਿੱਚੋਂ ਕੁਝ ਸਮਾਂ ਤੀਜੇ ਨੰਬਰ ਤੇ ਵੀ ਰਹੀ ਹੈ ਤੇ ਹੁਣ ਪੰਜਵੇਂ ਨੰਬਰ 'ਤੇ ਹੈ। ਇਸ ਨਾਲ ਸਿੱਧਾ ਫਰਕ ਇਹ ਪਿਆ ਹੈ ਕਿ ਜਿਨ੍ਹਾਂ ਸੂਬਿਆਂ ਵਿਚ ਪੰਜਾਬੀ ਜ਼ਿਆਦਾ ਗਿਣਤੀ ਵਿਚ ਹਨ ਉੱਥੋਂ ਦੀਆਂ ਸਰਕਾਰਾਂ ਬਹੁਤ ਸਾਰੇ ਸਰਕਾਰੀ ਕੰਮਾਂ ਕਾਰਾਂ ਦੀਆਂ ਸੂਚਨਾਵਾਂ ਅੰਗ੍ਰੇਜ਼ੀ ਫਰਾਂਸੀਸੀ ਅਤੇ ਹੋਰ ਬੋਲੀਆਂ ਦੇ ਨਾਲ ਨਾਲ ਪੰਜਾਬੀ ਵਿਚ ਵੀ ਮੁਹੱਈਆਂ ਕਰਾਉਂਦੀਆਂ ਹਨ। ਨਾਲ ਹੀ ਹਸਪਤਾਲਾਂ, ਕਚਿਹਰੀਆਂ ਤੇ ਹਵਾਈ ਅੱਡਿਆਂ ਆਦਿ 'ਤੇ ਲੋਕਾਂ ਦੀ ਸਹੂਲਤ ਲਈ ਹੋਰ ਕਈ ਭਾਸ਼ਾਵਾਂ ਸਣੇ ਪੰਜਾਬੀ ਵਿਚ ਵੀ ਦੋਭਾਸ਼ੀਏ ਦੀਆਂ ਸੇਵਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਸਰਕਾਰੀ ਕੰਮਕਾਰ ਵੱਲੀਆਂ ਥਾਵਾਂ 'ਤੇ ਪੰਜਾਬੀ ਵਿਚ ਲਿਖਤੀ ਜਾਣਕਾਰੀ ਵੀ ਉਪਲਬਤ ਹੁੰਦੀ ਹੈ। ਇਸ ਦੇ ਨਤੀਜੇ ਵਜੋਂ ਇਕ ਤਾਂ ਬਹੁਤ ਸਾਰੇ ਪੰਜਾਬੀ ਵਿਚ ਯੋਗਤਾ ਵਾਲੇ ਲੋਕਾਂ ਨੂੰ ਰੁਜ਼ਗਾਰ ਮਿਲਦੀ ਹੈ ਤੇ ਨਾਲ ਹੀ ਪੰਜਾਬੀ ਮੀਡੀਏ ਨੂੰ ਵੀ ਇਸ ਨਾਲ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਲੋਂ ਕਾਫੀ ਇਸ਼ਤਿਹਾਰ ਮਿਲਦੇ ਹਨ ਜੋ ਇਸ ਆਰਥਿਕ ਢਾਂਚੇ ਵਿਚ ਕਿਸੇ ਵੀ ਮੀਡੀਏ ਦੇ ਕਾਇਮ ਰਹਿਣ ਲਈ ਬੇਹੱਦ ਜ਼ਰੂਰੀ ਹਨ। ਦੂਜੇ ਪਾਸੇ ਕਨੇਡਾ ਐਲਾਨੀਆ ਬਹੁ-ਸੱਭਿਆਚਾਰਕ ਮੁਲਕ ਹੋਣ ਕਾਰਨ ਏਥੇ ਦੂਜੇ ਸੱਭਿਆਚਾਰਾਂ ਦੇ ਵੱਖਰੇ ਵੱਖਰੇ ਪਹਿਲੂਆਂ ਦਾ ਮੁਕਾਬਲਤਨ ਵੱਧ ਸਤਿਕਾਰ ਕੀਤਾ ਜਾਂਦਾ ਹੈ। ਪਰ ਏਥੋਂ ਦੀ ਬਹੁ-ਸੱਭਿਆਚਾਰਕ ਨੀਤੀ ਵਿਚ ਇਕ ਗੰਭੀਰ ਕਿਸਮ ਦੀ ਕਮੀ ਹੈ, ਜਿਸ ਅਨੁਸਾਰ ਦੂਜੇ ਸੱਭਿਆਚਾਰਾਂ ਦੀਆਂ ਬੋਲੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਉਦਾਹਰਨ ਵਜੋਂ, ਧਰਮ ਵੀ ਸੱਭਿਆਚਾਰ ਦਾ ਬੋਲੀ ਵਾਂਗ ਹੀ ਅੰਗ ਹੁੰਦਾ ਹੈ ਤੇ ਬਾਹਰਲੇ ਸੱਭਿਆਚਾਰਾਂ ਦੇ ਧਰਮਾਂ ਨੂੰ ਏਥੇ ਪੂਰੀ ਮਾਨਤਾ ਦਿੱਤੀ ਜਾਂਦੀ ਹੈ। ਨਤੀਜੇ ਵਜੋਂ ਸਿੱਖ, ਹਿੰਦੂ ਜਾਂ ਇਸਲਾਮ ਹੁਣ ਕਨੇਡਾ ਦੇ ਵੀ ਉਸੇ ਤਰ੍ਹਾਂ ਧਰਮ ਹਨ ਜਿਸ ਤਰ੍ਹਾਂ ਇਸਾਈਅਤ ਪਰ ਇਨ੍ਹਾਂ ਧਰਮਾਂ ਦੇ ਲੋਕਾਂ ਵਲੋਂ ਬੋਲੀ ਜਾਂਦੀ ਪੰਜਾਬੀ ਕਨੇਡਾ ਦੀ ਬੋਲੀ ਨਹੀਂ ਹੈ। ਏਥੇ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਬਾਕੀ ਸਾਰੀਆਂ ਬੋਲੀਆਂ ਵਿਦੇਸ਼ੀ ਸਮਝੀਆਂ ਜਾਂਦੀਆਂ ਹਨ। ਭਾਸ਼ਾ ਨਾਲ ਇਸ ਕਿਸਮ ਦੇ ਵਿਤਕਰੇ ਭਰੇ ਵਰਤਾਵ ਨੂੰ ਲਿੰਗੂਸਿਜ਼ਮ ਕਿਹਾ ਜਾਂਦਾ ਹੈ। ਆਸ ਹੈ ਕਿ ਕਨੇਡਾ ਦੀ ਇਹ ਨਸਲਵਾਦੀ ਨੀਤੀ ਬਦਲੇਗੀ ਪਰ ਅਜੇ ਇਸ ਵਿਰੁੱਧ ਉਸ ਕਿਸਮ ਦੀ ਆਵਾਜ਼ ਨਹੀਂ ਉੱਠਣ ਲੱਗੀ, ਖਾਸ ਕਰ ਪੰਜਾਬੀ ਭਾਈਚਾਰੇ ਵਲੋਂ। ਪਰ ਕਨੇਡਾ ਦੀ ਸੱਭਿਆਚਾਰਕ ਨੀਤੀ ਵਿਚਲੀ ਇਸ ਕਮੀ ਦੇ ਬਾਵਜੂਦ ਪੰਜਾਬੀ ਬੋਲੀ ਨੇ ਕਈ ਪੱਖਾਂ ਤੋਂ ਏਥੇ ਆਪਣੇ ਪੈਰ ਜਮਾਏ ਹਨ ਅਤੇ ਭਵਿੱਖ ਲਈ ਆਸ ਪੈਦਾ ਕੀਤੀ ਹੈ।

ਭਾਵੇਂ ਕਨੇਡਾ ਵਿਚ ਕੌਮੀ ਪੱਧਰ 'ਤੇ ਪੂਰੀ ਤਰ੍ਹਾਂ ਸਥਾਪਤ ਹੋਣ ਦੇ ਮੌਕੇ ਅਜੇ ਪੰਜਾਬੀ ਲਈ ਪੈਦਾ ਨਹੀਂ ਹੋਏ ਉੱਥੇ ਕਈ ਸੂਬਿਆਂ ਵਿਚ ਤਸਵੀਰ ਕਾਫੀ ਉਤਸਾਹ ਵਾਲੀ ਹੈ। ਕਿਉਂਕਿ ਕਨੇਡਾ ਦੇ ਵਿਦਿਅਕ ਢਾਂਚੇ ਅਨੁਸਾਰ ਸਕੂਲੀ ਵਿਦਿਆ ਦੀ ਨੀਤੀ ਦਾ ਅਧਿਕਾਰ ਸੂਬਿਆਂ ਕੋਲ ਹੈ ਇਸ ਲਈ ਕਈ ਥਾਵਾਂ 'ਤੇ ਪੰਜਾਬੀ ਉੱਥੋਂ ਦੇ ਵਿਦਿਅਕ ਢਾਂਚੇ ਦਾ ਹਿੱਸਾ ਬਣ ਸਕੀ ਹੈ। ਇਸ ਦੀ ਵੱਡੀ ਉਦਾਹਰਣ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਹੈ। ਏਥੇ 1990ਵਿਆਂ ਦੇ ਸ਼ੁਰੂ ਵਿਚ ਐਨ ਡੀ ਪੀ (ਨਿਊ ਡੈਮੋਕਰੈਟਿਕ ਪਾਰਟੀ) ਦੀ ਸਰਕਾਰ ਬਣੀ। ਉਸ ਸਰਕਾਰ ਵਲੋਂ 1994 ਵਿਚ ਸੂਬੇ ਦੀ ਵਿਦਿਅਕ ਨੀਤੀ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਜਿਸ ਅਨੁਸਾਰ ਏਥੇ ਪੜ੍ਹ ਰਹੇ ਹਰ ਵਿਦਿਆਰਥੀ ਨੂੰ ਪੰਜਵੀਂ ਤੋਂ ਲੈ ਕੇ ਅੱਠਵੀਂ ਤੱਕ ਅੰਗ੍ਰੇਜ਼ੀ ਦੇ ਨਾਲ ਦੂਜੀ ਭਾਸ਼ਾ ਵਜੋਂ ਇਕ ਹੋਰ ਭਾਸ਼ਾ ਪੜ੍ਹਨੀ ਜ਼ਰੂਰੀ ਕਰ ਦਿੱਤੀ ਗਈ। ਦੂਜੀ ਭਾਸ਼ਾ ਵਜੋਂ ਪੜ੍ਹਾਏ ਜਾਣ ਲਈ ਛੇ ਬੋਲੀਆਂ ਚੁਣੀਆਂ ਗਈਆਂ ਜਿਨ੍ਹਾਂ ਵਿਚ ਪੰਜਾਬੀ ਮੂਲ ਦੇ ਮੰਤਰੀ ਮੋਅ ਸਹੋਤੇ (ਉਹ ਕਨੇਡਾ ਵਿਚ ਪੰਜਾਬੀ ਭਾਈਚਾਰੇ ਵਿੱਚੋਂ ਐਮ ਐਲ ਏ ਬਣਨ ਵਾਲੇ ਪਹਿਲੇ ਵਿਅਕਤੀ ਸਨ) ਦੀ ਕੋਸ਼ਸ਼ ਨਾਲ ਪੰਜਾਬੀ ਵੀ ਸ਼ਾਮਲ ਕੀਤੀ ਗਈ। ਬੀ ਸੀ ਵਿਚ ਪੰਜਾਬੀ ਨੂੰ ਦੂਜੀਆਂ ਬੋਲੀਆਂ ਦੇ ਬਰਾਬਰ ਦਾ ਦਰਜਾ ਮਿਲਣ ਨਾਲ ਇਸ ਦੇ ਏਥੇ ਸਥਾਪਤ ਹੋਣ ਵਿਚ ਇਕ ਵੱਡਾ ਕਦਮ ਪੁੱਟਿਆ ਗਿਆ। ਬੀ ਸੀ ਦੇ ਦਰਜਨ ਕੁ ਦੇ ਕਰੀਬ ਪ੍ਰਾਈਮਰੀ ਤੇ ਏਨੇ ਕੁ ਹੀ ਹਾਇਰ ਸੈਕੰਡਰੀ ਸਕੂਲਾਂ ਵਿਚ ਪੰਜਾਬੀ ਸਕੂਲ ਸਮੇਂ ਦੌਰਾਨ ਦੂਜੇ ਵਿਸ਼ਿਆਂ ਵਾਂਗ ਹੀ ਪੜ੍ਹਾਈ ਜਾਂਦੀ ਹੈ। ਇਸ ਨਾਲ ਅਗਲੀ ਪੀੜ੍ਹੀ ਦੇ ਮਨ ਵਿਚ ਪੰਜਾਬੀ ਲਈ ਇਕ ਵੱਖਰੀ ਕਿਸਮ ਦੀ ਪਛਾਣ ਤੇ ਸਤਿਕਾਰ ਪੈਦਾ ਹੋਇਆ। ਉਨ੍ਹਾਂ ਲਈ ਇਹ ਕੋਈ ਸਕੂਲ ਸਮੇਂ ਤੋਂ ਬਾਅਦ ਜਾਂ ਵੀਕਇੰਡ 'ਤੇ ਹੀ ਕਰਨ ਵਾਲੀ ਗੱਲ ਨਹੀਂ ਸੀ ਸਗੋਂ ਉਨ੍ਹਾਂ ਦੀ ਸਕੂਲੀ ਪੜ੍ਹਾਈ ਦਾ ਹਿੱਸਾ ਸੀ। ਇਸ ਤੋਂ ਕੁਝ ਸਾਲ ਪਹਿਲਾਂ, 1987 ਵਿਚ ਵੈਨਕੂਵਰ ਸਥਿੱਤ ਯੂਨੀਵਰਸਿਟੀ (ਯੂ ਬੀ ਸੀ) ਵਿਚ ਪੰਜਾਬੀ ਦੀ ਮੁੱਢਲੀ ਪੜ੍ਹਾਈ ਸ਼ੁਰੂ ਹੋ ਚੁੱਕੀ ਸੀ। ਪੰਜਾਬੀ ਦੇ ਕਨੇਡਾ ਵਿਚ ਸਥਾਪਤ ਹੋਣ ਵਿਚ ਇਹ ਦੋਵੇਂ ਗੱਲਾਂ ਬਹੁਤ ਮਹੱਤਵਪੂਰਨ ਸਨ। ਕੁਝ ਸਾਲ ਬਾਅਦ ਅਲਬਰਟਾ ਸੂਬੇ ਵਿਚ ਵੀ ਪੰਜਾਬੀ ਨੂੰ ਸਕੂਲਾਂ ਵਿਚ ਪੜ੍ਹਾਏ ਜਾਣ ਲਈ ਸ਼ਾਮਲ ਕੀਤਾ ਗਿਆ। ਪੰਜਾਬੀ ਭਾਈਚਾਰੇ ਦੇ ਆਪਣੀ ਬੋਲੀ ਨਾਲ ਤਿੜਕੇ ਰਿਸ਼ਤੇ ਕਾਰਨ ਭਾਵੇਂ ਇਸ ਮੌਕੇ ਦਾ ਬੀ ਸੀ ਵਿੱਚ ਵੀ ਅਤੇ ਅਲਬਰਟਾ ਵਿਚ ਵੀ ਪੂਰਾ ਫਾਇਦਾ ਤਾਂ ਨਹੀਂ ਉਠਾਇਆ ਜਾ ਸਕਿਆ ਪਰ ਇਸ ਨਾਲ ਪੰਜਾਬੀ ਬੋਲੀ ਨੂੰ ਏਥੇ ਅਗਲੀ ਪੀੜ੍ਹੀ ਨਾਲ ਜੋੜਨ ਵਿਚ ਇਸ ਨੇ ਜ਼ਿਕਰਯੋਗ ਹਿੱਸਾ ਪਾਇਆ ਹੈ।

ਏਥੇ ਇਸ ਗੱਲ ਦਾ ਵੀ ਜ਼ਿਕਰ ਕੁਥਾਵਾਂ ਨਹੀਂ ਕਿ ਕਨੇਡਾ ਦੇ ਵੱਖਰੇ ਵੱਖਰੇ ਹਿੱਸਿਆਂ ਵਿਚ ਸਥਾਪਤ ਕੁਝ ਵਿਅਕਤੀਆਂ ਅਤੇ ਸੰਸਥਾਵਾਂ ਵਲੋਂ ਚੇਤਨ ਤੌਰ 'ਤੇ ਪੰਜਾਬੀ ਬੋਲੀ ਤੇ ਸਾਹਿਤ ਲਈ ਸਰਗਰਮੀ ਨਾਲ ਕਈ ਕਿਸਮ ਦੀਆਂ ਕੋਸ਼ਸ਼ਾਂ ਕੀਤੀ ਜਾ ਰਹੀਆਂ ਹਨ। ਇਸ ਸਬੰਧ ਵਿਚ ਮਹਾਂ-ਵੈਨਕੂਵਰ ਦੀਆਂ ਕੁਝ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ। ਬੀ ਸੀ ਦੇ ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਵਾਉਣ ਲਈ ਪਿਛਲੇ ਤੀਹ ਕੁ ਸਾਲ ਤੋਂ ਕੰਮ ਕਰ ਰਹੀ ਜਥੇਬੰਦੀ ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਦਾ ਨਾਂ ਲਿਆ ਜਾ ਸਕਦਾ ਹੈ। ਏਸੇ ਤਰ੍ਹਾਂ ਇਸੇ ਇਲਾਕੇ ਵਿਚ ਸੁੱਖੀ ਬਾਠ ਨਾਂ ਦੇ ਵਿਅਕਤੀ ਵਲੋਂ ਸਥਾਪਤ ਕੀਤਾ ਪੰਜਾਬ ਭਵਨ ਜਿੱਥੇ ਬਾਕਾਇਦਗੀ ਨਾਲ ਪੰਜਾਬੀ ਸਾਹਿਤ ਨਾਲ ਸਬੰਧਤ ਮਿਲਣੀਆਂ ਤੇ ਇਕੱਤਰਤਾਵਾਂ ਹੁੰਦੀਆਂ ਰਹਿੰਦੀਆਂ ਹਨ। ਵੈਨਕੂਵਰ ਤੋਂ ਹੀ ਅੱਠ ਕੁ ਸਾਲ ਪਹਿਲਾਂ ਪੰਜਾਬੀ ਸਾਹਿਤ ਲਈ ਢਾਹਾਂ ਪਰਿਵਾਰ ਵਲੋਂ ਢਾਹਾਂ ਸਾਹਿਤਕ ਇਨਾਮ ਸ਼ੁਰੂ ਕੀਤਾ ਗਿਆ ਜੋ ਸਮੁੱਚੇ ਪੰਜਾਬੀ ਜਗਤ ਵਿਚ ਆਰਥਿਕ ਪੱਖੋਂ ਸੱਭ ਤੋਂ ਵੱਡਾ ਇਨਾਮ ਹੈ। ਇਨ੍ਹਾਂ ਵਲੋਂ ਹੀ ਪਿਛਲੇ ਪੰਜ ਸਾਲ ਤੋਂ ਬੀ ਸੀ ਦੇ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਵਲੋਂ ਮੌਲਿਕ ਪੰਜਾਬੀ ਵਿਚ ਲਿਖੀਆਂ ਸੱਤ ਕਹਾਣੀਆਂ ਨੂੰ ਪੰਜ ਪੰਜ ਸੌ ਡਾਲਰ ਦੇ ਇਨਾਮ ਦਿੱਤੇ ਜਾਂਦੇ ਹਨ ਤੇ ਫੇਰ ਉਨ੍ਹਾਂ ਕਹਾਣੀਆਂ ਨੂੰ ਇਕ ਸੰਗ੍ਰਹਿ ਵਿਚ ਤਿੰਨ ਭਾਸ਼ਾਵਾਂ - ਪੰਜਾਬੀ, ਅੰਗ੍ਰੇਜ਼ੀ ਤੇ ਫਰਾਂਸੀਸੀ - ਤੇ ਤਿੰਨ ਲਿਪੀਆਂ - ਗੁਰਮੁਖੀ, ਸ਼ਾਹਮੁਖੀ ਤੇ ਰੋਮਨ ਵਿਚ ਛਾਪਿਆ ਜਾਂਦਾ ਹੈ। ਪੰਜਾਬੀ ਲਈ ਕੀਤੀਆਂ ਜਾ ਰਹੀਆਂ ਇਸ ਕਿਸਮ ਦੀਆਂ ਚੇਤਨ ਕੋਸ਼ਸ਼ਾਂ ਨੇ ਵੀ ਪੰਜਾਬੀ ਬੋਲੀ ਨੂੰ ਕਨੇਡਾ ਵਿਚ ਲੰਮੇ ਸਮੇਂ ਤੱਕ ਕਾਇਮ ਰੱਖਣ ਵਿਚ ਆਪਣੀ ਭੂਮਿਕਾ ਨਿਭਾਉਣੀ ਹੈ। ਕਨੇਡਾ ਵਿਚ ਪੰਜਾਬੀ ਬੋਲੀ ਦੇ ਸਬੰਧ ਵਿਚ ਕੁਝ ਹੋਰ ਤੱਥਾਂ ਦਾ ਵੀ ਜ਼ਿਕਰ ਕੀਤਾ ਜਾ ਸਕਦਾ ਹੈ ਪਰ ਇਸ ਉੱਪਰਲੇ ਵਿਸਥਾਰ ਨਾਲ ਹੀ ਇਹ ਗੱਲ ਕਹੀ ਜਾ ਸਕਦੀ ਹੈ ਕਿ ਪੰਜਾਬੀ ਦੇ ਇੱਥੇ ਪੈਰ ਪੱਕੇ ਹੋ ਰਹੇ ਹਨ। ਸੋ ਇਕ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਜੇ ਜਾਂ ਜਿੰਨਾ ਚਿਰ ਪੰਜਾਬੀ ਬੋਲੀ ਪੰਜਾਬ ਵਿਚ ਕਾਇਮ ਰਹੇਗੀ ਉਨਾਂ ਚਿਰ ਇਹ ਏਥੇ ਵੀ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਵਿਚਰੇਗੀ।

**ਸਵਾਲ : ਅੱਜ ਕੱਲ ਦੇ ਬੁੱਧੀਜੀਵੀ, ਪੀ ਐਚ ਡੀ ਵਗੈਰਾ, ਪੰਜਾਬੀ ਵਿੱਚ ਹਿੰਦੀ ਦੇ ਔਖੇ ਔਖੇ ਸ਼ਬਦ ਘੁਸੇੜ ਰਹੇ ਹਨ ਜਾਂ ਪੂਰਬੀ ਪੰਜਾਬ ਵਿੱਚ ਪੰਜਾਬੀ ਦਾ ਹਿੰਦੀਕਰਨ ਹੋ ਰਿਹਾ ਹੈ ਅਤੇ ਪੱਛਮੀ ਪੰਜਾਬ ਵਿੱਚ ਪੰਜਾਬੀ ਦਾ ਫਾਰਸੀਕਰਨ, ਇਸ ਤਰਾਂ ਤਾਂ ਪੰਜਾਬੀ ਆਮ ਲੋਕਾਂ ਦੀ ਸਮਝ ਤੋਂ ਦੂਰ ਹੋ ਜਾਵੇਗੀ?**

**ਜਵਾਬ :** ਮੇਰੀ ਨਜ਼ਰ ਵਿਚ ਭਾਸ਼ਾ ਦਾ ਇਹ ਸਵਾਲ ਕਾਫੀ ਪੇਚੀਦਾ ਹੈ ਤੇ ਭਾਸ਼ਾ ਵਿਚ ਵਾਪਰਨ ਵਾਲੀਆਂ ਤਬਦੀਲੀਆਂ ਨੂੰ ਸਿਰਫ ਬੁੱਧੀਜੀਵੀਆਂ ਦੇ ਸਿਰ ਮੜ੍ਹ ਕੇ ਨਹੀਂ ਸਮਝਿਆ ਜਾਂ ਵਿਚਾਰਿਆ ਜਾਣਾ ਚਾਹੀਦਾ। ਹਰ ਸਮਾਜ ਵਿਚ ਵਰਤੀ ਜਾਂਦੀ ਭਾਸ਼ਾ ਦੀਆਂ ਵੀ ਉਸ ਸਮਾਜ ਦੇ ਆਪਣੇ ਪੱਧਰਾਂ ਅਨੁਸਾਰ ਵੱਖਰੀਆਂ ਪੱਧਰਾਂ ਹੋ ਸਕਦੀਆਂ ਹਨ ਅਤੇ ਹੁੰਦੀਆਂ ਹਨ। ਪੰਜਾਬੀ ਦੀ ਇਕ ਪੱਧਰ ਤਾਂ ਆਮ ਬੋਲਚਾਲ ਦੀ ਹੈ ਉਹ ਵੀ ਸਥਾਨ ਅਤੇ ਸਮੇਂ ਅਨੁਸਾਰ ਬਦਲਦੀ ਰਹਿੰਦੀ ਹੈ। ਉਦਾਹਰਣ ਵਜੋਂ, ਕੁਝ ਸਮਾਂ ਪਹਿਲਾਂ ਪਿੰਡ ਦੇ ਸਾਡੇ ਸਧਾਰਨ ਘਰਾਂ ਵਿਚ ਵਿਹੜਾ, ਦਲਾਨ ਤੇ ਕੋਠੜੀ ਹੀ ਹੁੰਦੇ ਸਨ ਤੇ ਹੁਣ ਸਾਡੇ ਘਰਾਂ ਵਿਚ ਬੈੱਡ ਰੂਮ, ਲਿਵਿੰਗ ਰੂਮ, ਫੈਮਲੀ ਰੂਮ, ਕਿਚਨ, ਪੈਂਟਰੀ, ਬਾਲਕੋਨੀ, ਬੇਸਮਿੰਟ, ਬੇਸਮਿੰਟ ਸੁਇਟ ਆਦਿ ਕਿੰਨੇ ਨਵੇਂ ਹਿੱਸੇ ਹਨ ਤੇ ਇਹ ਸਾਰੇ ਸ਼ਬਦ ਵੀ ਪੰਜਾਬੀ ਦਾ ਹਿੱਸਾ ਬਣ ਗਏ ਹਨ।

ਪੰਜਾਬ ਦੇ ਪਿੰਡ ਵਿਚ ਜਨਮ ਲੈ ਕੇ ਤੇ ਆਪਣਾ ਸਮੁੱਚਾ ਜੀਵਨ ਪਿੰਡ ਵਿਚ ਹੀ ਗੁਜ਼ਾਰਨ ਵਾਲਾ ਵਿਅਕਤੀ ਸ਼ਾਇਦ ਕੁਝ ਸੌ ਸ਼ਬਦਾਂ ਨਾਲ ਹੀ ਆਪਣਾ ਜੀਵਨ ਖੁਸ਼ੀ ਖੁਸ਼ੀ ਬਿਤਾ ਸਕਦਾ ਹੈ। ਪਰ ਜੇ ਉਸ ਵਿਅਕਤੀ ਨੇ ਪਿੰਡ ਤੋਂ ਬਾਹਰ ਦੀ ਦੁਨੀਆ ਨਾਲ ਰਾਬਤਾ ਕਾਇਮ ਕਰਨਾ ਹੈ ਤੇ ਪਿੰਡ ਦੇ ਜੀਵਨ ਤੋਂ ਬਿਨਾਂ ਜੀਵਨ ਦੇ ਹੋਰ ਪੱਖਾਂ, ਸਮਾਜ, ਦੇਸ, ਗਲੋਬ ਬਾਰੇ ਜਾਨਣਾ, ਪੜ੍ਹਨਾ ਹੈ ਤਾਂ ਲਿਖਣ ਪੜ੍ਹਨ ਦੀ ਬੋਲੀ ਆਮ ਬੋਲਚਾਲ ਦੀ ਬੋਲੀ ਤੋਂ ਅਲੱਗ ਹੋਣੀ ਕੁਦਰਤੀ ਗੱਲ ਜਾਪਦੀ ਹੈ। ਆਮ ਬੋਲਚਾਲ ਵਿਚ ਵਰਤੀ ਜਾਂਦੀ ਬੋਲੀ ਦੀ ਸਮੇਂ, ਸਥਾਨ ਅਤੇ ਮਕਸਦ ਦੀ ਸੀਮਾ ਹੁੰਦੀ ਹੈ, ਭਾਵੇਂ ਹੁਣ ਤਕਨੀਕੀ ਵਿਕਾਸ ਨੇ ਇਸ 'ਤੇ ਵੀ ਅਸਰ ਪਾਇਆ ਹੈ ਪਰ ਫੇਰ ਵੀ ਇਹ ਲਿਖਤੀ ਬੋਲੀ ਨਾਲੋਂ ਵੱਖਰੀ ਹੋਵੇਗੀ। ਲਿਖਤ ਦੀ ਸ਼ਾਇਦ ਸਭ ਤੋਂ ਪਹਿਲਾਂ ਆਮ ਵਰਤੋਂ ਹੀ ਦੂਰ ਕਿਸੇ ਹੋਰ ਥਾਂ ਰਹਿਣ ਵਾਲੇ ਨਾਲ ਸੰਵਾਦ ਰਚਾਉਣ ਵਾਸਤੇ ਕੀਤੀ ਗਈ ਹੋਵੇ। ਬੋਲਚਾਲ ਦੀ ਬੋਲੀ ਨਾਲੋਂ ਲਿਖਤ ਵਿਚ ਵਰਤੀ ਬੋਲੀ ਦੇ ਵੱਖਰੇ ਹੋਣ ਦਾ ਸ਼ਾਇਦ ਵੱਡਾ ਕਾਰਨ ਵਿਸ਼ਿਆਂ ਦੀ ਵੰਨਸੁਵੰਨਤਾ ਹੈ। ਅਜੋਕੇ ਸਮੇਂ ਲਿਖਤ ਵਿਚ ਸਿਰਫ ਕਵਿਤਾ ਜਾਂ ਕਹਾਣੀ ਹੀ ਨਹੀਂ ਆਉਂਦੀ ਹੋਰ ਬਹੁਤ ਸਾਰੇ ਨਵੇਂ ਨਵੇਂ ਵਿਸ਼ੇ ਵੀ ਆਉਂਦੇ ਹਨ ਜਿਨ੍ਹਾਂ ਬਾਰੇ ਗੱਲ ਕਰਨ ਲਈ ਵੱਖਰੀ ਸ਼ਬਦਾਵਲੀ ਦੀ ਲੋੜ ਪੈਣੀ ਹੀ ਪੈਣੀ ਹੈ। ਇਸ ਲੋੜ ਨੂੰ ਪੂਰਾ ਕਰਨ ਲਈ ਆਪਣੀ ਬੋਲੀ ਦੀ ਡੂੰਘੀ ਜਾਣਕਾਰੀ ਤੇ ਉਸ ਤੋਂ ਵੀ ਵਧ ਉਸ ਨਾਲ ਸਤਿਕਾਰ ਵਾਲਾ ਜਜ਼ਬਾਤੀ ਰਿਸ਼ਤਾ ਜ਼ਰੂਰੀ ਹੈ, ਉਹ ਸ਼ਾਇਦ ਸਾਡੇ ਬਹੁਤ ਸਾਰੇ ਚਿੰਤਕਾਂ ਵਿਚ ਵੱਖਰੇ ਵੱਖਰੇ ਕਾਰਨਾਂ ਕਰਕੇ ਪੈਦਾ ਨਹੀਂ ਹੋਇਆ। ਇਸ ਦਾ ਇਕ ਕਾਰਨ ਸ਼ਾਇਦ ਇਹ ਵੀ ਹੈ ਕਿ ਬਹੁਤੇ ਪੰਜਾਬੀ ਬੁੱਧੀਜੀਵੀਆਂ ਦੀ ਸੂਝ ਦਾ ਅਧਾਰ ਦੂਜੀਆਂ ਬੋਲੀਆਂ ਵਿੱਚੋਂ ਪੜ੍ਹਿਆ ਹੁੰਦਾ ਹੈ ਤੇ ਲਿਖਣ ਵੇਲੇ ਉਹ ਬਾਹਰਲੇ ਪੜ੍ਹੇ ਨੂੰ ਹੀ ਪੰਜਾਬੀ ਵਿਚ ਲਿਖਦੇ ਹਨ। ਇਸ ਅਮਲ ਵਿਚ ਉਹ ਸ਼ਬਦਾਂ ਦੀ ਵਰਤੋਂ ਕਰਨ ਵੇਲੇ ਕਈ ਕੁਝ ਅਜਿਹਾ ਕਰ ਜਾਂਦੇ ਹਨ ਜੋ ਆਮ ਪਾਠਕ ਲਈ ਸਮੱਸਿਆ ਪੈਦਾ ਕਰਦਾ ਹੈ। ਨਾਲ ਹੀ ਸ਼ਾਇਦ ਬੁੱਧੀਜੀਵੀਆਂ ਦੇ ਲਿਖਣ ਦੇ ਮਕਸਦ ਤੇ ਸੰਦਰਭ ਦਾ ਵੀ ਅਸਰ ਹੁੰਦਾ ਹੈ। ਕਈ ਵਾਰ ਉਨ੍ਹਾਂ ਦਾ ਮਕਸਦ ਆਪਣੀ ਨੌਕਰੀ ਦੇ ਪੱਖ ਤੋਂ ਆਪਣੇ ਉਪਰਲਿਆਂ ਨੂੰ ਆਪਣੀ ਸੂਝ ਦਾ ਵਿਖਾਵਾ ਕਰਨਾ ਹੁੰਦਾ ਹੈ ਤੇ ਕਈ ਵਾਰ ਦੂਜਿਆਂ ਉਪਰ ਆਪਣੀ ਸੂਝ ਦਾ ਰੋਅਬ ਪਾਉਣਾ ਵੀ ਹੋ ਸਕਦਾ ਹੈ ਜਿਸ ਵਾਸਤੇ ਉਹ ਔਖੇ ਔਖੇ ਸ਼ਬਦ ਵਰਤਦੇ ਹਨ।

ਪਰ ਮੇਰੇ ਵਿਚਾਰ ਵਿਚ ਅਸਲ ਸਮੱਸਿਆ ਨਵੇਂ ਸ਼ਬਦਾਂ ਦੀ ਨਹੀਂ। ਵੱਖਰੇ ਕਾਰਨਾਂ ਵੱਸ ਨਵੇਂ ਸ਼ਬਦ ਹਰ ਬੋਲੀ ਵਿਚ ਆਉਣੇ ਹੀ ਹੁੰਦੇ ਹਨ। ਸਮੱਸਿਆ ਆਪਣੀ ਮਾਂ-ਬੋਲੀ ਵਲ ਸਾਡੇ ਰਵੱਈਏ ਦੀ ਹੈ ਤੇ ਪੰਜਾਬੀ ਦੇ ਵਿਕਾਸ ਲਈ ਉਨ੍ਹਾਂ ਸੰਸਥਾਵਾਂ ਦੀ ਘਾਟ ਹੈ ਜੋ ਬੋਲੀ ਵਿਚ ਵਾਪਰ ਰਹੀਆਂ ਤਬਦੀਲੀਆਂ ਨੂੰ ਦੇਖੇ, ਸਾਂਭੇ ਤੇ ਲੋਕਾਂ ਦੀ ਸੌਖ ਲਈ ਨਾਲ ਨਾਲ ਸ਼ਬਦਕੋਸ਼ਾਂ ਦਾ ਵਿਕਾਸ ਕਰੇ। ਇਹ ਕੁਝ ਹੁੰਦਾ ਅਸੀਂ ਹੋਰ ਬੋਲੀਆਂ ਵਿਚ, ਖਾਸ ਕਰ ਅੰਗ੍ਰੇਜ਼ੀ ਵਿਚ, ਦੇਖ ਸਕਦੇ ਹਾਂ। ਇਸ ਸਬੰਧ ਵਿਚ ਮੈਂ ਇਕ ਵਾਕਿਆ ਦਾ ਜ਼ਿਕਰ ਕਰਨਾ ਚਾਹਾਂਗਾ। ਉੱਨੀ ਸੌ ਨੱਬਿਆਂ ਦੇ ਸ਼ੁਰੂ ਵਿਚ ਮੈਨੂੰ ਨਿਊਯਾਰਕ ਦੀ ਇਕ ਵੱਡੀ ਯੂਨੀਵਰਸਿਟੀ ਵਿਚ ਪੰਜਾਬੀ ਬਾਰੇ ਹੋਈ ਕਾਨਫਰੰਸ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ। ਉਸ ਯੂਨੀਵਰਸਿਟੀ ਵਿਚ ਅੰਗ੍ਰੇਜ਼ੀ ਪੜ੍ਹਾ ਰਹੇ ਇਕ ਪੰਜਾਬੀ ਪਿਛੋਕੜ ਦੇ ਪ੍ਰੋਫੈਸਰ ਨੇ ਇਕ ਸੈਸ਼ਨ ਦੌਰਾਨ ਬਹੁਤ ਜ਼ੋਰਦਾਰ ਤੇ ਸ਼ਿਕਾਇਤੀ ਸ਼ਬਦਾਂ ਨਾਲ ਇਹ ਗੱਲ ਕਹੀ ਕਿ ਉਹ ਪੰਜਾਬੀ ਹੈ ਤੇ ਪੰਜਾਬ ਦੇ ਪਿੰਡ ਦਾ ਜੰਮਪਲ ਹੈ ਪਰ ਜਦੋਂ ਉਹ ਹੁਣ ਪੰਜਾਬੀ ਦੀ ਕੋਈ ਅਖਬਾਰ ਜਾਂ ਮੈਗਜ਼ੀਨ ਦੇਖਦਾ ਹੈ ਤਾਂ ਏਨੇ ਨਵੇਂ ਸ਼ਬਦ ਵਰਤੇ ਹੋਏ ਹੁੰਦੇ ਹਨ ਕਿ ਉਹਦੇ ਪੱਲੇ ਕੁਝ ਨਹੀਂ ਪੈਂਦਾ। ਮੈਨੂੰ ਯਾਦ ਹੈ ਕਿ ਮੈਂ ਉਸ ਦੀ ਇਸ ਗੱਲ ਦਾ ਜਵਾਬ ਦਿੱਤਾ ਸੀ ਤੇ ਮੈਂ ਉਹਨੂੰ ਕਿਹਾ ਸੀ ਕਿ ਜੇ ਆਪਾਂ ਤੁਹਾਡੇ ਦਫਤਰ ਵਿਚ ਜਾਈਏ, ਜੋ ਉਸੇ ਇਮਾਰਤ ਵਿਚ ਸੀ, ਤਾਂ ਸ਼ਰਤੀਆ ਹੈ ਕਿ ਤੁਹਾਡੀ ਕਿਤਾਬਾਂ ਵਾਲੀ ਅਲਮਾਰੀ (ਬੁੱਕ-ਸ਼ੈਲਫ) 'ਤੇ ਅੱਧੀ ਦਰਜਨ ਤੋਂ ਵੱਧ ਅੰਗ੍ਰੇਜ਼ੀ ਸ਼ਬਦਾਂ ਨਾਲ ਸਬੰਧਤ ਡਿਕਸ਼ਨਰੀਆਂ ਤੇ ਹੋਰ ਸਹਾਇਕ ਪੁਸਤਕਾਂ ਹੋਣਗੀਆਂ ਤੇ ਤੁਸੀਂ ਉਨ੍ਹਾਂ ਦੀ ਵਾਕਾਇਦਾ ਵਰਤੋਂ ਵੀ ਜ਼ਰੂਰ ਕਰਦੇ ਹੋਵੋਗੇ। ਮੇਰਾ ਅੰਦਾਜ਼ਾ ਹੈ ਕਿ ਤੁਹਾਨੂੰ ਅੰਗ੍ਰੇਜ਼ੀ ਦੇ ਨਵੇਂ ਸ਼ਬਦ ਸਿੱਖਣੇ ਕਿਸੇ ਤਰ੍ਹਾਂ ਵੀ ਅਸੁਖਾਵਾਂ ਜਾਂ ਗੈਰ-ਕੁਦਰਤੀ ਨਹੀਂ ਲਗਦਾ ਹੋਵੇਗਾ ਪਰ ਪੰਜਾਬੀ ਦੀ ਹਰ ਗੱਲ ਤੁਸੀਂ ਬਚਪਨ ਵਿਚ ਸਿੱਖੇ ਕੁਝ ਸੌ ਕੁ ਸ਼ਬਦਾਂ ਨਾਲ ਹੀ ਸਮਝਣੀ ਚਾਹੁੰਦੇ ਹੋ।

ਦੂਜੇ ਪਾਸੇ ਬਦਲ ਰਹੀਆਂ ਸਥਿਤੀਆਂ ਅਨੁਸਾਰ ਪੰਜਾਬੀ ਬੋਲੀ ਦੇ ਵਿਕਾਸ ਦਾ ਕੰਮ ਜਿਸ ਪੱਧਰ 'ਤੇ ਹੋਣਾ ਚਾਹੀਦਾ ਹੈ ਉਹ ਸ਼ਾਇਦ ਨਹੀਂ ਹੋ ਰਿਹਾ। ਪੰਜਾਬੀ ਸ਼ਬਦਕੋਸ਼ ਜਿਸ ਤਰੀਕੇ ਤੇ ਗਤੀ ਨਾਲ ਲਗਾਤਾਰ ਬਦਲਣੇ ਚਾਹੀਦੇ ਹਨ ਉਹ ਕਿਤੇ ਨਹੀਂ ਨਜ਼ਰ ਆ ਰਿਹਾ। ਪੰਜਾਬ ਦੇ ਬਹੁਤੇ ਪੜ੍ਹੇ ਲਿਖੇ ਲੋਕਾਂ ਲਈ ਸ਼ਬਦਕੋਸ਼/ਡਿਕਸ਼ਨਰੀ ਦਾ ਅਰਥ

ਸਿਰਫ ਅੰਗ੍ਰੇਜ਼ੀ ਨਾਲ ਸਬੰਧਤ ਹੀ ਹੈ – ਅੰਗ੍ਰੇਜ਼ੀ ਤੋਂ ਪੰਜਾਬੀ ਜਾਂ ਪੰਜਾਬੀ ਤੋਂ ਅੰਗ੍ਰੇਜ਼ੀ। ਪੰਜਾਬੀ ਤੋਂ ਪੰਜਾਬੀ ਸ਼ਬਦਕੋਸ਼ ਪੰਜਾਬੀ ਦੇ ਆਮ ਲੋਕਾਂ ਲਈ ਅਜੇ ਕੋਈ ਅਰਥ ਨਹੀਂ ਰੱਖਦੇ। ਕਿਸੇ ਵੀ ਜ਼ਬਾਨ ਵਿਚ ਨਵੇਂ ਸ਼ਬਦਾਂ ਦਾ ਆਉਣਾ ਇਕ ਵਿਸ਼ਾਲ ਵਿਸ਼ਾ ਹੈ ਜਿਸ ਉੱਪਰ ਵਿਚਾਰ ਵਟਾਂਦਰਾ ਬਹੁਤ ਜ਼ਰੂਰੀ ਹੈ ਤੇ ਪੰਜਾਬੀ ਵਿਚ ਇਸ ਦੀ ਕਈ ਵਾਰ ਘਾਟ ਰੜਕਦੀ ਹੈ।

**ਸਵਾਲ : ਸਾਡੇ ਲੇਖਕ ਜੋ ਕਿ ਕੈਨੇਡੀਅਨ ਪੰਜਾਬੀ ਲੇਖਕ ਹਨ, ਆਪਦੀ ਪਛਾਣ ਬਨਾਉਣ ਲਈ ਪੰਜਾਬ ਸਥਿਤ ਸਾਹਿਤ ਅਕੈਡਮੀ ਜਾਂ ਭਾਸ਼ਾ ਵਿਭਾਗ ਵੱਲ ਕਿਉਂ ਝਾਕਦੇ ਹਨ? ਕੀ ਸਾਨੂੰ ਕੈਨੇਡਾ ਵਿੱਚ ਕੋਈ ਨੈਸ਼ਨਲ ਪੱਧਰ ਦੀ ਸੰਸਥਾ ਨਹੀਂ ਬਨਾਉਣੀ ਚਾਹੀਦੀ ਜੋ ਕੈਨੇਡੀਅਨ ਪੰਜਾਬੀ ਸਾਹਿਤ ਦਾ ਮੁਲਅੰਕਣ ਕਰ ਸਕੇ?**

**ਜਵਾਬ** : ਤੁਹਾਡੇ ਪਹਿਲੇ ਸਵਾਲ ਦਾ ਜਵਾਬ ਤਾਂ ਸਾਫ ਹੈ ਕਿ ਕਨੇਡੀਅਨ ਪੰਜਾਬੀ ਲੇਖਕ ਆਪਣੀ ਸਾਹਿਤਕ ਪਛਾਣ ਲਈ ਅਜੇ ਪੂਰੀ ਤਰ੍ਹਾਂ ਪੰਜਾਬ ਉੱਪਰ ਨਿਰਭਰ ਹਨ। ਇਹ ਗੱਲ ਏਨੀ ਗੈਰ-ਸੁਭਾਵਿਕ ਵੀ ਨਹੀਂ ਲੱਗਦੀ। ਪੰਜਾਬੀ ਦੇ ਬਹੁਤੇ ਪਾਠਕ ਪੰਜਾਬ ਵਿਚ ਹੀ ਹਨ ਜਿਨ੍ਹਾਂ ਕਰਕੇ ਕਿਸੇ ਵੀ ਲਿਖਤ ਜਾਂ ਲੇਖਕ ਦੀ ਪੰਜਾਬੀ ਸਾਹਿਤਕ ਜਗਤ ਵਿਚ ਪਛਾਣ ਬਣਦੀ ਹੈ। ਨਾਲ ਹੀ ਪੰਜਾਬੀ ਕਿਤਾਬਾਂ ਅਜੇ ਪੰਜਾਬ ਵਿਚ ਹੀ ਛਪਦੀਆਂ ਹਨ ਅਤੇ ਪੰਜਾਬੀ ਦੇ ਬਹੁਤੇ ਮੈਗਜ਼ੀਨ ਜਿਨ੍ਹਾਂ ਵਿਚ ਕਨੇਡਾ ਰਹਿੰਦੇ ਲੇਖਕਾਂ ਦੀਆਂ ਰਚਨਾਵਾਂ ਛਪਦੀਆਂ ਹਨ ਉਹ ਵੀ ਪੰਜਾਬ ਵਿਚ ਹੀ ਛਪਦੇ ਅਤੇ ਵਿਕਦੇ ਹਨ। ਅਜੇ ਕਿਸੇ ਵੀ ਪੰਜਾਬੀ ਵਿੱਚ ਲਿਖਣ ਵਾਲੇ ਲੇਖਕ ਲਈ ਖੁਦ ਨੂੰ ਪੰਜਾਬ ਤੋਂ ਵੱਖ ਕਰਕੇ ਦੇਖ ਸਕਣਾ ਸੰਭਵ ਨਹੀਂ। ਇਸ ਕਰਕੇ ਕਨੇਡਾ ਰਹਿੰਦੇ ਲੇਖਕਾਂ ਲਈ ਵੀ ਪੰਜਾਬੀ ਸਾਹਿਤ ਵਿਚ ਆਪਣੀ ਪਛਾਣ ਬਣਾਉਣ ਜਾਂ ਆਪਣੇ ਸਥਾਨ ਬਾਰੇ ਜਾਨਣ ਲਈ ਸਾਹਿਤ ਨਾਲ ਸਬੰਧਤ ਪੰਜਾਬ ਵਿਚਲੇ ਇਹ ਅਦਾਰੇ ਮਹੱਤਵਪੂਰਨ ਹਨ।

ਦੂਜੇ ਸਵਾਲ ਦਾ ਸੰਖੇਪ ਜਵਾਬ ਹਾਂ ਵਿਚ ਹੈ। ਇਹ ਸਮੇਂ ਦੀ ਲੋੜ ਹੈ ਕਿ ਕਨੇਡਾ ਦੇ ਪੰਜਾਬੀ ਲੇਖਕਾਂ ਵਲੋਂ ਨੈਸ਼ਨਲ ਪੱਧਰ ’ਤੇ ਕੋਈ ਨਾ ਕੋਈ ਸੰਸਥਾ ਸਥਾਪਤ ਕੀਤੀ ਜਾਣੀ ਚਾਹੀਦੀ ਹੈ। ਪਰ ਮੇਰੇ ਖਿਆਲ ਵਿਚ ਇਹ ਹੋ ਸਕਣਾ ਘੱਟੋ-ਘੱਟ ਨੇੜ ਭਵਿੱਖ ਵਿਚ ਤਾਂ ਸੰਭਵ ਨਹੀਂ ਜਾਪਦਾ। ਇਸ ਬਾਰੇ ਏਥੇ ਸੰਖੇਪ ਵਿਚ ਚਰਚਾ ਕਰਨ ਦੀ ਕੋਸ਼ਸ਼ ਕਰਾਂਗਾ। ਪਿਛਲੀ ਸਦੀ ਦੇ ਡੇੜ-ਦੋ ਦਹਾਕਿਆਂ ਦੌਰਾਨ (ਅੰਦਾਜਨ 1965 ਤੋਂ 1980 ਦੌਰਾਨ) ਜਿਹੜੇ ਲੇਖਕ ਆਏ ਜਾਂ ਜਿਨ੍ਹਾਂ ਕੁਝ ਇਕ ਨੇ ਏਥੇ ਆ ਕੇ ਲਿਖਣਾ ਸ਼ੁਰੂ ਕੀਤਾ, ਉਹ ਉਸ ਸਮੇਂ ਆਏ ਵੱਡੀ ਗਿਣਤੀ ਪੰਜਾਬੀ ਨੌਜਵਾਨ ਵਰਗ ਦਾ ਹਿੱਸਾ ਸਨ ਜੋ ਪੜ੍ਹੇ ਲਿਖੇ ਵੀ ਸਨ ਤੇ ਬਹੁਤੇ ਅਗਾਂਹਵਧੂ ਸਿਆਸੀ ਚੇਤਨਾ ਵਾਲੇ ਵੀ। ਉਨ੍ਹਾਂ ਨੂੰ ਏਥੇ ਆਉਂਦਿਆਂ ਹੀ ਨੰਗੇ ਚਿੱਟੇ ਨਸਲਵਾਦ ਦਾ ਸਾਹਮਣਾ ਕਰਨਾ ਪਿਆ ਅਤੇ ਆਪਣੀ ਯੋਗਤਾ ਨੂੰ ਮਾਨਤਾ ਦੁਆਉਣ ਵਾਸਤੇ ਅਤੇ ਉਸ ਅਨੁਸਾਰ ਕੰਮ ਲੱਭਣ ਲਈ ਵਿਅਕਤੀਗਤ ਪੱਧਰ ’ਤੇ ਵੀ ਅਤੇ ਜਥੇਬੰਦਕ ਰੂਪ ਵਿਚ ਵੀ ਜੱਦੋਜਹਿਦ ਕਰਨੀ ਪਈ। ਉਨ੍ਹਾਂ ਦੀਆਂ ਇਹ ਕੋਸ਼ਸ਼ਾਂ ਪਹਿਲਾਂ ਆਏ ਪੰਜਾਬੀਆਂ ਦੀ ਕਨੇਡਾ ਵਿਚ ਬਰਾਬਰ ਦੇ ਹੱਕਾਂ ਲਈ, ਖਾਸ ਕਰ 40 ਸਾਲ ਲੰਮੀ ਵੋਟ ਦੇ ਹੱਕ ਲਈ ਕੀਤੀ ਜੱਦੋਜਹਿਦ ਦੀ ਹੀ ਅਗਲੀ ਕੜੀ ਸੀ ਤੇ ਨਾਲ ਹੀ ਉਨ੍ਹਾਂ ਨੇ ਗਦਰ ਲਹਿਰ ਦੀਆਂ ਲੀਹਾਂ ’ਤੇ ਪੰਜਾਬ/ਭਾਰਤ ਵਿਚ ਚੱਲ ਰਹੇ ਅਗਾਂਹਵਧੂ ਘੋਲ਼ਾਂ ਦੀ ਹਿਮਾਇਤ ਕਰਨ ਦੇ ਸਰਗਰਮ ਯਤਨ ਕੀਤੇ। ਨਤੀਜੇ ਵਜੋਂ ਪੰਜਾਬੀ ਭਾਈਚਾਰੇ ਵਾਸਤੇ ਸੱਤਰਵਾਂ ਦਹਾਕਾ ਅਗਾਂਹਵਧੂ ਸਰਗਰਮੀਆਂ ਵਾਲਾ ਦਹਾਕਾ ਸੀ।

ਕਨੇਡਾ ਦੀਆਂ ਸਾਹਿਤਕ ਸਰਗਰਮੀਆਂ ਦੀ ਸ਼ੁਰੂਆਤ ਵੀ ਇਸ ਸਮੇਂ ਦੌਰਾਨ ਹੀ ਹੋਈ। ਇਹ ਸਰਗਰਮੀਆਂ ਸ਼ੁਰੂ ਕਰਨ ਵਾਲੇ ਲੇਖਕ ਵੀ ਉਸ ਸਮੇਂ ਭਾਈਚਾਰੇ ਦੀਆਂ ਜੱਦੋਜਹਿਦਾਂ ਦਾ ਹਿੱਸਾ ਸਨ ਅਤੇ ਨਾਲ ਹੀ ਉਹ ਵੀ ਸਾਹਿਤਕਾਰਾਂ ਵਜੋਂ ਕਨੇਡਾ ਵਿਚ ਆਪਣਾ ਬਰਾਬਰ ਦਾ ਸਥਾਨ ਸਥਾਪਤ ਕਰਨ ਦੀ ਖਾਹਿਸ਼ ਰੱਖਦੇ ਸਨ। ਵੈਨਕੂਵਰ ਦੀ ਮੁੱਢਲੀ ਸਾਹਿਤਕ ਸੰਸਥਾ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ, ਜੋ 1973 ਵਿਚ ਸਥਾਪਤ ਕੀਤੀ ਗਈ ਸੀ, ਮੁੱਢਲੇ ਸਾਲਾਂ ਦੌਰਾਨ ਦੂਜੀਆਂ ਬੋਲੀਆਂ, ਖਾਸ ਕਰ ਅੰਗ੍ਰੇਜ਼ੀ, ਚੀਨੀ ਤੇ ਜਪਾਨੀ ਦੇ ਲੇਖਕਾਂ ਨਾਲ ਰਲ਼ ਕੇ ਸਾਹਿਤਕ ਸਰਗਰਮੀਆਂ ਕਰਦੀ ਰਹੀ। ਕਾਫੀ ਲੇਖਕਾਂ ਨੇ ਪੰਜਾਬੀ ਭਾਈਚਾਰੇ ਤੋਂ ਬਾਹਰ ਗੈਰ-ਪੰਜਾਬੀ ਸਾਹਿਤਕਾਰਾਂ ਨਾਲ ਅਤੇ ਸਾਹਿਤਕ ਸੰਸਥਾਵਾਂ ਨਾਲ ਸੰਪਰਕ ਕਾਇਮ ਕੀਤੇ ਜਾਂ ਕਰਨ ਦੀਆਂ ਚੇਤਨ ਕੋਸ਼ਸ਼ਾਂ ਕੀਤੀਆਂ। ਇਸ ਦੀ ਮੁੱਖ ਮਿਸਾਲ ਕੁਝ ਪੰਜਾਬੀ ਲੇਖਕਾਂ ਦਾ ਬੀ ਸੀ ਰਾਈਟਰਜ਼ ਯੂਨੀਅਨ ਜਾਂ ਦੀ ਰਾਈਟਰ’ਜ਼ ਯੂਨੀਅਨ ਆਫ ਕੈਨੇਡਾ ਦਾ ਮੈਂਬਰ ਬਣਨਾ ਕਹੀ ਜਾ ਸਕਦੀ ਹੈ। ਨਾਲ ਹੀ ਕੁਝ ਲੇਖਕਾਂ ਵਲੋਂ ਦੂਜੀਆਂ ਬੋਲੀਆਂ ਦੇ ਲੋਕਾਂ ਦੀਆਂ ਸਾਹਿਤਕ ਰਚਨਾਵਾਂ ਨੂੰ ਪੰਜਾਬੀ ਵਿਚ ਉਲਥਾਇਆ ਗਿਆ। ਉਦਾਹਰਨ ਵਜੋਂ, ਦਰਸ਼ਨ ਗਿੱਲ (ਮਰਹੂਮ) ਵਲੋਂ ਕਨੇਡਾ ਦੇ ਮੁੱਢਲੇ ਭਾਈਚਾਰੇ ਨਾਲ ਸਬੰਧਤ ਬਜ਼ੁਰਗ ਕਵੀ ਚੀਫ ਡੈਨ ਜਾਰਜ ਦੀ ਕਵਿਤਾ ਦੀ ਕਿਤਾਬ (ਮਾਈ ਹਰਟ ਸੋਅਰਜ਼) ਦਾ ਪੰਜਾਬੀ ਅਨੁਵਾਦ ਜੋ ਉਕਾਬ ਦੀ ਉਡਾਨ (1980) ਨਾਂ ਥੱਲੇ ਕਿਤਾਬੀ ਰੂਪ ਵਿਚ ਛਾਪਿਆ ਗਿਆ। ਏਸੇ ਤਰ੍ਹਾਂ ਅਜਮੇਰ ਰੋਡੇ ਤੇ ਸੁਰਜੀਤ ਕਲਸੀ ਵਲੋਂ ਅਤੇ ਕੁਝ ਹੋਰ ਲੇਖਕਾਂ ਵਲੋਂ ਵੀ ਆਪਣੀਆਂ ਲਿਖਤਾਂ ਅੰਗ੍ਰੇਜ਼ੀ ਵਿਚ ਤੇ ਅੰਗ੍ਰੇਜ਼ੀ ਤੋਂ ਹੋਰ ਲੇਖਕਾਂ ਦੀਆਂ ਰਚਨਾਵਾਂ ਪੰਜਾਬੀ ਵਿਚ ਉਲਥਾਉਣ ਦੀਆਂ ਕੋਸ਼ਸ਼ਾਂ ਕੀਤੀਆਂ ਗਈਆਂ। ਮੁੱਖ ਗੱਲ ਇਹ ਕਿ ਪੰਜਾਬੀ ਲੇਖਕਾਂ ਵਿਚ ਚੇਤਨ ਜਾਂ ਅਚੇਤਨ ਤੌਰ ’ਤੇ ਇਹ ਖਾਹਿਸ਼ ਸੀ ਕਿ ਸਾਨੂੰ ਖੁਦ ਨੂੰ ਗੈਟੋਆਈਜ਼ ਨਹੀਂ ਕਰਨਾ ਚਾਹੀਦਾ ਤੇ ਉਨ੍ਹਾਂ ਦੀ ਕੋਸ਼ਸ਼ ਸੀ ਕਿ ਅਸੀਂ ਪੰਜਾਬੀ ਵਿਚ ਲਿਖਦੇ ਹੋਏ ਵੀ ਪੂਰੇ ਸੂਰੇ ਕਨੇਡੀਅਨ ਬਣੀਏ ਤੇ ਏਥੋਂ ਦੇ ਸਾਹਿਤਕ ਸੱਭਿਆਚਾਰ ਦਾ ਹਿੱਸਾ ਬਣੀਏ।

ਪਰ ਪੰਜਾਬੀ ਲੇਖਕਾਂ ਦਾ ਇਹ ਰਵੱਈਆ ਤੇ ਕੋਸ਼ਸ਼ਾਂ ਕਈ ਕਾਰਨਾਂ ਵੱਸ ਲਗਾਤਾਰ ਜਾਰੀ ਨਾ ਰਹੀਆਂ। ਇਕ ਤਾਂ ਅੱਸੀਵੇਂ ਦਹਾਕੇ ਦੇ ਸ਼ੁਰੂ ਤੋਂ ਪੰਜਾਬ ਦੀ ਸਮੱਸਿਆ ਨੇ ਏਥੋਂ ਦੀਆਂ ਸਾਰੀਆਂ ਸਰਗਰਮੀਆਂ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਅਤੇ ਲੋਕਾਂ ਦਾ ਧਿਆਨ ਏਥੋਂ ਦੀਆਂ ਜੱਦੋਜਹਿਦਾਂ ਵੱਲ ਓਨਾ ਨਾ ਰਿਹਾ। ਏਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਸ ਸਮੇਂ ਦੌਰਾਨ ਪੰਜਾਬੀ ਭਾਈਚਾਰੇ ਦੇ ਮੀਡੀਏ ਨੇ ਵੀ ਬਹੁਤ ਤੇਜ਼ੀ ਨਾਲ ਵਿਕਾਸ ਕੀਤਾ, ਖਾਸ ਕਰ ਹਫਤਾਵਾਰ ਅਖਬਾਰਾਂ ਅਤੇ ਰੇਡੀਓ ਨੇ। ਜਿੱਥੇ ਪਹਿਲਾਂ ਇਹ ਕੰਮ ਕੁਝ ਲੋਕ ਮੁੱਖ ਤੌਰ ’ਤੇ ਆਪਣੇ ਸ਼ੌਕ ਵਜੋਂ ਜਾਂ ਬੋਲੀ, ਸਾਹਿਤ ਤੇ ਭਾਈਚਾਰੇ ਵਲਾਂ ਇਕ ਪ੍ਰਤੀਬੱਧਤਾ ਵਜੋਂ ਕਰਦੇ ਸਨ ਹੁਣ ਉਹ ਇਸ ਕੰਮ ਵਿੱਚੋਂ ਰੋਟੀ ਕਮਾਉਣ ਲੱਗੇ। ਪੰਜਾਬੀ ਬੋਲੀ ਲਈ ਇਹ ਰੁਝਾਨ ਬਹੁਤ ਹੀ ਵਧੀਆ ਗੱਲ ਸੀ ਤੇ ਇਸ ਨੇ ਪੰਜਾਬੀ ਬੋਲੀ ਨੂੰ ਕਨੇਡਾ ਵਿਚ ਸਥਾਪਤ ਕਰਨ ਲਈ ਨਿੱਘਰ ਯੋਗਦਾਨ ਪਾਇਆ। ਪਰ ਇਸ ਸਰਗਰਮੀ ਦੇ ਰੋਟੀ ਨਾਲ ਜੁੜ ਜਾਣ ਦੇ ਨਤੀਜੇ ਵਜੋਂ ਏਥੋਂ ਦੇ ਜੀਵਨ ਦੀਆਂ ਬਾਕੀ ਸਰਗਰਮੀਆਂ ਵਾਂਗ ਇਹ ਸਰਗਰਮੀ ਵੀ ਮੁੱਖ ਤੌਰ ’ਤੇ ਸਥਾਪਤ ਆਰਥਿਕ ਢਾਂਚੇ ਅਨੁਸਾਰ ਚੱਲਣ ਲੱਗੀ।

ਇਸ ਸਮੇਂ ਦੌਰਾਨ ਪੰਜਾਬੀ ਭਾਈਚਾਰੇ ਦੇ ਨੰਬਰਾਂ ਵਿਚ ਹੋਏ ਵੱਡੇ ਵਾਧੇ ਦੇ ਨਾਲ ਹੀ ਪੰਜਾਬੀ ਲੇਖਕਾਂ ਦੀ ਗਿਣਤੀ ਵੀ ਕਾਫੀ ਵਧੀ। ਪੰਜਾਬ ਤੋਂ ਆਉਣ ਵਾਲੇ ਇਨ੍ਹਾਂ ਲੇਖਕਾਂ ਵਿਚ ਬਹੁ-ਗਿਣਤੀ ਸਿਆਣੀ ਉਮਰ ਦੇ ਲੋਕ ਸਨ। ਕੁਝ ਇਕ ਜੋ ਆਪਣੀਆਂ ਨੌਕਰੀਆਂ ਤੋਂ ਰੀਟਾਇਰ ਹੋ ਕੇ ਕਨੇਡਾ ਆਏ ਸਨ ਉਨ੍ਹਾਂ ਨੇ ਏਧਰ ਆ ਕੇ ਲਿਖਣਾ ਸ਼ੁਰੂ ਕੀਤਾ ਜਾਂ ਆਪਣੇ ਲਿਖਣ ਦੇ ਨੌਕਰੀ ਦੌਰਾਨ ਮੱਠੇ ਪੈ ਚੁੱਕੇ ਸ਼ੌਕ ਨੂੰ ਦੁਬਾਰਾ ਜਗਾਇਆ। ਇਨ੍ਹਾਂ ਵਿੱਚੋਂ ਬਹੁਤੇ ਕਵੀ ਸਨ ਤੇ ਜ਼ਿਆਦਾ ਗਜ਼ਲ ਲਿਖਣ ਵਿਚ ਰੁਚੀ ਰੱਖਦੇ ਸਨ/ਹਨ। ਪੰਜਾਬੀ ਲੇਖਕਾਂ ਦੀ ਵਧੀ ਗਿਣਤੀ ਦੇ ਅਸਰ ਵਜੋਂ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਇਕ ਤੋਂ ਵਾਧੂ ਸਾਹਿਤਕ ਜਥੇਬੰਦੀਆਂ ਸਥਾਪਤ ਹੋਈਆਂ। ਵੈਨਕੂਵਰ ਦੇ ਇਲਾਕੇ ਵਿਚ ਹੀ ਲੇਖਕਾਂ ਦੀਆਂ ਕਈ ਜਥੇਬੰਦੀਆਂ ਹੋਂਦ ਵਿਚ ਆਈਆਂ। ਲੇਖਕ ਲਗਾਤਾਰ ਕਿਤਾਬਾਂ ਛਪਵਾਉਣ ਲੱਗੇ ਤੇ ਕਿਤਾਬਾਂ ਦੁਆਲੇ ਵੱਡੀ ਗਿਣਤੀ ਵਿਚ ਸਮਾਗਮ ਹੋਣ ਲੱਗੇ। ਆਪਣੇ ਆਪ ਵਿਚ ਇਹ ਸਰਗਰਮੀ ਕਿਸੇ ਤਰ੍ਹਾਂ ਵੀ ਮਾੜੀ ਗੱਲ ਨਹੀਂ ਸੀ ਸਗੋਂ ਪੰਜਾਬੀ ਸਾਹਿਤ ਦੇ ਵਿਕਾਸ ਦੇ ਨਜ਼ਰੀਏ ਤੋਂ ਇਹ ਵਧੀਆ ਗੱਲ ਸੀ ਤੇ ਹੈ। ਹਰ ਹਫਤੇ ਹੀ ਸਥਾਨਕ ਪੰਜਾਬੀ ਅਖਬਾਰਾਂ ਵਿਚ ਸਾਹਿਤਕਾਰਾਂ ਦੀਆਂ ਖਬਰਾਂ ਛਪਦੀਆਂ ਤੇ ਉਨ੍ਹਾਂ ਦੀਆਂ ਕਿਤਾਬਾਂ ਬਾਰੇ ਰੇਡੀਓ ਤੇ ਟੈਲੀਵਿਜਨ ’ਤੇ ਵੀ ਚਰਚਾ ਹੁੰਦੀ। ਇਸ ਸਰਗਮਰੀ ਤੋਂ ਪੰਜਾਬ ਦੇ ਕੁਝ ਪ੍ਰਕਾਸ਼ਕ ਵੀ ਪੈਸਾ ਕਮਾਉਣ ਲੱਗੇ। ਪਰ ਇਸ ਮਾਹੌਲ ਦਾ ਅਸਰ ਇਹ ਹੋਇਆ ਕਿ ਪੰਜਾਬੀ ਲੇਖਕਾਂ ਵਿੱਚ ਪੰਜਾਬੀ ਭਾਈਚਾਰੇ ਤੋਂ ਬਾਹਰ ਨਾਲ ਸੰਪਰਕ ਪੈਦਾ ਕਰਨ ਵਾਲੀਆਂ ਪਹਿਲਾਂ ਵਾਲੀਆਂ ਕੋਸ਼ਸ਼ਾਂ ਨਾ ਰਹੀਆਂ। ਨਤੀਜੇ ਵਜੋਂ ਇਸ ਵੇਲੇ ਪੰਜਾਬੀ ਸਾਹਿਤਕ ਭਾਈਚਾਰਾ ਕਨੇਡਾ ਵਿਚ ਰਹਿੰਦਾ ਹੋਇਆ ਵੀ ਕਨੇਡੀਅਨ ਸਾਹਿਤਕ ਤਸਵੀਰ ਦਾ ਹਿੱਸਾ ਨਹੀਂ ਹੈ ਅਤੇ ਨਾ ਹੀ ਇਸ ਪਾਸੇ ਵੱਲ ਚੇਤਨ ਕੋਸ਼ਸ਼ਾਂ ਨਜ਼ਰ ਆਉਂਦੀਆਂ ਹਨ। ਅਸਲ ਵਿਚ ਤੁਹਾਡੇ ਸਵਾਲ ਦੇ ਸ਼ੁਰੂ ਦਾ ਇਹ ਬਿਆਨ ਕਿ “ਸਾਡੇ ਲੇਖਕ ਜੋ ਕਿ ਕੈਨੇਡੀਅਨ ਪੰਜਾਬੀ ਲੇਖਕ ਹਨ” ਸ਼ਾਇਦ ਸਹੀ ਨਹੀਂ ਮੰਨਿਆ ਜਾ ਸਕਦਾ। ਕਨੇਡਾ ਇਕ ਬਹੁਸੱਭਿਆਚਾਰਕ ਮੁਲਕ ਹੋਣ ਦੇ ਬਾਵਜੂਦ ਏਥੇ ਸਿਰਫ ਦੋ ਹੀ ਬੋਲੀਆਂ – ਅੰਗ੍ਰੇਜ਼ੀ ਅਤੇ ਫਰਾਂਸੀਸੀ – ਨੂੰ ਅਧਿਕਾਰਿਤ ਤੌਰ ’ਤੇ ਕਨੇਡੀਅਨ ਮੰਨਿਆ ਜਾਂਦਾ ਹੈ, ਬਾਕੀ ਸਾਰੀਆਂ ਬੋਲੀਆਂ ਬਾਰੇ ਗੱਲ ਕਰਨ ਲਈ ਕਈ ਵੱਖਰੇ ਵੱਖਰੇ ਨਾਂ ਜਾਂ ਪਛਾਣ-ਸ਼ਬਦ ਵਰਤੇ ਜਾਂਦੇ ਹਨ ਜਿਵੇਂ ਕਿ ਵਿਦੇਸ਼ੀ ਬੋਲੀ, ਭਾਈਚਾਰੇ ਦੀ ਬੋਲੀ, ਵਿਰਸੇ ਦੀ ਬੋਲੀ ਆਦਿ। ਸਿਰਫ ਆਫੀਸ਼ੀਅਲ ਬੋਲੀਆਂ ਵਿਚ ਲਿਖਣ ਤੇ ਛਪਣ ਵਾਲਾ ਲੇਖਕ ਹੀ ਸਹੀ ਮਹਿਨਿਆਂ ਵਿਚ ਕਨੇਡੀਅਨ ਮੰਨਿਆਂ ਜਾਂਦਾ ਹੈ। ਸਾਡੇ ਭਾਈਚਾਰੇ ਦੇ ਆਮ ਲੋਕਾਂ ਨੇ ਤਾਂ ਕੀ ਲੇਖਕਾਂ ਨੇ ਵੀ ਅਜੇ ਇਸ ਮਸਲੇ ਵੱਲ ਧਿਆਨ ਦੇਣਾ ਸ਼ੁਰੂ ਨਹੀਂ ਕੀਤਾ। ਦੂਜੇ ਸ਼ਬਦਾਂ ਵਿਚ ਅਜੇ ਪੰਜਾਬੀ ਸਾਹਿਤਕਾਰ ਨੇ ਖੁਦ ਨੂੰ ਕਨੇਡੀਅਨ ਸਮਝਣਾ ਜਾਂ ਕਨੇਡੀਅਨ ਲੇਖਕ ਵਜੋਂ ਸਥਾਪਤ ਕਰਨ ਦਾ ਅਮਲ ਸ਼ੁਰੂ ਨਹੀਂ ਕੀਤਾ ਇਸ ਕਰਕੇ ਅਜੇ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਕਨੇਡਾ ਵਿਚ “ਨੈਸ਼ਨਲ ਪੱਧਰ ਦੀ ਸੰਸਥਾ” ਕਾਇਮ ਕਰਨ ਅਤੇ ਆਪਣੀ ਪੰਜਾਬ ਤੋਂ ਵੱਖਰੀ ਪਛਾਣ ਕਾਇਮ ਕਰਨ ਤੇ ਉਸ ਅਨੁਸਾਰ ਆਪਣੇ ਮਸਲਿਆਂ ਦੀ ਨਿਸ਼ਾਨਦੇਹੀ ਕਰਨ।

**ਸਵਾਲ : ਐਸ ਵੇਲ਼ੇ ਲੇਖਕ ਬੁਰੀ ਤਰਾਂ ਪ੍ਰਕਾਸ਼ਕਾਂ ਹੱਥੋਂ ਲੁੱਟ ਹੋ ਰਿਹਾ ਹੈ, ਕੀ ਸਾਨੂੰ ਹੰਭਲ਼ਾ ਨਹੀ ਮਾਰਨਾ ਚਾਹੀਦਾ ਕੋਈ ਪ੍ਰਕਾਸ਼ਨਾਂ ਦੀ ਕੋਅ-ਅੱਪ ਬਨਾਉਣ ਦਾ ਤਾਂ ਕਿ ਇਸ ਲੁੱਟ ਨੂੰ ਠੱਲ ਪਾਈ ਜਾ ਸਕੇ?**

**ਜਵਾਬ**: ਹਰੀਪਾਲ ਜੀ ਇਹ ਤੁਹਾਡੀ ਗੱਲ ਸਹੀ ਹੈ। ਪਰ ਇਸ ਬਾਰੇ ਕੋਈ ਠੋਸ ਗੱਲ ਕਰਨੀ ਸੰਭਵ ਨਹੀਂ ਜਾਪਦੀ ਕਿਉਂਕਿ ਪੰਜਾਬੀ ਵਿਚ ਅਜੇ ਇਸ ਕਿਸਮ ਦੀਆਂ ਗੱਲਾਂ ਬਾਰੇ ਕੋਈ ਢਾਂਚੇਬੱਧ ਅਧਿਐਨ ਜਾਂ ਸਰਵੇ ਵਗੈਰਾ ਨਹੀਂ ਕੀਤੇ ਕਰਵਾਏ ਜਾਂਦੇ। ਸੋ ਮੇਰੀ ਗੱਲ ਵੀ ਇਕ ਵਿਅਕਤੀ ਦੀ ਰਾਏ ਹੀ ਹੋਵੇਗੀ। ਮੇਰੀ ਸਮਝ ਅਨੁਸਾਰ ਪ੍ਰਕਾਸ਼ਕਾਂ ਹੱਥੋਂ ਲੁੱਟੇ ਜਾਣਾ ਪੰਜਾਬੀ ਲੇਖਕਾਂ ਵਾਸਤੇ ਅਜੇ ਕੋਈ ਏਡੀ ਗੰਭੀਰ ਸਮੱਸਿਆ ਨਹੀਂ ਬਣੀ। ਇਸ ਦਾ ਕਾਰਨ ਇਹ ਹੈ ਕਿ ਅਜੇ ਬਹੁਤ ਘੱਟ ਲੇਖਕ ਪੇਸ਼ਾਵਰ ਨੇ ਤੇ ਇਸ ਕੰਮ ਦੇ ਸਿਰ ਤੋਂ ਰੋਟੀ ਕਮਾ ਰਹੇ ਨੇ। ਵੱਡੀ ਗਿਣਤੀ ਅਜੇ ਇਹ ਕੰਮ ਸ਼ੌਕ ਵਜੋਂ ਕਰਦੀ ਹੈ ਤੇ ਜੀਵਨ ਨੂੰ ਚਲਦਾ ਰੱਖਣ ਲਈ ਕੋਈ ਹੋਰ ਕੰਮ ਧੰਦਾ ਕਰਦੀ ਹੈ। ਦੂਜੇ ਪਾਸੇ ਜੇ ਅਸੀਂ ਪੰਜਾਬੀ ਪ੍ਰਕਾਸ਼ਕਾਂ ਦਾ ਬਾਹਰਲੇ, ਖਾਸ ਕਰ ਪੱਛਮੀ ਦੇਸਾਂ ਦੇ ਪ੍ਰਕਾਸ਼ਕਾਂ ਨਾਲ ਮੁਕਾਬਲਾ ਕਰੀਏ ਤਾਂ ਦੇਖਦੇ ਹਾਂ ਕਿ ਪੰਜਾਬੀ ਵਿਚ ਅਜੇ ਇਹ ਕੰਮ ਬਹੁਤੇ ਪੰਜਾਬੀ ਪ੍ਰਕਾਸ਼ਕਾਂ ਵਲੋਂ ਵੀ ਇਕ ਪੇਸ਼ਾਵਰ ਪਹੁੰਚ ਨਾਲ ਨਹੀਂ ਕੀਤਾ ਜਾਂਦਾ। ਉਨ੍ਹਾਂ ਵਿੱਚੋਂ ਕੁਝ ਇਕ ਹੱਦ ਤੱਕ ਪੈਸਾ ਤਾਂ ਜ਼ਰੂਰ ਕਮਾਉਣ ਲੱਗ ਪਏ ਹਨ ਪਰ ਉਨ੍ਹਾਂ ਵਿਚ ਇਸ ਕੰਮ ਲਈ ਲੋੜੀਂਦੀ ਸੂਝ, ਇਮਾਨਦਾਰੀ ਤੇ ਪੇਸ਼ਾਵਾਰੀ ਤੌਰ ਤਰੀਕੇ ਪੈਦਾ ਨਹੀਂ ਹੋਏ। ਨਾ ਤਾਂ ਉਹ ਕਿਤਾਬ ਛਾਪਣ ਦਾ ਫੈਸਲਾ ਕਰਨ ਵੇਲੇ ਉਸ ਦਾ ਮਿਆਰ ਦੇਖਦੇ ਹਨ ਤੇ ਨਾ ਹੀ ਉਸ ਨੂੰ ਮਿਆਰੀ ਬਣਾਉਣ ਵਿਚ ਆਪਣੇ ਵਲੋਂ ਕੋਈ ਪੂੰਜੀ ਵਗੈਰਾ ਲਾਉਂਦੇ ਹਨ। ਉਹ ਲੇਖਕ ਤੋਂ ਪੈਸੇ ਲੈ ਕੇ ਜਿਹੋ ਜਿਹੀ ਵੀ ਕਿਤਾਬ ਹੋਵੇ ਛਾਪ ਦਿੰਦੇ ਹਨ ਤੇ ਲਾਇਬ੍ਰੇਰੀਆਂ ਆਦਿ ਤੋਂ ਥੋੜ੍ਹਾ ਬਹੁਤਾ ਹੋਰ ਕਮਾ ਲੈਂਦੇ ਹਨ ਪਰ ਕਿਤਾਬ ਨੂੰ ਵੇਚਣ ਦੇ ਮਕਸਦ ਨਾਲ ਆਪਣੀ ਵਲੋਂ ਕਿਸੇ ਕਿਸਮ ਦੀ ਕੋਈ ਇਸ਼ਤਿਹਾਰਬਾਜੀ ਆਦਿ ਨਹੀਂ ਕਰਦੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬ ਵਿਚ ਖਾਸ ਕਰਕੇ ਤੇ ਕੁਝ ਇਕ ਪੰਜਾਬੀ ਪ੍ਰਕਾਸ਼ਕਾਂ ਵਲੋਂ ਪੰਜਾਬ ਤੋਂ ਬਾਹਰ ਵੀ ਕਈ ਕਿਸਮ ਦੇ ਸਭਿਆਚਾਰਕ, ਸਿਆਸੀ ਤੇ ਸਾਹਿਤਕ ਇਕੱਠਾਂ ਵਿਚ ਕਿਤਾਬਾਂ ਵੀ ਵੇਚੀਆਂ ਜਾਂਦੀਆਂ ਹਨ। ਪਰ ਆਮ ਧਾਰਨਾ ਇਹ ਹੈ ਕਿ ਪ੍ਰਕਾਸ਼ਕਾਂ ਵਲੋਂ ਇਸ ਤਰ੍ਹਾਂ ਵੇਚੀਆਂ ਜਾਂਦੀਆਂ ਕਿਤਾਬਾਂ ਦਾ ਲੇਖਕ ਨੂੰ ਕੋਈ ਹਿਸਾਬ ਕਿਤਾਬ ਨਹੀਂ ਦਿੱਤਾ ਜਾਂਦਾ।

ਤੁਹਾਡੇ ਸਵਾਲ ਵਿਚਲਾ ਸੁਝਾਅ ਸਹੀ ਹੈ ਕਿ ਇਸ ਲੁੱਟ ਨੂੰ ਠੱਲ ਪਾਉਣ ਲਈ ਲੇਖਕਾਂ ਵਲੋਂ ਸਾਂਝੇ ਤੌਰ ’ਤੇ ਕੋਈ ਕੋਸ਼ਸ਼ ਹੋਣੀ ਚਾਹੀਦੀ ਹੈ। ਇਸ ਦੀ ਲੋੜ ਤੋਂ ਤਾਂ ਸ਼ਾਇਦ ਬਹੁਤੇ ਲੇਖਕ ਨਾਬਰ ਨਾ ਹੋਣ ਪਰ ਇਹ ਕੰਮ ਕਿਸ ਤਰ੍ਹਾਂ ਕੀਤਾ ਜਾਵੇ ਇਹ ਜਾਨਣ ਸਮਝਣ ਲਈ ਘੱਟੋ ਘੱਟ ਕਨੇਡੀਅਨ ਪੰਜਾਬੀ ਲੇਖਕਾਂ ਵਿਚ ਅੱਜੇ ਕੋਈ ਸੰਜੀਦਾ ਖਾਹਿਸ਼ ਤੇ ਵਿਚਾਰ ਵਟਾਂਦਰਾ ਨਜ਼ਰ ਨਹੀਂ ਆ ਰਿਹਾ। ਇਕ ਤਰੀਕਾ ਤੁਹਾਡੇ ਸੁਝਾਅ ਵਾਲਾ ਹੋ ਸਕਦਾ ਹੈ ਕਿ ਲੇਖਕਾਂ ਦੀ ਕੋਈ ਆਪਣੀ ਸਾਂਝੀ ਪ੍ਰਕਾਸ਼ਨਾ ਕੋ-ਅਪ ਹੋਵੇ। ਇਸ ਦੀ ਅਜੇ ਤਾਂ ਕੋਈ ਸੰਭਾਵਨਾ ਨਹੀਂ ਲੱਗਦੀ ਪਰ ਤੇਜ਼ੀ ਨਾਲ ਹੋ ਰਹੇ ਤਕਨੀਕੀ ਵਿਕਾਸ ਦੇ ਅਧਾਰ ’ਤੇ ਕੋਈ ਨਾ ਕੋਈ ਨਵਾਂ ਰਾਹ ਨਿਕਲਣ ਦੀਆਂ ਕਈ ਸੰਭਾਵਨਾਵਾਂ ਹਨ ਜਿਨ੍ਹਾਂ ਬਾਰੇ ਪੰਜਾਬੀ ਲੇਖਕਾਂ ਦਰਮਿਆਨ ਵਿਚਾਰ ਵਟਾਂਦਰਾ ਧਿਆਨ ਵਿਚ ਆਇਆ ਹੈ। ਇਸ ਦੇ ਨਾਲ ਹੀ ਲੇਖਕਾਂ ਦੇ ਕਰਨ ਵਾਲੀ ਇਕ ਹੋਰ ਗੱਲ ਇਹ ਵੀ ਹੋ ਸਕਦੀ ਹੈ ਕਿ ਉਹ ਜਥੇਬੰਦ ਹੋ ਕੇ ਪ੍ਰਕਾਸ਼ਕਾਂ ਕੋਲੋਂ ਆਪਣੇ ਬਣਦੇ ਹੱਕ ਲੈਣ ਦੀ ਕੋਸ਼ਸ਼ ਕਰਨ।

**ਸਵਾਲ: ਕੀ ਲਿਖਣਾ ਹੀ ਸਾਹਿਤਕਾਰ ਦਾ ਕਰਤੱਵ ਹੈ ਜਾਂ ਸਮੇਂ ਦੀ ਸਿਆਸਤ ਜਾਂ ਲੋਕਪੱਖੀ ਸਿਆਸਤ ’ਚ ਹਿੱਸਾ ਲੈਣਾ ਸਾਹਿਤਕਾਰ ਦਾ ਕਰਤੱਵ ਹੈ?**

**ਜਵਾਬ** : ਸਧਾਰਨ ਹਾਲਤਾਂ ਦੌਰਾਨ ਲੇਖਕ ਦਾ ਮੁੱਖ ਕਰਤਵ ਤਾਂ ਲਿਖਣਾ ਹੀ ਹੈ ਤੇ ਹੋਣਾ ਵੀ ਚਾਹੀਦਾ ਹੈ। ਇਸ ਗੱਲ ਵਿਚ ਵੀ ਸਚਾਈ ਹੈ ਕਿ ਤਲਵਾਰ ਨਾਲੋਂ ਕਲਮ ਤਾਕਤਵਾਰ ਹੁੰਦੀ ਹੈ। ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸਮਾਜ ਦੀਆਂ ਬਹੁਤ ਸਾਰੀਆਂ ਤਬਦੀਲੀਆਂ ਕਿਸੇ ਨਾ ਕਿਸੇ ਰੂਪ ਵਿਚ ਪਹਿਲਾਂ ਲੇਖਕਾਂ ਵਲੋਂ ਚਿਤਵੀਆਂ ਗਈਆਂ। ਲੇਖਕ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਸਮਾਜ ਦੇ ਬਾਕੀ ਆਮ ਲੋਕਾਂ ਤੋਂ ਵੱਧ ਸੂਝ ਰੱਖਦਾ ਹੋਵੇ। ਇਸ ਸੂਝ ਦੇ ਅਧਾਰ ’ਤੇ ਜੇ ਉਹ ਸਮਾਜ ਵਿਚ ਕੁਝ ਇਹੋ ਜਿਹਾ ਦੇਖਦਾ ਹੈ ਜੋ ਲੋਕਪੱਖੀ ਨਹੀਂ ਤੇ ਬਦਲਿਆ ਜਾਣਾ ਚਾਹੀਦਾ ਹੈ ਤਾਂ ਉਹ ਇਸ ਮਕਸਦ ਲਈ ਪਹਿਲਾਂ ਆਪਣੀ ਕਲਮ ਵਰਤੇਗਾ। ਸਮੇਂ ਅਨੁਸਾਰ ਜੇ ਉਹ ਲੋੜ ਮਹਿਸੂਸ ਕਰੇ ਤਾਂ ਉਹ ਸਿੱਧਾ ਸਿਆਸਤ ਵਿਚ ਵੀ ਜਾ ਸਕਦਾ ਹੈ ਕਿਉਂਕਿ ਸਮਾਜ ਦੇ ਇਕ ਚੇਤਨ ਵਿਅਕਤੀ ਵਜੋਂ ਉਹ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਸਿਆਸਤ ਹੀ ਉਹ ਅਮਲ ਹੈ ਜਿਸ ਨਾਲ ਸਮਾਜ ਵਿਚ ਤਬਦੀਲੀ ਆਉਂਦੀ ਹੈ। ਇਤਿਹਾਸ ਵਿਚ ਵੀ ਤੇ ਮੌਜੂਦਾ ਸਮੇਂ ਦੌਰਾਨ ਵੀ ਅਜਿਹੇ ਚੇਤਨ ਲੇਖਕਾਂ ਦੀਆਂ ਕਾਫੀ ਉਦਾਹਰਣਾਂ ਮਿਲਦੀਆਂ ਹਨ ਜਿਨ੍ਹਾਂ ਨੇ ਲਿਖਣ ਦੇ ਨਾਲ ਨਾਲ ਸਰਗਰਮੀ ਨਾਲ ਸਿਆਸਤ ਵਿਚ ਵੀ ਹਿੱਸਾ ਲਿਆ। ਪਰ ਮੇਰੇ ਖਿਆਲ ਵਿਚ ਲੇਖਕ ਲਈ ਇਹ ਜ਼ਰੂਰੀ ਨਹੀਂ ਕਿ ਸਮਾਜ ਦੀ ਤਬਦੀਲੀ ਵਿਚ ਉਹ ਆਪਣਾ ਯੋਗਦਾਨ ਸਿੱਧਾ ਸਿਆਸਤ ਵਿਚ ਹਿੱਸਾ ਲੈ ਕੇ ਹੀ ਪਾਵੇ। ਜੇ ਉਹ ਇਹ ਕਰ ਸਕੇ ਜਾਂ ਕਰਦਾ ਹੈ ਤਾਂ ਬਹੁਤ ਵਧੀਆ ਪਰ ਜੇ ਨਹੀਂ ਕਰਦਾ ਪਰ ਆਪਣੀ ਲਿਖਤ ਵਿਚ ਉਹ ਲੋਕਾਂ ਦੇ ਪੱਖ ਦੀ ਗੱਲ ਕਰਦਾ ਹੈ ਤਾਂ ਉਹ ਸਮਾਜ ਦੀ ਤਬਦੀਲੀ ਵਿਚ ਇਕ ਲੇਖਕ ਵਜੋਂ ਆਪਣਾ ਕਰਤਵ ਨਿਭਾ ਰਿਹਾ ਹੈ।

ਮਹੱਤਵਪੂਰਨ ਗੱਲ ਇਹ ਦੇਖਣਾ ਹੈ ਕਿ ਲੇਖਕ ਕਿਸ ਮਕਸਦ ਲਈ ਲਿਖਦਾ ਹੈ। ਉਸ ਦਾ ਮਕਸਦ ਇਸ ਗੱਲ ’ਤੇ ਅਧਾਰਤ ਹੋਵੇਗਾ ਕਿ ਉਹ ਸਾਹਿਤ ਅਤੇ ਸਮਾਜ ਦੇ ਆਪਸੀ ਸਬੰਧ ਨੂੰ ਕਿਸ ਤਰ੍ਹਾਂ ਦੇਖਦਾ ਹੈ। ਚਿੰਤਕਾਂ ਵਲੋਂ ਹਮੇਸ਼ਾ ਵਿਚਾਰਿਆ ਜਾਂਦਾ ਸਵਾਲ: ਕੀ ਕਲਾ ਕਲਾ ਲਈ ਹੈ ਜਾਂ ਕਲਾ ਸਮਾਜ/ਜੀਵਨ ਲਈ ਹੈ? ਦਾ ਉਹ ਲੇਖਕ ਕੀ ਜਵਾਬ ਦਿੰਦਾ ਹੈ। ਜੇ ਉਹ ਇਹ ਮੰਨਦਾ ਹੈ ਕਿ ਕਲਾ ਕਲਾ ਲਈ ਹੁੰਦੀ ਹੈ ਤੇ ਉਸ ਦਾ ਸਮਾਜ ਨਾਲ ਕੋਈ ਲੈਣਾ ਦੇਣਾ ਨਹੀਂ ਤਾਂ ਉਸ ਦਾ ਮਕਸਦ ਸਿਰਫ ਖੁਦ ਦੀ ਮਹਿਮਾ ਕਰਾਉਣਾ ਜਾਂ ਮੌਜੂਦਾ ਸਮੇਂ ਦੌਰਾਨ ਲਿਖ ਕੇ ਪੈਸਾ ਕਮਾਉਣਾ ਹੀ ਹੋਵੇਗਾ ਤੇ ਉਸ ਲੇਖਕ ਤੋਂ ਸਮਾਜ ਦੀ ਬੇਹਤਰੀ ਵਾਸਤੇ ਕੋਈ ਆਸ ਰੱਖਣੀ ਫਜ਼ੂਲ ਹੋਵੇਗੀ।

**ਸਵਾਲ : ਕੀ ਤੁਸੀਂ ਸਮਝਦੇ ਹੋ ਕੈਨੇਡਾ ਵਿੱਚ ਧਾਰਮਿਕ ਸਕੂਲਾਂ ਜਾਂ ਧਾਰਮਿਕ ਅਦਾਰਿਆਂ ਨੂੰ ਗਰਾਂਟਾਂ ਦੇਣੀਆਂ ਜਾਇਜ ਹਨ?**

**ਜਵਾਬ**: ਨਹੀਂ, ਬਿਲਕੁਲ ਨਹੀਂ। ਪਰ ਕਿਉਂਕਿ ਏਥੇ ਇਸਾਈ ਮੱਤ ਰਾਹੀਂ ਚਲਾਏ ਜਾਂਦੇ ਸਕੂਲਾਂ ਨੂੰ ਸਰਕਾਰਾਂ ਵਲੋਂ ਮਾਇਕ ਸਹਾਇਤਾ ਅਤੇ ਮਾਨਤਾ ਲੰਮੇ ਸਮੇਂ ਤੋਂ ਦਿੱਤੀ ਜਾਂਦੀ ਰਹੀ ਹੈ ਇਸ ਕਰਕੇ ਹੁਣ ਉਨ੍ਹਾਂ ਲਈ ਦੂਜੇ ਧਰਮਾਂ ਨੂੰ ਨਾਂਹ ਕਰਨੀ ਸੰਭਵ ਨਹੀਂ। ਬ੍ਰਿਟਿਸ਼ ਕੋਲੰਬੀਆ ਹਿਊਮਨਿਸਟ ਐਸੋਸੀਏਸ਼ਨ ਵਲੋਂ ਹਾਲ ਹੀ ਵਿਚ ਸਾਂਝੇ ਕੀਤੇ ਅੰਕੜਿਆਂ ਅਨੁਸਾਰ ਬੀ ਸੀ ਸਰਕਾਰ ਹਰ ਸਾਲ 400 ਮਿਲੀਅਨ ਡਾਲਰ ਪ੍ਰਾਈਵੇਟ ਸਕੂਲਾਂ ਨੂੰ ਦਿੰਦੀ ਹੈ ਜਿਹਦੇ ਵਿਚੋਂ 300 ਮਿਲੀਅਨ ਦੇ ਕਰੀਬ ਇਸਾਈ ਮੱਤ, ਖਾਸ ਕਰ ਕੈਥੋਲਿਕ ਸਕੂਲਾਂ ਨੂੰ ਜਾਂਦਾ ਹੈ। ਦੂਜੇ ਧਰਮਾਂ ਦੇ ਸਕੂਲਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ ਜਿਸ ਵਿਚ ਸਿੱਖ ਤੇ ਇਸਲਾਮ ਧਰਮਾਂ ਦੇ ਸਕੂਲ ਵੀ ਸ਼ਾਮਲ ਹਨ। ਸਮਾਜ ਨੂੰ ਵਿਗਿਆਨਕ ਲੀਹਾਂ ਤੇ ਤੋਰਨ ਦੇ ਚਾਹਵਾਨ ਵਿਅਕਤੀ ਤੇ ਜਥੇਬੰਦੀਆਂ ਅਕਸਰ ਇਸ ਬਾਰੇ ਲੋਕਾਂ ਵਿਚ ਚੇਤਨਾ ਜਗਾਉਣ ਲਈ ਕੋਸ਼ਸ਼ ਕਰਦੇ ਰਹਿੰਦੇ ਹਨ ਅਤੇ ਸਮੇਂ ਸਮੇਂ ਉਨ੍ਹਾਂ ਵਲੋਂ ਇਸ ਵਿਰੁੱਧ ਆਵਾਜ਼ ਵੀ ਉਠਾਈ ਜਾਂਦੀ ਹੈ। ਲੋੜ ਹੈ ਕਿ ਹਰ ਭਾਈਚਾਰੇ ਦੇ ਚੇਤਨ ਲੋਕ ਇਸ ਸਮੱਸਿਆ ਵੱਲ ਧਿਆਨ ਦੇਣ ਤੇ ਇਸ ਦੇ ਵਿਰੋਧ ਵਿਚ ਆਪਣੀ ਆਵਾਜ਼ ਦੂਜੀਆਂ ਆਵਾਜ਼ਾਂ ਵਿਚ ਸ਼ਾਮਲ ਕਰਨ। ਇਸ ਭਾਈਚਾਰੇ ਵਿਚ ਜਿਸ ਤਰ੍ਹਾਂ ਹੁਣ ਤੱਕ ਧਰਮ ਨੂੰ ਸਿਆਸਤ ਤੋਂ ਅਤੇ ਸਰਕਾਰੀ ਕਾਰਜਗੁਜ਼ਾਰੀ ਤੋਂ ਦੂਰੀ ’ਤੇ ਰੱਖਿਆ ਗਿਆ ਹੈ (ਭਾਵੇਂ ਹੁਣ ਕਈ ਭਾਇਚਾਰਿਆਂ ਵਲੋਂ, ਸਣੇ ਸਿੱਖ ਭਾਈਚਾਰੇ ਦੇ, ਸਿਆਸਤ ਤੇ ਧਰਮ ਨੂੰ ਨੇੜੇ ਲਿਆਉਣ ਦੀਆਂ ਕੋਸ਼ਸ਼ਾਂ ਦੇਖੀਆਂ ਜਾ ਸਕਦੀਆਂ ਹਨ), ਵਿਦਿਆ ਨੂੰ ਵੀ ਧਰਮ ਤੋਂ ਜਾਂ ਕਹਿ ਲਓ ਕਿ ਧਰਮ ਨੂੰ ਵਿਦਿਆ ਤੋਂ ਦੂਰ ਰੱਖਿਆ ਜਾਣਾ ਚਾਹੀਦਾ ਹੈ। ਧਾਰਮਿਕ ਸਕੂਲਾਂ ਨੂੰ ਨਾ ਤਾਂ ਲੋਕਾਂ ਦੇ ਟੈਕਸ ਦੇ ਪੈਸੇ ਵਿੱਚੋਂ ਮੱਦਦ ਦਿੱਤੀ ਜਾਣੀ ਚਾਹੀਦੀ ਹੈ ਤੇ ਨਾ ਹੀ ਧਾਰਮਿਕ ਸਕੂਲਾਂ ਦੀ ਪੜ੍ਹਾਈ ਨੂੰ ਦੂਜੇ ਅਦਾਰਿਆਂ ਦੀ ਪੜ੍ਹਾਈ ਦੇ ਬਰਾਬਰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਇਹ ਬਹੁਤ ਪੁਰਾਣੀ ਗੱਲ ਨਹੀਂ ਕਿ ਬੀ ਸੀ ਦੇ ਸਕੂਲਾਂ ਵਿਚ ਤੇ ਹੋਰ ਥਾਂਵੀਂ ਵੀ ਹਰ ਦਿਨ ਤੇ ਹਰ ਕੰਮ ਪਹਿਲਾਂ ਰੱਬ (ਉਹਦੇ ਵੱਖਰੇ ਵੱਖਰੇ ਨਾਂ ਲੈ ਕੇ) ਅੱਗੇ ਅਰਦਾਸ ਕਰਕੇ ਹੀ ਸ਼ੁਰੂ ਕੀਤਾ ਜਾਂਦਾ ਸੀ। ਪਰ ਅਧਿਆਪਕ ਵਰਗ ਵਿਚਲੇ ਚੇਤਨ ਲੋਕਾਂ ਨੇ ਲੰਮੀ ਜੱਦੋਜਹਿਦ ਰਾਹੀਂ ਇਸ ਵਿਚ ਤਬਦੀਲੀ ਲਿਆਂਦੀ।

ਕਨੇਡਾ ਦੇ ਹੀ ਨਹੀਂ ਸਮੁੱਚੀ ਇਨਸਾਨੀਅਤ ਦੇ ਭਵਿੱਖ ਵਾਸਤੇ ਵਿਦਿਆ ਨੂੰ ਧਰਮ ਤੋਂ ਪੂਰਨ ਤੌਰ ’ਤੇ ਅਲੱਗ ਕਰਨ ਦੀ ਲੋੜ ਹੈ। ਇਹ ਰੁਝਾਨ ਦਾ ਕਾਇਮ ਰਹਿਣਾ ਭਵਿੱਖ ਵਾਸਤੇ ਬਹੁਤ ਘਾਤਕ ਸਿੱਧ ਹੋਵੇਗਾ ਖਾਸ ਕਰ ਕਨੇਡਾ ਵਰਗੇ ਬਹੁ-ਧਾਰਮਿਕ ਮੁਲਕ ਲਈ। ਇਸ ਦਾ ਮੁੱਖ ਕਾਰਨ ਇਹ ਹੈ ਧਾਰਮਿਕ ਸਕੂਲਾਂ ਵਿਚ ਪੜ੍ਹੇ ਵਿਅਕਤੀ ਸਭ ਤੋਂ ਪਹਿਲਾਂ ਉੱਥੇ ਪੜ੍ਹਾਏ ਜਾਂਦੇ ਧਰਮ ਦੇ ਪੈਰੋਕਾਰ ਹੋਣਗੇ ਦੂਜੇ ਨੰਬਰ ’ਤੇ ਇਨਸਾਨ ਹੋਣਗੇ। ਇਨ੍ਹਾਂ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੇ ਸਿਰਾਂ ਵਿਚ ਇਕ ਗੱਲ ਪੂਰੀ ਤਰ੍ਹਾਂ ਠੋਕ ਕੇ ਭਰ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਦਾ ਧਰਮ ਸਭ ਧਰਮਾਂ ਨਾਲੋਂ ਉੱਤਮ ਹੈ, ਜਿਹੜੀ ਕਿ ਹਰ ਧਰਮ ਦੀ ਆਪਣੀ ਹੋਂਦ ਲਈ ਸਭ ਤੋਂ ਜ਼ਰੂਰੀ ਗੱਲ ਹੈ। ਅਤੇ ਜਦੋਂ ਵੀ ਕਨੇਡੀਅਨ ਸਮਾਜ ਵਿਚ ਕਿਸੇ ਕਿਸਮ ਦੀ ਕੋਈ ਵੱਡੀ ਸਮੱਸਿਆ ਆਈ ਤਾਂ ਸਵਾਰਥੀ ਲੋਕਾਂ ਵਲੋਂ ਸਿਆਸੀ ਤੇ ਆਰਥਿਕ ਹਿੱਤਾਂ ਲਈ ਸਮਾਜ ਵਿਚ ਲੋਕਾਂ ਨੂੰ ਪਾੜਨ ਵਾਸਤੇ ਧਰਮ ਦੀ ਵਰਤੋਂ ਕੀਤੀ ਜਾਵੇਗੀ ਜਿਸ ਤਰ੍ਹਾਂ ਅਸੀਂ ਹੋਰ ਬਹੁਤ ਸਾਰੇ ਥਾਵਾਂ ’ਤੇ ਨਿੱਤ ਹੁੰਦਾ ਦੇਖਦੇ ਹਾਂ। ਕਨੇਡਾ ਦੇ ਬਹੁਤ ਸਾਰੇ ਅਗਾਂਹਵਧੂ ਲੋਕਾਂ ਦੀਆਂ ਕੋਸ਼ਸ਼ਾਂ ਦੇ ਨਤੀਜੇ ਵਜੋਂ ਏਥੇ ਧਰਮ ਨੂੰ ਸਮਾਜ ਦੇ ਹੋਰ ਬਹੁਤ ਸਾਰੇ ਵਰਤਾਰਿਆਂ ਤੋਂ ਵੱਖ ਰੱਖਿਆ ਗਿਆ ਹੈ। ਉਦਾਹਰਨ ਵਜੋਂ, ਜੇ ਕਨੇਡਾ ਵਿਚ ਵੀ ਧਰਮ ਤੇ ਸਿਆਸਤ ਦਾ ਉਸ ਕਿਸਮ ਦਾ ਨੇੜ ਹੁੰਦਾ ਜੋ ਅਸੀਂ ਹੋਰ ਥਾਵਾਂ ’ਤੇ ਦੇਖਦੇ ਹਾਂ ਅਤੇ ਜੇ ਏਥੇ ਵੀ ਸਰਕਾਰਾਂ ਫੈਸਲੇ ਲੈਣ ਵੇਲੇ ਧਾਰਮਿਕ ਲੋਕਾਂ ਦੀ ਅਗਵਾਈ ਲੈਂਦੀਆਂ ਤਾਂ ਕਦੇ ਵੀ ਬਾਹਰੋਂ ਆਏ ਲੋਕਾਂ ਨੂੰ ਇਸ ਕਦਰ ਇਸ ਮੁਲਕ ਵਿਚ ਆਪਣੇ ਧਰਮਾਂ ਅਤੇ ਸੱਭਿਆਚਾਰਾਂ ਨੂੰ ਵਧਾਉਣ ਫੈਲਾਉਣ ਦੇ ਮੌਕੇ ਨਾ ਮਿਲਦੇ।

ਸੋ ਇਸ ਲਈ ਜ਼ਰੂਰੀ ਹੈ ਕਿ ਅਸੀਂ ਵੀ ਕਨੇਡਾ ਨੂੰ ਇਨ੍ਹਾਂ ਹੀ ਲੀਹਾਂ 'ਤੇ ਹੋਰ ਮਜ਼ਬੂਤ ਕਰੀਏ। ਧਰਮ ਨੂੰ (ਕਿਸੇ ਵੀ ਧਰਮ ਨੂੰ) ਮੰਨਣ ਜਾਂ ਨਾ ਮੰਨਣ ਦੀ ਹਰ ਵਿਅਕਤੀ ਨੂੰ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ, ਜਿਸ ਵਿਚ ਕਿਸੇ ਹੋਰ ਨੂੰ ਦਖਲ ਦੇਣ ਦਾ ਕੋਈ ਹੱਕ ਨਹੀਂ ਪਰ ਇਹ ਗੱਲ ਉਸ ਵਿਅਕਤੀ ਦੇ ਆਪਣੇ ਨਿੱਜ ਤੱਕ ਸੀਮਤ ਹੋਣੀ ਚਾਹੀਦੀ ਹੈ। ਇਸ ਗੱਲ ਨੂੰ ਹਕੀਕੀ ਬਣਾਉਣ ਲਈ ਕਾਨੂੰਨ ਦੀ ਵਰਤੋਂ ਤਾਂ ਨਹੀਂ ਕੀਤੀ ਜਾਣੀ ਚਾਹੀਦੀ ਜਿਸ ਤਰ੍ਹਾਂ ਕਨੇਡਾ ਦੇ ਸੂਬੇ ਕਿਉਬਿਕ ਕੀਤੀ ਜਾ ਰਹੀ ਹੈ ਪਰ ਇਸ ਸਬੰਧੀ ਲੋਕਾਂ ਨੂੰ ਚੇਤਨ ਕਰਨ ਦੇ ਯਤਨ ਸਰਕਾਰ ਵਲੋਂ ਵੀ ਤੇ ਵੱਖਰੇ ਵੱਖਰੇ ਭਾਈਚਾਰਿਆਂ ਵਲੋਂ ਕੀਤੇ ਜਾਣੇ ਜ਼ਰੂਰੀ ਹਨ।

ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਤਕਰੀਬਨ ਹਰ ਜਗ੍ਹਾ ਬਹੁਤਾ ਨਿੱਤ ਦਾ ਜੀਵਨ ਅਮਲੀ ਤੌਰ 'ਤੇ ਵਿਗਿਆਨਕ ਜਾਂ ਤਰਕਸ਼ੀਲ ਅਧਾਰ 'ਤੇ ਸਥਾਪਤ ਕੀਤੇ ਨਿਯਮਾਂ ਅਨੁਸਾਰ ਚਲਦਾ ਹੈ। ਅਸਲੀ ਅਰਥਾਂ ਵਿਚ ਵਿਕਤੀਗਤ ਪੱਧਰ 'ਤੇ ਮਨ ਦੀ ਸ਼ਾਂਤੀ ਤੋਂ ਬਿਨਾਂ ਧਰਮ ਸਾਡੇ ਬਹੁਤਾ ਕੰਮ ਨਹੀਂ ਆਉਂਦਾ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਇਹੋ ਜਿਹੀਆਂ ਬਹੁਤੀਆਂ ਚੀਜ਼ਾਂ ਜਾਂ ਸਥਿਤੀਆਂ ਨਹੀਂ ਜੋ ਧਰਮ ਤੋਂ ਬਿਨਾਂ ਸੰਪੂਰਨ ਨਹੀਂ ਹੋ ਸਕਦੀਆਂ। ਅਜੋਕੇ ਸਮੇਂ ਕੁਝ ਧਰਮਾਂ ਵਲੋਂ ਸਮੇਂ ਸਮੇਂ ਲੋਕਾਂ ਦੀ ਸੇਵਾ ਕਰਨ ਨੂੰ ਲੈ ਕੇ ਕਾਫੀ ਚਰਚਾ ਸੁਣਨ ਨੂੰ ਮਿਲਦੀ ਹੈ। ਦੁਨੀਆ ਦੇ ਜਿਨ੍ਹਾਂ ਮੁਲਕਾਂ ਵਿਚ ਲੋਕਾਂ ਵਲੋਂ ਚੁਣੀਆਂ ਸਰਕਾਰਾਂ ਸਹੀ ਤਰੀਕੇ ਨਾਲ ਤੇ ਇਮਾਨਦਾਰੀ ਕੰਮ ਕਰਦੀਆਂ ਹਨ ਉੱਥੇ ਉਹ ਲੋਕਾਂ ਦੇ ਹਰ ਮਸਲੇ ਦਾ ਹੱਲ ਵੀ ਕਰਦੀਆਂ ਹਨ ਤੇ ਲੋਕਾਂ ਨੂੰ ਹੋਰ ਕਿਸੇ ਵੱਲ ਦੇਖਣ ਝਾਕਣ ਦੀ ਲੋੜ ਨਹੀਂ ਪੈਂਦੀ। ਨਾਲ ਹੀ ਇਹ ਵੀ ਇਕ ਤੱਥ ਹੈ ਕਿ ਧਾਰਮਿਕ ਸੰਸਥਾਵਾਂ ਤੇ ਵਿਅਕਤੀਆਂ ਵਲੋਂ ਸੇਵਾ ਕਰਨ ਦਾ ਮਕਸਦ ਸਿਰਫ ਲੋੜਵੰਦ ਲੋਕ ਨਹੀਂ ਹੁੰਦੇ, ਉਨ੍ਹਾਂ ਦਾ ਆਪਣੇ ਧਰਮ ਨੂੰ ਦੂਜਿਆਂ ਧਰਮਾਂ ਦੇ ਮੁਕਾਬਲੇ ਵਧੀਆ ਸਾਬਤ ਕਰਨਾ ਹੁੰਦਾ ਹੈ। ਨਾਲ ਹੀ ਬਹੁਤੇ ਧਾਰਮਿਕ ਲੋਕਾਂ ਦਾ ਮਕਸਦ ਆਪਣੇ ਪ੍ਰਮਾਤਮਾ ਦੀ ਨਜ਼ਰ ਵਿਚ ਚੰਗਾ ਬਣਨਾ ਤੇ ਅਗਲੇ ਜੀਵਨ ਲਈ ਨੰਬਰ ਬਣਾਉਣਾ ਹੁੰਦਾ ਹੈ। ਸੋ ਸਹੀ ਅਰਥਾਂ ਵਿਚ ਉਹ ਸੇਵਾ ਕਰਨ ਨਹੀਂ ਰਹੇ ਹੁੰਦੇ ਸੇਵਾ ਕਮਾ ਰਹੇ ਹੁੰਦੇ ਹਨ। ਮੁਕਦੀ ਗੱਲ, ਆਪਣਾ ਜੀਵਨ ਤਰਕਸ਼ੀਲ ਸੂਝ ਦੇ ਅਧਾਰ 'ਤੇ ਜੀਣ ਵਾਲੇ ਲੋਕ ਮਨ ਦੀ ਸ਼ਾਂਤੀ ਲਈ ਵੀ ਧਰਮ ਤੋਂ ਬਿਨਾਂ ਕਾਫੀ ਕਾਮਯਾਬੀ ਨਾਲ ਸ਼ਾਂਤੀ ਵਾਲਾ ਜੀਵਨ ਜੀਅ ਰਹੇ ਹਨ। ਉਨ੍ਹਾਂ ਨੂੰ ਨਾ ਪਹਿਲੇ ਜੀਵਨਾਂ ਦੌਰਾਨ ਕੀਤੇ ਕਰਮਾਂ ਦੀ ਪਰਵਾਹ ਹੁੰਦੀ ਹੈ ਤੇ ਨਾ ਹੀ ਮੌਤ ਤੋਂ ਬਾਅਦ ਬਾਰੇ ਕਿਸੇ ਕਿਸਮ ਦਾ ਕੋਈ ਡਰ ਜਾਂ ਫਿਕਰ। ਉਹ ਇਸ ਜੀਵਨ ਨੂੰ ਧਰਮਾਂ ਦੁਆਰਾ ਪੈਦਾ ਕੀਤੇ ਸਾਰੇ ਡਰਾਂ ਤੋਂ ਰਹਿਤ ਜੀਉਂਦੇ ਹਨ ਤੇ ਸਮੁੱਚੀ ਮਨੁੱਖਤਾ ਨੂੰ ਇਕ ਸਮਝ ਕੇ ਹਰ ਕੰਮ ਮਨੁੱਖਤਾ ਦੇ ਭਲੇ ਦੇ ਨਜ਼ਰੀਏ ਤੋਂ ਕਰਦੇ ਕਰਾਉਂਦੇ ਹਨ। ਧਾਰਮਿਕ ਸਕੂਲਾਂ ਦੀ ਸਿੱਖਿਆ ਇਨਸਾਨ ਕੋਲੋਂ ਜੀਵਨ ਭਰ ਲਈ ਇਹ ਸੂਝ ਖੋਹ ਲੈਂਦੀ ਹੈ।

**ਸਵਾਲ: ਸਾਡੇ ਬਹੁਤੇ ਲੋਕ ਆਪਦੇ ਬੱਚਿਆਂ ਨੂੰ ਪਰਾਈਵੇਟ ਸਕੂਲਾਂ ਵਿੱਚ ਪੜਾਉਣ ਨੂੰ ਤਰਜੀਹ ਦੇ ਰਹੇ ਹਨ? ਕੀ ਇਸ ਤਰਾਂ ਅਸੀ ਕੈਨੇਡਾ ਦੇ ਸਰਕਾਰੀ ਸਕੂਲ ਸਿਸਟਮ ਨੂੰ ਨੁਕਸਾਨ ਤਾਂ ਨਹੀਂ ਪਹੁੰਚਾ ਰਹੇ?**

**ਜਵਾਬ:** ਬਿਲਕੁਲ ਪਹੁੰਚਾ ਰਹੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹੋਰ ਭਾਈਚਾਰਿਆਂ ਦੇ ਲੋਕਾਂ ਵਿਚ ਵੀ ਇਹ ਰੁਝਾਨ ਹੈ ਤੇ ਨਤੀਜੇ ਵਜੋਂ ਕਨੇਡਾ ਵਿਚ ਬਹੁਤ ਸਾਰੇ ਪ੍ਰਾਈਵੇਟ ਸਕੂਲ ਹਨ ਤੇ ਜਿਵੇਂ ਪਹਿਲਾਂ ਗੱਲ ਕੀਤੀ ਹੈ ਕਿ ਬਹੁਤੇ ਧਰਮ ਅਧਾਰਤ ਹਨ। ਪਰ ਜੇ ਅਸੀਂ ਆਪਣੇ ਲੋਕਾਂ ਦੇ ਇਸ ਰੁਝਾਨ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਮੇਰੀ ਸਮਝ ਵਿਚ ਇਹ ਕੁਝ ਕਾਰਨ ਆਉਂਦੇ ਹਨ। ਉਦਾਹਰਣ ਵਜੋਂ, ਸਾਡੇ ਲੋਕਾਂ ਵਿਚ ਲੰਮੇ ਸਮੇਂ ਦੀ ਗੁਲਾਮੀ ਅਤੇ ਜਾਤਪਾਤ ਦੀਆਂ ਜੜ੍ਹਾਂ ਦਾ ਖਤਮ ਨਾ ਹੋਣਾ। ਸਮਾਜ ਵਿਚ ਜਿਹੜੀ ਗੱਲ ਵੀ ਆਮ ਲੋਕ ਕਰਦੇ ਹੋਣ ਜਾਂ ਕਰ ਸਕਦੇ ਹੋਣ ਅਸੀਂ ਉਸ ਨੂੰ ਘਟੀਆ ਸਮਝਦੇ ਹਾਂ "ਇਹ ਤਾਂ ਜਣਾ ਖਣਾ ਕਰੀ ਫਿਰਦਾ ਹੈ"। ਬਹੁਤ ਸਾਰੇ ਇਤਿਹਾਸਕ ਤੇ ਸਮਾਜਿਕ ਕਾਰਨਾਂ ਵੱਸ ਅਸੀਂ ਅਚੇਤ ਹੀ ਅੰਦਰੋਂ ਖੁਦ ਨੂੰ ਘਟੀਆ ਸਮਝਦੇ ਤੇ ਮਹਿਸੂਸ ਕਰਦੇ ਹਾਂ ਤੇ ਇਸ ਅਹਿਸਾਸ 'ਤੇ ਕਾਬੂ ਪਾਉਣ ਲਈ ਅਸੀਂ ਆਪਣੀ ਹੱਦ ਤੋਂ ਵੀ ਅੱਗੇ ਜਾ ਕੇ ਕੁਝ ਅਜਿਹਾ ਕਰਨਾ ਚਾਹੁੰਦੇ ਹਾਂ ਜਿਸ ਨਾਲ ਦੂਜਿਆਂ ਨੂੰ ਇਹ ਦਰਸਾ ਸਕੀਏ ਕਿ ਅਸੀਂ ਆਮ ਲੋਕਾਂ ਨਾਲੋਂ ਉੱਚੇ ਤੇ ਬੇਹਤਰ ਹਾਂ। ਪੰਜਾਬੀ ਦੇ ਵੱਡੀ ਗਿਣਤੀ ਗੀਤ ਤੇ ਆਮ ਗੱਲਬਾਤ ਵੀ ਇਸ ਗੱਲ ਦੀ ਗਵਾਹੀ ਦਿੰਦੇ ਹਨ। ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਉਣ ਦੀ ਖਾਹਿਸ਼ ਵੀ ਇਸੇ ਦਾ ਹੀ ਨਤੀਜਾ ਹੈ। ਇਸ ਅਜੋਕੇ ਨਾਬਰਾਬਰਤਾ ਵਾਲੇ ਆਰਥਿਕ ਢਾਂਚੇ ਵਿਚ ਬਹੁਤੀ ਥਾਵੀਂ ਸਮਾਜ ਵਿਚਲੇ ਪੈਸੇ ਤੇ ਅਸਰ ਰਸੂਖ ਵਾਲੇ ਲੋਕਾਂ ਨੇ ਵਿਦਿਆ ਨੂੰ ਵੀ ਨਿੱਜੀ ਕਾਰੋਬਾਰ ਦਾ ਹਿੱਸਾ ਬਣਾ ਲਿਆ ਅਤੇ ਸਰਕਾਰੀ ਸਕੂਲਾਂ ਨੂੰ ਜਾਂ ਤਾਂ ਵਿਕਸਤ ਹੀ ਨਹੀਂ ਹੋਣ ਦਿੱਤਾ ਜਾਂਦਾ ਤੇ ਜਾਂ ਫਿਰ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਨਾ ਦੇ ਕੇ ਕਮਜ਼ੋਰ ਬਣਾ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਬਹੁਤੀ ਥਾਵੀਂ ਬਹੁਤੇ ਮਾਪਿਆਂ ਨੂੰ ਨਿੱਜੀ ਸਕੂਲਾਂ ਵਿਚ ਪੜ੍ਹਾਈ ਦੀ ਸਥਿਤੀ ਸਰਕਾਰੀ ਸਕੂਲਾਂ ਨਾਲੋਂ ਬਿਹਤਰ ਜਾਪਦੀ ਹੈ। ਪਰ ਕਈ ਥਾਵੀਂ ਜਿੱਥੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਨਿੱਜੀ ਸਕੂਲਾਂ ਦੇ ਬਰਾਬਰ ਜਾਂ ਭਾਵੇਂ ਬਿਹਤਰ ਵੀ ਹੋਵੇ ਉੱਥੇ ਵੀ ਮਾਪੇ ਉੱਪਰ ਵਿਚਾਰੇ ਕਈ ਹੋਰ ਕਾਰਨਾਂ ਵੱਸ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿਚ ਭੇਜਣ ਨੂੰ ਤਰਜੀਹ ਦਿੰਦੇ ਹਨ। ਸਰਕਾਰੀ ਸਕੂਲਾਂ ਉੱਪਰ ਇਸ ਦਾ ਅਸਰ ਬੁਰਾ ਹੀ ਹੁੰਦਾ ਹੈ। ਉਦਾਹਰਣ ਵਜੋਂ, ਬੀ ਸੀ ਦੇ ਸਰਕਾਰੀ ਸਕੂਲ ਮੁਕਾਬਲਤਨ ਬਹੁਤ ਵਧੀਆ ਗਿਣੇ ਜਾਂਦੇ ਹਨ ਪਰ ਹੋਰ ਭਾਈਚਾਰਿਆਂ ਵਾਂਗ ਪੰਜਾਬੀ ਭਾਈਚਾਰੇ ਦੇ ਵੀ ਕਾਫੀ ਲੋਕ ਹਨ ਜੋ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿਚ ਭੇਜਣ ਨੂੰ ਤਰਜੀਹ ਦਿੰਦੇ ਹਨ ਤੇ ਨਤੀਜੇ ਵਜੋਂ ਉਹ ਸਰਕਾਰੀ ਸਕੂਲਾਂ ਨੂੰ ਨੁਕਸਾਨ ਪਹੁੰਚਾਣ ਦਾ ਕਾਰਜ ਕਰਦੇ ਹਨ ਭਾਵੇਂ ਉਨ੍ਹਾਂ ਦੀ ਇਹ ਮਨਸ਼ਾ ਨਾ ਵੀ ਹੋਵੇ।

**ਸਵਾਲ : ਪੰਜਾਬੀ ਪੈਸੇ ਅਤੇ ਦਿਖਾਵੇ ਦੇ ਸੱਭਿਆਚਾਰ ਵਿੱਚ ਜਿਆਦਾ ਬਿਜ਼ੀ ਹਨ, ਪੰਜਾਬੀਆਂ ਵਿੱਚ ਕਿਤਾਬ ਕਲਚਰ ਕਿਉਂ ਨਹੀ ਪਾਪੂਲਰ ਹੋਇਆ ?**

**ਜਵਾਬ :** ਪੰਜਾਬੀਆਂ ਵਿਚ ਪੜ੍ਹਨ ਦੀ ਰੁਚੀ ਦੀ ਘਾਟ ਦਾ ਮੁੱਖ ਕਾਰਨ ਤਾਂ ਸ਼ਾਇਦ ਪੰਜਾਬ ਦਾ ਵਿਦਿਅਕ ਢਾਂਚਾ ਹੀ ਹੋਵੇ ਜਿਸ ਵਿਚ ਅਜੇ ਵੀ ਮੁੱਖ ਧਿਆਨ ਵਿਅਕਤੀ ਨੂੰ ਰੋਟੀ ਰੋਜ਼ੀ ਕਮਾਉਣ ਦੇ ਕਾਬਲ ਬਣਾਉਣ 'ਤੇ ਹੀ ਕੇਂਦਰਤ ਹੈ। ਇਸ ਨਿਸ਼ਾਨੇ ਤੋਂ ਇੱਧਰ ਉੱਧਰ ਪੜ੍ਹਾਈ ਦਾ ਕੋਈ ਹੋਰ ਮਕਸਦ ਅਜੇ ਪੰਜਾਬੀ ਭਾਈਚਾਰੇ ਦੀ ਆਮ ਸੋਚ ਦਾ ਹਿੱਸਾ ਨਹੀਂ ਬਣਿਆਂ ਤੇ ਨਤੀਜੇ ਵਜੋਂ ਬਸਤੀਵਾਦੀ ਅੰਗ੍ਰੇਜ਼ਾਂ ਵਲੋਂ ਸਥਾਪਤ ਕੀਤੇ ਇਸ ਵਿਦਿਅਕ ਢਾਂਚੇ ਵਿਚ ਕੋਈ ਬੁਨਿਆਦੀ ਤਬਦੀਲੀ ਕਰਨ ਲਈ ਪੰਜਾਬੀ ਭਾਈਚਾਰੇ ਵਲੋਂ ਲੋੜੀਂਦੀਆਂ ਕੋਸ਼ਿਸ਼ਾਂ ਨਹੀਂ ਕੀਤੀਆਂ ਗਈਆਂ। ਭਾਰਤ ਤੋਂ ਬਾਹਰਲੇ ਦੂਜੇ ਭਾਈਚਾਰਿਆਂ ਦੇ ਮੁਕਾਬਲੇ ਪੰਜਾਬੀ ਭਾਈਚਾਰੇ ਵਿਚ ਇਸ ਸੋਚ ਦਾ ਕਾਰਨ ਕਾਫੀ ਹੱਦ ਤੱਕ ਇਤਿਹਾਸਕ ਹੈ। ਜਿੱਥੇ ਸਿਰਫ ਕਾਰੋਬਾਰੀ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਵਿਦਿਆ ਦਿੱਤੀ ਜਾਂਦੀ ਹੋਵੇ ਤੇ ਇਸ ਮਕਸਦ ਲਈ ਸਿੱਖਿਆ ਦੀ ਸ਼ੁਰੂਆਤ ਸਮੇਂ ਅਤੇ ਘਰ ਵਿਚ ਵੀ ਆਪਣੀ ਮਾਂ-ਬੋਲੀ ਤੋਂ ਇਸ ਮਕਸਦ ਲਈ ਦੂਰ ਰੱਖਿਆ ਜਾਵੇ, ਕਿ ਉਹਨੂੰ ਕਿਸੇ ਹੋਰ ਭਾਸ਼ਾ ਵਿਚ ਪੜ੍ਹਾਈ ਕੀਤਿਆਂ ਹੀ ਕਾਮਯਾਬੀ ਹਾਸਿਲ ਹੋ ਸਕਦੀ ਹੈ, ਉੱਥੇ ਇਸ ਗੱਲ ਦੀ ਆਸ ਨਹੀਂ ਰੱਖੀ ਜਾ ਸਕਦੀ ਕਿ ਪੜ੍ਹੇ ਲਿਖੇ ਲੋਕ ਸਾਹਿਤਕ ਕਿਤਾਬਾਂ ਪੜ੍ਹਨਗੇ। ਸਗੋਂ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਕੁਝ ਲੋਕ ਕਿਸੇ ਨਾ ਕਿਸੇ ਤਰ੍ਹਾਂ ਅਜੇ ਵੀ ਸਾਹਿਤ ਵੱਲ ਮੁੜ ਪੈਂਦੇ ਹਨ। ਪੰਜਾਬੀ ਭਾਈਚਾਰੇ ਵਿਚ ਅਜੇ ਵੀ ਬੱਚਿਆਂ ਨੂੰ ਸਾਹਿਤ ਨਾਲ, ਕਿਤਾਬਾਂ ਨਾਲ ਜੋੜਨ ਦੀ ਥਾਂ ਸਗੋਂ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕੁਝ ਇਕ ਸਕੂਲੀ ਵਿਸ਼ਿਆਂ ਤੋਂ ਬਿਨਾਂ ਹੋਰ ਕਿਸੇ ਕਿਸਮ ਦੀ ਕਿਤਾਬ ਵੱਲ ਬੱਚਾ ਧਿਆਨ ਨਾ ਦੇਵੇ। ਮੁਕਾਬਲੇ ਲਈ ਅਸੀਂ ਦੇਖ ਸਕਦੇ ਹਾਂ ਕਿ ਕਿਸ ਤਰ੍ਹਾਂ ਏਥੇ ਕਨੇਡਾ ਵਿੱਚ ਸਕੂਲ ਦੇ ਸ਼ੁਰੂ ਸਮੇਂ - ਕਿੰਡਰਗਾਰਟਨ ਤੋਂ ਵੀ ਪਹਿਲਾਂ ਪ੍ਰੀ-ਸਕੂਲ ਵਿਚ ਹੀ - ਬੱਚਿਆਂ ਨੂੰ ਹੌਲੀ ਹੌਲੀ ਕਿਤਾਬਾਂ ਨਾਲ ਜੋੜਿਆ ਜਾਂਦਾ ਹੈ। ਏਥੋਂ ਦੀਆਂ ਪਬਲਿਕ ਲਾਇਬ੍ਰੇਰੀਆਂ ਵਿਸ਼ੇਸ਼ ਤੌਰ 'ਤੇ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਵੱਲ ਪ੍ਰੇਰਿਤ ਕਰਨ ਲਈ ਪ੍ਰੋਗਰਾਮ ਉਲੀਕਦੀਆਂ ਹਨ, ਖਾਸ ਕਰ ਗਰਮੀਆਂ ਦੇ ਮੌਸਮ ਵਿਚ ਜਦੋਂ ਸਕੂਲ ਛੁੱਟੀਆਂ ਹੁੰਦੀਆਂ ਹਨ। ਬਹੁਤ ਮਾਪੇ ਆਪਣੇ ਬੱਚਿਆਂ ਨੂੰ ਛੁੱਟੀਆਂ ਸਮੇਂ ਲਾਇਬ੍ਰੇਰੀਆਂ ਵਿਚ ਤੇ ਕਈ ਵਾਰੀ ਕਿਤਾਬਾਂ ਦੀਆਂ ਦੁਕਾਨਾਂ ਵਿਚ ਵੀ ਲੈ ਕੇ ਜਾਂਦੇ ਹਨ ਤੇ ਉਨ੍ਹਾਂ ਦੀ ਪਸੰਦ ਦੀਆਂ ਕਿਤਾਬਾਂ ਖ੍ਰੀਦ ਕੇ ਦਿੰਦੇ ਹਨ। ਬਹੁਤ ਲੋਕ ਜਨਮ ਦਿਨ 'ਤੇ, ਕ੍ਰਿਸਮਸ ਸਮੇਂ ਅਤੇ ਹੋਰ ਵਿਸ਼ੇਸ਼ ਦਿਨਾਂ 'ਤੇ ਅਕਸਰ ਬੱਚਿਆਂ ਨੂੰ ਤੋਹਫੇ ਵਜੋਂ ਕਿਤਾਬਾਂ ਦਿੰਦੇ ਹਨ। ਘਰਾਂ ਵਿਚ ਕਿਤਾਬਾਂ ਦੀਆਂ ਸ਼ੈਲਫਾਂ ਆਮ ਹੁੰਦੀਆਂ ਹਨ ਅਤੇ ਬਹੁਤੇ ਬੱਚਿਆਂ ਦੇ ਆਪਣੇ ਕਮਰਿਆਂ ਵਿਚ ਉਨ੍ਹਾਂ ਦੀਆਂ ਆਪਣੀਆਂ ਸ਼ੈਲਫਾਂ ਹੁੰਦੀਆਂ ਹਨ। ਨਤੀਜੇ ਵਜੋਂ ਕਾਫੀ ਲੋਕ ਉਮਰ ਭਰ ਲਈ ਕਿਤਾਬਾਂ ਨਾਲ ਜੁੜ ਜਾਂਦੇ ਹਨ। ਪਰ ਪੰਜਾਬੀ ਭਾਈਚਾਰੇ ਵਿਚ ਏਥੇ ਵੀ ਇਹ ਗੱਲ ਅਜੇ ਇਸ ਹੱਦ ਤੱਕ ਨਜ਼ਰ ਨਹੀਂ ਆਉਂਦੀ। ਸਕੂਲ ਵਿਚ ਤਾਂ ਕਾਫੀ ਹੱਦ ਤੱਕ ਬੱਚਿਆਂ ਨੂੰ ਬਾਕੀਆਂ ਵਾਂਗ ਹੀ ਕਿਤਾਬਾਂ ਨਾਲ ਜੋੜਨ ਦੀ ਕੋਸ਼ਿਸ਼ ਹੁੰਦੀ ਹੈ ਪਰ ਪੰਜਾਬੀ ਮਾਪਿਆਂ ਵਲੋਂ ਇਸ ਪਾਸੇ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ। ਬਹੁਤੇ ਮਾਪਿਆਂ ਦੀ ਆਪਣੀ ਦੁਨੀਆ ਵੀ ਪੰਜਾਬੀ ਮੀਡੀਆ, ਧਾਰਮਿਕ ਸਥਾਨ ਤੇ ਪੰਜਾਬੀ ਕੱਪੜੇ ਤੇ ਗਹਿਣਿਆਂ ਦੇ ਬਾਜ਼ਾਰਾਂ ਤੱਕ ਹੀ ਸੀਮਤ ਹੁੰਦੀ ਹੈ ਤੇ ਬੱਚੇ ਵੀ ਇਸੇ ਮਾਹੌਲ ਵਿਚ ਪਲ਼ਦੇ ਹਨ। ਇਸ ਦਾ ਇਕ ਅਸਰ ਅਸੀਂ ਦੇਖ ਸਕਦੇ ਹਾਂ ਕਿ ਦੂਜਿਆਂ ਭਾਈਚਾਰਿਆਂ ਦੇ ਮੁਕਾਬਲੇ ਪੰਜਾਬੀ ਭਾਈਚਾਰੇ ਦੇ ਬੱਚੇ, ਖਾਸ ਕਰ ਮੁੰਡੇ, ਯੂਨੀਵਰਸਿਟੀ ਤੱਕ ਬਹੁਤ ਘੱਟ ਪਹੁੰਚਦੇ ਹਨ ਅਤੇ ਜੋ ਪਹੁੰਚਦੇ ਹਨ ਉਨ੍ਹਾਂ ਦਾ ਮੁੱਖ ਨਿਸ਼ਾਨਾ ਜ਼ਿਆਦਾ ਪੈਸੇ ਤੇ ਭਾਈਚਾਰੇ ਵਿਚ ਮਾਣ ਵਾਲਾ ਪੇਸ਼ਾ ਜਾਂ ਨੌਕਰੀ ਪ੍ਰਾਪਤ ਕਰਨਾ ਹੁੰਦਾ ਹੈ। ਬਹੁਤ ਘੱਟ ਪੰਜਾਬੀ ਨੌਜਵਾਨ ਕਿਸੇ ਸਮਾਜਿਕ ਵਿਗਿਆਨ ਨਾਲ ਸਬੰਧਤ ਜਾਂ ਸਾਹਿਤ ਅਤੇ ਕਲਾ ਨਾਲ ਸਬੰਧਤ ਵਿਸ਼ਿਆਂ ਵਿਚ ਪੜ੍ਹਾਈ ਕਰਦੇ ਹਨ। ਨਤੀਜੇ ਵਜੋਂ ਅਗਲੀ ਪੀੜ੍ਹੀ ਦਾ ਮੁੱਖ ਨਿਸ਼ਾਨਾ ਵੀ ਪੈਸਾ ਤੇ ਪੈਸੇ ਦਾ ਵੱਡੇ ਘਰਾਂ ਅਤੇ ਵੱਡੀਆਂ ਕਾਰਾਂ ਰਾਹੀਂ ਵਿਖਾਵਾ ਕਰਨਾ ਹੀ ਬਣ ਜਾਂਦਾ ਹੈ। ਇਸ ਵਿਖਾਵੇ ਵਾਲੀ ਮਾਨਸਿਕਤਾ ਨੂੰ ਉਤਸਾਹਤ ਕਰਨ ਅਤੇ ਤੂਲ ਦੇਣ ਵਿਚ ਜੱਟਵਾਦ ਦੀ ਹੈਂਕੜ ਵਾਲੇ ਤੇ ਹਥਿਆਰਾਂ ਨਾਲ ਨੇੜਤਾ ਵਾਲੇ ਬੇਹੂਦਾ ਪੰਜਾਬੀ ਗੀਤ ਤੇ ਸੰਗੀਤ ਵੀ ਹਿੱਸਾ ਪਾਉਂਦੇ ਹਨ। ਤੇ ਏਸੇ ਰੁਝਾਨ ਦਾ ਹੀ ਇਕ ਖਤਰਨਾਕ ਨਤੀਜਾ ਪੰਜਾਬੀ ਭਾਈਚਾਰੇ ਵਿੱਚੋਂ ਕਾਫੀ ਵੱਡੀ ਗਿਣਤੀ ਵਿਚ ਬੱਚਿਆਂ ਦਾ ਡਰੱਗ ਦੇ ਧੰਦੇ ਤੇ ਗੈਂਗ ਸਬੰਧਤ ਸਰਗਰਮੀਆਂ ਵੱਲ ਖਿੱਚੇ ਜਾਣਾ ਵੀ ਹੈ।

**ਸਵਾਲ : ਕਦੋਂ ਸਾਡੇ ਲੋਕ ਇੱਕ ਦੂਜੇ ਦਾ ਕੱਦ ਪੈਸੇ ਦੀ ਜਗਾਹ ਤੇ ਕਿਸੇ ਦੀ ਸਮਾਜਿਕ ਦੇਣ ਤੋਂ ਮਿਣਿਆ ਕਰਨਗੇ ?**

**ਜਵਾਬ :** ਇਸ ਦਾ ਸਿੱਧਾ ਤੇ ਸੰਖੇਪ ਜਵਾਬ ਤਾਂ ਇਹੀ ਹੈ ਕਿ ਜਿੰਨਾ ਚਿਰ ਸਮਾਜ ਦੇ ਮੌਜੂਦਾ ਪੂੰਜੀਵਾਦੀ ਆਰਥਿਕ ਢਾਂਚੇ ਵਿਚ ਤਬਦੀਲੀ ਨਹੀਂ ਆਉਂਦੀ ਉਨਾਂ ਚਿਰ ਵੱਡੀ ਪੱਧਰ 'ਤੇ ਇਹ ਗੱਲ ਵਾਪਰਨੀ ਸੰਭਵ ਨਹੀਂ। ਸਾਡਾ ਭਾਈਚਾਰਾ ਵੀ ਦੁਨੀਆ ਦੇ ਹੋਰ ਸਮਾਜਾਂ ਵਾਂਗ ਇਸ ਵੇਲੇ ਪੂੰਜੀਵਾਦੀ ਆਰਥਿਕ ਢਾਂਚੇ ਦਾ ਹਿੱਸਾ ਹੈ। ਇਸ ਵਿਚ ਹਰ ਕਿਸੇ ਲਈ ਆਪਣੇ ਜੀਵਨ ਨੂੰ ਚਲਦਾ ਰੱਖਣ ਲਈ ਹਰ ਪੱਲ ਪੈਸੇ ਦੀ ਜ਼ਰੂਰਤ ਹੈ ਤੇ ਉਹ ਹਰ ਹੀਲੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦੇ ਹਨ। ਤੇ ਜਿਹਨਾਂ ਕੋਲ ਨਿੱਤ ਦੇ ਜੀਵਨ ਨੂੰ ਚੱਲਦਾ ਰੱਖਣ ਲਈ ਲੋੜੀਂਦਾ ਪੈਸਾ ਹੈ ਉਹ ਵੀ ਆਪਣੀ ਪੂੰਜੀ ਨੂੰ ਵਧਾਉਣ ਤੋਂ ਰੁਕ ਨਹੀਂ ਸਕਦੇ। ਇਹ ਲੋੜ ਉਨ੍ਹਾਂ ਦੀ ਨਿੱਜੀ ਨਾ ਰਹਿ ਕੇ ਇਸ ਢਾਂਚੇ ਦੀ ਉਨ੍ਹਾਂ ਉੱਪਰ ਠੋਸੀ ਹੋਈ ਲੋੜ ਵੀ ਕਹੀ ਜਾ ਸਕਦੀ ਹੈ। ਜੇ ਉਹ ਹਰ ਵੇਲੇ ਆਪਣੀ ਪੂੰਜੀ ਨੂੰ ਹਰ ਹੀਲੇ ਵਧਾਉਣ ਦੀ ਕੋਸ਼ਿਸ਼ ਨਾ ਕਰਨਗੇ ਤਾਂ ਉਹ ਜੀਵਨ ਦੀ ਇਸ ਸਭ ਤੋਂ ਮਹੱਤਵਪੂਰਨ ਦੌੜ ਵਿਚ ਪਿੱਛੇ ਰਹਿ ਜਾਣਗੇ। ਸੋ ਜੇ ਇਸ ਮਾਹੌਲ ਵਿਚ ਹਰ ਕਿਸੇ ਦੀ ਸਭ ਤੋਂ ਵੱਡੀ ਲੋੜ ਹੀ ਪੈਸਾ ਕਮਾਉਣਾ ਤੇ ਵੱਧ ਤੋਂ ਵੱਧ ਕਮਾਉਣਾ ਹੋਵੇ ਉੱਥੇ ਜੋ ਇਸ ਦੌੜ ਵਿਚ ਕਾਮਯਾਬ ਹੁੰਦਾ ਹੈ ਉਸ ਦੀ ਦੂਜਿਆਂ ਦੀਆਂ ਨਜ਼ਰਾਂ ਵਿਚ ਕੀਮਤ ਤੇ ਮਾਨਤਾ ਵੱਧਣੀ ਕੁਦਰਤੀ ਜਿਹੀ ਗੱਲ ਜਾਪਦੀ ਹੈ। ਪਰ ਅਜਿਹੇ ਸਮੇਂ ਦੌਰਾਨ ਵੀ ਆਪਾਂ ਦੇਖਦੇ ਹਾਂ ਕਿ ਕੁਝ ਲੋਕ ਚੇਤਨ ਤੌਰ 'ਤੇ ਇਮਾਨਦਾਰੀ ਤੇ ਦੂਜਿਆਂ 'ਤੇ ਵਿਸ਼ਵਾਸ ਕਰਨ ਵਰਗੀਆਂ ਇਨਸਾਨੀ ਕਦਰਾਂ ਕੀਮਤਾਂ ਨਾਲ ਜੀਣ ਦੀ ਕੋਸ਼ਿਸ਼ ਕਰਦੇ ਹਨ ਭਾਵੇਂ ਉਹ ਜੀਵਨ ਵਿਚ ਦੂਜਿਆਂ ਦੇ ਮੁਕਾਬਲੇ ਅਕਸਰ ਘੱਟ ਕਾਮਯਾਬ ਹੁੰਦੇ ਹਨ। ਇਸ ਤੋਂ ਵੀ ਅੱਗੇ ਕੁਝ ਲੋਕ ਇਸ ਦੌੜ ਵਿਚ ਸ਼ਾਮਲ ਨਾ ਹੋ ਕੇ ਸਮਾਜ ਨੂੰ ਬੇਹਤਰ ਬਣਾਉਣ ਜਾਂ ਦੂਜਿਆਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਕ ਤਾਂ ਅਜਿਹੇ ਲੋਕ ਗਿਣਤੀ ਵਿਚ ਥੋੜ੍ਹੇ ਹੁੰਦੇ ਹਨ ਅਤੇ ਦੂਜੇ ਮੁੱਖ ਵਹਾਅ ਦੇ ਉਲਟ ਚੱਲਣ ਵਾਲੇ ਲੋਕਾਂ ਉੱਪਰ ਵਿਸ਼ਵਾਸ ਕਰਨਾ ਸੰਭਵ ਨਹੀਂ ਹੁੰਦਾ ਖਾਸ ਕਰ ਜਦ ਪੂੰਜੀਵਾਦੀ ਢਾਂਚੇ ਵਲੋਂ ਹਰ ਕੋਸ਼ਿਸ਼ ਕਰਕੇ ਅਜਿਹੇ ਲੋਕਾਂ ਨੂੰ ਸਮਾਜ ਵਿੱਚੋਂ ਵੱਖਰੇ ਤੇ ਸਮਾਜ ਲਈ ਨੁਕਸਾਨ ਵਾਲੇ ਦਰਸਾ ਕੇ ਪੇਸ਼ ਕੀਤਾ ਜਾਂਦਾ ਹੋਵੇ। ਅਜੋਕੇ ਸਮੇਂ ਦੀ ਇਸ ਨਾਂਹਪੱਖੀ ਸਥਿਤੀ ਦੇ ਬਾਵਜੂਦ ਵੀ ਜੇ ਅਸੀਂ ਸਮਾਜ ਦੇ ਲੰਮੇ ਸਮੇਂ 'ਤੇ ਨਿਗਾਹ ਮਾਰੀਏ ਤਾਂ ਦੇਖਦੇ ਹਾਂ ਕਿ ਅਸਲ ਸਤਿਕਾਰ ਉਨ੍ਹਾਂ ਲੋਕਾਂ ਦਾ ਹੀ ਹੁੰਦਾ ਹੈ ਜੋ ਸਮਾਜ ਲਈ ਕੁਝ ਕਰ ਕੇ ਜਾਂਦੇ ਹਨ। ਸਾਡੇ ਆਪਣੇ ਪੰਜਾਬੀ ਭਾਈਚਾਰੇ ਵਿਚ ਸਭ ਤੋਂ ਵੱਧ ਸਤਿਕਾਰ ਪੈਸੇ ਵਾਲਿਆਂ ਦਾ ਨਹੀਂ ਸਗੋਂ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਤੇ ਉਨ੍ਹਾਂ ਵਰਗੇ ਸਮਾਜ ਲਈ ਕੁਰਬਾਨੀ ਦੇਣ ਵਾਲੇ ਲੋਕਾਂ ਦਾ ਹੈ।

# ਆਰਥਿਕ ਨੀਤੀਆਂ ਦੇ ਸੁਧਾਰਾਂ ਦੇ ਨਾਮ ਤੇ ਕਿਰਤੀ ਲੋਕਾਂ ਦਾ ਖ਼ੂਨ ਨਿਚੋੜਨਾ ਸ਼ੁਰੂ ਹੋ ਗਿਆ ਹੈ

ਨਵਾਂ ਕਿਰਤ ਕਾਨੂੰਨ ਸਰਕਾਰੀ ਵਿਭਾਗਾਂ ਵਿਚ ਅਤੇ ਪ੍ਰਾਈਵੇਟ ਇੰਡਸਟਰੀ ਵਿੱਚ ਕੰਮ ਕਰਦੇ ਕਾਮਿਆਂ ਦੇ ਘਰਾਂ ਦੇ ਚੁੱਲ੍ਹੇ ਦੀ ਅੱਗ ਕਰੇਗਾ ਬੰਦ।

ਆਰਥਿਕ ਨੀਤੀਆਂ ਦੇ ਸੁਧਾਰਾਂ ਦੇ ਨਾਮ ਤੇ ਕਿਰਤੀ ਲੋਕਾਂ ਦਾ ਖ਼ੂਨ ਨਿਚੋੜਨਾ ਸੁਰੂ ਹੋ ਗਿਆ ਹੈ।

ਨਵਾਂ ਕਿਰਤ ਕਾਨੂੰਨ ਦੀਆਂ ਕੁਝ ਖਾਸ ਗੱਲਾਂ ਇਹ ਹਨ-

1. ਹੁਣ ਤਨਖਾਹ ਪਹਿਲਾਂ ਵਾਲੀ ਨਹੀਂ ਮਿਲੇਗੀ ਨਵੀਂ ਤਨਖਾਹ 4628 ਰੁਪਏ ਅਤੇ 178 ਰੁਪਏ ਦਿਹਾੜੀ ਹੋਵੇਗੀ।

2. ਐਤਵਾਰ ਦੀ ਛੁੱਟੀ ਵੀ ਖਤਮ ਕਰਤੀ ਤੇ ਭੈਣਾਂ ਦੇ ਬੱਚਾ ਜੰਮਣ ਦੀ ਛੁੱਟੀ ਵੀ ਖਤਮ ਕਰਤੀ।

3. ਕੰਮ ਕਰਨ ਦੇ ਘੰਟੇ 8 ਤੋਂ 12 ਘੰਟੇ ਤੇ ਹੁਣ ਕੰਮ ਕਰਨ ਦਾ ਹਫਤਾ 48 ਘੰਟੇ ਤੋਂ ਵਧਾ ਕੇ 72 ਘੰਟੇ ਕਰ ਦਿੱਤਾ ਹੈ। ਇਸ ਦੇ ਨਾਲ ਹੀ 4 ਘੰਟੇ ਦਾ ਓਵਰਟਾਈਮ ਨਹੀਂ ਮਿਲਣਾ, ਇਹ ਮਾਲਕ ਦੀ ਮਰਜੀ ਹੋਵੇਗੀ ਦੇਣਾ ਹੈ ਜਾਂ ਨਹੀ। ਉਸ ਤੋਂ ਵੀ ਅੱਗੇ ਕੇਂਦਰ ਸਰਕਾਰ ਤੋਂ ਮੱਧ ਪ੍ਰਦੇਸ ਦੀ ਸਰਕਾਰ ਇਕ ਕਦਮ ਹੋਰ ਅੱਗੇ 8/16 ਘੰਟੇ ਕੰਮ ਕਰ ਦਿੱਤਾ ਹੈ। ਚੂੜੀਆਂ ਬਣਾਉਣ ਵਾਲੇ ਕਾਰਖਾਨਿਆਂ ਵਿੱਚ।

4. ਹੁਣ 300 ਵਰਕਰ ਤੱਕ ਮਾਲਕ ਜਦੋਂ ਮਰਜ਼ੀ ਕੰਮ ਤੋਂ ਕੱਢ ਸਕਦਾ ਹੈ।

5. ਹੁਣ ਜਥੇਬੰਦੀਆਂ ਨਹੀਂ ਬਣਾ ਸਕਦੇ ਅਤੇ ਜੇਕਰ ਜਥੇਬੰਦੀ ਬਣਾਉਣੀ ਹੈ ਤਾਂ 1000 ਦਿਨ ਤੱਕ ਰੋਕ ਲਾਈ। ਯੂਨੀਅਨ ਬਣਾਉਣ ਲਈ 10% ਵਰਕਰਾਂ ਦੀ ਸਹਿਮਤੀ ਚਾਹੀਦੀ ਹੈ।

ਜੇ ਹੜਤਾਲ ਜਾਂ ਧਰਨਾ ਦੇਣਾ ਹੈ ਤਾਂ 60 ਦਿਨ ਪਹਿਲਾਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ ਤੇ 51% ਵਰਕਰਾਂ ਦੇ ਹੜਤਾਲ ਲਈ ਦਸਤਖਤ ਕਰਵਾ ਕੇ ਲੈਣੇ ਪੈਣਗੇ। ਜੇ ਹੜਤਾਲ ਵਿੱਚ 49% ਵਰਕਰ ਹੋਣਗੇ ਉਹ ਹੜਤਾਲ ਨਹੀਂ ਮੰਨੀ ਜਾਵੇਗੀ ਇਸਦੇ ਯੂਨੀਅਨ ਦਾ ਕਿਸੇ ਅਦਾਲਤ, ਵਿਭਾਗ ਵਿੱਚ ਕੋਈ ਕੇਸ ਚੱਲਦਾ ਹੋਵੇ ਤਾਂ ਹੜਤਾਲ/ਧਰਨਾ ਨਹੀਂ ਦੇ ਸਕਦੇ। ਜੇ ਫੈਸਲੇ ਹੋ ਜਾਂਦਾ ਹੈ ਤਾਂ ਫਿਰ 2 ਮਹੀਨੇ ਧਰਨਾ ਨਹੀਂ ਦੇ ਸਕਦੇ।

1000 ਦਿਨ ਤੱਕ ਤੁਸੀਂ ਤਨਖਾਹ ਵਧਾਉਣ ਦੀ ਮੰਗ ਨਹੀਂ ਕਰ ਸਕਦੇ।

7. ਕੰਮ ਭਾਰ ਦੀ ਨੀਤੀ ਬਦਲ ਦਿੱਤੀ ਹੈ ਜਿਨ੍ਹਾਂ ਮਰਜ਼ੀ ਵਰਕਰ ਕੋਲੋਂ ਕੰਮ ਲੈਣ ਸਕਦੇ ਹਨ, ਕੋਈ ਪਾਬੰਦੀ ਨਹੀਂ।

8. ਪਹਿਲਾਂ ਜਿੱਥੇ 10 ਵਰਕਰ ਕੰਮ ਕਰਦੇ ਹਨ। ਇਸ ਨੂੰ ਕਾਰਖਾਨਾ ਮੰਨਿਆ ਜਾਂਦਾ ਪਰ ਹੁਣ ਨਹੀਂ ਮੰਨਿਆ ਜਾਣਾ।

9. ਹੁਣ ਫੈਕਟਰੀ, ਕਾਰਖਾਨਾ ਉਸ ਨੂੰ ਮੰਨਿਆ ਜਾਵੇਗਾ ਜਿਸ ਵਿੱਚ ਕੰਮ ਬਿਜਲੀ ਤੇ ਹੋਵੇਗਾ ਤੇ 40 ਵਰਕਰ ਹੋਣਗੇ। ਉਸ ਤੇ ਲੇਬਰ ਦਾ ਐਕਟ ਲਾਗੂ ਹੋਣਗੇ।

10. ਅੱਗੇ ਵਰਕਰਾਂ ਲਈ ਰਹਿਣ ਦਾ ਪ੍ਰਬੰਧ ਕਾਰਖਾਨਾ ਮਾਲਕੇ ਨੇ ਕਰਨਾ ਹੁੰਦਾ ਸੀ। ਇਸਦੇ ਨਾਲ ਵਰਕਰ ਦੇ ਘਰ ਜਾਣ ਦਾ ਇੱਕ ਪਾਸੇ ਦਾ ਕਰਾਇਆ ਮਾਲਕ ਦਿੰਦਾ ਸੀ ਪਰ ਹੁਣ ਉਸਦੀ ਪਰਿਭਾਸਾ ਬਦਲ ਦਿੱਤੀ ਗਈ ਹੈ ਕਿ ਜਿਹੜੀ ਲੇਬਰ ਠੇਕੇਦਾਰ ਰਾਹੀਂ ਆਵੇਗੀ ਉਹ ਲੇਬਰ ਨਹੀਂ ਮੰਨੀ ਜਾਵੇਗੀ।

11. ਪਹਿਲਾਂ ਤਨਖਾਹ ਨਿਸਚਿਤ ਕਰਨ ਦਾ ਫਾਰਮੁੱਲਾ ਪਰਿਵਾਰ ਦੇ ਤਿੰਨ ਮੈਂਬਰ ਤੇ ਇੱਕ ਮੈਂਬਰ ਦੀ ਖੁਰਾਕ 2700 ਸੋ ਕੀਲੋਰੀ ਦੀ ਉਸ ਸਮੇਂ ਜੋ ਖੁਰਾਕ ਦੀ ਕੀਮਤ ਹੁੰਦੀ ਉਹ ਘੱਟ ਘੱਟੋ-ਘੱਟ ਤਨਖਾਹ ਹੁੰਦੀ ਸੀ ਉਹ ਨਿਸਚਿਤ ਕਰਨਾ ਦਾ ਫਾਰਮੁੱਲਾ ਸੀ। ਹੁਣ ਉਹ ਫਾਰਮੁੱਲਾ ਖਤਮ ਕਰ ਦਿੱਤਾ। 4 ਕੈਟਗੀਰੀਆ ਵਿੱਚ ਵਰਕਰ ਨੂੰ ਵੰਡ ਦਿੱਤਾ ਗਿਆ ਹੈ ਤਾਂ ਜੋਂ ਉਸਦੇ ਕੰਮ ਨੂੰ ਦੇਖ ਤਨਖਾਹ ਨਿੱਤ ਹੋਵੇਗੀ

12. ਕਿਰਤ ਵਿਭਾਗ ਪਹਿਲਾਂ ਤੀਜੀ ਧਿਰ ਦਾ ਰੋਲ ਅਦਾ ਕਰਦਾ ਸੀ ਤੇ ਮਾਲਕ ਤੇ ਵਰਕਰ ਦੇ ਝਗੜੇ ਨੂੰ ਨਿਬੇੜਨ ਲਈ। ਹੁਣ ਕੀ ਕਰ ਦਿੱਤਾ ਹੈ। ਕਿਰਤ ਵਿਭਾਗ ਨੂੰ ਇਸ ਤੀਜੀ ਧਿਰ ਦੇ ਰੋਲ ਵਿੱਚੋ ਬਹਾਰ ਕਰ ਦਿੱਤਾ ਗਿਆ ਹੁਣ ਮਾਲਕ ਤੇ ਵਰਕਰ ਹੀ ਆਪਸ ਵਿੱਚ ਝਗੜਾ ਨਿਬੇੜਨ।

ਹੁਣ ਸਮੇਂ ਦੀਆਂ ਸਰਕਾਰਾਂ ਉਹ ਭਾਵੇ ਸੈਂਟਰ ਵਿਚ ਬੈਠਾ ਮੋਦੀ ਹੋਵੇ ਜਾਂ ਪੰਜਾਬ ਵਿੱਚ ਬੈਠਾ ਕੈਪਟਨ ਹੋਵੇ ਇਹ ਇੱਕ ਦੂਜੇ ਤੋਂ ਅੱਗੇ ਹੋ ਕੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿਚ ਲੱਗੇ ਹੋਏ ਹਨ। ਸਰਕਾਰੀ ਹੱਲਾ ਇਕੱਲਾ ਕਿਸਾਨੀ ਉਤੇ ਨਹੀਂ ਸਗੋਂ ਉਸਤੋਂ ਵੀ ਅੱਗੇ ਪਿੰਡਾਂ ਤੇ ਸ਼ਹਿਰਾਂ ਦੇ ਕਿਰਤੀ ਲੋਕਾਂ ਤੇ ਵੀ ਲੈ ਕੇ ਆਈ ਹੈ। ਨਵੇਂ ਕਿਰਤ ਸੁਧਾਰ ਕਾਨੂੰਨ 2019 ਤੇ 2020 ਮੋਦੀ ਸਰਕਾਰ ਲੈ ਕੇ ਆਈ ਹੈ ਉਸ ਨੂੰ ਪੰਜਾਬ ਦੀ ਸਰਕਾਰ ਤੇਜੀ ਨਾਲ ਲਾਗੂ ਕਰ ਰਹੀ ਹੈ।

ਕਿਉਂ ਕਾਂਗਰਸ ਸਰਕਾਰ ਨਿੱਜੀਕਰਨ ਦੀਆਂ ਨੀਤੀਆਂ ਲੈ ਕੇ ਆਈ ਸੀ ਇਸਦੇ ਇਹ ਆਖ ਲਈਏ ਕਿ ਨਿੱਜੀਕਰਨ ਨੂੰ ਜਨਮ ਦੇਣ ਵਾਲੀ ਕਾਂਗਰਸ ਸਰਕਾਰ ਹੀ ਹੈ।

ਇਹ ਪਿਛਲੇ ਸਮੇਂ ਵਿੱਚ ਵੀ ਦੇਖਿਆ ਗਿਆ ਹੈ।

ਸਰਕਾਰ ਜਿਹੜੀ ਮਰਜੀ ਹੋਵੇ। ਜਿਵੇਂ ਪਹਿਲਾਂ ਸੈਂਟਰ ਵਿਚ ਸਰਕਾਰ ਕਾਂਗਰਸ ਦੀ ਸੀ ਉਦੋ ਵੀ ਨਿੱਜੀਕਰਨ ਦੀ ਨੀਤੀ ਲਾਗੂ ਸੀ ਹੁਣ ਬੀਜੇਪੀ ਸਰਕਾਰ ਹੈ ਅਤੇ ਹੁਣ ਵੀ ਨਿੱਜੀਕਰਨ ਦੀ ਨੀਤੀ ਨੂੰ ਵੱਧ ਤੇਜੀ ਨਾਲ ਲਾਗੂ ਕੀਤਾ ਜਾ ਰਿਹਾ ਹੈ

ਪੰਜਾਬ ਵਿੱਚ ਪਿਛਲੀ ਅਕਾਲੀ ਭਾਜਪਾ ਸਰਕਾਰ ਵਿੱਚ ਵੀ ਨਿੱਜੀਕਰਨ ਦੀ ਨੀਤੀ ਲਾਗੂ ਸੀ ਅਤੇ ਹੁਣ ਕਾਂਗਰਸ ਦੀ ਸਰਕਾਰ ਵਿੱਚ ਵੀ ਨਿੱਜੀਕਰਨ ਕਰਨ ਦੀ ਨੀਤੀ ਨੂੰ ਵੱਧ ਤੇਜੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਜੇਕਰ ਇਹ ਸਾਰੇ ਹਮਲੇ ਕਿਸਾਨ ਮਜਦੂਰ, ਮੁਲਾਜ਼ਮ ਅਤੇ ਲੋਕਾਂ ਤੇ ਕੀਤੇ ਜਾ ਰਹੇ ਹਨ ਫਿਰ ਭਾਵੇ ਉਹ ਮੌਜੂਦਾ ਸਰਕਾਰ ਹੋਵੇ ਜਾਂ ਪਿਛਲਿਆਂ ਸਰਕਾਰਾਂ ਹੋਣ। ਇਹ ਸਾਰੀਆਂ ਸਭ ਕੁਝ ਕਾਰਪੋਰੇਟ ਘਰਾਣਿਆਂ ਨੂੰ ਦੇ ਰਹੀਆਂ ਹਨ ਫਿਰ ਇੰਨਾ ਦੁਸ਼ਮਣਾਂ ਦਾ ਸਾਹਮਣਾ ਕਰਨ ਲਈ ਸਾਨੂੰ ਸਾਰਿਆਂ ਨੂੰ ਜੋਟੀ ਪਾਉਣੀ ਚਾਹੀਦੀ ਹੈ ਤੇ ਇੰਨਾਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਕੇ ਸੰਘਰਸ ਵਿਚ ਸਾਮਿਲ ਕਰਨ ਦਾ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਲੋਕ ਏਕਤਾ ਦਾ ਸੰਘਰਸ ਬਣ ਸਕੇ।

ਆਉ ਸਾਰੇ ਕਿਸਾਨਾਂ, ਮੁਲਾਜ਼ਮ, ਕਿਰਤ, ਲੋਕ ਸਮੇਂ ਦੀਆਂ ਸਰਕਾਰਾਂ ਕੋਲ ਮੰਗ ਕਰੀਏ ਕਿ ਕਿਸਾਨ ਵਿਰੋਧੀ ਖੇਤੀ ਬਿੱਲ 2020, ਬਿਜਲੀ ਕਾਨੂੰਨ 2003, 2020 ਤੇ ਨਵੇਂ ਲੇਬਰ ਕਾਨੂੰਨ 2019 ਤੇ 2020 ਰੱਦ ਕਰੋ ਅਤੇ ਠੇਕਾ ਮੁਲਾਜ਼ਮ ਨੂੰ ਪੱਕਾ ਕਰੋ, ਸਾਰੇ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਬੰਦ ਕਰੋ, ਸਭਨਾਂ ਲਈ ਸਸਤੀ ਵਿੱਦਿਆ, ਸਿਹਤ ਸਹੂਲਤਾਂ, ਸਸਤਾ ਰਾਸ਼ਨ ਦਿਉ ਤੇ ਦੇਸੀ ਬਦੇਸੀ ਕਾਰਪੋਰੇਟ ਘਰਾਣਿਆਂ ਨੂੰ ਸਾਡੇ ਦੇਸ ਵਿੱਚੋਂ ਬਾਹਰ ਕੱਢੋ, ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦਿਓ।

ਇੰਨਾ ਸਾਂਝੀਆਂ ਮੰਗਾਂ ਤੇ ਸਾਂਝੇ ਸੰਘਰਸ ਕਰਨਾ ਦਾ ਸੱਦਾ ਦਾਈਏ।

**ਵਰਿੰਦਰ ਸਿੰਘ ਮੋਮੀ**
9814540155

NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

# ਵਿਦੇਸਾਂ ਵਿੱਚ ਲੋਕ ਪੈਸੇ ਕਮਾਉਣ ਹੀ ਤਾਂ ਨਹੀਂ ਗਏ




ਵਿਦੇਸਾਂ ਵਿੱਚ ਲੋਕ ਪੈਸੇ ਕਮਾਉਣ ਹੀ ਤਾਂ ਨਹੀਂ ਗਏ, ਉਹਨਾਂ ਪਰਦੇਸੀਂ ਬੈਠਿਆਂ ਨੂੰ ਵੀ ਆਪਣੀ ਜੰਮਣ ਭੋਇੰ ਦੀ ਯੋਜਨਾਬੱਧ ਢੰਗ ਨਾਲ ਕੀਤੀ ਜਾ ਰਹੀ ਦੁਰਗਤੀ ਮਹਿਸੂਸ ਹੁੰਦੀ ਹੈ। ਉਹਨਾਂ ਅੰਦਰ ਵੀ ਆਪਣੀ ਮਿੱਟੀ ਦੇ ਮੋਹ ਦੇ ਅਹਿਸਾਸ ਛਲਕਦੇ ਹਨ। ਉਹ ਵੀ ਸਮਾਜ ਅੰਦਰ ਸਭ ਦੇ ਲਈ ਇੱਕ ਸਾਂਵਾਂ, ਨਿਆਂਇਕ ਤੇ ਸਨਮਾਨਜਨਕ ਢਾਂਚਾ ਲੋਚਦੇ ਹਨ। ... ਤੇ ਹੁਣ ਜਦੋਂ ਤੋਂ ਖੇਤੀ ਅੰਦੋਲਨ ਸੁਰੂ ਹੋਇਆ ਹੈ ਤਾਂ ਉਹਨਾਂ ਦੀਆਂ ਅਜਿਹੀਆਂ ਅਨੇਕਾਂ ਫਿਕਰਮੰਦੀਆਂ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਗਟ ਹੋਈਆਂ ਹਨ। ਖੇਤੀ ਅੰਦੋਲਨ ਦੀ ਹਰ ਹਰਕਤ ਨੇ, ਉਹਨਾਂ ਦੇ ਦਿਲ ਦੀ ਧੜਕਣ ਉੱਤੇ ਅਸਰ ਕੀਤਾ ਹੈ। ਉਹਨਾਂ ਦਾ ਇਹ ਮਿੱਟੀਪ੍ਰਸਤ ਹੋਣਾ ਹੈ ਜਾਂ ਕਹਿ ਲਓ ਉਹਨਾਂ ਦੀ ਇਹ ਲੋਕਪ੍ਰਸਤੀ ਹੀ ਹੈ ਕਿ ਉਹ ਭਾਰਤ ਦੇ ਹੈਕੜਸਾਹ ਮੁਖੀ ਅੱਗੇ ਵਾਸ਼ਿੰਗਟਨ 'ਚ ਵਿਰੋਧ ਦਰਜ ਕਰਾਉਣ ਪੁੱਜੇ। ਇਸਦੇ ਲਈ ਚਾਹੇ ਸਹੀਦ ਭਗਤ ਸਿੰਘ ਨਗਰ ਦੇ ਸੁੱਜੋਂ ਨੂੰ ਆਪਣੀ ਪਤਨੀ ਸਮੇਤ ਭਾਵੇਂ ਰਾਤੋ ਰਾਤ ਕੈਲੇਫੋਰਨੀਆ ਤੋਂ ਵਾਸ਼ਿੰਗਟਨ ਦਾ ਹਵਾਈ ਸਫਰ ਵੀ ਕਿਉਂ ਨਾ ਕਰਨਾ ਪਿਆ ਹੋਵੇ। ਅਜਿਹੇ ਸਿਪਾਹੀ ਹੋਰ ਕਿੰਨੇ ਹਨ। ਅੰਦੋਲਨ ਅੰਦਰ ਬੜਾ ਕੁੱਝ ਹੈ, ਪਰ ਟਰੈਕਟਰ ਤੋਂ ਟਵਿੱਟਰ ਅਤੇ ਜਮੀਨ ਤੋਂ ਅਸਮਾਨ ਤੱਕ ਅੰਦੋਲਨ ਦੀਆਂ ਇਹ ਇਤਿਹਾਸਕ ਚੜ੍ਹਤਾਂ ਨਜਰਅੰਦਾਜ ਨਹੀਂ ਹੋਣੀਆਂ ਚਾਹੀਦੀਆਂ।

ਜਿੰਦਾਬਾਦ ਖੇਤੀ-ਅੰਦੋਲਨ

Skyview BLINDS & SHADES
Quality Never Lies



For all your window and wall covering needs contact
(587) 496-9783 | (403) 714-0416
info@skyviewshades.ca | www.skyviewshades.ca
Unit# 129, 10985 38 St NE Calgary, AB, T3N1E7

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

Calgary Best Buy
Furniture & Mattress



Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com



Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

Call Romi Sidhu For Insurance & Financial Needs




StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILITY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P0Z720CN

# ਬੇਘਰ ਅਪਾਹਜਾਂ ਤੇ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਮਾਂਗਟ 22 ਅਕਤੂਬਰ ਤੱਕ ਕੈਲਗਰੀ ’ਚ

**ਬਲਜਿੰਦਰ ਸਿੰਘ**

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ 22 ਅਕਤੂਬਰ ਤੱਕ ਕੈਲਗਰੀ ’ਚ ਹਨ। ਸਾਬਕਾ ਪ੍ਰੋਫ਼ੈਸਰ ਤੇ ਸਾਇੰਸਦਾਨ ਡਾ. ਮਾਂਗਟ ਨੇ ਕਈ ਸਾਲ ਸਾਇਕਲ ਤੇ ਫਿਰਕੇ ਲੁਧਿਆਣਾ ਸ਼ਹਿਰ ’ਚ ਸੜਕਾਂ ਕੰਢੇ ਪਏ ਬਿਮਾਰੀਆਂ ਨਾਲ ਪੀੜਤ ਸੈਂਕੜੇ ਹੀ ਲਾਵਾਰਸਾਂ, ਅਪਾਹਜਾਂ ਤੇ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਵਾਇਆ। ਫਿਰ ਅਜਿਹੇ ਬੇਸਹਾਰਾ ਮਰੀਜ਼ਾਂ ਦੇ ਰਹਿਣ ਅਤੇ ਸੇਵਾ-ਸੰਭਾਲ ਕਰਨ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਰਜਿ. ਤੇ ਚੈਰੀਟੇਬਲ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ। ਇਸ ਆਸ਼ਰਮ ਦਾ ਦਰ ਉਹਨਾਂ ਲਾਵਾਰਸ-ਬੇਘਰ ਅਪਾਹਜਾਂ ਤੇ ਮਰੀਜ਼ਾਂ ਲਈ ਸਦਾ ਖੁਲ੍ਹਾ ਰਹਿੰਦਾ ਹੈ ਜਿਹਨਾਂ ਲਈ ਸਮਾਜ ਦੇ ਸਾਰੇ ਦਰ ਬੰਦ ਹੋ ਜਾਂਦੇ ਹਨ ।

ਇਸ ਆਸ਼ਰਮ ਵਿੱਚ ਪੌਣੇ ਦੋ ਸੌ (175) ਦੇ ਕਰੀਬ ਅਜਿਹੇ ਲਾਵਾਰਸ, ਬੇਘਰ, ਅਪਾਹਜ, ਨੇਤਰਹੀਣ, ਕਈ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਰਹਿੰਦੇ ਹਨ ਜਿਹਨਾਂ ਦੀ ਤਰਸਯੋਗ ਤੇ ਬਦਬੂ ਮਾਰਦੀ ਹਾਲਤ ਦੇਖ ਕੇ ਆਮ ਵਿਅਕਤੀ ਇਹਨਾਂ ਦੇ ਨੇੜੇ ਜਾਣ ਤੋਂ ਵੀ ਸੰਕੋਚ ਕਰਦਾ ਹੈ। ਇਹਨਾਂ ਵਿੱਚੋਂ ਸੌ ਦੇ ਕਰੀਬ ਅਜਿਹੇ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਨੇਕਾਂ ਹੀ ਮਰੀਜ਼ ਆਪਣਾ ਨਾਉਂ ਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ । ਇਹਨਾਂ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ। ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਸਾਰਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਡਾ. ਨੌਰੰਗ ਸਿੰਘ ਮਾਂਗਟ ਦਾ ਸੰਪਰਕ ਹੈ:- ਕੈਨੇਡਾ: 403-401-8787; ਇੰਡੀਆ: 95018-42506 ।



ਸੜਕ ਕਿਨਾਰੇ ਪਏ ਮਰੀਜ਼ ਨੂੰ ਚੁੱਕਦੇ ਹੋਏ ਡਾ. ਮਾਂਗਟ









ਯੂ.ਜੀ.ਸੀ. ਦਾ ਨਵਾਂ ਫੈਸਲਾ

# ਡੂੰਘੀ ਹੁੰਦੀ ਆਨਲਾਈਨ ਸਿੱਖਿਆ ਦੀ ਘੁਸਪੈਠ

**ਨਵਜੋਤ ਪਟਿਆਲਾ**



ਪਿੱਛੇ ਜਿਹੇ ਯੂ.ਜੀ.ਸੀ. ਨੇ ਦੇਸ਼ ਪੱਧਰ ਉੱਤੇ ਕੇਂਦਰੀ ਤੇ ਹੋਰ ਯੂਨੀਵਰਸਿਟੀਆਂ ਰਾਹੀਂ ਆਨਲਾਈਨ ਸਿੱਖਿਆ ਨੂੰ ਹੱਲਾਸ਼ੇਰੀ ਦੇਣ ਲਈ ਨਵੇਂ ਨਿਯਮ ਬਣਾਏ ਹਨ ਤੇ ਪੁਰਾਣਿਆਂ ਵਿੱਚ ਵਧੇਰੇ ਲਚਕ ਲਿਆਂਦੀ ਹੈ। ਨਿਯਮਾਂ ਵਿੱਚ ਹੋਏ ਇਹਨਾਂ ਬਦਲਾਵਾਂ ਤਹਿਤ ਯੂਨੀਵਰਸਿਟੀਆਂ ਨੂੰ ਹੁਣ ਕਰੋਨਾ ਕਾਲ ਤੋਂ ਮਗਰੋਂ ਵੀ ਕਈ ਅਹਿਮ ਤੇ ਪੂਰੇ ਸਮੇਂ ਦਿਆਂ ਕੋਰਸਾਂ ਨੂੰ ਆਨਲਾਈਨ ਰੂਪ ਵਿੱਚ ਜਾਰੀ ਰੱਖਣ ਦੀ ਖੁੱਲ੍ਹ ਹੋਵੇਗੀ। ਯੂ.ਜੀ.ਸੀ. ਨੇ 123 ਨਵੇਂ ਆਨਲਾਈਨ ਕੋਰਸਾਂ ਨੂੰ ਇਸ ਸਾਲ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ ਜਿਹਨਾਂ ਵਿੱਚੋਂ 83 ਗ੍ਰੈਜੂਏਟ ਤੇ 40 ਪੋਸਟ ਗ੍ਰੈਜੂਏਟ ਕੋਰਸ ਹਨ। ਕਰੋਨਾ ਬਹਾਨੇ ਲਾਈ ਪੂਰਨਬੰਦੀ ਸਮੇਂ ਦੇਸ਼ ਭਰ ਵਿੱਚ ਸਿੱਖਿਆ ਆਨਲਾਈਨ ਤਰੀਕੇ ਨਾਲ਼ ਹੀ ਚੱਲੀ (ਜਿੰਨੀ ਕੁ ਵੀ) ਸੀ ਤੇ ਹੁਣ ਕੇਂਦਰ ਸਰਕਾਰ ਇਸ ਨੂੰ ਅੱਗੇ ਵਧਾਉਂਦੇ ਹੋਏ ਆਨਲਾਈਨ ਸਿੱਖਿਆ ਦੇ ਪਸਾਰੇ ਲਈ ਵਰਤ ਰਹੀ ਹੈ। ਅਸਲ ਵਿੱਚ ਇਹ ਕੋਈ ਇੱਕੋਦਮ ਸੋਚੀ ਹੋਈ ਗੱਲ ਨਹੀਂ ਸਗੋਂ ਆਨਲਾਈਨ ਸਿੱਖਿਆ ਵਿੱਚ ਵਾਧਾ ਕਰਨਾ 'ਕੌਮੀ ਸਿੱਖਿਆ ਨੀਤੀ 2020' ਦਾ ਅਹਿਮ ਹਿੱਸਾ ਹੈ ਤੇ ਇਸ ਨੀਤੀ ਨੂੰ ਹੀ ਲਾਗੂ ਕਰਦੇ ਹੋਏ ਯੂ.ਜੀ.ਸੀ ਨੇ ਇਹ ਫੈਸਲੇ ਲਏ ਹਨ।

'ਕੌਮੀ ਸਿੱਖਿਆ ਨੀਤੀ 2020' ਵਿੱਚ ਕੇਂਦਰ ਸਰਕਾਰ ਤੇ ਉਸਦੇ ਹਾਕਮਾਂ ਦੇ ਸਿੱਖਿਆ ਖੇਤਰ ਵਿੱਚ ਦੋ ਟੀਚਿਆਂ ਉੱਪਰ ਜੋਰ ਹੈ। ਇਹ ਦੋ ਟੀਚੇ ਹਨ ਸਿੱਖਿਆ ਨੂੰ ਨਿੱਜੀ ਹੱਥਾਂ ਵਿੱਚ ਵੇਚਣਾ ਤੇ ਸਿੱਖਿਆ ਦੇ ਭਗਵੇਂਕਰਨ ਰਾਹੀਂ ਇਸਨੂੰ ਆਪਣੀ ਫਿਰਕੂ ਵਿਚਾਰਧਾਰਾ ਦੇ ਪ੍ਰਚਾਰ ਦਾ ਸਾਧਨ ਬਣਾਉਣਾ। ਸਿੱਖਿਆ ਨੂੰ ਨਿੱਜੀ ਹੱਥਾਂ ਵਿੱਚ ਵੇਚਣ ਦੇ ਨਾਲ਼-ਨਾਲ਼ ਭਾਜਪਾ ਦਾ ਇੱਕ ਮਕਸਦ ਸਿੱਖਿਆ ਦੇ ਖੇਤਰ ਵਿੱਚ ਵਿਦਿਆਰਥੀਆਂ, ਮੁਲਾਜਮਾਂ ਦੇ ਜਥੇਬੰਦ ਸੰਘਰਸ਼ਾਂ ਦਾ ਸਫਾਇਆ ਵੀ ਹੈ। ਸਿੱਖਿਆ ਨੀਤੀ ਵਿੱਚ ਆਨਲਾਈਨ ਸਿੱਖਿਆ ਉੱਪਰ ਜੋਰ ਸਿੱਖਿਆ ਨੂੰ ਵੇਚਣ ਤੇ ਜਥੇਬੰਦ ਸੰਘਰਸ਼ਾਂ ਦਾ ਸਫਾਇਆ ਕਰਨ ਦੇ ਮਕਸਦ ਨਾਲ਼ ਹੀ ਜੁੜਿਆ ਹੋਇਆ ਹੈ। ਕੌਮੀ ਸਿੱਖਿਆ ਨੀਤੀ ਅੰਦਰ ਆਨਲਾਈਨ ਸਿੱਖਿਆ ਦੀ ਵਡਿਆਈ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਗਈ। ਆਨਲਾਈਨ ਸਿੱਖਿਆ ਨੂੰ ਸਿੱਖਿਆ ਖੇਤਰ ਵਿੱਚ ਪਾੜੇ ਘਟਾਉਣ ਵਾਲ਼ੀ ਤੇ ਬਰਾਬਰਤਾ ਲੈਕੇ ਆਉਣ ਵਾਲ਼ੀ ਵਜੋਂ ਪ੍ਰਚਾਰਿਆ ਗਿਆ ਹੈ। ਇੱਕ ਪੂਰਾ ਭਾਗ ਹੀ ਸਿੱਖਿਆ ਨੀਤੀ ਵਿੱਚ ਇਸ ਦੇ ਲੇਖੇ ਲਾ ਦਿੱਤਾ ਗਿਆ ਹੈ।

ਸਿੱਖਿਆ ਨੀਤੀ 'ਚ ਦਾਅਵਾ ਕੀਤਾ ਗਿਆ ਹੈ ਕਿ ਇਹ ਸਿੱਖਿਆ ਵਿਚਲੇ ਪਾੜੇ ਘਟਾਉਣ ਲਈ ਕੁਦਰਤੀ ਰਾਹ ਮੁਹੱਈਆ ਕਰਵਾਉਂਦੀ ਹੈ। ਇਸ ਨੂੰ ਲਾਗੂ ਕਰਨ ਲਈ ਲੋੜੀਂਦੇ ਕਦਮਾਂ ਸਬੰਧੀ ਜੋ ਹਵਾਈ ਕਿਲੇ ਉਸਾਰੇ ਗਏ ਹਨ ਉਹਨਾਂ ਵਿੱਚ ਆਮ ਬੱਚਿਆਂ ਤੱਕ ਸਮਾਰਟ ਕਲਾਸਰੂਮ, ਆਨਲਾਈਨ ਐਪਸ ਤੇ ਆਨਲਾਈਨ ਕੁਇਜ ਦੀ ਪਹੁੰਚ ਤੇ ਹਰ ਘਰ ਵਿੱਚ ਇੰਟਰਨੈਟ ਦੀ ਸਹੂਲਤ ਨਾਲ਼ ਲੈਸ ਸਮਾਰਟ ਫੋਨ ਆਦਿ ਵਰਗੇ ਗੱਪਾਂ ਦਾ ਅਹਿਮ ਸਥਾਨ ਹੈ। ਜਦੋਂ ਦੇਸ਼ ਦੇ ਸਰਕਾਰੀ ਸਕੂਲਾਂ ਦੀ ਹਾਲਤ ਇਹ ਹੈ ਕਿ ਇੱਥੇ ਕਲਾਸਰੂਮ, ਬਲੈਕਬੋਰਡ, ਇਮਾਰਤਾਂ, ਕਿਤਾਬਾਂ, ਵਰਦੀਆਂ, ਅਧਿਆਪਕਾਂ, ਬੈਂਚਾਂ, ਖੇਡ ਮੈਦਾਨਾਂ ਤੇ ਹੋਰ ਬੁਨਿਆਦੀ ਢਾਂਚੇ ਦੀ ਸਖਤ ਘਾਟ ਹੈ ਤਾਂ ਸਿੱਖਿਆ ਨੀਤੀ ਅਜਿਹੇ ਹਵਾਈ ਕਿਲੇ ਉਸਾਰਨ ਵਿੱਚ ਰੁੱਝੀ ਹੋਈ ਹੈ।

ਇਹਨਾਂ ਸੋਹਣੇ ਭਾਰੇ ਲਫਜਾਂ ਦੇ ਸ਼ਿੰਗਾਰ ਥੱਲੇ ਇੱਕ ਸੱਚਾਈ ਲੁਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਇਹ ਹੈ ਕਿ ਪਿਛਲੇ ਵਰ੍ਹੇ ਦੇ ਇੱਕ ਅਧਿਐਨ ਅਨੁਸਾਰ ਆਉਣ ਵਾਲੇ 4 ਵਰ੍ਹਿਆਂ ਦੇ ਅੰਦਰ ਭਾਰਤ ਵਿੱਚ ਆਨਲਾਈਨ ਸਿੱਖਿਆ ਦੀ ਕੁੱਲ ਮੰਡੀ 15 ਅਰਬ ਡਾਲਰ ਦੇ ਨੇੜੇ-ਤੇੜੇ ਹੈ ਜਿਸਦਾ ਕਾਫੀ ਹਿੱਸਾ ਹਾਲੇ ਅਣਛੂਹਿਆ ਪਿਆ ਹੈ। ਅਸਲ ਵਿੱਚ ਆਨਲਾਈਨ ਸਿੱਖਿਆ ਉੱਪਰ ਇਹ ਪੂਰਾ ਜੋਰ ਸਿੱਖਿਆ ਨੂੰ ਨਿੱਜੀ ਹੱਥਾਂ ਵਿੱਚ ਵੇਚਣ ਤੇ ਇਸ ਮੰਡੀ ਨੂੰ ਤੇ ਕਰੋਨਾ ਕਾਲ ਵਿੱਚ ਆਨਲਾਈਨ ਸਿੱਖਿਆ ਵਸੋਂ ਦੇ ਇੱਕ ਵੱਡੇ ਹਿੱਸੇ ਲਈ ਕੋਈ ਜੱਗੋਂ ਤੇਰਵੀਂ ਗੱਲ ਨਹੀਂ ਰਹੀਂ ਤੇ ਇਸ ਸਬੰਧ ਵਿੱਚ ਆਨਲਾਈਨ ਸਿੱਖਿਆ ਨੂੰ ਨਾ ਸਿਰਫ ਲਾਗੂ ਕਰਨਾ ਹੀ ਪਹਿਲਾਂ ਨਾਲ਼ੋਂ ਸੌਖਾ ਹੋਇਆ ਹੈ ਸਗੋਂ ਇਸ ਦੀ ਕੁੱਲ ਮੰਡੀ ਵਿੱਚ ਵੀ ਵਾਧਾ ਹੋਇਆ ਹੈ।

ਇਹ ਗੱਲ ਦਾਅਵੇ ਨਾਲ਼ ਕਹੀ ਜਾ ਸਕਦੀ ਹੈ ਕਿ ਆਨਲਾਈਨ ਪੜ੍ਹਾਈ ਸਿੱਧੀ ਪੜ੍ਹਾਈ ਦਾ ਬਦਲ ਨਹੀਂ ਬਣ ਸਕਦੀ। ਪੜ੍ਹਾਈ ਲਈ ਅਧਿਆਪਕ ਤੇ ਵਿਦਿਆਰਥੀ ਦਾ ਆਹਮੋ-ਸਾਹਮਣੇ ਦਾ ਰਿਸ਼ਤਾ ਬਹੁਤ ਜਰੂਰੀ ਹੁੰਦਾ ਹੈ ਜਿਹੜਾ ਆਨਲਾਈਨ ਪੜ੍ਹਾਈ ਵਿੱਚ ਸੰਭਵ ਨਹੀਂ। ਇਸਤੋਂ ਬਿਨਾਂ ਕੁੱਲ ਵਿੱਦਿਅਕ ਚੌਗਿਰਦਾ ਵੀ ਬਹੁਤ ਮਹੱਤਵਪੂਰਨ ਹੁੰਦਾ ਹੈ ਜਿਸ ਵਿੱਚ ਉਸਦੇ ਸਾਥੀ ਵਿਦਿਆਰਥੀ, ਹੋਰ ਵਿਭਾਗਾਂ ਦੇ ਵਿਦਿਆਰਥੀਆਂ ਤੇ ਵਿੱਦਿਅਕ ਸੰਸਥਾ ਦਾ ਕੁੱਲ ਵਾਤਾਵਰਨ ਆ ਜਾਂਦਾ ਹੈ। ਕਿਉਂਕਿ ਸਿੱਖਿਆ ਦਾ ਮਤਲਬ ਸਿਰਫ ਕਿਤਾਬਾਂ ਦਾ ਗਿਆਨ ਹਾਸਲ ਨਹੀਂ ਕਰਨਾ ਹੁੰਦਾ ਸਗੋਂ ਵਿਦਿਆਰਥੀ ਆਪਣੇ ਸਾਥੀ ਵਿਦਿਆਰਥੀਆਂ, ਦੋਸਤਾਂ, ਅਧਿਆਪਕਾਂ ਨਾਲ਼ ਵਿਚਰਦੇ ਹੋਏ ਅਹਿਮ ਸਮਾਜਿਕ ਤਜਰਬਾ ਵੀ ਹਾਸਲ ਕਰਦੇ ਹਨ। ਇਸ ਤੋਂ ਬਿਨਾਂ ਵਿੱਦਿਅਕ ਸੰਸਥਾ ਵਿੱਚ ਵਿਦਿਆਰਥੀ ਲਈ ਪੜ੍ਹਾਈ ਤੋਂ ਬਿਨਾਂ ਹੋਰ ਮਹੱਤਵਪੂਰਨ ਸਰਗਰਮੀਆਂ ਵਿੱਚ ਹਿੱਸਾ ਲੈਣ ਦਾ ਮੌਕਾ ਹੁੰਦਾ ਹੈ ਜਿਸਦਾ ਆਨਲਾਈਨ ਪੜ੍ਹਾਈ ਕੋਲ਼ ਕੋਈ ਬਦਲ ਨਹੀਂ ਹੈ। ਬਹੁਤ ਸਾਰੇ ਵਿਦਿਆਰਥੀਆਂ ਕੋਲ਼ ਆਨਲਾਈਨ ਪੜ੍ਹਾਈ ਲਈ ਚੰਗੇ ਮੋਬਾਇਲ, ਕੰਪਿਊਟਰ, ਇੰਟਰਨੈੱਟ ਤੇ ਹੋਰ ਸਹੂਲਤਾਂ ਨਹੀਂ ਹਨ। ਲੱਖਾਂ ਵਿਦਿਆਰਥੀਆਂ ਕੋਲ਼ ਘਰ ਵਿੱਚ ਕੋਈ ਵੱਖਰਾ ਕਮਰਾ ਨਹੀਂ ਹੈ ਜਿੱਥੇ ਬੈਠ ਕੇ ਉਹ ਆਨਲਾਈਨ ਕਲਾਸਾਂ ਲਾ ਸਕੇ। ਪਰ ਸਹੂਲਤਾਂ ਦੀ ਇਸ ਗੈਰ-ਬਰਾਬਰੀ ਵਿੱਚ ਸਿੱਖਿਆ ਨੀਤੀ ਬੇਸ਼ਰਮੀ ਨਾਲ਼ ਦਾਅਵਾ ਕਰਦੀ ਹੈ ਕਿ ਆਨਲਾਈਨ ਸਿੱਖਿਆ ਪਾੜੇ ਘਟਾਉਣ ਦਾ ਕੰਮ ਕਰੇਗੀ।

ਆਨਲਾਈਨ ਸਿੱਖਿਆ ਨਾਲ਼ ਦੂਜੀ ਜੁੜੀ ਗੱਲ 'ਇੰਦਰਾ ਗਾਂਧੀ ਕੌਮੀ ਖੁੱਲ੍ਹੀ ਯੂਨੀਵਰਸਿਟੀ' (ਇਗਨੋ) ਮਾਡਲ ਉੱਪਰ ਵਿਦਿਆਰਥੀਆਂ, ਅਧਿਆਪਕਾਂ, ਮੁਲਾਜਮਾਂ ਦੇ ਜਥੇਬੰਦਕ ਵਿਰੋਧ ਦੇ ਅਧਾਰ ਨੂੰ ਖੋਰਨਾ ਹੈ। ਆਨਲਾਈਨ ਪੜ੍ਹਾਈ ਕਰਵਾਉਣ ਲਈ ਇਮਾਰਤਾਂ, ਕਮਰੇ, ਫਰਨੀਚਰ ਤੇ ਹੋਰ ਬੁਨਿਆਦੀ ਸਹੂਲਤਾਂ ਦੀ ਜਰੂਰਤ ਨਹੀਂ ਤੇ ਦੂਜਾ ਅਧਿਆਪਕਾਂ ਤੇ ਹੋਰ ਅਮਲੇ ਦੀ ਜਰੂਰਤ ਵੀ ਬਹੁਤ ਘੱਟ ਹੋਵੇਗੀ। ਇੰਝ ਇਹ ਘੱਟ ਲਾਗਤ ਨਾਲ਼ ਵੱਧ ਮੁਨਾਫੇ ਦਾ ਢੰਗ ਹੈ। ਇਸਦਾ ਦੂਜਾ ਨਿਸ਼ਾਨਾ ਵਿਦਿਆਰਥੀਆਂ, ਮੁਲਾਜਮਾਂ ਤੇ ਅਧਿਆਪਕਾਂ ਦੀ ਜਥੇਬੰਦ ਤਾਕਤ ਹੈ। ਕਰੋਨਾ ਕਾਲ ਦੌਰਾਨ ਵਿੱਦਿਅਕ ਅਦਾਰਿਆਂ ਨੇ ਆਪਣੀਆਂ ਮਨਚਾਹੀਆਂ ਕਰਕੇ ਕਈ ਲੋਕਾਈ ਵਿਰੋਧੀ ਫੈਸਲੇ ਜਿਵੇਂ ਫੀਸਾਂ ਵਿੱਚ ਵਾਧੇ ਆਦਿ ਲਏ ਤੇ ਵਿਦਿਆਰਥੀਆਂ ਦੇ ਘਰੇ ਹੋਣ ਕਾਰਨ ਇਹਨਾਂ ਫੈਸਲਿਆਂ ਦਾ ਕੋਈ ਵਿਰੋਧ ਨਹੀਂ ਹੋਇਆ। ਇਹ ਮੁੱਖ ਤੌਰ ਉੱਤੇ ਵਿਦਿਆਰਥੀਆਂ ਦੀ ਜਥੇਬੰਦ ਤਾਕਤ ਹੀ ਹੁੰਦੀ ਹੈ ਜੋ ਸਿੱਖਿਆ ਦੇ ਨਿੱਜੀਕਰਨ, ਭਗਵੇਂਕਰਨ ਨੂੰ ਠੱਲ ਪਾ ਸਕਦੀ ਹੈ ਤੇ ਇਸੇ ਤਾਕਤ ਦੇ ਅਧਾਰ ਨੂੰ ਆਨਲਾਈਨ ਸਿੱਖਿਆ ਦਾ ਪ੍ਰਬੰਧ ਉਸਾਰਕੇ ਭਾਰਤੀ ਹਾਕਮ ਖੋਰਨਾ ਚਾਹੁੰਦੇ ਹਨ। ਕਰੋਨਾ ਕਾਲ ਦੇ ਸਮੇਂ ਸਿੱਖਿਆ ਦੇ ਖੇਤਰ ਵਿੱਚ ਮੰਨਮਰਜੀਆਂ ਕਰਦਿਆਂ ਇਹਨਾਂ ਹਾਕਮਾਂ ਦੇ ਮੂੰਹਾਂ ਨੂੰ ਖੂਨ ਲੱਗ ਚੁੱਕਿਆ ਹੈ ਤੇ ਇਹ ਬਿਨਾਂ ਰੋਕ ਟੋਕ ਦੇ ਆਪਣੀਆਂ ਨੀਤੀਆਂ ਅੱਗੇ ਵਧਾਉਣਾ ਚਾਹੁੰਦੇ ਹਨ। ਅਸਲ ਵਿੱਚ ਭਾਰਤੀ ਹਾਕਮਾਂ ਨੂੰ ਕਰੋਨਾ ਚੰਗਾ ਬਹਾਨਾ ਮਿਲ਼ਿਆ ਜਿਸ ਰਾਹੀਂ ਆਨਲਾਈਨ ਸਿੱਖਿਆ ਦੇ ਪ੍ਰਯੋਗ ਕੀਤੇ ਗਏ ਵਿਦਿਆਰਥੀਆਂ ਨੂੰ ਇਸਦੀ ਆਦਤ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਦੋ ਨੁਕਤੀ ਪ੍ਰੋਗਰਾਮ, ਸਿੱਖਿਆ ਨੂੰ ਨਿੱਜੀ ਖੇਤਰ ਹੱਥ ਵੇਚਣਾ ਤੇ ਇਸ ਖੇਤਰ ਵਿੱਚ ਜਥੇਬੰਦ ਸੰਘਰਸ਼ ਦਾ ਅਧਾਰ ਖੋਰਨਾ (ਇਹ ਵੀ ਮੋੜਵੇਂ ਰੂਪ ਵਿੱਚ ਵਧੇਰੇ ਨਿੱਜੀਕਰਨ ਦਾ ਹੀ ਰਾਹ ਮੋਕਲਾ ਕਰਦਾ ਹੈ) ਹੀ ਆਨਲਾਈਨ ਸਿੱਖਿਆ ਦੇ ਪਸਾਰ ਦਾ ਟੀਚਾ ਹੈ। ਯੂ.ਜੀ.ਸੀ ਦੇ ਨਵੇਂ ਫੈਸਲੇ ਨੂੰ ਤੇ ਪੂਰੇ ਦੇਸ਼ ਅੰਦਰ ਹੀ ਆਨਲਾਈਨ ਸਿੱਖਿਆ ਦੇ ਪਸਾਰ ਨੂੰ ਇਸੇ ਰੌਸ਼ਨੀ ਵਿੱਚ ਸਮਝਿਆ ਜਾ ਸਕਦਾ ਹੈ।



# ਭਗਤ ਸਿੰਘ ਜਨਮ ਦਿਹਾੜੇ ਮੌਕੇ ਸਾਮਰਾਜ ਵਿਰੋਧੀ ਕਾਨਫਰੰਸ ਮੌਕੇ ਲੁੱਟ ਤੇ ਦਾਬੇ ਤੋਂ ਮੁਕਤੀ ਲਈ ਜੂਝਣ ਦਾ ਹੋਕਾ

## ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਸਾਮਰਾਜੀ ਜੋਕਾਂ ਤੋਂ ਮੁਕਤੀ ਜੱਦੋ-ਜਹਿਦ ਜਾਰੀ ਰੱਖਾਂਗੇ -ਉਗਰਾਹਾਂ



ਬਰਨਾਲਾ (ਬਲਜਿੰਦਰ ਸਿੰਘ ਵੜੈਚ) : ਸਹੀਦ ਭਗਤ ਸਿੰਘ ਦੇ 114ਵੇਂ ਜਨਮ ਦਿਹਾੜੇ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਦਾਨਾ ਮੰਡੀ ਬਰਨਾਲਾ ਵਿਖੇ ਕੀਤੀ "ਸਾਮਰਾਜ ਵਿਰੋਧੀ ਕਾਨਫਰੰਸ" ਮੌਕੇ ਕਿਸਾਨਾਂ, ਖੇਤ ਮਜਦੂਰਾਂ, ਔਰਤਾਂ ਤੇ ਨੌਜਵਾਨਾਂ ਦਾ ਜਨ-ਸੈਲਾਬ ਉਮੜ ਆਇਆ । ਇਸ ਮੌਕੇ ਦੋ ਲੱਖ ਦੇ ਕਰੀਬ ਜੁੜੇ ਇਕੱਠ 'ਚ ਔਰਤਾਂ ਤੇ ਨੌਜਵਾਨਾਂ ਦੀ ਦਹਿ ਹਜਾਰਾਂ ਦੀ ਸਮੂਲੀਅਤ ਸਾਮਰਾਜੀ ਲੁੱਟ ਅਤੇ ਕਾਲੇ ਖੇਤੀ ਕਾਨੂੰਨਾਂ ਖਿ?ਲਾਫ ਚੱਲ ਰਹੇ ਸੰਘਰਸ ਬਾਰੇ ਉਹਨਾਂ ਦੀ ਵਧੀ ਹੋਈ ਚੇਤਨਾ ਦਾ ਝਲਕਾਰਾ ਹੋ ਨਿੱਬੜੀ।

ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੇਸ ਵਾਸੀਆਂ ਨੂੰ ਭਗਤ ਸਿੰਘ ਦੇ ਜਨਮ ਦਿਹਾੜੇ ਦੀ ਮੁਬਾਰਕਵਾਦ ਦਿੰਦਿਆਂ ਕਿਹਾ ਕਿ ਅੱਜ ਦੇਸ ਦੇ ਕਿਸਾਨਾਂ ਮਜਦੂਰਾਂ ਤੇ ਸਮੂਹ ਕਿਰਤੀ ਕਮਾਊ ਲੋਕਾਂ ਨੂੰ ਦਰਪੇਸ ਕਰਜੇ, ਖੁਦਕੁਸੀਆਂ, ਗਰੀਬੀ, ਮਹਿੰਗਾਈ ਤੇ ਬੇਰੁਜਗਾਰੀ ਵਰਗੀਆਂ ਅਲਾਮਤਾਂ ਦੀ ਅਹਿਮ ਵਜ੍ਹਾ ਦੇਸ ਉੱਤੇ ਸਾਮਰਾਜੀ ਮੁਲਕਾਂ ਦੇ ਲੁੱਟ ਤੇ ਦਾਬੇ ਦਾ ਕਾਇਮ ਰਹਿਣਾ ਅਤੇ ਵਧਦੇ ਜਾਣਾ ਹੈ। ਜਿਸਦੇ ਖਾਤਮੇ ਲਈ ਸਹੀਦ ਭਗਤ ਸਿੰਘ ਤੇ ਸਾਥੀਆਂ ਨੇ ਜਾਨਾਂ ਕੁਰਬਾਨ ਕੀਤੀਆਂ ਸਨ ਉਹਨਾਂ ਕਿਹਾ ਕਿ ਕਾਲੇ ਖੇਤੀ ਕਾਨੂੰਨ ਵੀ ਸਾਮਰਾਜੀ ਦੇਸਾਂ ਵੱਲੋਂ ਸਾਡੇ ਮੁਲਕ 'ਤੇ ਦੇਸ ਦੇ ਹਾਕਮਾਂ ਰਾਹੀਂ ਮੜ੍ਹੀਆਂ ਲੋਕ ਵਿਰੋਧੀ ਨੀਤੀਆਂ ਦਾ ਹੀ ਇੱਕ ਹਿੱਸਾ ਹਨ। ਉਹਨਾਂ ਕਿਹਾ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਸਮੇਤ ਕਿਸਾਨਾਂ ਮਜਦੂਰਾਂ ਦੀ ਖੁਸਹਾਲੀ ਤੇ ਪੁੱਗਤ ਸਥਾਪਤੀ ਦੇ ਲਈ ਸਾਡੇ ਮਹਾਨ ਨਾਇਕ ਭਗਤ ਸਿੰਘ ਵੱਲੋਂ ਸਾਮਰਾਜੀ ਲੁੱਟ ਤੇ ਦਾਬੇ ਦੇ ਖਾਤਮੇ ਲਈ ਦਰਸਾਏ ਰਾਹ 'ਤੇ ਸਾਬਤ ਕਦਮੀਂ ਅੱਗੇ ਵਧਣਾ ਮੌਜੂਦਾ ਘੋਲ ਦੀ ਅਣਸਰਦੀ ਲੋੜ ਹੈ। ਉਹਨਾਂ ਐਲਾਨ ਕੀਤਾ ਸਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਉਹਨਾਂ ਤੋਂ ਪ੍ਰੇਰਣਾ ਲੈਕੇ ਨਾ ਸਿਰਫ ਖੇਤੀ ਕਾਨੂੰਨਾਂ ਦੀ ਵਾਪਸੀ ਤੱਕ ਸੰਘਰਸ ਜਾਰੀ ਰੱਖਿਆ ਜਾਵੇਗਾ ਸਗੋਂ ਖੇਤੀ ਕਿੱਤੇ ਅਤੇ ਮੁਲਕ ਨੂੰ ਚਿੰਬੜੀਆਂ ਸਾਮਰਾਜੀ ਜੋਕਾਂ ਅਤੇ ਉਹਨਾਂ ਦੇ ਦੇਸੀ ਜੋਟੀਦਾਰਾਂ ਦੀ ਲੁੱਟ ਤੋਂ ਮੁਕਤੀ ਤੱਕ ਜੱਦੋ-ਜਹਿਦ ਜਾਰੀ ਰੱਖੀ ਜਾਵੇਗੀ।

ਯੂਨੀਅਨ ਦੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਭਾਰਤ ਬੰਦ ਦੇ ਸੱਦੇ ਨੂੰ ਸਮੂਹ ਪੰਜਾਬੀਆਂ ਵੱਲੋਂ ਦਿੱਤੇ ਭਰਵੇਂ ਹੁੰਗਾਰੇ ਲਈ ਧੰਨਵਾਦ ਕੀਤਾ ।ਉਹਨਾਂ ਕਿਹਾ ਕਿ ਸਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਕੁਰਬਾਨੀ ਦੇ ਸਿੱਟੇ ਵਜੋਂ ਉਸ ਤੋਂ ਬਾਅਦ ਦੇਸ ਦੇ ਅੰਦਰ ਉੱਠੇ ਵਿਸਾਲ ਤੇ ਤਿੱਖੇ ਵਿਦਰੋਹ ਸਦਕਾ ਭਾਵੇਂ ਸੰਨ ਸੰਤਾਲੀ 'ਚ ਅੰਗਰੇਜ ਸਿੱਧੇ ਤੌਰ ਤਾਂ ਭਾਰਤ ਚੋਂ ਚਲੇ ਗਏ ਪਰ ਸਾਮਰਾਜ ਨਹੀਂ ਗਿਆ ਸਗੋਂ ਬਰਤਾਨਵੀ ਸਾਮਰਾਜ ਦੇ ਨਾਲ ਨਾਲ ਅਨੇਕਾਂ ਸਾਮਰਾਜੀ ਮੁਲਕਾਂ ਅਤੇ ਕੰਪਨੀਆਂ ਦਾ ਗਲਬਾ ਅਤੇ ਲੁੱਟ ਤੇ ਦਾਬਾ ਕਈ ਗੁਣਾਂ ਹੋਰ ਵਧ ਗਿਆ ਹੈ।

ਉਹਨਾਂ ਕਿਹਾ ਕਿ ਦੇਸ ਦੇ ਹਾਕਮਾਂ ਵੱਲੋਂ ਦੇਸ ਦੇ ਸਾਰੇ ਅਮੀਰ ਕੁਦਰਤੀ ਸਰੋਤਾਂ ਜਲ ,ਜੰਗਲ ਜਮੀਨਾਂ, ਪਾਣੀ, ਖਾਣਾਂ,, ਏਅਰ ਇੰਡੀਆ, ਰੇਲਵੇ ਤੇ ਸਮੇਤ ਸਟੀਲ ਅਥਰਾਟੀ ਵਰਗੇ ਸਰਕਾਰੀ ਅਦਾਰਿਆਂ ਨੂੰ ਸਾਮਰਾਜੀ ਮੁਲਕਾਂ ਤੇ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਝੋਲੀ ਪਾ ਦਿੱਤਾ ਹੈ ਅਤੇ ਹੁਣ ਸਾਮਰਾਜੀ ਗਿਰਝਾਂ ਮੋਦੀ ਹਕੂਮਤ ਦੀਆਂ ਦੇਸ ਧ੍ਰੋਹੀ ਨੀਤੀਆਂ ਦੀ ਬਦੌਲਤ ਕਾਲੇ ਖੇਤੀ ਕਾਨੂੰਨਾਂ ਰਾਹੀਂ ਖੇਤੀ ਪੈਦਾਵਾਰ, ਮੰਡੀਕਰਨ ਸਿਸਟਮ ਅਤੇ ਸਮੁੱਚੀ ਖੁਰਾਕ ਪ੍ਰਨਾਲੀ ਉਤੇ ਮੁਕੰਮਲ ਤੌਰ ਤੇ ਕਾਬਜ ਹੋਣ ਲਈ ਮੰਡਲਾ ਰਹੀਆਂ ਹਨ। ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਸਹੀਦ ਭਗਤ ਸਿੰਘ ਦੇ ਵਿਚਾਰ ਤੇ ਰਾਹ ਸਾਨੂੰ ਦੱਸਦਾ ਹੈ ਕਿ ਸਾਮਰਾਜ ਤੋਂ ਮੁਕਤੀ ਲਈ ਪਰਾਲੀਮੈਂਟਾਂ ਤੇ ਅਸੰਬਲੀਆਂ ਤੋਂ ਝਾਕ ਛੱਡ ਕੇ ਜਾਤਾਂ - ਧਰਮਾਂ ਫਿਰਕਿਆਂ ਆਦਿ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਵਿਸਾਲ ਸਿਰੜੀ ਤੇ ਸਾਂਝੇ ਘੋਲਾਂ ਦੇ ਰਾਹੀਂ ਹੀ ਮੁਕਤੀ ਦੇ ਰਾਹ ਅੱਗੇ ਵਧਿਆ ਜਾ ਸਕਦਾ ਹੈ।

ਯੂਨੀਅਨ ਦੇ ਮਹਿਲਾ ਵਿੰਗ ਦੀ ਸੂਬਾਈ ਆਗੂ ਹਰਿੰਦਰ ਬਿੰਦੂ ਨੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਸੰਘਰਸ ਦੌਰਾਨ ਔਰਤਾਂ ਦੇ ਅਥਾਹ ਤੇ ਵਿਲੱਖਣ ਰੋਲ ਦੀ ਚਰਚਾ ਕਰਦਿਆਂ ਕਿਹਾ ਕਿ ਔਰਤਾਂ ਦੀ ਬਰਾਬਰ ਦੀ ਭਾਈਵਾਲੀ ਤੋਂ ਬਿਨਾਂ ਦੇਸ ਦੇ ਅੰਦਰੋਂ ਸਾਮਰਾਜੀਆਂ ਤੇ ਉਹਨਾਂ ਦੇ ਜੋਟੀਦਾਰਾਂ ਦੀ ਲੁੱਟ ਦਾ ਖਾਤਮਾ ਸੰਭਵ ਨਹੀਂ। ਉਹਨਾਂ ਕਿਹਾ ਕਿ ਮੌਜੂਦਾ ਕਿਸਾਨ ਘੋਲ ਨੇ ਸਾਬਤ ਕਰ ਦਿੱਤਾ ਹੈ ਕਿ ਔਰਤਾਂ ਘੋਲਾਂ ਦੀ ਅਗਵਾਈ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹਨ। ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਭਗਤ ਸਿੰਘ ਵੱਲੋਂ ਅੰਗਰੇਜੀ ਸਾਮਰਾਜ ਤੋਂ ਮੁਕਤੀ ਲਈ ਮਜਦੂਰਾਂ ਕਿਸਾਨਾਂ ਦੀ ਜੋਟੀ ਅਤੇ ਜਮਾਤੀ ਸੰਘਰਸ ਦੇ ਮਹੱਤਵ ਦੀ ਚਰਚਾ ਕਰਦਿਆਂ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਜਮਾਤੀ ਸੰਘਰਸ ਨੇ ਮੋਦੀ ਸਰਕਾਰ ਦੇ ਫਿ?ਰਕੂ, ਜਾਤਪਾਤੀ ਤੇ ਅੰਨ੍ਹੇ ਰਾਸਟਰਵਾਦ ਰਾਹੀਂ ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਹੈ।


ਨੌਜਵਾਨ ਭਾਰਤ ਸਭਾ ਦੇ ਅਸਵਨੀ ਘੁੱਦਾ ਤੇ ਪੀ ਐਸ ਯੂ ਸਹੀਦ ਰੰਧਾਵਾ ਦੇ ਹੁਸ?ਿਆਰ ਸਿੰਘ ਸਲੇਮਗੜ੍ਹ ਨੇ ਭਗਤ ਸਿੰਘ ਦਾ ਨੌਜਵਾਨਾਂ ਦੇ ਨਾਂਅ ਸੁਨੇਹਾ ਸਾਂਝਾ ਕਰਦਿਆਂ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਭਗਤ ਸਿੰਘ ਦੀ ਸਾਮਰਾਜ ਵਿਰੋਧੀ ਵਿਰਾਸਤ 'ਤੇ ਪਹਿਰਾ ਦੇਣ ਦਾ ਸੱਦਾ ਦਿੱਤਾ।

ਇਸ ਮੌਕੇ ਅਧਿਆਪਕ ਜਥੇਬੰਦੀ ਡੀ ਟੀ ਐਫ ਦੇ ਪ੍ਰਧਾਨ ਦਿਗਵਿਜੇ ਪਾਲ ਸਰਮਾ ਤੋਂ ਇਲਾਵਾ ਹਰਿਆਣਾ ਦੇ ਉੱਘੇ ਕਿਸਾਨ ਆਗੂ ਜੋਗਿੰਦਰ ਘਾਸੀ ਰਾਮ ਨੈਣ ਤੇ ਬੀਕੇਯੂ ਏਕਤਾ ਉਗਰਾਹਾਂ ਦੀ ਹਰਿਆਣਾ ਕਮੇਟੀ ਦੇ ਆਗੂ ਮਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੀ ਕਲਮ ਤੋਂ ਲਿਖੇ ਗੀਤ ਭਗਤ ਸਿੰਘ ਦਾ ਸੁਨੇਹਾ 'ਤੇ ਪੀਪਲਜ ਆਰਟ ਥੀਏਟਰ (ਸਤਪਾਲ) ਵੱਲੋਂ ਪੇਸ ਕੋਰੀਓਗਰਾਫੀ ਰਾਹੀਂ ਕਲਮ,ਕਲਾਂ ਅਤੇ ਲੋਕ ਸੰਗਰਾਮ ਦੀ ਜੋਟੀ ਮਜਬੂਤ ਕਰਨ ਦਾ ਸੁਨੇਹਾ ਦਿੱਤਾ ਗਿਆ ।ਪਲਸ ਮੰਚ ਦੀਆਂ ਟੀਮਾਂ ਇਨਕਲਾਬੀ ਕਵੀਸਰੀ ਜਥਾ ਰਸੂਲਪੁਰ,ਲੋਕ ਸੰਗੀਤ ਮੰਡਲੀ ਧੌਲਾ ਅਤੇ ਲੋਕ ਸੰਗੀਤ ਮੰਡਲੀ ਮਸਾਣੀ ਦੇ ਧਰਮਿੰਦਰ ਮਸਾਣੀ ਨੇ ਗੀਤ ਸੰਗੀਤ ਰਾਹੀਂ ਸਾਮਰਾਜ ਵਿਰੋਧੀ ਕਾਨਫਰੰਸ ਦੇ ਸੁਨੇਹੇ ਨੂੰ ਗਾਇਨ ਕਲਾ ਰਾਹੀਂ ਪੇਸ ਕੀਤਾ ਗਿਆ।

ਯੂਨੀਅਨ ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਵੱਲੋਂ ਮੰਚ ਤੋਂ ਪੇਸ ਕੀਤੇ ਮਤਿਆਂ ਨੂੰ ਪੰਡਾਲ ਵੱਲੋਂ ਹੱਥ ਖੜ੍ਹੇ ਕਰਕੇ ਪਾਸ ਕਰਦਿਆਂ ਮੰਗ ਕੀਤੀ ਗਈ ਕਿ ਜਲਿਆਂ ਵਾਲਾ ਬਾਗ ਦਾ ਇਤਿਹਾਸਕ ਮੂਲ ਸਰੂਪ ਬਹਾਲ ਕੀਤਾ ਜਾਵੇ, ਬੁੱਧੀਜੀਵੀਆਂ ਨੂੰ ਰਿਹਾਅ ਕੀਤਾ ਜਾਵੇ , ਮੰਗੀਆਂ ਗਈਆਂ ਜਮੀਨੀ ਫਰਦਾਂ ਦੇ ਹੁਕਮ ਵਾਪਸ ਲਾਏ ਜਾਣ ,ਨਰਮੇ ਦੀ ਫਸਲ ਦੀ ਹੋਈ ਬਰਬਾਦੀ ਦਾ ਕਿਸਾਨਾਂ ਨੂੰ 60000 ਰੁਪਏ ਪ੍ਰਤੀ ਏਕੜ ਦੇ ਹਿਸਾਬ ਤੇ ਪ੍ਰਤੀ ਮਜਦੂਰ ਪਰਿਵਾਰ 30 ਹਜਾਰ ਰੁਪਏ ਦਾ ਮੁਆਵਜਾ ਦਿੱਤਾ ਜਾਵੇ ਅਤੇ ਨਕਲੀ ਕੀਟਨਾਸਕ ਵੇਚਣ ਵਾਲੇ ਡੀਲਰਾਂ ਤੇ ਕੰਪਨੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਇਸ ਮੌਕੇ ਉਘੇ ਚਿੰਤਕ ਡਾਕਟਰ ਸੁਰਜੀਤ ਲੀਅ, ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਆਗੂ ਬੂਟਾ ਸਿੰਘ ਨਵਾਂ ਸਹਿਰ, ਉੱਘੇ ਨਾਟਕਕਾਰ ਅਜਮੇਰ ਸਿੰਘ ਔਲਖ ਦੇ ਪਰਿਵਾਰ ਦੇ ਮੈਂਬਰ ਤੇ ਰੰਗ ਕਰਮੀ ਬਿੱਟੂ ਮਾਨਸਾ, ਤਰਕਸੀਲ ਆਗੂ ਰਾਜਿੰਦਰ ਭਦੌੜ, ਅਮਿਤ ਮਿੱਤਰ ਤੇ ਰਾਮ ਸਵਰਨ ਲੱਖੇਵਾਲੀ, ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸਨ ਦੇ ਆਗੂ ਡਾਕਟਰ ਮਨਜਿੰਦਰ ਸਿੰਘ ਸਰਾਂ ਤੇ ਉੱਘੇ ਕਹਾਣੀਕਾਰ ਅਤਰਜੀਤ ਸਿੰਘ ਸਮੇਤ ਹੋਰ ਕਈ ਉੱਘੀਆਂ ਸਖਸੀਅਤਾਂ ਵੀ ਮੌਜੂਦ ਸਨ।










*28 ਸਤੰਬਰ ਜਨਮ ਦਿਹਾੜੇ ਮੌਕੇ*

# ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਭਾਵਨਾ ਦੀ ਲਾਟ ਪ੍ਰਚੰਡ ਕਰੋ

ਇਨਕਲਾਬੀ ਲਹਿਰਾਂ ਦੇ ਮਹਾਨ ਆਗੂਆਂ ਦੀ ਮਹਾਨਤਾ ਇਸ ਗੱਲ ਵਿਚ ਹੁੰਦੀ ਹੈ ਕਿ ਆਪਣੇ ਜਿਉਂਦੇ ਜੀਅ ਉਹਨਾਂ ਦਾ ਨਾਂ ਇਨਕਲਾਬ ਦਾ ਮੂਲ ਮੰਤਰ ਬਣ ਜਾਂਦਾ ਹੈ। ਇਉਂ ਆਪਣੀ ਦੇਹ ਰੂਪੀ ਹੋਂਦ ਨੂੰ ਖਿਆਲਾਂ ਦੀਆਂ ਬਿਜਲੀ ਤਰੰਗਾਂ ਵਿਚ ਪਲਟਾਅ ਸਕਣ ਦੀ ਸਮਰੱਥਾ ਸਦਕਾ, ਅਜਿਹੇ ਆਗੂ ਇਸ ਫਾਨੀ ਜਿਸਮ ਦੇ ਖਾਕ ਹੋ ਜਾਣ ਦੀ ਸੀਮਤਾਈ ਨੂੰ ਸਰ ਕਰ ਜਾਂਦੇ ਹਨ। ਉਹ ਅਮਰ ਹੋ ਜਾਂਦੇ ਹਨ। ਮਰਨ ਤੋਂ ਬਾਅਦ ਵੀ ਉਹਨਾਂ ਦੇ ਖਿਆਲਾਂ ਦੀਆਂ ਬਿਜਲੀਆਂ ਲੋਕ ਲਹਿਰਾਂ ਦਾ ਰਾਹ ਰੁਸ਼ਨਾਉਂਦੀਆਂ ਰਹਿੰਦੀਆਂ ਹਨ ਅਤੇ ਇਨਕਲਾਬੀ ਲੋਕ ਹੱਲਿਆਂ ਦੀ ਪਦਾਰਥਕ ਸ਼ਕਤੀ ਵਿਚ ਪਲਟ ਕੇ, ਲੋਕ ਦੁਸ਼ਮਣਾਂ ਉਤੇ ਕੜਕਦੀਆਂ ਅਤੇ ਵਰਦੀਆਂ ਰਹਿੰਦੀਆਂ ਹਨ। ਕਮਿਊਨਿਸਟ ਇਨਕਲਾਬੀਆਂ ਲਈ, ਮਰਨ ਤੋਂ ਬਾਅਦ ਅਮਰ ਹੋ ਜਾਣ ਦਾ ਇਸ ਤੋਂ ਬਿਨਾ ਹੋਰ ਕੋਈ ਸੰਕਲਪ ਨਹੀਂ।

ਮਹਾਨ ਇਨਕਲਾਬੀ ਨਾਇਕਾਂ ਦੇ ਅਮਰ ਹੋ ਜਾਣ ਦੀ ਹਕੀਕਤ ਵਿਚੋਂ ਹੀ ਇਹ ਗੱਲ ਨਿੱਕਲਦੀ ਹੈ ਕਿ ਲੋਕ ਦੁਸ਼ਮਣ ਤਾਕਤਾਂ ਵੱਲੋਂ ਉਨਾਂ ਨੂੰ ਕਤਲ ਕਰਨ, ਅਤੇ ਇਨਕਲਾਬੀ ਤਾਕਤਾਂ ਵੱਲੋਂ ਉਹਨਾਂ ਨੂੰ ਸੁਰੱਖਿਅਤ ਰੱਖਣ ਦੀ ਲੜਾਈ ਉਹਨਾਂ ਦੇ ਸਰੀਰਕ ਤੌਰ 'ਤੇ ਖਤਮ ਹੋ ਜਾਣ ਤੋਂ ਬਾਅਦ ਵੀ ਜਾਰੀ ਰਹਿੰਦੀ ਹੈ। ਕਿਸੇ ਮਹਾਨ ਇਨਕਲਾਬੀ ਸ਼ਹੀਦ ਨੂੰ ਲੋਕ ਮਨਾਂ ਵਿਚੋਂ ਮਾਰਨ ਲਈ ਲੋਕ ਦੁਸ਼ਮਣ ਤਾਕਤਾਂ ਸਿੱਧੇ ਵਾਰ ਵੀ ਕਰਦੀਆਂ ਹਨ ਅਤੇ ਗੁੱਝੇ ਵੀ। ਇਕ ਪਾਸੇ ਇਹ ਤਾਕਤਾਂ ਉਸ ਸ਼ਹੀਦ ਦੇ ਇਨਕਲਾਬੀ ਵਿਚਾਰਾਂ ਦੇ ਸਿੱਧੇ ਵਿਰੋਧ ਦਾ ਪੈਂਤੜਾ ਲੈ ਕੇ, ਇਹਨਾਂ ਨੂੰ ਖਤਮ ਕਰਨ ਰਾਹੀਂ , ਉਸ ਨੂੰ ਕਤਲ ਕਰਨ ਦੇ ਪਹਿਲੇ ਯਤਨ ਜਾਰੀ ਰਖਦੀਆਂ ਹਨ। ਦੂਜੇ ਪਾਸੇ, ਸ਼ਹੀਦ ਦੇ ਪੈਰੋਕਾਰਾਂ ਅਤੇ ਪ੍ਰਸ਼ੰਸਕਾਂ ਦਾ ਭੇਖ ਧਾਰ ਕੇ, ਇਤਿਹਾਸਕ ਪ੍ਰਸੰਗ ਨੂੰ ਤੋੜ-ਮਰੋੜ ਕੇ ਸ਼ਹੀਦ ਦੇ ਇਤਿਹਾਸਕ ਇਨਕਲਾਬੀ ਰੋਲ ਨੂੰ ਧੁੰਦਲਾਉਣ ਰਾਹੀਂ, ਅਤੇ ਉਸ ਦੇ ਵਿਚਾਰਾਂ ਵਿਚ ਖੋਟ ਰਲਾ ਕੇ ਇਹਨਾਂ ਦੇ ਇਨਕਲਾਬੀ ਤੱਤ ਨੂੰ ਖਾਰਜ ਕਰਨ ਰਾਹੀਂ, ਉਸ ਨੂੰ ਇੱਕ ਬੇਜਾਨ ਤੇ ਖਤਰੇ ਰਹਿਤ ਬੁੱਤ ਵਿਚ ਬਦਲ ਕੇ ਇਹ ਤਾਕਤਾਂ ਉਸ ਨੂੰ ਨਵੇਂ ਤੇ ਗੁੱਝੇ ਢੰਗ ਨਾਲ ਕਤਲ ਕਰਨ ਦਾ ਯਤਨ ਕਰਦੀਆਂ ਹਨ। ਇਕ ਮਹਾਨ ਇਨਕਲਾਬੀ ਆਗੂ, ਮਰਨ ਤੋਂ ਬਾਅਦ, ਕਿਸ ਹੱਦ ਤੱਕ ਅਮਰ ਰਹਿ ਸਕਦਾ ਹੈ, ਇਹ ਗੱਲ ਨਿਰੀਪੁਰੀ ਇਸ ਉਤੇ ਨਿਰਭਰ ਨਹੀਂ ਕਰਦੀ ਕਿ ਆਪਣੇ ਜਿਉਂਦੇ ਜੀਅ ਉਹ ਕਿਸ ਹੱਦ ਤੱਕ ਲੋਕਾਂ ਦੇ ਦਿਲ ਦਿਮਾਗਾਂ ਉਤੇ ਛਾਇਆ ਰਿਹਾ ਹੈ ਅਤੇ ਉਸ ਦੀ ਦੇਣ ਕਿੰਨੀ ਕੁ ਪੁਖਤਾ, ਬਹੁਪੱਖੀ ਤੇ ਦੂਰਗਾਮੀ ਹੈ, ਸਗੋਂ ਇਸ ਉਤੇ ਵੀ ਨਿਰਭਰ ਕਰਦੀ ਹੈ ਕਿ ਉਸ ਦੀ ਵਾਰਸ ਪੀੜੀ ਆਪਣੇ ਸ਼ਹੀਦ ਨੂੰ ਅਮਰ ਰੱਖਣ ਲਈ ਕਿਸ ਲਗਨ ਅਤੇ ਸਮਰੱਥਾ ਨਾਲ ਜੂਝਦੀ ਹੈ।

ਹਰ ਸਾਲ 23 ਮਾਰਚ ਤੇ 28 ਸਤੰਬਰ ਨੂੰ ਅਸੀਂ, ਆਜ਼ਾਦੀ ਸੰਗਰਾਮ ਦੇ ਸਿਰਤਾਜ ਸ਼ਹੀਦ, ਭਗਤ ਸਿੰਘ ਦੇ ਸ਼ਹੀਦੀ ਦਿਨ ਉਤੇ ਭਗਤ ਸਿੰਘ ਜ਼ਿੰਦਾਬਾਦ ਦਾ ਨਾਅਰਾ ਬੁਲੰਦ ਕਰਦੇ ਹਾਂ। ਆਪਣੇ ਮਹਿਬੂਬ ਸ਼ਹੀਦ ਦੇ ਅਮਰ ਰਹਿਣ ਦੀ ਕਾਮਨਾ ਕਰਦੇ ਹਾਂ। ਭਗਤ ਸਿੰਘ, ਆਪਣੀ ਚੇਤੰਨ ਇਨਕਲਾਬੀ ਜ਼ਿੰਦਗੀ ਦੇ ਲੱਗਭੱਗ ਚਹੁੰ ਕੁ ਸਾਲਾਂ ਵਿਚ ਹੀ ਆਜ਼ਾਦੀ ਸੰਗਰਾਮ ਦੇ ਆਕਾਸ਼ ਉਤੇ ਧਰੂ ਤਾਰਾ ਬਣ ਕੇ ਆ ਚਮਕਿਆ। ਅੰਗਰੇਜ਼ ਬਸਤੀਵਾਦੀਆਂ ਦੀ ਹਨੇਰਗਰਦੀ ਤੇ ਗਾਂਧੀਵਾਦੀ ਕਾਂਗਰਸੀ ਲੀਡਰਸ਼ਿੱਪ ਦੀਆਂ ਗਦਾਰ ਲੂੰਬੜਚਾਲਾਂ ਦੇ ਧੁੰਦਲਕੇ ਨੂੰ ਚੀਰ ਕੇ ਅੰਬਰਾਂ ਨੂੰ ਲਿਸ਼ਕਾਰਦਾ ਹੋਇਆ ਸਾਢੇ ਤੇਈ ਸਾਲਾਂ ਦੀ ਉਮਰ ਵਿਚ ਹੀ ਅਲੋਪ ਹੋ ਗਿਆ।

ਭਗਤ ਸਿੰਘ ਦੀ ਸ਼ਹੀਦੀ (23 ਮਾਰਚ, 1931) ਤੋਂ ਮਗਰੋਂ ਉਸ ਨੂੰ ਅਮਰ ਰੱਖਣ ਦਾ ਕਾਰਜ ਹੁਣ ਦੀ ਇਨਕਲਾਬੀ ਪੀੜੀ ਦੇ ਮੋਢਿਆਂ ਉਤੇ ਹੈ ਅਤੇ ਉਸ ਨੂੰ ਖਤਮ ਕਰਨ ਦਾ ਕੰਮ, ਬਰਤਾਨਵੀ ਬਸਤੀਵਾਦੀਏ, ਭਾਰਤ ਵਿਚਲੇ ਆਪਣੇ ਵਾਰਸਾਂ ਨੂੰ ਸੌਂਪ ਗਏ ਹਨ। ਭਗਤ ਸਿੰਘ ਦੇ ਇਹ ਨਵੇਂ ਕਾਤਲ ਸਾਡੇ ਮੁਲਕ ਦੀਆਂ ਹਾਕਮ ਜਮਾਤਾਂ , ਇਨਾਂ ਦੀਆਂ ਸੇਵਾਦਾਰ ਹਾਕਮ ਜਮਾਤੀ ਸਿਆਸੀ ਪਾਰਟੀਆਂ, ਸੋਧਵਾਦੀ ਪਾਰਟੀਆਂ ਅਤੇ ਹਰ ਕਿਸਮ ਦੀਆਂ ਫਿਰਕੂ ਜਾਨੂੰਨੀ ਸ਼ਕਤੀਆਂ ਹਨ। ਜੇ ਲੋਕਾਂ ਨੇ ਆਪਣੇ ਸ਼ਹੀਦੇ ਆਜ਼ਮ ਨੂੰ ਅਮਰ ਰੱਖਣਾ ਹੈ ਤਾਂ ਉਹਨਾਂ ਲਈ ਇਹ ਗੱਲ ਜਾਨਣੀ ਨਿਹਾਇਤ ਜਰੂਰੀ ਹੈ ਕਿ ਭਗਤ ਸਿੰਘ ਦਾ ਨਾਂ ਕਿਹੋ ਜਿਹੀ ਇਨਕਲਾਬੀ ਭਾਵਨਾ ਦਾ ਅਤੇ ਕਿਹੜੇ ਇਨਕਲਾਬੀ ਵਿਚਾਰਾਂ ਦਾ ਮੂਲ ਮੰਤਰ ਹੈ। ਉਹਨਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਭਗਤ ਸਿੰਘ ਨੂੰ ਅਮਰ ਰੱਖਣ ਦਾ ਇੱਕੋ ਇੱਕ ਰਾਹ ਉਸ ਦੀ ਇਨਕਲਾਬੀ ਸਪਿਰਟ ਨੂੰ ਕਾਇਮ ਰੱਖਣਾ, ਉਸ ਦੇ ਵਿਚਾਰਾਂ ਉਤੇ ਡਟੇ ਰਹਿਣਾ ਅਤੇ ਅਮਲ ਰਾਹੀਂ ਉਹਨਾਂ ਨੂੰ ਪ੍ਰਫੁੱਲਤ ਕਰਨਾ ਹੈ।

ਭਗਤ ਸਿੰਘ ਇਕ ਅਜਿਹੀ ਇਨਕਲਾਬੀ ਭਾਵਨਾ ਦਾ ਮੂਲ ਮੰਤਰ ਹੈ ਜਿਹੜੀ ਜਲਿਆਂਵਾਲਾ ਬਾਗ ਵਿਚ ਹੋਏ ਕਤਲੇਆਮ ਦੀ ਖਬਰ ਸੁਣਦਿਆਂ ਹੀ, 12 ਸਾਲ ਦੇ ਇਕ ਮੁੰਡੇ (ਭਗਤ ਸਿੰਘ) ਨੂੰ ਧੂਹ ਕੇ, ਅਗਲੇ ਦਿਨ ਹੀ, ਇਸ ਖੂਨੀ ਕਾਂਡ ਦੇ ਘਟਨਾ ਸਥਾਨ ਉੱਤੇ ਲੈ ਜਾਂਦੀ ਹੈ। ਖੂੰਨ ਨਾਲ ਲੱਥ-ਪੱਥ ਮਿੱਟੀ ਦੀ ਛੂਹ ਨਾਲ ਇਹ ਅਲੂਆਂ ਮੁੰਡਾ, ਕਤਲ ਹੋਏ ਦੇਸ਼ ਵਾਸੀਆਂ ਦਾ ਦਰਦ ਅਤੇ ਆਜ਼ਾਦੀ ਦੀ ਬਿਹਬਲਤਾ ਨੂੰ ਆਪਣੇ ਦਿਲ ਦਿਮਾਗ ਵਿਚ ਸਮੋ ਲੈਂਦਾ ਹੈ। ਆਪਣੇ ਪ੍ਰੇਰਨਾ ਸਰੋਤ ਵਜੋਂ ਇਸ ਮਿੱਟੀ ਦਾ ਇਕ ਨਮੂਨਾ ਘਰ ਲੈ ਕੇ ਮੁੜਦਾ ਹੈ। 1921 ਦੇ ਨਨਕਾਣਾ ਸਾਹਿਬ ਦੇ ਖੂੰਨੀ ਕਾਂਡ ਤੋਂ ਬਾਅਦ ਇਹ, ਇਨਕਲਾਬੀ ਭਾਵਨਾ, 14 ਸਾਲ ਦੇ ਭਗਤ ਨੂੰ ਨਨਕਾਣਾ ਸਾਹਿਬ ਪਹੁੰਚ ਕੇ ਘਟਨਾ ਦਾ ਵਾਤਾਵਰਨ ਆਪਣੇ ਅੱਖੀਂ ਦੇਖਣ ਲਈ ਬੇਚੈਨ ਕਰ ਦਿੰਦੀ ਹੈ। ਫੇਰ ਨਵੰਬਰ 1921 ਦੀ ਨਾ-ਮਿਲਵਰਤਨ ਲਹਿਰ ਦੇ ਸ਼ੁਰੂ ਹੁੰਦਿਆਂ ਹੀ ਇਸ ਲਹਿਰ ਵਿਚ ਕੁੱਦਣ ਖਾਤਰ ਉਹ ਆਪਣੀ ਦਸਵੀਂ ਜਮਾਤ ਦੀ ਪੜ੍ਹਾਈ ਵਿਚੇ ਛੱਡ ਦਿੰਦਾ ਹੈ। ਇਹ ਇਨਕਲਾਬੀ ਭਾਵਨਾ, 19 ਸਾਲ ਦੇ ਗਭਰੂਟ ਨੂੰ , ਕੌਮੀ ਇਨਕਲਾਬੀ ਲਹਿਰ ਦੇ ਉਸ ਇਨਕਲਾਬੀ ਦਸਤੇ ਦੀ ਕਮਾਂਡ ਸਾਂਭਣ ਦਾ ਬਲ ਬਖਸ਼ਦੀ ਹੈ , ਜਿਸ ਦਾ ਮੱਥਾ ਇਕ ਪਾਸੇ ਬਰਤਾਨਵੀ ਸਲਤਨਤ ਵਰਗੀ ਸੰਸਾਰ ਤਾਕਤ ਨਾਲ, ਦੂਜੇ ਪਾਸੇ ਗਾਂਧੀਵਾਦੀ ਕਾਂਗਰਸੀ ਲੀਡਰਸ਼ਿੱਪ ਵਰਗੇ ਮੱਕਾਰ ਦੁਸ਼ਮਣਾਂ ਨਾਲ ਲੱਗਿਆ ਹੋਇਆ ਸੀ। ਮੁਲਕ ਦੀ ਇਨਕਲਾਬੀ ਲਹਿਰ ਦੀ ਵਾਗਡੋਰ ਸੰਭਾਲਣ ਦੀ ਲੋੜ ਨੇ ਉਸ ਦੀ ਜਗਿਆਸੂ ਭਾਵਨਾ ਨੂੰ ਪ੍ਰਚੰਡ ਕਰ ਦਿੱਤਾ ਅਤੇ ਉਸ ਅੰਦਰ ਅਧਿਐਨ ਕਰਨ ਦੀ ਭੁੱਖ ਭੜਕ ਉੱਠੀ। ਉਹ ਦੱਸਦਾ ਹੈ ਕਿ "ਅਧਿਐਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉੱਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਿਮਾਇਤ ਵਿਚ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ। ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਅਤੇ ਵਿਸ਼ਵਾਸ਼ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਭ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।"



ਕਿਸੇ ਬੰਦੇ ਅੰਦਰ ਇਨਕਲਾਬੀ ਭਾਵਨਾ ਕਿਸ ਹੱਦ ਤੱਕ ਰਮ ਚੁੱਕੀ ਹੈ, ਇਸ ਗੱਲ ਦਾ ਤਿੱਖਾ ਪ੍ਰਗਟਾਵਾ ਉਦੋਂ ਹੁੰਦਾ ਹੈ , ਜਦੋਂ ਹਾਲਤ ਦੇ ਕਿਸੇ ਗੇੜ ਵਿਚ ਉਹ ਅਜਿਹੇ ਚੌਰਾਹੇ ਉਤੇ ਆ ਖੜਦਾ ਹੈ, ਜਿੱਥੇ ਉਸ ਨੂੰ ਜਿੰਦਗੀ ਜਾਂ ਮੌਤ ਦੀ ਚੇਤਨ ਚੋਣ ਕਰਨੀ ਪੈਂਦੀ ਹੈ, ਜਿੱਥੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ ਉਸ ਵੱਲੋਂ ਮੌਤ ਨੂੰ ਧਾਅ ਗਲਵੱਕੜੀ ਪਾਉਣੀ ਜ਼ਰੂਰੀ ਹੋ ਜਾਂਦੀ ਹੈ ਅਤੇ ਮੌਤ ਤੋਂ ਬਚ ਸਕਣ ਦਾ ਲਾਲਚ ਲਹਿਰ ਨੂੰ ਠੇਸ ਪਹੁੰਚਾਉਂਦਾ ਹੈ। ਅਜਿਹੇ ਮੌਕੇ ਇਨਕਲਾਬੀ ਭਾਵਨਾ ਬੰਦੇ ਨੂੰ ਮੌਤ ਦੀ ਚੇਤਨ ਚੋਣ ਕਰਨ ਦਾ ਬਲ ਬਖਸ਼ਦੀ ਹੈ। ਗੁੱਸੇ ਨਾਲ ਪਾਗਲ ਹੋਇਆ ਜਾਂ ਕਿਸੇ ਜਨੂੰਨ ਹੇਠ, ਦਿਮਾਗੀ ਸਮਤੋਲ ਗੁਆ ਬੈਠਾ ਕੋਈ ਬੰਦਾ ਵੀ ਮੌਤ ਸਹੇੜ ਸਕਦਾ ਹੈ ਜਾਂ ਕਬੂਲ ਕਰ ਸਕਦਾ ਹੈ। ਪਰ ਇਹ, ਇੱਕ ਗੱਲ ਹੈ। ਅਤੇ ਠੰਢੇ ਦਿਮਾਗ ਨਾਲ ਸੋਚ ਵਿਚਾਰ ਕੇ ਮੌਤ ਦੀ ਚੋਣ ਕਰਨੀ, ਮੌਤ ਦੀ ਲਿਖੀ ਘੜੀ ਵੱਲ ਸ਼ਾਂਤ ਚਿੱਤ ਠਰੰਮੇ ਅਤੇ ਸਾਬਤ ਕਦਮੀ ਨਾਲ ਅੱਗੇ ਵਧਣਾ ਤੇ ਇਨਕਲਾਬੀ ਲਹਿਰ ਦੀਆਂ ਲੋੜਾਂ ਤਹਿਤ ਮਰਨ ਦਾ ਮੌਕਾ ਨਸੀਬ ਹੋਣ ਨੂੰ ਆਪਣਾ ਧੰਨਭਾਗ ਸਮਝਣਾ, ਉੱਕਾ ਹੀ ਇੱਕ ਹੋਰ ਗੱਲ ਹੈ ਅਤੇ ਇਨਕਲਾਬੀ ਭਾਵਨਾ ਦਾ ਕ੍ਰਿਸ਼ਮਾ ਹੈ। ਅਜਿਹੀ ਮੌਤ ਨੂੰ ਮਖੌਲਾਂ ਕਰ ਸਕਣ ਵਾਲੀ ਭਾਵਨਾ ਦਾ ਚਿੰਨ ਹੈ ਭਗਤ ਸਿੰਘ। ਫਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਆਪਣਾ ਪ੍ਰਤੀਕਰਮ ਜਾਹਰ ਕਰਦਾ ਹੋਇਆ ਉਹ ਆਪਣੀ ਇਕ ਚਿੱਠੀ ਵਿਚ ਲਿਖਦਾ ਹੈ, "ਮੈਨੂੰ ਸਜ਼ਾ ਸੁਣਾ ਦਿੱਤੀ ਗਈ ਹੈ ਅਤੇ ਫਾਂਸੀ ਦਾ ਹੁਕਮ ਹੋਇਆ ਹੈ। ਇਹਨਾਂ ਕੋਠੜੀਆਂ ਵਿਚ ਮੈਥੋਂ ਬਿਨਾਂ ਫਾਂਸੀ ਦੀ ਉਡੀਕ ਕਰਨ ਵਾਲੇ ਬਹੁਤ ਸਾਰੇ ਮੁਲਜ਼ਮ ਹਨ। ਇਹ ਲੋਕ ਇਹੀ ਅਰਦਾਸ ਕਰ ਰਹੇ ਹਨ ਕਿ ਕਿਸੇ ਤਰਾਂ ਫਾਂਸੀ ਤੋਂ ਬਚ ਜਾਣ ਅਤੇ ਉਹਨਾਂ ਵਿਚ ਸ਼ਾਇਦ ਮੈਂ ਇਕ ਅਜਿਹਾ ਆਦਮੀ ਹਾਂ, ਬੜੀ ਬੇਸਬਰੀ ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹਾਂ, ਜਦ ਮੈਨੂੰ ਆਪਣੇ ਆਦਰਸ਼ ਵਾਸਤੇ ਫਾਂਸੀ ਦੇ ਰੱਸੇ ਉਤੇ ਝੂਲਣ ਦਾ ਸੁਭਾਗ ਹਾਸਲ ਹੋਵੇਗਾ। ਮੈਂ ਇਸ ਖੁਸ਼ੀ ਨਾਲ ਫਾਂਸੀ ਦੇ ਤਖ਼ਤੇ ਉੱਤੇ ਚੜ ਕੇ ਦੁਨੀਆਂ ਨੂੰ ਦਿਖਾ ਦੇਵਾਂਗਾ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਕਿੰਨੀ ਵੀਰਤਾ ਨਾਲ ਕੁਰਬਾਨੀ ਦੇ ਸਕਦੇ ਹਨ।"

ਜਦੋਂ ਇਨਕਲਾਬੀ ਭਾਵਨਾ ਬੰਦੇ ਦੇ ਰੋਮ ਰੋਮ ਵਿਚ ਰਚ ਜਾਂਦੀ ਹੈ ਤਾਂ ਉਸ ਲਈ ਜਿੰਦਗੀ ਅਤੇ ਮੌਤ ਦੇ ਅਰਥ ਬਦਲ ਜਾਂਦੇ ਹਨ। ਜੁਲਮ, ਜਬਰ ਅਤੇ ਗੁਲਾਮੀ ਅੱਗੇ ਨਿੱਸਲ ਹੋ ਕੇ ਜਿਉਣ ਨੂੰ ਉਹ ਮਰਨਾ ਸਮਝਦਾ ਹੈ ਅਤੇ ਆਪਣੇ ਪੂਰੇ ਵਿਤ ਅਤੇ ਸਮਰੱਥਾ ਨੂੰ ਇਨਕਲਾਬੀ ਸੰਗਰਾਮ ਵਿਚ ਝੋਕ ਦੇਣਾ ਹਰ ਕਿਸਮ ਦੇ ਕਸ਼ਟਾਂ ਤੇ ਕਠਿਨਾਈਆਂ ਨੂੰ ਖਿੜੇ ਮੱਥੇ ਝੱਲਣਾ ਅਤੇ ਲੋੜ ਪੈਣ ਉਤੇ ਇਨਕਲਾਬ ਦੀ ਵੇਦੀ ਉਤੋਂ ਕੁਰਬਾਨ ਹੋ ਜਾਣ ਨੂੰ ਅਸਲੀ ਅਰਥਾਂ ਵਿਚ ਜਿੰਦਗੀ ਸਮਝਦਾ ਹੈ। ਇਨਕਲਾਬੀ ਆਦਰਸ਼ਾਂ ਲਈ ਜੂਝਣ ਦਾ ਇਕੋ ਇਕ ਹੋਂਦ ਰੂਪ ਜਾਂ ਜਿਉਣ ਦਾ ਇਕੋ ਇੱਕ ਢੰਗ ਰਹਿ ਜਾਂਦਾ ਹੈ। ਉਸ ਲਈ ਜਾਤੀ ਤੌਰ 'ਤੇ, ਜਿਉਂਦੇ ਰਹਿਣ ਜਾਂ ਮਰ ਜਾਣ ਵਿਚ ਅੰਤਰ ਬਹੁਤ ਹੱਦ ਤੱਕ ਘਟ ਜਾਂਦਾ ਹੈ ਕਿਉਂਕਿ ਦੋਵੇਂ ਹਾਲਤਾਂ ਉਸ ਲਈ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਦਾ ਸਾਧਨ ਰੂਪ ਹੀ ਹੁੰਦੀਆਂ ਹਨ। 8 ਅਪ੍ਰੈਲ 1929 ਨੂੰ ਅਸੈਂਬਲੀ ਵਿਚ ਬੰਬ ਸੁੱਟ ਕੇ ਗ੍ਰਿਫਤਾਰ ਹੋ ਜਾਣ ਤੋਂ ਲੈ ਕੇ 23 ਮਾਰਚ 1931 ਨੂੰ ਫਾਂਸੀ ਉਤੇ ਝੂਲ ਜਾਣ ਦਾ, ਭਗਤ ਸਿੰਘ ਦੀ ਜਿੰਦਗੀ ਦਾ ਅਰਸਾ, ਉਸ ਲਈ ਜਿੰਦਗੀ ਤੇ ਮੌਤ ਦੇ ਰਲਗੱਡ ਹੋ ਜਾਣ ਦਾ ਸਭ ਤੋਂ ਸੰਘਣਾ ਇਜ਼ਹਾਰ ਹੈ। ਗ੍ਰਿਫਤਾਰ ਹੋ ਜਾਣ ਵਾਲੇ ਦਿਨ ਤੋਂ ਲੈ ਕੇ ਉਸ ਨੂੰ ਇਹ ਪੱਕਾ ਪਤਾ ਸੀ ਕਿ ਉਸ ਨੂੰ ਹਰ ਹਾਲ ਫਾਂਸੀ ਦੀ ਸਜ਼ਾ ਮਿਲਣੀ ਹੈ ਕਿਉਂਕਿ ਉਹ ਤੇ ਉਹਦੇ ਸਾਥੀ, ਹਕੂਮਤ ਵੱਲੋਂ ਲਾਏ ਜਾਣ ਵਾਲੇ ਸੰਗੀਨ ਜੁਰਮਾਂ ਦੀ ਕੋਈ ਵੀ ਸਫਾਈ ਨਾ ਦੇਣ ਦੀ ਨੀਤੀ ਉਤੇ ਚੱਲ ਰਹੇ ਸਨ। ਇਸ ਤਰਾਂ ਨਿਸ਼ਚਤ ਰੂਪ ਵਿਚ ਸਾਹਮਣੇ ਖੜੀ ਮੌਤ ਦੇ ਪ੍ਰਛਾਵੇਂ ਹੇਠ ਵੀ ਉਸ ਨੇ ਆਪਣੇ ਆਪ ਨੂੰ ਇਨਕਲਾਬੀ ਰੁਝੇਵਿਆਂ ਵਿਚ ਇਉਂ ਝੋਕਿਆ ਹੋਇਆ ਸੀ ਜਿਵੇਂ ਲੰਮੀ ਉਮਰ ਜਿਉਂਦੇ ਰਹਿਣ ਦੀ ਆਸ ਨਾਲ , ਲੰਮੀਆਂ ਸਕੀਮਾਂ ਤਹਿਤ ਹੀ ਕੋਈ ਵਿਅਕਤੀ ਆਪਣੇ ਆਪ ਨੂੰ ਝੋਕ ਸਕਦਾ ਹੈ। ਇਸ ਜੇਲ ਅਰਸੇ ਦੌਰਾਨ ਉਹ ਭਾਰਤੀ ਇਨਕਲਾਬ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਲਈ ਅਧਿਐਨ ਤੇ ਸੋਚ ਵਿਚਾਰ ਕਰਨ, ਜੇਲ ਅੰਦਰਲੇ ਆਪਣੇ ਸਾਥੀਆਂ ਨਾਲ ਬਹਿਸ ਵਿਚਾਰਾਂ ਕਰਨ, ਮੁਲਕ ਦੇ ਇਨਕਲਾਬੀ ਕਰਿੰਦਿਆਂ ਨੂੰ ਅਗਵਾਈ ਦੇਣ ਅਤੇ ਭੁੱਖ ਹੜਤਾਲਾਂ ਦੇ ਹਥਿਆਰ ਰਾਹੀਂ ਹਕੂਮਤ ਨਾਲ ਭਿੜਨ ਅਤੇ ਮੁਕੱਦਮੇ ਦੌਰਾਨ ਅਦਾਲਤਾਂ ਨੂੰ ਆਪਣੀ ਪਾਰਟੀ ਦੇ ਵਿਚਾਰਾਂ ਦੇ ਪ੍ਰਚਾਰ ਦੇ ਪਲੈਟਫਾਰਮ ਵਜੋਂ ਵਰਤਣ ਦੇ ਰੁਝੇਵਿਆਂ ਵਿਚ ਐਨਾ ਗੁਆਚਿਆ ਹੋਇਆ ਸੀ ਜਿਵੇਂ ਪਲ ਪਲ ਉਸ ਵੱਲ ਵਧਦੀ ਆ ਰਹੀ ਮੌਤ ਦਾ ਵੀ ਚੇਤਾ ਹੀ ਭੁੱਲ ਜਾਂਦਾ ਹੋਵੇ। ਫਾਂਸੀ ਲੱਗਣ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਉਸਨੇ ਆਪਣੇ ਵਕੀਲ ਪ੍ਰਾਣ ਨਾਥ ਮਹਿਤਾ ਨੂੰ ਲੈਨਿਨ ਦੀ ਜੀਵਨੀ ਲਿਆ ਕੇ ਦੇਣ ਲਈ ਕਿਹਾ ਜੋ ਆਖਰੀ ਦਿਨ ਸ਼੍ਰੀ ਮਹਿਤਾ ਉਸ ਨੂੰ ਦੇ ਗਏ। ਆਖਰੀ ਵਕਤ ਤੱਕ ਭਗਤ ਸਿੰਘ ਬੜੀ ਨਿਸ਼ਠਾ ਅਤੇ ਇਕਾਗਰ ਮਨ ਨਾਲ ਲੈਨਿਨ ਦੀ ਜੀਵਨੀ ਪੜ ਰਿਹਾ ਸੀ ਅਤੇ ਜਦ ਜੇਲ ਦੇ ਕਰਮਚਾਰੀ ਉਸ ਨੂੰ ਫਾਂਸੀ ਦੇਣ ਲਈ ਲੈਣ ਆਏ ਤਾਂ ਉਸ ਨੇ ਕਿਹਾ, "ਠਹਿਰੋ, ਇੱਕ ਇਨਕਲਾਬੀ ਨੂੰ ਦੂਸਰੇ ਇਨਕਲਾਬੀ ਨਾਲ ਮਿਲਣ ਵਿਚ ਰੌਲਾ ਨਾ ਪਾਓ।" ਇਨਕਲਾਬੀ ਭਾਵਨਾ ਦੀ ਭਰਪੂਰਤਾ ਸਦਕਾ ਜ਼ਿੰਦਗੀ ਅਤੇ ਮੌਤ ਦੇ ਫਰਕ ਮਿਟ ਜਾਣ ਦੀ ਇਸ ਤੋਂ ਸ਼ਾਨਦਾਰ ਉਦਾਹਰਣ ਹੋਰ ਕੀ ਹੋ ਸਕਦੀ ਹੈ।

ਬਿਲਕੁਲ ਨਿਰਸਵਾਰਥ ਹੋ ਕੇ ਉਸ ਨੇ ਆਪਣੀ ਜ਼ਿੰਦਗੀ ਦਾ ਆਖਰੀ ਪਲ ਇਨਕਲਾਬ ਦੇ ਲੇਖੇ ਲਾਇਆ। ਇਉਂ ਹੀ ਮਰਨ ਵੇਲੇ ਵੀ ਉਸ ਦਾ ਇਕੋ ਇਕ ਸਵਾਰਥ ਅਤੇ ਇੱਕੋ ਇੱਕ ਧਰਵਾਸ ਅਤੇ ਇੱਕੋ ਇੱਕ ਮਕਸਦ ਇਹੋ ਸੀ ਕਿ ਉਸ ਦੀ ਮੌਤ ਦੀ ਘਟਨਾ ਨੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਦਾ ਉਹੀ ਰੋਲ ਅਦਾ ਕਰਨਾ ਹੈ, ਜਿਹੜਾ ਉਸ ਦੀਆਂ ਜੀਵਨ ਸਰਗਰਮੀਆਂ ਕਰਦੀਆਂ ਰਹੀਆਂ ਹਨ। ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਕੁੱਝ ਦਿਨ ਪਹਿਲਾਂ ਉਹ ਆਪਣੀ ਇੱਕ ਲਿਖਤ "ਮੈਂ ਨਾਸਤਕ ਕਿਉਂ ਹਾਂ ?" ਵਿਚ ਇਸ ਮਸਲੇ ਨੂੰ ਸੰਬੋਧਨ ਹੁੰਦਾ ਹੈ:

"ਪਹਿਲਾਂ ਹੀ ਚੰਗੀ ਤਰਾਂ ਪਤਾ ਹੈ ਕਿ (ਸਾਡੇ ਮੁਕੱਦਮੇਂ) ਦਾ ਕੀ ਫੈਸਲਾ ਹੋਵੇਗਾ.... ਮੈਂ ਆਪਣੀ ਜ਼ਿੰਦਗੀ ਆਦਰਸ਼ ਖਾਤਰ ਕੁਰਬਾਨ ਕਰ ਦੇਣੀ ਹੈ। ਇਸ ਵਿਚਾਰ ਤੋਂ ਬਿਨਾਂ ਮੇਰਾ ਹੋਰ ਕਿਹੜਾ ਧਰਵਾਸ ਹੈ ? ਕਿਸੇ ਆਸਤਕ ਹਿੰਦੂ ਨੂੰ ਤਾਂ ਦੂਸਰੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ, ਕੋਈ ਮੁਸਲਮਾਨ ਜਾਂ ਇਸਾਈ ਤਾਂ ਆਪਣੀਆਂ ਮੁਸ਼ਕਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗਲ ਫਾਂਸੀ ਦੀ ਫੰਦਾ ਪਾ ਦਿੱਤਾ ਜਾਵੇਗਾ ਤੇ ਪੈਰਾਂ ਹੇਠੋਂ ਫਾਂਸੀ ਦੇ ਫੱਟੇ ਖੋਲ ਦਿੱਤੇ ਗਏ, ਉਹ ਮੇਰਾ ਆਖਰੀ ਪਲ ਹੋਵੇਗਾ। ਮੇਰਾ ਜਾਂ .. .. ਮੇਰੀ ਆਤਮਾ ਦਾ ਬਿਲਕੁਲ ਖਾਤਮਾ ਹੋ ਜਾਵੇਗਾ। .. .. ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜੱਦੋਜਹਿਦ ਭਰੀ ਮੁਖਤਸਰ ਜ਼ਿੰਦਗੀ ਹੀ ਆਪਣੇ ਆਪ ਵਿਚ (ਮੇਰਾ) ਇਨਾਮ ਹੋਵੇਗੀ।"

ਫਾਂਸੀ ਤੋਂ ਇੱਕ ਦਿਨ ਪਹਿਲਾਂ, ਲਾਹੌਰ ਸਾਜਿਸ਼ ਕੇਸ ਦੇ ਦੂਸਰੇ ਬੰਦੀ ਇਨਕਲਾਬੀਆਂ ਨੇ ਭਗਤ ਸਿੰਘ ਕੋਲ ਇੱਕ ਚਿਟ ਭੇਜੀ, ਲਿਖਿਆ ਸੀ, "ਸਰਦਾਰ, ਜੇ ਤੁਸੀਂ ਫਾਂਸੀ ਤੋਂ ਬਚਣਾ ਚਾਹੁੰਦੇ ਹੋ ਤਾਂ ਦੱਸੋ ? ਇਹਨਾਂ ਘੜੀਆਂ ਵਿਚ ਸ਼ਾਇਦ ਕੁੱਝ ਹੋ ਸਕੇ।" ਇਸਦੇ ਜੁਆਬ ਵਿਚ ਲਿਖੀ ਚਿੱਠੀ, ਮੌਤ ਨਾਲ ਬਗਲਗੀਰ ਹੋਣ ਤੋਂ ਐਨ ਪਹਿਲਾਂ ਭਗਤ ਸਿੰਘ ਦੇ ਅੰਦਰਲੇ ਮਨ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ:

"ਜਿਉਂਦਿਆਂ ਰਹਿਣ ਦੀ ਖਾਹਸ਼ ਕੁਦਰਤੀ ਤੌਰ 'ਤੇ ਮੈਨੂੰ ਵੀ ਹੋਣੀ ਚਾਹੀਦੀ ਹੈ। ਮੈਂ ਇਸ ਨੂੰ ਲੁਕਾਉਣਾ ਨਹੀਂ ਚਾਹੁੰਦਾ। ਪਰ ਮੇਰਾ ਜਿਉਂਦਿਆਂ ਰਹਿਣਾ ਇਕ ਸ਼ਰਤ ਉਤੇ ਹੈ। ਮੈਂ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜਿਉਂਦਾ ਨਹੀਂ ਰਹਿਣਾ ਚਾਹੁੰਦਾ। "

"ਮੇਰਾ ਨਾਂ ਹਿੰਦੁਸਤਾਨੀ ਇਨਕਲਾਬ ਦਾ ਨਾਂ ਬਣ ਚੁੱਕਿਆ ਹੈ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਿਆਂ ਕਰ ਦਿੱਤਾ ਹੈ। ਏਨਾ ਉੱਚਾ ਕਿ ਜਿਉਂਦਿਆਂ ਰਹਿਣ ਦੀ ਸੂਰਤ ਵਿੱਚ ਇਸ ਨਾਲੋਂ ਉੱਚਾ ਮੈਂ ਕਦੇ ਵੀ ਨਹੀਂ ਹੋ ਸਕਦਾ। .. ..ਮੇਰੇ ਦਲੇਰੀ ਭਰੇ ਢੰਗ ਨਾਲ ਹਸਦਿਆਂ ਫਾਂਸੀ ਚੜਨ ਦੀ ਸੂਰਤ ਵਿਚ ਹਿੰਦੁਸਤਾਨੀ ਮਾਵਾਂ ਆਪਣੇ ਬੱਚਿਆਂ ਦੇ ਭਗਤ ਸਿੰਘ ਬਣਨ ਦੀ ਆਰਜ਼ੂ ਕਰਿਆ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਸ਼ੈਤਾਨੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗੀ.. .. ਮੈਥੋਂ ਵੱਧ ਖੁਸ਼ਕਿਸਮਤ ਕੌਣ ਹੋਵੇਗਾ ? ਅੱਜ ਕਲ ਮੈਨੂੰ ਆਪਣੇ ਆਪ ਉਤੇ ਬਹੁਤ ਨਾਜ਼ ਹੈ। ਹੁਣ ਤਾਂ ਬੜੀ ਬੇਤਾਬੀ ਨਾਲ ਆਖਰੀ ਇਮਤਿਹਾਨ ਦੀ ਉਡੀਕ ਹੈ। ਆਰਜ਼ੂ ਹੈ ਕਿ ਇਹ ਹੋਰ ਨੇੜ ਹੋ ਜਾਵੇ।"

ਅੱਜ ਭਗਤ ਸਿੰਘ ਜਿੰਦਾਬਾਦ ਜਾਂ ਭਗਤ ਸਿੰਘ ਅਮਰ ਰਹੇ ਦਾ ਨਾਅਰਾ ਧੁਰ ਅੰਦਰੋਂ ਬੁਲੰਦ ਕਰਨ ਵਾਲੇ ਹਰ ਵਿਅਕਤੀ ਨੂੰ ਇਹ ਚੰਗੀ ਤਰਾਂ ਪਤਾ ਹੋਣਾ ਚਾਹੀਦਾ ਹੈ ਕਿ ਇਸ ਨਾਅਰੇ ਦੇ ਬੁਲੰਦ ਕਰਨ ਦਾ ਮਤਲਬ ਆਪਣੇ ਆਪ ਨੂੰ ਸਾਡੇ ਸ਼ਾਨਾਮੱਤੇ ਸ਼ਹੀਦ ਦੇ ਰੂਬਰੂ ਖੜਾ ਕਰਕੇ, ਫਾਂਸੀ ਦੇ ਤਖਤੇ ਤੋਂ ਪਾਏ ਉਸ ਦੇ ਆਖਰੀ ਸੁਆਲ ਦਾ ਜੁਆਬ ਦੇਣਾ ਹੈ ਕਿ ਉਹ ਭਗਤ ਸਿੰਘ ਨੂੰ ਅਮਰ ਰੱਖਣ ਲਈ ਕੀ ਕਰ ਰਿਹਾ ਹੈ। ਇਨਕਲਾਬੀ ਭਾਵਨਾ ਦੇ ਇਕ ਸ਼ਾਨਦਾਰ ਨਮੂਨੇ ਵਜੋਂ ਭਗਤ ਸਿੰਘ ਸਾਡਾ ਕੌਮੀ ਆਦਰਸ਼ ਹੈ। ਉਸ ਨੂੰ ਅਮਰ ਰੱਖਣ ਦਾ ਮਤਲਬ , ਸਭ ਤੋਂ ਪਹਿਲਾਂ ਅਜਿਹੀ ਭਾਵਨਾ ਨੂੰ ਖੁਦ ਆਪਣੇ ਅੰਦਰ ਵਸਾਉਣਾ ਤੇ ਵਿਗਸਾਉਣਾ ਹੈ ਅਤੇ ਕਦਮ ਬ ਕਦਮ ਇਸ ਆਦਰਸ਼ ਵੱਲ ਅੱਗੇ ਵਧਣਾ ਹੈ। 23 ਮਾਰਚ ਤੇ 28 ਸਤੰਬਰ ਦੇ ਦਿਨ ਨੇ ਹਰ ਇਕ ਤੋਂ ਇਹ ਸੁਆਲ ਪੁੱਛਣਾ ਹੈ ਕਿ ਇਨਕਲਾਬ ਲਈ ਕਸ਼ਟਾਂ ਤੇ ਕਠਿਨਾਈਆਂ ਨੂੰ ਓਟਣ ਤੇ ਖਿੜੇ ਮੱਥੇ ਝੱਲਣ ਲਈ ਉਸ ਨੇ ਆਪਣੇ ਆਪ ਨੂੰ ਕਿਸ ਹੱਦ ਤੱਕ ਤਿਆਰ ਕੀਤਾ ਹੈ। ਇਹ ਪੁੱਛਣਾ ਹੈ ਕਿ ਕੀ ਉਸ ਨੇ ਲੋੜ ਪੈਣ 'ਤੇ ਇਨਕਲਾਬ ਲਈ ਮਰ ਜਾਣ ਦਾ ਅਹਿਸਾਸ ਕਦੇ ਹੰਢਾਇਆ ਹੈ ਜਾਂ ਨਹੀਂ ?

ਸ਼ਹੀਦੇ ਆਜ਼ਮ ਭਗਤ ਸਿੰਘ ਅਕਸਰ ਇਕ ਸ਼ੇਅਰ ਗੁਣਗੁਣਾਇਆ ਕਰਦੇ ਸਨ ਜਿਸ ਦਾ ਅਰਥ ਇਹ ਹੈ ਕਿ ਰਾਖ ਦੀ ਮੁਠੀ (ਮੁਸ਼ਤੇ ਖਾਕ) ਰੂਪੀ ਇਹ ਸਰੀਰ ਨਾਸ਼ ਹੋ ਸਕਦਾ ਹੈ ਪਰ ਮਨੁੱਖ ਦੇ ਵਿਚਾਰ ਹਮੇਸ਼ਾ ਜਿਉਂਦੇ ਰਹਿੰਦੇ ਹਨ। ਉਸ ਨੇ ਖੂਬਸੂਰਤ ਜਿੰਦਗੀ ਲਈ ਜੂਝਣ ਦੀ ਖੂਬਸੂਰਤੀ ਨੂੰ ਉਘਾੜਿਆ ਸੀ। ਆਓ, ਭਗਤ ਸਿੰਘ ਦੀ ਇਸ ਸ਼ਾਨਦਾਰ ਇਨਕਲਾਬੀ ਸਪਿਰਟ ਤੋਂ ਪ੍ਰੇਰਨਾ ਲੈਂਦੇ ਹੋਏ, ਉਨਾਂ ਬੋਲਾਂ ਨੂੰ ਮਨ 'ਚ ਵਸਾਈਏ ਤੇ ਬੁਲੰਦ ਕਰੀਏ ਕਿ -

**ਮੇਰੀ ਹਵਾ ਮੇਂ ਰਹੇਂਗੀ ਖਿਆਲ ਕੀ ਬਿਜਲੀ**
**ਯੇ ਮੁਸ਼ਤੇ ਖਾਕ ਹੈ ਫਾਨੀ, ਰਹੇ ਨਾ ਰਹੇ।**

# ਭੀਮਾ ਕੋਰੇਗਾਓਂ ਕੇਸ 'ਚ ਸਬੂਤ ਲੈਪਟਾਪ 'ਚ ਪਲਾਂਟ ਕੀਤੇ ਕਿਵੇਂ ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਅਮਰੀਕਾ ਸਥਿਤ ਇਕ ਡਿਜੀਟਲ ਫਾਰੇਂਸਿਕ ਕੰਪਨੀ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਜਨਵਰੀ 2018 ਵਿੱਚ ਮਹਾਰਾਸ਼ਟਰ ਦੇ ਭੀਮਾ ਕੋਰਗਾਓਂ ਕਸਬੇ ਦੀ ਹਿੰਸਾ ਦੇ ਕੁਝ ਦਿਨਾਂ ਬਾਅਦ ਸਮਾਜਿਕ ਕਾਰਕੁੰਨ ਰੋਨਾ ਵਿਲਸਨ ਦੇ ਕੰਪਿਊਟਰ ਵਿੱਚ ਉਨ੍ਹਾਂ ਨੂੰ "ਫਸਾਉਣ ਵਾਲੀਆਂ" 22 ਫਾਈਲਾਂ ਪਲਾਂਟ ਕੀਤੀਆਂ ਗਈਆਂ ਸਨ। 15 ਨਵੰਬਰ, 2018 ਤੋਂ ਇਨ੍ਹਾਂ ਫਾਇਲਾਂ ਨੂੰ ਮੁੱਖ ਸਬੂਤ ਮੰਨ ਕੇ ਪੁਣੇ ਪੁਲੀਸ ਅਤੇ ਕੌਮੀ ਜਾਂਚ ਏਜੰਸੀ (ਐਨਆਈਏ) ਵੱਲੋਂ ਇਨ੍ਹਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਰੋਨਾ ਵਿਲਸਨ ਅਤੇ 15 ਹੋਰ ਲੋਕਾਂ ਨੂੰ (ਜਿਨ੍ਹਾਂ ਚ ਵਕੀਲ, ਸਿੱਖਿਆ ਜਗਤ ਤੇ ਕਲਾ ਜਗਤ ਦੇ ਲੋਕ ਸ਼ਾਮਲ ਹਨ),'ਤੇ ਭਾਰਤ ਦੇ ਖਿਲਾਫ ਕੋਈ ਸਾਜ਼ਿਸ਼ ਰਚਣ ਦੇ ਦੋਸ਼ ਲਾ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ ਹੈ (ਸਵਾਏ ਵਰਵਰਾ ਰਾਓ ਦੇ ਜੋ ਫਿਲਹਾਲ ਜਮਾਨਤ ਤੇ ਹਨ)। ਫਿਲਹਾਲ ਇਹ ਲੋਕ ਬਿਨਾਂ ਮੁਕੱਦਮੇ ਦੀ ਸੁਣਵਾਈ ਦੇ ਹੀ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ। ਆਰਸੇਨਲ ਕੰਸਲਟੈਂਟ ਦੀ ਇਕ ਨਵੀਂ ਰਿਪੋਰਟ ਦੱਸਦੀ ਹੈ ਕਿ ਰੋਨਾ ਵਿਲਸਨ ਦਾ ਕੰਪਿਊਟਰ ਚਲਾਉਣ ਵਾਲੇ ਕਿਸੇ ਵੀ ਵਿਅਕਤੀ ਵੱਲੋਂ ਇਨ੍ਹਾਂ ਫਾਇਲਾਂ ਨੂੰ ਨਾ ਤਾਂ ਕ੍ਰਿਪਟ ਕੀਤਾ ਕੀਤਾ ਗਿਆ ਹੈ, ਨਾ ਹੀ ਖੋਲ੍ਹਿਆ ਗਿਆ ਤੇ ਨਾ ਹੀ ਵਰਤਿਆ ਗਿਆ ਹੈ। ਬਲਕਿ ਕਿਸੇ ਹੈਕਰ ਦੁਆਰਾ ਫਾਇਲਾਂ ਨੂੰ ਉਨ੍ਹਾਂ ਦੇ ਕੰਮਪਿਊਟਰ ਵਿੱਚ ਪਲਾਂਟ ਕਰਨ ਦੇ ਲਈ ਇੱਕ ਸਾਫਟਵੇਅਰ ਦੀ ਵਰਤੋਂ ਕੀਤੀ ਗਈ ਹੈ। ਨਵੰਬਰ 2019 ਵਿਚ ਕੋਰਟ ਦੇ ਹੁਕਮਾਂ ਪਿੱਛੋਂ ਕੰਪਿਊਟਰ ਦੀ ਇਲੈਕਟ੍ਰੋਨਿਕ ਕਾਪੀ ਰੋਨਾ ਵਿਲਸਨ ਦੇ ਵਕੀਲਾਂ ਨੂੰ ਪੁਲੀਸ ਨੇ ਦਿੱਤੀ। ਉਨ੍ਹਾਂ ਵਕੀਲਾਂ ਦੇ ਬੇਨਤੀ ਕਰਨ ਤੇ ਆਰਸੇਨਲ ਨੇ ਇਸ ਦੀ ਸਮੀਖਿਆ ਕੀਤੀ ਸੀ। ਆਰਸੇਨਲ ਦੀ ਨਵੀਂ ਰਿਪੋਰਟ, 2021 ਵਿੱਚ ਪਹਿਲੀ ਵਾਰ ਸਾਹਮਣੇ ਆਈ ਰਿਪੋਰਟ ਦਾ ਵਿਸਥਾਰ ਹੈ। ਇਹ ਰਿਪੋਰਟ ਦੱਸਦੀ ਹੈ ਕਿ ਕੰਪਿਊਟਰ ਵਿਚ ਕਿਸੀ ਗਲਤ ਸਾਫਟਵੇਅਰ ਦੇ ਜ਼ਰੀਏ ਦੱਸ ਫਾਈਲਾਂ ਪਲਾਟ ਕੀਤੀਆਂ ਗਈਆਂ ਸਨ। ਉਸ ਵਿੱਚ ਬਹੁਤੇ "ਫਸਾਉਣ ਵਾਲੇ ਪੱਤਰ" ਸਨ ਅਤੇ ਉਨ੍ਹਾਂ ਦੀ ਲਗਾਤਾਰ ਇਲੈਕਟ੍ਰੋਨਿਕ ਜਸੂਸੀ ਹੋ ਰਹੀ ਸੀ। ਦੂਜੀ ਰਿਪੋਰਟ ਅਜੇ ਤਕ ਜਨਤਕ ਨਹੀਂ ਹੋਈ ਹੈ ਪਰ ਆਰਟੀਕਲ 14 ਨੇ ਇਸ ਦੀ ਸਮੀਖਿਆ ਕੀਤੀ ਹੈ। ਰੋਨਾ ਵਿਲਸਨ ਦੇ ਕੰਪਿਊਟਰ ਵਿੱਚ ਮੌਜੂਦ ਜ਼ਿਆਦਾਤਰ ਫਾਇਲਾਂ ਦੇ ਨਾਲ ਕੋਈ ਪੁਖਤਾ ਸਬੰਧ ਦੇ ਸਬੂਤ ਨਹੀਂ ਮਿਲੇ ਹਨ। ਇਸ ਤੋਂ ਇਲਾਵਾ 24 ਚੋਂ 22 ਫਾਇਲਾਂ ਪਹਿਲੀ ਰਿਪੋਰਟ ਵਿੱਚ ਟਿੱਕੇ ਜਾ ਚੁੱਕੇ ਅਟੈਕਰ ਨਾਲ ਜੁੜੀਆਂ ਹਨ। ਬਹੁਤੀਆਂ 24 ਫਾਈਲਾਂ ਵਿੱਚੋਂ ਜਿ?ਆਦਾਤਰ ਪਬੰਦੀਸ਼ੁਦਾ ਭਾਰਤ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਮੈਂਬਰਾਂ ਵਿਚਾਲੇ ਫੰਡ ਟਰਾਂਸਫਰ, ਸੰਗਠਨ ਵਿਚ ਔਰਤਾਂ ਦੀ ਨੁਮਾਇੰਦਗੀ ਨੂੰ ਬੇਹਤਰ ਬਣਾਉਣ, ਪਾਰਟੀ ਦੇ ਮੈਂਬਰਾਂ ਨੂੰ ਆਪਸੀ ਸੰਵਾਦ ਸਥਾਪਤ ਕਰਨ ਚ ਆ ਰਹੀਆਂ ਮੁਸ਼ਕਿਲਾਂ, ਭਾਰਤੀ ਰਾਸ਼ਟਰ/ਰਾਜ ਦੇ ਇਨ੍ਹਾਂ ਲੋਕਾਂ ਤੇ ਧਾਵਾ ਬੋਲਣ ਆਦਿ ਬਾਰੇ ਆਪਸੀ ਸੰਵਾਦ ਤੇ ਕੁਝ ਮਾਓਵਾਦੀ ਗੁਰੀਲਿਆਂ ਦੀ ਤਸਵੀਰਾਂ ਹਨ। ਇਨ੍ਹਾਂ ਸ਼ੰਕਿਆਂ ਦੇ ਮੱਦੇਨਜ਼ਰ ਐਨਆਈਏ ਦੇ ਬੁਲਾਰੇ ਤੇ ਪੁਲੀਸ ਮੁਖੀ ਜੈ ਰਾਏ ਨੂੰ ਇਕ ਈ-ਮੇਲ ਦੇ ਜ਼ਰੀਏ ਵਿਸਥਾਰਿਤ ਪ੍ਰਸ਼ਨਾਵਲੀ ਭੇਜੀ ਗਈ ਤਾਂ ਜਿਸ ਵਿਚ ਉਸ ਨੂੰ ਆਰਸੇਨਲ ਦੀ ਰਿਪੋਰਟ ਵਿਚ ਆਏ ਸਿੱਟਿਆਂ ਅਤੇ ਸਰਕਾਰੀ ਫਾਰੇਂਸਿਕ ਲੈਬ ਦੀ ਪਹਿਲੀ ਰਿਪੋਰਟ ਨਾਲ ਜੁੜੇ ਸਵਾਲ ਪੁੱਛੇ ਗਏ। ਜੈ ਰਾਇ ਵੱਲੋਂ ਅਜੇ ਤੱਕ ਈ ਮੇਲ ਦਾ ਜਵਾਬ ਤਾਂ ਨਹੀਂ ਦਿੱਤਾ ਗਿਆ ਪਰ ਇੱਕ ਫੋਨ ਕਾਲ ਵਿੱਚ ਉਸ ਨੇ ਕਿਹਾ "ਅਸੀਂ ਨਿੱਜੀ ਲੈਬਸ ਦੀ ਰਿਪੋਰਟਸ ਦਾ ਨੋਟਿਸ ਨਹੀਂ ਲੈਂਦੇ। ਫਰੈਂਸਿਕ ਜਾਂਚਾਂ ਲਈ ਸਾਡੀਆਂ ਅਧਿਕਾਰਤ ਲੈਬਸ ਹਨ। ਜਿਵੇਂ: ਆਰਐਫਐਸਐੱਲ (ਰਿਜਨਲ ਫੌਰੈਂਸਿਕ ਸਾਇੰਸ ਲੈਬਾਰਟਰੀ) ਅਤੇ ਸੀਐਫਐਸਐਲ (ਸੈਂਟਰਲ ਫੋਰੈਂਸਿਕ ਸਾਇੰਸ ਲੈਬਾਰਟਰੀ)"

ਇਨ੍ਹਾਂ 16 ਜਣਿਆਂ ਦਾ ਕੇਸ ਅਦਾਲਤ ਵਿੱਚ ਅਜੇ ਕਈ ਸਾਲਾਂ ਤਕ ਚੱਲੇਗਾ। ਲਿਹਾਜ਼ਾ ਇਨ੍ਹਾਂ ਦੇ ਵਕੀਲ ਫਿਲਹਾਲ ਆਪਣੇ ਸਾਰਾ ਧਿਆਨ ਇਨ੍ਹਾਂ ਸਮਾਜਿਕ ਕਾਰਕੁੰਨਾਂ ਨੂੰ ਜ਼ਮਾਨਤ ਤੇ ਰਿਹਾਅ ਕਰਾਉਣ ਵਿਚ ਲਾ ਰਹੇ ਹਨ। ਮਿਸਾਲ ਵਜੋਂ ਵਿਲਸਨ ਦੇ ਵਕੀਲ ਅਰਸੈਨਲ ਦੀ ਦੂਸਰੀ ਰਿਪੋਰਟ ਨੂੰ ਆਪਣੀਆਂ ਦਲੀਲਾਂ ਨੂੰ ਮਜ਼ਬੂਤ ਕਰਨ ਦੇ ਲਈ ਇਸਤੇਮਾਲ ਕਰ ਸਕਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਸ਼ੁਰੂਆਤੀ ਦੌਰ ਵਿੱਚ ਹੀ ਇਲੈਕਟ੍ਰੋਨਿਕ ਸਬੂਤਾਂ ਨਾਲ ਛੇੜਛਾੜ ਕੀਤੀ ਗਈ ਹੈ। ਅਜਿਹੇ ਵਿੱਚ ਇਸ ਤੋਂ ਹਾਸਲ ਸਾਰੇ ਇਲੈਕਟ੍ਰੋਨਿਕ ਸਬੂਤ ਬੇਕਾਰ ਹੋ ਚੁੱਕੇ ਹਨ। ਸਾਰੇ 16 ਸਮਾਜਿਕ ਕਾਰਕੁੰਨਾਂ ਦੇ ਖਿਲਾਫ ਚੱਲ ਰਹੇ ਮਾਮਲੇ ਦੇ ਤਾਰ 31 ਦਸੰਬਰ, 2017 ਨੂੰ ਪੁਣੇ ਦੇ ਉੱਤਰ ਪੂਰਬ ਵਿੱਚ ਸਥਿਤ ਕਰੀਬ 9 ਹਜਾਰ ਦੀ ਆਬਾਦੀ ਵਾਲੇ ਭੀਮਾ ਕੋਰਗਾਓਂ ਕਸਬੇ ਵਿਚ ਹੋਏ ਅਲਗਾਰ ਪ੍ਰੀਸ਼ਦ ਦੇ ਆਯੋਜਨ ਨਾਲ ਜੁੜੇ ਹੋਏ ਹਨ। ਇਸ ਆਯੋਜਨ ਦਾ ਮੰਤਵ ਦਲਿਤਾਂ ਦੀ ਬਹੁਲਤਾ ਵਾਲੀ ਬ੍ਰਿਟਿਸ਼ ਫੌਜ ਵੱਲੋਂ ਮਹਾਰਾਸ਼ਟਰ ਦੇ ਪੇਸ਼ਵਾ ਦੀਆਂ ਸਵਰਨ ਸੈਨਿਕਾਂ ਨੂੰ ਧੂੜ ਚਟਾਉਣ ਵਾਲੀ ਘਟਨਾ ਦੀ 200ਵੀਂ ਵਰੇਗੰਢ ਦੇ ਜਸ਼ਨ ਦੇ ਆਯੋਜਨ ਨਾਲ ਹਿੰਦੂ ਪਿਛਾਕੜੀ ਭੜਕ ਗਏ। ਲਿਹਾਜ਼ਾ ਪੂਣੇ ਦੇ ਆਸਪਾਸ ਬ੍ਰਾਹਮਣ-ਮਰਾਠਿਆਂ ਤੇ ਦਲਿਤਾਂ ਵਿਚਾਲੇ ਟਕਰਾਅ ਹੋ ਗਿਆ। ਇਸ ਪਿਛੋਂ ਹਿੰਸਾ ਤੇ ਗੋਲੀਬਾਰੀ ਵੀ ਹੋਈ। ਜਲਦੀ ਹੀ ਇਸ ਪੂਰੇ ਮਾਮਲੇ ਦੀ ਜਾਂਚ ਨੂੰ ਪੁਣੇ ਪੁਲੀਸ ਨੇ ਭੜਕਾ ਕੇ ਇਕ ਨਵਾਂ ਰੂਪ ਦੇ ਦਿੱਤਾ। ਪੁਲਸ ਨੇ ਇਸ ਨੂੰ ਇੱਕ ਮਾਓਵਾਦੀ ਸਾਜਿਸ਼ ਦਾ ਨਾਂ ਦੇ ਦਿੱਤਾ। ਇਸ ਦਾ ਸਾਰਾ ਜੋਰ 'ਅਰਬਨ ਨਕਸਲ' ਤੇ ਸੀ। ਸ਼ਬਦ "ਅਰਬਨ ਨਕਸਲ" ਠੀਕ ਉਸੇ ਵੇਲੇ ਦੇ ਸੱਜ-ਪਿਛਾਕੜੀ ਸਮਰਥਕਾਂ ਅਤੇ ਨੇਤਾਵਾਂ ਵੱਲੋਂ ਸ਼ਹਿਰੀ ਬੁੱਧੀਜੀਵੀਆਂ ਤੇ ਸਮਾਜਿਕ ਕਾਰਕੁੰਨਾਂ ਦਾ ਮਖੌਲ ਉਡਾਉਣ ਲਈ ਪ੍ਰਚਾਰਿਆ ਜਾਣ ਲੱਗਿਆ। ਪੁਲੀਸ ਵੱਲੋਂ ਕਾਰਕੁੰਨਾਂ ਅਤੇ ਪ੍ਰੋਗਰਾਮ ਦੇ ਆਯੋਜਕਾਂ ਦੇ ਘਰੀਂ ਛਾਪੇ ਮਾਰੇ ਗਏ ਅਤੇ ਲੈਪਟੌਪ, ਹਾਰਡ ਡਿਸਕ ਅਤੇ ਦੂਜੇ ਡਿਵਾਈਸਿਸ ਜਬਤ ਕਰ ਲਏ ਗਏ। ਚਾਰਜਸ਼ੀਟ ਅਨੁਸਾਰ ਭੀਮਾ ਕੋਰੇਗਾਉਂ ਦੇ ਮੁੱਖ ਆਯੋਜਕਾਂ ਵਿੱਚੋਂ ਇੱਕ ਸੁਧੀਰ ਧਾਂਵਲੇ,ਰੋਨਾ ਵਿਲਸਨ ਤੇ ਵਕੀਲ ਸੁਰਿੰਦਰ ਗਾਡਗਿਲ ਦੇ ਕਥਿਤ ਸੰਪਰਕ ਦੇ ਕਾਰਨ ਉਨ੍ਹਾਂ ਦੇ ਟਿਕਾਣਿਆਂ ਤੇ ਵੀ ਛਾਪੇ ਮਾਰੇ ਗਏ। ਰੋਨਾ ਵਿਲਸਨ ਦੇ ਕੰਪਿਊਟਰ ਵਿੱਚੋਂ ਮਿਲੀਆਂ ਫਾਇਲਾਂ ਇਨ੍ਹਾਂ ਸਬੂਤਾਂ ਵਿੱਚੋਂ ਹਨ, ਜੋ ਵਕੀਲ ਅਤੇ ਸਮਾਜਕ ਕਾਰਕੁਨ ਸੁਧਾ ਭਾਰਦਵਾਜ, ਕਵੀ ਵਰਵਰਾ ਰਾਓ ਅਤੇ ਦੂਜੇ ਦੋਸ਼ੀਆਂ ਖਿਲਾਫ ਪੇਸ਼ ਕੀਤੀਆਂ ਗਈਆਂ ਹਨ। ਜਾਂਚ ਦੀ ਜਿੰਮੇਵਾਰੀ ਮਹਾਂਰਾਸਟਰ ਪੁਲੀਸ ਤੋਂ ਲੈ ਕੇ ਐੱਨਆਈਏ ਨੂੰ ਸੌਂਪ ਦਿੱਤੀ। ਇਹ ਕੰਮ ਜਿਉਂ ਹੀ ਰਾਜ ਦੀ ਸੱਤਾ ਤੋਂ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਗਈ ਤੇ ਮਹਾਂ ਵਿਕਾਸ ਦੇ ਗਠਬੰਧਨ ਵਾਲੀ ਵਰਤਮਾਨ ਸਰਕਾਰ ਸੱਤਾ ਵਿਚ ਆਈ, ਕਰ ਦਿੱਤਾ ਗਿਆ। ਐਨਆਈਏ ਦੇ ਮਾਮਲੇ ਵਿੱਚ ਇੱਕ ਵਾਧੂ ਦੋਸ਼ਪੱਤਰ ਦਾਇਰ ਕੀਤਾ ਗਿਆ।

ਇਸ ਚਾਰਜਸ਼ੀਟ ਵਿੱਚ ਜੇਸੂਇਟ ਪਾਦਰੀ ਸਟੈਨ ਸਵਾਮੀ, ਦਿੱਲੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਭਾਸ਼ਾ ਵਿਗਿਆਨ ਦੇ ਪ੍ਰੋਫ਼ੈਸਰ ਹੈਨੀ ਬਾਬੂ, ਗੋਆ ਪ੍ਰਬੰਧਨ ਸੰਸਥਾ ਦੇ ਪ੍ਰੋ ਆਨੰਦ ਤੈਲਤੁੰਬੜੇ ਅਤੇ ਪੱਤਰਕਾਰ ਗੌਤਮ ਨਵਲੱਖਾ ਦੇ ਨਾਂ ਵੀ ਜੋੜ ਦਿੱਤੇ ਗਏ।



ਇਨ੍ਹਾਂ ਲੋਕਾਂ ਤੇ ਗ਼ੈਰ ਕਾਨੂੰਨੀ ਸਰਗਰਮੀਆਂ ਰੋਕੂ ਅਧਿਨਿਯਮ (ਯੂਏਪੀਏ), 1967 ਤਹਿਤ ਪਾਬੰਦੀਸ਼ੁਦਾ ਮਾਓਵਾਦੀ ਸਮੂਹ ਦੇ ਨਾਲ ਮਿਲ ਕੇ ਭਾਰਤ ਸਰਕਾਰ ਦੇ ਖ਼ਿਲਾਫ਼ ਸਾਜ਼ਿਸ਼ ਕਰਨ ਦੇ ਦੋਸ਼ ਹਨ। ਇਸ ਅੱਤਵਾਦ ਵਿਰੋਧੀ ਕਾਨੂੰਨ ਤਹਿਤ ਖ਼ੁਦ ਨੂੰ ਨਿਰਦੋਸ਼ ਸਥਾਪਤ ਕਰਨ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਦੋਸ਼ੀਆਂ ਦੀ ਹੁੰਦੀ ਹੈ। ਦੂਜੀ ਰਿਪੋਰਟ ਵਿਚ ਇਲੈਕਟ੍ਰੋਨਿਕ ਸਰਗਰਮੀਆਂ ਦੀ ਇਕ ਲੜੀ ਦਾ ਪਤਾ ਲਾਇਆ ਗਿਆ ਹੈ ਜਿਸ ਦੇ ਲਈ 'ਪ੍ਰਸੈਸ ਟਰੀ' ਦੀ ਵਰਤੋਂ ਕੀਤੀ ਗਈ ਹੈ। ਇਸ ਤਹਿਤ "ਫਸਾਉਣ ਵਾਲੇ" ਦਸ ਦਸਤਾਵੇਜਾਂ ਨੂੰ ਪਲਾਂਟ ਕਰਨ ਦੇ ਲਈ ਜੋ ਤਰੀਕਾ ਹੈਕਰ ਨੇ ਵਰਤਿਆ ਸੀ ਉਸ ਦੇ ਡਿਜੀਟਲ ਪ੍ਰਿੰਟਸ ਦਾ ਪਿੱਛਾ ਕੀਤਾ ਗਿਆ। ਆਰਸੇਨਲ ਨੂੰ ਅਜਿਹੀਆਂ ਮਿਸਾਲਾਂ ਵੀ ਮਿਲਦੀਆਂ ਹਨ ਜਿੱਥੇ ਹੈਕਰ ਨੇ ਫਾਇਲਾਂ ਦਾ ਨਾਂ ਬਦਲ ਦਿੱਤਾ ਅਤੇ ਇੱਕ ਮਾਮਲੇ ਵਿੱਚ ਤਾਂ ਇੱਥੋਂ ਤੱਕ ਹੋਇਆ ਕਿ ਉਸ ਨੇ ਇਕ ਗਲਤੀ ਕੀਤੀ ਅਤੇ ਉਸ ਨੂੰ ਬਾਅਦ ਚ ਠੀਕ ਵੀ ਕਰ ਦਿੱਤਾ। ਆਰਸੇਨਲ ਦੇ ਮੁਖੀ ਮਾਰਕ ਸਪੈਂਸਰ ਨੇ ਆਪਣੀ ਨਵੀਂ ਰਿਪੋਰਟ ਦੇ ਮਹੱਤਵ ਨੂੰ ਸਮਝਦੇ ਹੋਏ ਕਿਹਾ "ਪ੍ਰਾਸਿਸ ਟ੍ਰੀ" ਜਿਸ ਵਿਚ "ਮੋਹਿਲਾ ਮੀਟਿੰਗ ਜਨ.ਪੀਡੀਐਫ" ਵੀ ਸ਼ਾਮਲ ਹੈ। ਦੂਜੀ ਰਿਪੋਟ ਦੀ ਸਭ ਤੋਂ ਅਹਿਮ ਖੋਜ ਹੈ। ਪਹਿਲੀ ਅਤੇ ਦੂਜੀ ਰਿਪੋਟ ਵਿੱਚ ਅਟੈਕਰ ਦੀਆਂ ਸਰਗਰਮੀਆਂ ਨਾਲ ਸਬੰਧਤ ਕਈ ਪੁਖਤਾ ਸਬੂਤ ਹਨ। ਇਹ 'ਪ੍ਰਾਸਿਸ ਟੀ' ਉਹਨਾਂ ਵਿਚ ਸਭ ਤੋਂ ਮਹੱਤਵਪੂਰਨ ਹੈ। ਜਿਸ ਮੋਹਿਲਾ ਮੀਟਿੰਗ ਦਾ ਜਿ?ਕਰ ਸਪੇਂਸਰ ਕਰ ਰਹੇ ਹਨ ਉਸ ਵਿੱਚ ਕਥਿਤ ਤੌਰ 'ਤੇ 2 ਜਨਵਰੀ 2018 ਨੂੰ ਮੋਹਿਲਾ (ਮਹਿਲਾ) ਮੀਟਿੰਗ ਦੀਆਂ ਜਾਣਕਾਰੀਆਂ ਹਨ। ਇਸ ਫਾਈਲ ਵਿਚ ਹੋਰ ਸਹਿ-ਦੋਸ਼ੀਆਂ, ਸਮਾਜਿਕ ਕਾਰਕੁੰਨਾਂ- ਸ਼ੋਮਾ ਸੇਨ, ਸੁਧਾ ਭਾਰਦਵਾਜ ਅਤੇ ਹੋਰਾਂ ਨੂੰ ਐੱਮਔਸ ਜਾਂ ਜਨ ਸੰਗਠਨਾਂ ਦੇ ਮੈਂਬਰਾਂ ਵਜੋਂ ਸੂਚੀਬੱਧ ਕੀਤਾ ਗਿਆ ਹੈ। "ਪ੍ਰਸੇਸ ਟ੍ਰੀ" ਦਾ ਜ਼ਿਕਰ ਕਰਦੇ ਹੋਏ ਸਪੇਂਸਰ ਨੇ ਦੱਸਿਆ ਕਿ ਇਹ ਸਾਨੂੰ ਇਸ ਗੱਲ ਦੀ ਜਾਣਕਾਰੀ ਦਿੰਦਾ ਹੈ ਕਿ ਕਿਵੇਂ ਅਤੇ ਕਦੋਂ ਅਟੈਕਰ ਨੇ ਹੈਕਿੰਗ ਵੱਲੋਂ ਪੀਡਤ ਦੇ ਕੰਪਿਊਟਰ ਵਿੱਚ ਫਾਇਲਾਂ ਪਲਾਂਟ ਕੀਤੀਆਂ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ 22 ਫਾਇਲਾਂ ਨੂੰ ਨੈੱਟਵਰਕ ਦੇ ਇਕ ਗੜਬੜ ਸਾਫਟਵੇਅਰ ਦੀ ਵਰਤੋਂ ਕਰਕੇ ਪਲਾਂਟ ਕੀਤਾ ਗਿਆ ਸੀ, ਜੋ ਹੈਕਰਜ ਲਈ ਉਨ੍ਹਾਂ ਦਾ ਲੈਪਟੌਪ ਖੋਲ੍ਹ ਦਿੰਦਾ ਹੈ। ਇਸ ਪਿੱਛੋਂ ਹੈਕਰ ਨੇ ਦੂਰੋਂ ਹੀ ਕਾਂਟੈਂਟ ਨੂੰ ਬਦਲਿਆ,ਜੋੜਿਆ ਜਾਂ ਹਟਾਇਆ ਅਤੇ ਕੰਪਿਊਟਰ ਦੀਆਂ ਸਰਗਰਮੀਆਂ ਤੇ ਨਜ਼ਰ ਰੱਖੀ। ਦੂਜੀ ਰਿਪੋਰਟ ਵਿੱਚ ਵਿਸਥਾਰ ਵਿੱਚ ਦੱਸਿਆ ਕਿ ਇਹ ਕਿ ਕਿਵੇਂ ਇਸੇ ਰਿਮੋਟ ਐਕਸੈਸ ਇਲੈਕਟ੍ਰਾਨਿਕ ਉਪਕਰਨ ਦੇ ਜ਼ਰੀਏ ਰੋਨਾ ਵਿਲਸਨ ਦੇ ਲੈਪਟਾਪ ਵਿੱਚ ਪਹਿਲੀ ਰਿਪੋਰਟ ਵਿੱਚ ਜ਼ਿਕਰ ਯੋਗ ਫਾਇਲਾਂ ਦੇ ਨਾਲ ਕਈ ਹੋਰ ਫਾਇਲਾਂ ਨੂੰ ਪਾਇਆ ਗਿਆ। ਇਨ੍ਹਾਂ ਦੀ ਵਰਤੋਂ ਬਾਅਦ ਵਿੱਚ ਜਾਂਚ ਅਧਿਕਾਰੀਆਂ ਵੱਲੋਂ ਰੋਨਾ ਵਿਲਸਨ ਅਤੇ ਹੋਰ ਲੋਕਾਂ ਨੂੰ ਫਸਾਉਣ ਲਈ ਕੀਤੀ ਗਈ ਸੀ।

**ਟਰੋਜਨ ਹਾਰਸ ਦੇ ਅੰਦਰ :** "ਮੋਹਿਲਾ ਮੀਟਿੰਗ ਡਾਕੂਮੈਂਟ" ਵਾਲੇ ਪ੍ਰਾਸੈਸ ਟ੍ਰੀ ਚ ਨੈੱਟਵਾਇਰ ਨੂੰ 11 ਜਨਵਰੀ, 2018 ਨੂੰ ਭੀਮਾ ਕੋਰੇਗਾਓਂ ਹਿੰਸਾ ਦੇ 11 ਦਿਨ ਬਾਅਦ ਸ਼ਾਮ 5 :04 ਮਿੰਟ ਤੇ ਲਾਗਇਨ ਕਰਨ ਪਿਛੋਂ ਖੁਦ ਲਾਂਚ ਹੁੰਦੇ ਵਿਖਾਇਆ ਗਿਆ। ਅਟੈਕਰ ਨੇ ਇਕ ਕਮਾਂਡ ਪ੍ਰਾਮਪਟ ਖੁੱਲ੍ਹਿਆ ਅਤੇ 5:10 ਅਤੇ 5:12 ਵਜੇ ਦਰਮਿਆਨ ਤਿੰਨ ਫਾਇਲਾਂ ਉਸ ਵਿੱਚ ਪਾ ਦਿੱਤੀਆਂ, ਜਿਨ੍ਹਾਂ ਚੋਂ ਇਕ "ਮੋਹਿਲਾ ਮੀਟਿੰਗ ਜਨ. ਪੀਡੀਐਫ" ਵੀ ਸ਼ਾਮਲ ਸੀ। ਇਸ ਪਿੱਛੋਂ ਇਨ੍ਹਾਂ ਫਾਇਲਾਂ ਨੂੰ ਅਸਥਾਈ ਤੌਰ ਤੇ ਰੱਖੇ ਗਏ, (UnRAR) ਦੀ ਵਰਤੋਂ ਕਰਕੇ ਇੱਕ ਛੁਪੇ ਹੋਏ ਫ਼ੋਲਡਰ ਵਿੱਚ ਪਾ ਦਿੱਤਾ ਗਿਆ। ਜਿਸ ਦਾ ਨਾਂ ਪਿੱਛੋਂ ਬਦਲ ਕੇ (Adobe.exe) ਕਰ ਦਿੱਤਾ ਗਿਆ। ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਕਿਵੇਂ ਅਟੈਕਰ ਨੇ ਫਾਇਲਾਂ ਨੂੰ ਪਲਾਂਟ ਕਰਨ ਦੀ ਕਮਾਂਡ ਲਿਖਦੇ ਹੋਏ ਗਲਤੀਆਂ ਕੀਤੀਆਂ ਅਤੇ ਫਿਰ ਉਨ੍ਹਾਂ ਨੂੰ ਠੀਕ ਵੀ ਕੀਤਾ। "ਕਿਸੇ ਅਟੈਕਰ ਨੂੰ ਗਲਤੀਆਂ ਕਰਦੇ ਹੋਏ ਦੇਖਣਾ ਦੁਰਲੱਭ ਹੈ। ਇਸ ਲਈ ਸਾਡੇ ਵਾਸਤੇ ਕੋਈ ਵੀ ਗਲਤੀ ਫੜਣਾ ਬੇਹੱਦ ਅਹਿਮ ਹੈ" ਸਪੇਂਸਰ ਨੇ ਕਿਹਾ। ਆਰਸਨਲ ਨੇ ਸਾਡੇ ਸਾਹਮਣੇ ਕਈ ਸਬੂਤ ਪੇਸ਼ ਕੀਤੇ ਜੋ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਰੋਨਾ ਵਿਲਸਨ ਦਾ ਕੰਪਿਊਟਰ ਨੈੱਟਵਾਇਰ ਦੇ ਜ਼ਰੀਏ ਚਲਾਇਆ ਜਾ ਰਿਹਾ ਸੀ। ਉਨ੍ਹਾਂ ਵਿਚ ਇਹ ਸਕਰੀਨ ਗਰੈਬ ਵੀ ਸਾਮਲ ਹੈ। "ਇਹ ਅਟੈਕਰ ਤੇ ਕਮਾਂਡ- ਐਂਡ-ਕੰਟਰੋਲ ਸਰਵਰ ਦੇ ਨਾਲ ਨੈੱਟਵਰਕ ਦੇ ਸੰਪਰਕ ਨੂੰ ਵਿਖਾਉਂਦਾ ਹੈ, ਜਿਸ ਨੂੰ ਅਸੀਂ ਰੋਨਾ ਵਿਲਸਨ ਦੇ ਕੰਪਿਊਟਰ ਵਿੰਡੋਜ ਹਾਈਬੇਸ਼ਨ ਤੋਂ ਬਰਾਮਦ ਕੀਤਾ ਹੈ," ਸਪੇਂਸਰ ਨੇ ਕਿਹਾ, ਹਾਈਬੇਸ਼ਨ 14 ਜਨਵਰੀ, 2018 ਨੂੰ ਹੋਇਆ। ਉਸ ਆਈਪੀ ਏਡ੍ਰੇਸ ਦੇ ਹੋਸਟ ਦਾ ਨਾਂ ਅਸੀਂ ਪਹਿਲੀ ਰਿਪੋਰਟ ਵਿੱਚ ਜਾਰੀ ਕਰ ਦਿੱਤਾ ਹੈ। ਪਰ ਹੁਣ ਲੋਕ ਬਤੌਰ ਮਿਸਾਲ ਇਹ ਦੇਖ ਸਕਦੇ ਹਨ ਕਿ ਸਾਡੇ ਪਾਸ ਕਿੰਨੀਆਂ ਜਾਣਕਾਰੀਆਂ ਹਨ। ਲੈਪਟਾਪ ਤੋਂ ਇਲਾਵਾ ਹਾਰਡ-ਡਿਸਕ ਤੇ ਅਤੇ ਪੈਨਡਰਾਇਵ ਦੀਆਂ ਫਾਇਲਾਂ ਵੀ ਰੋਨਾ ਵਿਲਸਨ ਅਤੇ ਹੋਰ ਲੋਕਾਂ ਤੇ ਸ਼ਿਕੰਜਾ ਕੱਸਣ ਲਈ ਵਰਤੀਆਂ ਗਈਆਂ। ਅਟੈਕਰ ਨੇ ਇਹ ਯਕੀਨੀ ਬਣਾਇਆ ਕਿ ਹੁੱਕ ਹੋਣ ਤੇ ਫਾਇਲਾਂ ਰੋਨਾ ਵਿਲਸਨ ਦੇ ਕੰਪਿਊਟਰ ਤੋਂ ਬਾਹਰੀ ਹਾਰਡਡ੍ਰਾਈਵ ਤੇ ਖੁਦ-ਬ-ਖੁਦ ਟਰਾਂਸਫਰ ਹੋ ਜਾਣ।" ਤੁਹਾਨੂੰ ਸਾਡੀ ਗੱਲ ਤੇ ਅੱਖਾਂ ਬੰਦ ਕਰਕੇ ਭਰੋਸਾ ਕਰਨ ਦੀ ਲੋੜ ਨਹੀਂ। ਪਹਿਲੀ ਅਤੇ ਦੂਜੀ ਰਿਪੋਰਟ ਵਿੱਚ ਜਾਣਕਾਰੀਆਂ ਜੋ ਸਾਂਝੀਆਂ ਕੀਤੀਆਂ ਗਈਆਂ ਹਨ ਉਹ ਕੋਈ ਵੀ ਪੇਸ਼ਾਵਰ ਡਿਜੀਟਲ ਫਾਰੈਂਸਿਕ ਮਾਹਰ ਇਨ੍ਹਾਂ ਇਲੈਕਟ੍ਰੋਨਿਕ ਸਬੂਤਾਂ ਦੀ ਵਰਤੋਂ ਕਰਕੇ ਕੱਢ ਸਕਦਾ ਹੈ। "ਸਪੇਂਸਰ ਨੇ ਕਿਹਾ। ਸਪੈਂਸਰ ਨੇ ਦੱਸਿਆ, ਪ੍ਰਾਸੈਸ ਟ੍ਰੀ ਨੇ ਅਟੈਕਰ ਨੂੰ ਰੰਗੇ ਹੱਥੀਂ ਫੜਿਆ ਹੈ। ਇਹ ਬਹੁਤ ਸਪੱਸ਼ਟ ਤੌਰ ਤੇ ਦਸਦਾ ਹੈ ਕਿ ਅਟੈਕਰ ਨੇ ਕਿਵੇਂ ਰੋਨਾ ਵਿਲਸਨ ਦੇ ਕੰਪਿਊਟਰ ਵਿਚ ਉਹਨਾਂ ਨੂੰ "ਫਸਾਉਣ ਵਾਲੀਆਂ ਫਾਈਲਾਂ" ਨੂੰ ਪਾਇਆ।" ਸਪੈਸਰ ਨੇ ਕਿਹਾ, "ਇਹ ਉਸ ਤਰ੍ਹਾਂ ਦੀ ਖੋਜ ਹੈ ਜੋ ਤਕਨੀਕੀ ਦੁਨੀਆਂ ਨਾਲ ਜੁੜੇ ਲੋਕਾਂ ਦੇ ਲਈ ਚਮਤਕਾਰ ਵਰਗੀ ਹੈ।" ਸਪੈਂਸਰ ਨੇ 2013 ਦੇ ਬੋਸਟਨ ਮੈਰਾਥਨ ਵਿੱਚ ਹੋਈ ਬੰਬਾਰੀ ਅਤੇ ਤੁਰਕੀ ਦੇ ਇੱਕ ਪੱਤਰਕਾਰ ਵਿਰੁੱਧ 2014 ਚ ਲੱਗੇ ਅੱਤਵਾਦ ਦੇ ਝੂਠੇ ਦੋਸ਼ਾਂ ਦੀ ਜਾਂਚ ਕੀਤੀ ਸੀ।

**ਐੱਨਆਈਏ:** ਸਾਡੀ ਕੋਲ ਇਲੈਕਟ੍ਰੋਨਿਕ ਸਬੂਤਾਂ ਤੋਂ ਇਲਾਵਾ ਵੀ ਸਬੂਤ ਹਨ। ਇਕ ਵਿਸ਼ੇਸ਼ ਅਦਾਲਤ ਵਿੱਚ ਆਰਸੇਨਲ ਵੱਲੋਂ ਜਾਰੀ ਕੀਤੀ ਗਈ ਪਹਿਲੀ ਰਿਪੋਰਟ ਦੇ ਆਧਾਰ ਤੇ ਆਨੰਦ ਤੇਲਤੁੰਬੜੇ ਦੇ ਵਕੀਲਾਂ ਨੇ ਜਦ ਜ਼ਮਾਨਤ ਦੀ ਅਰਜ਼ੀ ਲਾਈ ਤਦ ਐਨਆਈਏ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਇਨ੍ਹਾਂ ਸਿੱਟਿਆਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ "ਪ੍ਰਮਾਣਕ" ਨਹੀਂ ਹਨ। ਰਾਜ ਦੀ ਪੁਲੀਸ ਅਤੇ ਐਨਆਈਏ ਵੱਲੋਂ ਦਾਇਰ ਸੈਂਕੜੇ ਪੰਨਿਆਂ ਦੇ ਦੋਸ਼ ਪੱਤਰ ਰੋਨਾ ਵਿਲਸਨ ਤੇ ਹੋਰਾਂ ਦੇ ਇਲੈਕਟ੍ਰੋਨਿਕ ਉਪਕਰਨਾਂ ਤੋਂ ਬ੍ਰਾਮਦ ਕੀਤੇ ਗਏ ਸਬੂਤਾਂ ਤੇ ਹੀ ਆਧਾਰਤ ਹਨ, ਜਿਹਨਾਂ ਦੀ ਭਰੋਸੇਯੋਗਤਾ ਤੇ ਹੁਣ ਇਕ ਆਜਾਦ ਫੌਰੈਂਸਿਕ ਸੰਸਥਾ ਸੁਆਲ ਉਠਾ ਰਹੀ ਹੈ। 10ਫਰਵਰੀ ਨੂੰ ਦਿੱਤੇ ਇਕ ਬਿਆਨ ਵਿਚ ਐਨਆਈਏ ਨੇ ਅਪ੍ਰਤੱਖ ਤੌਰ ਤੇ ਆਰਸੇਨਲ ਦੀ ਪਹਿਲੀ ਰਿਪੋਟ ਨੂੰ ਖਾਰਜ ਕਰ ਦਿੱਤਾ ਸੀ। "ਅਦਾਲਤ ਵਿੱਚ ਦਾਇਰ ਦੋਸ਼ ਪੱਤਰ ਵਿਚ ਜਿਸ ਫਾਰੈਂਸਿਕ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ ਉਹ ਇਕ ਮਾਨਤਾ ਪ੍ਰਾਪਤ ਲੈਬਾਰਟਰੀ ਤੋਂ ਹਨ ਜੋ ਕਿ ਭਾਰਤੀ ਅਦਾਲਤਾਂ ਦੁਆਰਾ ਮਾਨਤਾ ਪ੍ਰਾਪਤ ਹਨ। ਇਸ ਮਾਮਲੇ ਵਿੱਚ ਇਹ ਕੰਮ ਪੁਣੇ ਵਿਚ ਰਿਜਨਲ ਫਾਰੈਂਸਿਕ ਸਾਇੰਸ ਲੈਬ ਵਲੋਂ ਕੀਤਾ ਗਿਆ ਸੀ। ਉਨ੍ਹਾਂ ਦੀ ਰਿਪੋਰਟ ਅਨੁਸਾਰ ਅਜਿਹਾ ਕੋਈ ਮੈਲਵੇਅਰ ਨਹੀਂ ਪਾਇਆ ਗਿਆ ਸੀ।" ਐੱਨਆਈਏ ਦੀ ਬੁਲਾਰਾ ਰਾਏ ਨੇ ਕਿਹਾ, "ਬਾਕੀ ਸਭ ਤੱਥਾਂ ਦੀ ਤੋੜ-ਮਰੋੜ ਹੈ।"

ਅਸੀਂ ਅਦਾਲਤ ਵਿਚ ਸਰਕਾਰੀ ਪੱਖ ਵੱਲੋਂ ਪੇਸ਼ ਦਸਤਾਵੇਜ਼ਾਂ ਦੀ ਸਮੀਖਿਆ ਕੀਤੀ। ਉਹ ਵਿਖਾਉਂਦੇ ਹਨ ਕਿ ਮਾਮਲੇ ਦੇ ਜਾਂਚ ਅਧਿਕਾਰੀ ਨੇ 13 ਅਕਤੂਬਰ 2018 ਨੂੰ ਫਰੈਂਸਿਕ ਲੈਬ ਨੂੰ ਇਹ ਦੱਸਣ ਲਈ ਕਿਹਾ ਕਿ ਦੋਸ਼ੀਆਂ ਦੇ ਇਲੈਕਟ੍ਰੋਨਿਕ ਡਿਵਾਈਸਿਸ ਦੇ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਹੈ। ਸਰਕਾਰੀ ਲੈਬ ਨੇ ਇਸ ਤੇ ਕੋਈ ਟਿੱਪਣੀ ਨਹੀਂ ਕੀਤੀ। ਇਸ ਪਿੱਛੋਂ ਸਰਕਾਰੀ ਪੱਖ ਨੇ ਕਿਹਾ ਕਿ ਅਜੇ ਕੁਝ ਹੋਰ ਫਾਰੈਂਸਿਕ ਰਿਪੋਰਟਾਂ ਦੀ ਉਡੀਕ ਕੀਤੀ ਜਾ ਰਹੀ ਹੈ। ਚਾਰਜਸ਼ੀਟ ਵਿੱਚ ਸ਼ਾਮਲ ਐੱਨਆਈਏ ਦੀ ਰਿਪੋਰਟ ਵਿੱਚ ਵੀ ਇਹ ਜ਼ਿਕਰ ਕੀਤਾ ਗਿਆ ਹੈ "ਕੁਝ ਖਾਸ ਫੋਰੈਂਸਿਕ ਸਾਇੰਸ ਲੈਬਾਰਟਰੀ (ਐਫਐਸਐਲ) ਦੀਆਂ ਰਿਪੋਰਟਾਂ ਅਜੇ ਹਾਸਲ ਨਹੀਂ ਹੋਈਆਂ ਹਨ।" ਜਦੋਂ ਇਸ ਵਿਸ਼ੇ ਤੇ ਐੱਨਆਈਏ ਦੀ ਬੁਲਾਰਾ ਰਾਏ ਤੋਂ ਟਿੱਪਣੀ ਮੰਗੀ ਤਾਂ ਉਨ੍ਹਾਂ ਕਿਹਾ ਕਿ "ਐਨਆਈਏ ਨੇ ਪਹਿਲਾਂ ਹੀ ਮਾਮਲੇ ਵਿੱਚ ਦੋਸ਼-ਪੱਤਰ ਦਾਖਲ ਕਰ ਦਿੱਤਾ ਹੈ ਅਤੇ ਮਾਮਲਾ ਫਿਲਹਾਲ ਅਦਾਲਤ ਵਿੱਚ ਵਿਚਾਰ ਅਧੀਨ ਹੈ। ਮੈਂ ਅਦਾਲਤ ਦੇ ਕਿਸੇ ਵੀ ਮਾਮਲੇ ਤੇ ਕੋਈ ਟਿੱਪਣੀ ਨਹੀਂ ਕਰਾਂਗੀ।" ਸਾਡਾ ਸਵਾਲ ਉਸ ਖਾਸ ਬਿੰਦੂ ਤੇ ਕੇਂਦਰਿਤ ਸੀ, ਜਿਸ ਦੇ ਮੁਤਾਬਕ ਆਰਐੱਫਐੱਸਐੱਲ ਦੇ ਰਿਕਾਰਡ ਤੇ ਸਬੂਤਾਂ ਦੀ ਛੇੜਛਾੜ ਨਾਲ ਸਬੰਧਤ ਕੋਈ ਜੁਆਬ ਨਹੀਂ ਦਿੱਤਾ ਸੀ। ਸ਼ੁਰੂਆਤ ਵਿੱਚ ਪੁਲੀਸ ਅਤੇ ਪਿੱਛੋਂ ਐਨਆਈਏ ਨੇ ਆਪਣੇ ਵੱਲੋਂ ਦਾਇਰ ਦਸਤਾਵੇਜ਼ਾਂ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਦੋਸ਼ੀਆਂ ਵਿਰੁੱਧ ਇਲਟ੍ਰੋਨਿਕ ਸਬੂਤਾਂ ਤੋਂ ਇਲਾਵਾ ਵੀ ਹੋਰ ਸਬੂਤ ਹਨ। ਸਾਰੇ ਮਨੁੱਖੀ ਅਧਿਕਾਰ ਕਾਰਕੁੰਨਾਂ ਅਤੇ ਵਕੀਲਾਂ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨੇ ਆਪਣੀ ਵਿਚਾਰਧਾਰਾ ਦੇ ਖ਼ਿਲਾਫ਼ ਹੋਣ ਕਾਰਨ ਇਨ੍ਹਾਂ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਦੀ ਲਈ ਸਬੂਤ ਘੜੇ ਹਨ। ਰੋਨਾ ਵਿਲਸਨ ਦੇ ਵਕੀਲ ਮਿਹਿਰ ਦੇਸਾਈ ਜੋ ਕਿ ਇੱਕ ਉੱਚ ਕੋਟੀ ਦੇ ਵਕੀਲ ਹਨ, ਨੇ ਕਿਹਾ "ਮਨੁੱਖੀ ਅਧਿਕਾਰ ਰਖਿਅਕਾਂ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਉਣ ਅਤੇ ਫਸਾਉਣ ਲਈ 2014 ਤੋਂ

ਇੱਕ ਕਾਰਜ ਪ੍ਰਣਾਲੀ ਤਿਆਰ ਕੀਤੀ ਗਈ ਸੀ ਤਾਂ ਕਿ ਇਹ ਲੋਕ ਲੰਮੇ ਸਮੇਂ ਤੱਕ ਕਾਨੂੰਨੀ ਚੱਕਰਾਂ ਵਿੱਚ ਉਲਝਦੇ ਰਹਿਣ। ਸਟ੍ਰੈਟਜੀ ਐਂਡ ਟੈਕਟਿਸਕ ਆਫ ਇੰਡੀਅਨ ਰੈਵੋਲੂਸ਼ਨ ਨਾ ਦਾ ਇੱਕ ਦਸਤਾਵੇਜ ਜਿਸ ਨੂੰ ਅਧਿਕਾਰੀਆਂ ਨੇ ਇੱਕ ਇਲੈਕਟ੍ਰਾਨ ਦਸਤਾਵੇਜ਼ ਦੇ ਤੌਰ ਤੇ ਪੇਸ਼ ਕੀਤਾ ਸੀ, ਉਹ ਕੋਈ ਗੁਪਤ ਦਸਤਾਵੇਜ਼ ਨਹੀਂ ਹੈ। ਇਹ ਜਨਤਕ ਤੌਰ ਤੇ ਮੁਹਇਆ ਹੈ।" ਉਨ੍ਹਾਂ ਨੇ ਕਿਹਾ ਅਤੇ ਵਾਕਿਆ ਹੀ ਸਿਰਫ ਇੱਕ ਗੂਗਲ ਸਰਚ ਕਰਨ ਤੇ ਇਹ ਦਸਤਾਵੇਜ ਵੀ ਸਾਡੇ ਸਾਹਮਣੇ ਆ ਗਏ। ਇਨ੍ਹਾਂ 16 ਵਿਅਕਤੀਆਂ ਦੇ ਖਿਲਾਫ ਆਪਣੇ ਕੇਸ ਨੂੰ ਮਜਬੂਤ ਕਰਨ ਲਈ ਪੁਣੇ ਪੁਲੀਸ ਨੇ ਇਲੈਕਟ੍ਰੋਨਿਕ ਰਿਪੋਰਟਸ ਤੇ ਚਸ਼ਮਦੀਦ ਗਵਾਹ ਤੋਂ ਇਲਾਵਾ ਐਲਗਾਰ ਪ੍ਰੀਸ਼ਦ ਵਿੱਚ "ਪਿਛੜੇ ਸਮੁਦਾਏ" ਦੇ ਵਿੱਚ ਪੂਲਿਤ "ਉਕਸਾਊ ਗੀਤਾਂ", "ਭਰਾਮਿਕ ਇਤਿਹਾਸ" ਦੇ ਪ੍ਰਸਾਰ ਅਤੇ "ਮਾਓਵਾਦੀ ਵਿਚਾਰਧਾਰਾ ਨੂੰ ਫੈਲਾਉਣ" ਦੇ ਯਤਨਾਂ ਦਾ ਹਵਾਲਾ ਦਿੱਤਾ ਹੈ। ਦੋਸ਼-ਪੱਤਰ ਵਿੱਚ ਇਹ ਕਥਿਤ 'ਸਬੂਤ' ਐਨਆਈਏ ਵਲੋਂ ਅਦਾਲਤ ਵਿਚ ਸਾਰੇ 16 ਦੋਸ਼ੀਆਂ ਖ਼ਿਲਾਫ਼ ਵਰਤੇ ਜਾ ਰਹੇ ਹਨ। ਇਨ੍ਹਾਂ ਸਰਗਰਮੀਆਂ ਨੂੰ ਦੇਸ਼ ਧ੍ਰੋਹ ਅਤੇ ਭਾਰਤ ਨੂੰ ਅਸਥਿਰ ਕਰਨ ਦੀਆਂ ਕੋਸਿ ?ਸਾਂ ਬਰਾਬਰ ਮੰਨਿਆ ਗਿਆ ਹੈ। ਇਸ ਆਯੋਜਨ ਵਿਚ ਪ੍ਰਤੀਰੋਧ ਦੇ ਜੋ ਗੀਤ ਗਾਏ ਗਏ ਸਨ ਅਤੇ ਚਾਰਜਸ਼ੀਟ ਵਿੱਚ ਜਿਨ੍ਹਾਂ ਦਾ ਹਵਾਲਾ ਸਾਜ਼ਿਸ਼ ਦੇ ਸਬੂਤਾਂ ਦੇ ਤੌਰ 'ਤੇ ਦਿੱਤਾ ਗਿਆ ਹੈ, ਉਨ੍ਹਾਂ ਬਾਰੇ ਸਵਾਲ ਕਰਨ ਤੇ ਦੇਸਾਈ ਨੇ ਉਲਟਾ ਸਾਥੋਂ ਹੀ ਪੁੱਛ ਲਿਆ "ਇਹ ਗੀਤ ਕਿਸ ਪ੍ਰਤੀ ਭੜਕਾਉਣ ਵਾਲੇ ਸਨ ? ਵਿਰੋਧ ਅਤੇ ਜਾਤੀ ਵਿਰੋਧੀ ਗੀਤ ਮਹਾਰਾਸ਼ਟਰ ਵਿਚ ਇਕ ਰਵਾਇਤ ਹੈ। ਅੰਨ੍ਹਾ ਭਾਊ ਸਾਠੇ, ਸ਼ਾਇਰ ਅਮਰ ਸ਼ੇਖ, ਡੀ ਐਨ ਗਵਨਕਰ ਅਤੇ ਵਿਲਾਸ ਘੋਗਰੇ ਅਤੇ ਸ਼ੰਭਾਜੀ ਭਗਤ ਵਰਗੇ ਗਾਥਾ ਗੀਤ ਕਹਿਣ ਵਾਲੇ ਰਾਜ ਦੇ ਸੱਭਿਆਚਾਰਕ ਪਰਿਵੇਸ਼ ਦਾ ਹਿੱਸਾ ਹਨ।" ਮਹਾਰਾਸ਼ਟਰ ਦੇ ਪ੍ਰਸਿੱਧ ਸਮਾਜ ਸੁਧਾਰਕਾਂ ਅਤੇ ਕ੍ਰਾਂਤੀਕਾਰੀ ਕਵੀਆਂ ਦੇ ਜ਼ਰੀਏ ਉਨ੍ਹਾਂ ਨੇ ਸਾਨੂੰ ਸਮਝਾਇਆ। 16 ਦੋਸ਼ੀਆਂ ਖਿ ?ਲਾਫ ਚੱਲ ਰਹੇ ਮਾਮਲੇ ਵਿਚ ਕਬੀਰ ਕਲਾ ਮੰਚ (ਐਲਗਾਰ ਪ੍ਰੀਸ਼ਦ ਦਾ ਇੱਕ ਸੱਭਿਆਚਾਰਕ ਸੰਗਠਨ) ਦੀਆਂ ਪੇਸ਼ਕਾਰੀਆਂ ਵੀ ਲੋਕਾਂ ਦੇ ਮਨ ਵਿੱਚ ਸਰਕਾਰ ਦੇ ਖ਼ਿਲਾਫ਼ ਨਫ਼ਰਤ ਪੈਦਾ ਕਰਨ ਦੇ ਯਤਨਾਂ ਦੇ ਰੂਪ ਵਿਚ ਸੂਚੀਬੱਧ ਹਨ। ਚਾਰਜਸ਼ੀਟ ਚ ਕਥਿਤ ਤੌਰ ਤੇ ਸਮੂਹ ਵੱਲੋਂ ਪੇਸ਼ ਕੀਤੇ ਗਏ ਗਾਣੇ ਦੇ ਬੋਲ ਵੀ ਸੂਚੀਬੱਧ ਹਨ। ਜਿਵੇਂ ਕਿ "ਜਬ ਜੁਲਮ ਹੋ ਤੋ ਬਗ਼ਾਵਤ ਹੋਣੀ ਚਾਹੀਏ ਸ਼ਹਿਰ ਮੇਂ, ਅਗਰ ਬਗ਼ਾਵਤ ਨਾ ਹੋ ਤੋ, ਬੇਹਤਰ ਹੈ ਕਿ, ਯੈ ਰਾਤ ਢਲਨੇ ਸੇ ਪਹਿਲੇ ਸ਼ਹਿਰ ਜਲ ਕਰ ਰਾਖ ਹੋ ਜਾਏ।"

ਦੋਸ਼ ਸੂਚੀ ਅਨੁਸਾਰ ਦਸਤਾਵੇਜ਼ਾਂ ਵਿਚ ਇਹ ਦਿਸਦਾ ਹੈ ਕਿ ਰੋਨਾ ਵਿਲਸਨ ਸਮੇਤ 16 ਹੋਰ ਦੋਸ਼ੀ ਇਹ ਮੰਨ ਚੁੱਕੇ ਹਨ ਕਿ ਦਲਿਤ, ਬੀਜੇਪੀ ਤੇ ਆਰਐਸਐਸ ਦੇ ਖਿਲਾਫ ਹੋ ਚੁੱਕੇ ਹਨ, ਕਿਉਂਕਿ ਉਹ ਉਨ੍ਹਾਂ ਨੂੰ ਬ੍ਰਾਹਮਣ ਵਿਰੋਧੀ ਮੰਨਦੇ ਹਨ। ਇਸ ਸਾਰੇ ਕੁੱਝ ਕਰਕੇ ਦੋਸ਼-ਪੱਤਰ ਵਿੱਚ ਇਹ ਸਿੱਟਾ ਕੱਢਿਆ ਗਿਆ ਹੈ ਕਿ 16 ਦੋਸ਼ੀ ਦਲਿਤਾਂ ਦੀ ਇਸ ਭਾਵਨਾ ਦੀ ਵਰਤੋਂ ਬੀਜੇਪੀ ਅਤੇ ਆਰਐਸਐਸ ਖ਼ਿਲਾਫ਼ ਅਰਾਜਕਤਾ ਪੈਦਾ ਕਰਨਾ ਚਾਹੁੰਦੇ ਹਨ। ਇੰਨਾ ਹੀ ਨਹੀਂ ਇਸ ਤਥਾਕਥਿਤ ਸਬੂਤ ਦੇ ਜ਼ਰੀਏ ਜਾਂਚ ਸੰਸਥਾਵਾਂ ਨੇ ਇਹ ਸਿੱਟਾ ਵੀ ਕੱਢਿਆ ਹੈ ਕਿ ਇਹ ਸਾਰੇ ਬੁੱਧੀਜੀਵੀ, ਮਨੁੱਖੀ ਅਧਿਕਾਰ ਕਾਰਕੁੰਨ ਅਤੇ ਕਵੀ ਭਾਰਤ ਦੀ ਏਕਤਾ ਤੇ ਅਖੰਡਤਾ ਦੇ ਖਿਲਾਫ ਕੰਮ ਕਰ ਰਹੇ ਸਨ। ਪੁਲੀਸ ਦੋਸ਼ਪੱਤਰ ਦਾ ਇੱਕ ਖਾਸ ਪਹਿਰਾ ਕਹਿੰਦਾ ਹੈ, "ਜਬਤ ਕੀਤੇ ਗਏ ਪੱਤਰ ਵਿਹਾਰ ਵਿੱਚ ਇਹ ਕਿਹਾ ਗਿਆ ਹੈ ਕਿ ਪਿਛੜੇ ਫਿਰਕੇ ਦੀ ਸੋਚ ਬ੍ਰਾਹਮਣ ਹਿਤੈਸ਼ੀ ਬੀਜੇਪੀ ਅਤੇ ਆਰਐਸਐਸ ਖਿਲਾਫ ਹੋ ਚੁੱਕੀ ਹੈ। ਦੋਸ਼ੀਆਂ ਦਾ ਸੋਚਣਾ ਸੀ ਕਿ ਇਸ ਤਰ੍ਹਾਂ ਦੀ ਅਸ਼ਾਂਤੀ ਦੀ ਵਰਤੋਂ ਆਪਣੇ ਫ਼ਾਇਦੇ ਲਈ ਕੀਤੀ ਜਾ ਸਕਦੀ ਹੈ ਅਤੇ ਲੋਕ ਨੂੰ ਵੱਡੀ ਪੱਧਰ ਤੇ ਸਰਕਾਰ ਦੇ ਖ਼ਿਲਾਫ਼ ਜਥੇਬੰਦ ਕਰਕੇ ਵੱਡੇ ਪੈਮਾਨੇ ਤੇ ਅਰਾਜਕਤਾ ਫੈਲਾਈ ਜਾਏ।" (ਸਰੋਤ:ਇੱਕ ਨਿਊਜ ਵੈਬ ਪੋਰਟਲ ਤੋਂ ਧੰਨਵਾਦ ਸਹਿਤ)

# ਚੋਣਾਂ ਜਿੱਤਣ ਲਈ ਮੁੱਖ ਮੰਤਰੀ ਚਿਹਰੇ ਐਲਾਨਣਾ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070



ਦੇਸ਼ ਵਿਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਵਿਧਾਨ ਸਭਾ ਚੋਣਾਂ ਹੁਣ ਆਪਣੇ ਚੋਣ ਮੈਨੀਫੈਸਟੋ ਅੱਗੇ ਰੱਖਕੇ ਨਹੀਂ, ਸਗੋਂ ਉਸ ਸੂਬੇ ਦਾ ਮੁੱਖ ਮੰਤਰੀ ਦਾ ਚਿਹਰਾ ਕੌਣ ਹੋਵੇਗਾ, ਇਸ ਅਧਾਰ ਤੇ ਲੜਨ ਲੱਗ ਪਈਆਂ ਹਨ। ਇਸ ਤੋਂ ਵੀ ਅਗਲੀ ਗੱਲ ਇਹ ਹੈ ਕਿ ਲਗਭਗ ਸਾਰੀਆਂ ਪਾਰਟੀਆਂ ਹੀ ਆਪਣੇ ਵਰਕਰਾਂ, ਹੇਠਲੇ ਜ਼ਮੀਨੀ ਪੱਧਰ ਦੇ ਨੇਤਾਵਾਂ ਦੀ ਹਕੀਕੀ ਰਾਏ ਨਾਲੋਂ ਵੱਧ ਆਪਣੀ ਸਿਆਸੀ ਪਾਰਟੀ ਲਈ ਕਰੋੜਾਂ ਰੁਪਏ ਦੇ ਕਿਰਾਏ 'ਤੇ ਰੱਖੇ ਚੋਣਾਂ ਲੜਾਉਣ ਵਾਲੇ ਮਾਹਰਾਂ ਵਲੋਂ ਤਿਆਰ ਸਮੱਗਰੀ, ਚੋਣ ਨਾਹਰੇ, ਚੋਣ ਯੁਗਤਾਂ ਨੂੰ ਅੰਤਿਮ ਮੰਨਕੇ ਅੱਗੇ ਤੁਰਦੇ ਹਨ। ਬਹੁਤੀਆਂ ਪਾਰਟੀਆਂ ਇਹਨਾ ਕਾਰਪੋਰੇਟੀ ਮਾਹਿਰਾਂ ਦੀ ਸਲਾਹ ਨੂੰ ਤਰਜ਼ੀਹ ਦੇ ਕੇ ਆਪਣੇ ਵਰਕਰਾਂ, ਨੇਤਾਵਾਂ ਨੂੰ ਵਿਧਾਇਕੀ ਟਿਕਟਾਂ ਦੇ ਕੇ ਚੋਣਾਂ ਲੜਾਉਂਦੀਆਂ ਹਨ।

ਪੰਜਾਬ ਦੇ ਮੌਜੂਦਾ ਹਾਲਾਤ ਵੇਖੋ, ਅਕਾਲੀ ਦਲ ਬਾਦਲ ਅਤੇ ਬਸਪਾ ਨੇ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ। ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਦੇ ਚਿਹਰੇ ਲਈ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਕਾਰ ਮੁਕਾਬਲੇਬਾਜੀ ਹੈ,ਕਿਉਂਕਿ ਕਾਂਗਰਸ' ਹਾਈ ਕਮਾਂਡ ਨੇ ਹੀ ਤਹਿ ਕਰਨਾ ਹੈ ਕਿ ਵਿਧਾਨ ਸਭਾ ਚੋਣਾਂ 'ਚ ਮੁੱਖ ਮੰਤਰੀ ਦਾ ਕਾਂਗਰਸੀ ਚਿਹਰਾ ਕੌਣ ਹੋਵੇ। ਭਾਜਪਾ ਨੇ ਕਿਸੇ ਐਸ.ਸੀ. ਵਰਗ ਦੇ ਨੇਤਾ ਜਾਂ ਸਖਸ਼ੀਅਤ ਨੂੰ ਅੱਗੇ ਕਰਕੇ ਚੋਣ ਲੜਨੀ ਹੈ। ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਦੀ ਚਾਹਤ ਮੁੱਖਮੰਤਰੀ ਦਾ ਚਿਹਰਾ ਬਨਣ ਦੀ ਹੈ, ਜਦਕਿ ਆਪ ਪਾਰਟੀ ਦੇ ਰਾਸ਼ਟਰੀ ਇੰਚਾਰਜ ਅਰਵਿੰਦਰ ਕੇਜਰੀਵਾਲ ਨੇ ਕਿਸੇ ਹੋਰ ਸਿੱਖ ਚੇਹਰੇ ਨੂੰ ਚੋਣਾਂ 'ਚ ਮੁੱਖ ਮੰਤਰੀ ਦਾ ਚਿਹਰਾ ਬਨਾਉਣ ਦਾ ਐਲਾਨ ਕੀਤਾ ਹੋਇਆ ਹੈ। ਸ਼ਾਇਦ ਭਗਵੰਤ ਮਾਨ ਸਿੱਖ ਚਿਹਰੇ ਵਜੋਂ ਨਹੀਂ ਢੁੱਕ ਰਿਹਾ।

ਲੋਕਤੰਤਰਿਕ ਪ੍ਰੰਪਰਾਵਾਂ ਤਾਂ ਇਹ ਕਹਿੰਦੀਆਂ ਹਨ ਕਿ ਚੋਣਾਂ ਹੋਣ, ਸਿਆਸੀ ਪਾਰਟੀਆਂ ਆਪੋ-ਆਪਣੇ ਉਮੀਦਵਾਰ ਐਲਾਨਣ, ਆਪਣਾ ਚੋਣ ਮੈਨੀਫੈਸਟੋ, ਚੋਣ ਵਾਅਦੇ ਸਪਸ਼ਟ ਕਰਨ। ਆਪਣੇ ਚੁਣੇ ਹੋਏ ਵਿਧਾਇਕਾਂ ਜਾਂ ਮੈਂਬਰਾਂ ਵਿਚੋਂ ਸਰਬਸੰਮਤੀ ਜਾਂ ਬਹੁ ਸੰਮਤੀ ਨਾਲ ਕਿਸੇ ਨੇਤਾ ਨੂੰ ਆਪਣਾ ਮੁੱਖੀ ਨੀਅਤ ਕਰਨ ਅਤੇ ਜਿਹੜੀ ਧਿਰ ਵੱਧ ਮੈਂਬਰਾਂ ਵਾਲੀ ਹੋਵੇ ਉਸਦਾ ਮੁੱਖੀ ਸੂਬੇ ਦਾ ਮੁੱਖ ਮੰਤਰੀ ਬਣੇ। ਪਰ ਇਹ ਭਾਰਤੀ ਪਰੰਪਰਾਵਾਂ ਲੰਮੇ ਸਮੇਂ ਤੋਂ ਸਿਆਸੀ ਰੰਗ ਮੰਚ ਤੋਂ ਆਲੋਪ ਹੋ ਚੁੱਕੀਆਂ ਹਨ। ਪਾਰਟੀਆਂ ਦੀਆਂ ਹਾਈ ਕਮਾਡਾਂ ਉਪਰੋਂ ਨਿਰਣੇ ਕਰਦੀਆਂ ਹਨ ਅਤੇ ਆਪਦੇ ਭਰੋਸੇਮੰਦ ਵਿਅਕਤੀ ਨੂੰ ਮੁੱਖ ਮੰਤਰੀ ਨੀਅਤ ਕਰਦੀਆਂ ਹਨ ਅਤੇ ਉਹਨਾ ਦੇ ਨਾਮ ਉੱਤੇ ਕੇਂਦਰੀ ਵੱਡੇ ਨੇਤਾ ਰਾਜ ਭਾਗ ਸੰਭਾਲਦੇ ਹਨ। ਬਹੁਤੀਆਂ ਇਲਾਕਾਈ ਵੱਡੀਆਂ ਪਾਰਟੀਆਂ ਨੂੰ ਤਾਂ ਪਰਿਵਾਰ ਚਲਾਉਂਦੇ ਹਨ, ਜਿਹੜੇ ਆਪ ਪਾਰਟੀ ਮੁੱਖ ਮੰਤਰੀ ਬਣਕੇ ਬਾਕੀ ਕੁਨਬੇ ਨੂੰ ਨਾਲ ਤੋਰਦੇ ਹਨ। ਇਹਨਾਂ ਪਾਰਟੀਆਂ ਦੀ ਨਾ ਕੋਈ ਅੰਦਰੂਨੀ ਚੋਣ ਹੁੰਦੀ ਹੈ, ਨਾ ਹੀ ਇਥੇ ਵਿਰੋਧੀ ਅਵਾਜ਼ ਨੂੰ ਸੁਣਿਆ ਜਾਂਦਾ ਹੈ।ਬਸ ਜੋ ਉਪਰਲਾ ਮਾਲਕ ਕਹੇ, ਉਹ ਹੀ ਪ੍ਰਵਾਨ ਹੈ, ਵਾਲੀ ਵਿਰਤੀ ਹੈ।

ਨੇਤਾਗਿਰੀ ਦੀ ਮੁੱਖ ਮੰਤਰੀ ਦੀ ਕੁਰਸੀ ਲਿਫਾਫੇ ਵਿਚੋਂ ਕੱਢਣ ਦੀ ਪਰੰਪਰਾ ਕਾਂਗਰਸ ਨੇ ਸ਼ੁਰੂ ਕੀਤੀ। ਭਾਰਤੀ ਜਨਤਾ ਪਾਰਟੀ ਨੇ ਇਸ ਨੂੰ ਅੱਗੇ ਤੋਰਿਆ। ਪਿਛਲੇ ਕੁਝ ਮਹੀਨਿਆਂ ਵਿਚ ਕਈ ਰਾਜਾਂ ਦੇ ਮੁੱਖ ਮੰਤਰੀ ਬਦਲ ਦਿੱਤੇ ਗਏ ਹਨ। ਇਸ ਤੋਂ ਸਪਸ਼ਟ ਹੈ ਕਿ ਭਾਜਪਾ ਵਿਚ ਵੀ ਰਾਜਾਂ ਦੇ ਮਾਮਲੇ ਵਿੱਚ ਕੇਂਦਰੀ ਹਾਈ ਕਮਾਂਡ ਦੀ ਭੂਮਿਕਾ ਮਹੱਤਵਪੂਰਨ ਹੋ ਗਈ ਹੈ, ਜਿਵੇਂ ਕਿ ਕਾਂਗਰਸ ਵਿਚ ਵੇਖਿਆ ਜਾਂਦਾ ਸੀ। ਕਾਂਗਰਸ ਵਿਚ ਹਾਈ ਕਮਾਂਡ ਦੇ ਇਸ਼ਾਰੇ ਉੱਤੇ ਮੁੱਖ ਮੰਤਰੀ ਰਾਜਾਂ ਵਿਚ ਹਕੂਮਤ ਚਲਾਉਂਦੇ ਸਨ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਸਮੇਂ 'ਚ ਇਹੋ ਹੁੰਦਾ ਰਿਹਾ ਸੀ ਅਤੇ ਸੋਨੀਆ ਦੇ ਕਾਂਗਰਸ ਪ੍ਰਧਾਨ ਬਨਣ ਦੇ ਬਾਅਦ ਵੀ ਇਹ ਸਿਲਸਿਲਾ ਜਾਰੀ ਰਿਹਾ। ਹੁਣ ਇਹੋ ਸਾਰਾ ਕੁਝ ਭਾਜਪਾ ਵਿਚ ਦਿਖਾਈ ਦਿੰਦਾ ਹੈ।ਫ਼ਰਕ ਇਹ ਹੈ ਕਿ ਕਾਂਗਰਸ ਹੁਣ ਤਿੰਨ ਰਾਜਾਂ ਤੱਕ ਸਿਮਟ ਚੁੱਕੀ ਹੈ ਜਦਕਿ ਭਾਜਪਾ 17 ਰਾਜਾਂ ਵਿਚ ਆਪਣੇ ਦਮ-ਖਮ ਜਾਂ ਸਹਿਯੋਗੀ ਦਲਾਂ (ਐਨ ਡੀ ਏ) ਦੇ ਨਾਲ ਸਰਕਾਰਾਂ ਬਣਾਈ ਬੈਠੀ ਹੈ ਅਤੇ ਮਨਮਰਜ਼ੀ ਦੇ ਨੇਤਾ ਮੁੱਖਮੰਤਰੀ ਬਣਾਈ ਬੈਠੀ ਹੈ।

ਕੁਲ ਮਿਲਾਕੇ ਵੇਖਿਆ ਜਾਵੇ ਤਾਂ ਇਹ ਲਗਦਾ ਹੈ ਕਿ ਭਾਰਤੀ ਰਾਜਨੀਤੀ ਵਿੱਚ ਜੋ ਪਾਰਟੀ ਤਾਕਤਵਰ ਹੁੰਦੀ ਹੈ, ਉਹ ਰਾਜਾਂ ਵਿਚ ਵੀ ਆਪਣਾ ਦਖ਼ਲ ਜਾਰੀ ਰੱਖਦੀ ਹੈ ਅਤੇ ਇਹ ਭਾਰਤੀ ਰਾਜਨੀਤੀ ਦਾ ਸਭਿਆਚਾਰ ਬਣ ਚੁੱਕਾ ਹੈ। ਲੇਕਿਨ ਕਾਂਗਰਸ ਅਤੇ ਭਾਜਪਾ ਵਿੱਚ ਤਾਕਤ ਤਬਦੀਲੀ ਵਿਚ ਅੰਤਰ ਹੈ। ਕਾਂਗਰਸ ਵਿਚ ਜਿਥੇ ਹਾਈ ਕਮਾਨ ਦੀ ਵਫ਼ਾਦਾਰੀ ਦੇ ਆਧਾਰ ਤੇ ਤਬਦੀਲੀ ਹੁੰਦੀ ਹੈ, ਉਥੇ ਭਾਜਪਾ ਵਿਚ ਆਉਣ ਵਾਲੀਆਂ ਚੋਣਾਂ ਦੀਆਂ ਲੋੜਾਂ ਅਤੇ ਅਜੰਡਾ ਲਾਗੂ ਕਰਨ ਲਈ ਤਬਦੀਲੀਆਂ ਬਿਨਾਂ ਵਿਰੋਧ ਹੁੰਦੀਆਂ ਹਨ।ਅਸਾਮ ਵਿਚ ਸਰਬਾਨੰਦ ਸੋਨੇਵਾਲ ਨੂੰ ਹਟਾਕੇ ਬਿਸਵਾ ਸ਼ਰਮਾ ਨੂੰ ਮੁੱਖ ਮੰਤਰੀ ਬਣਾਇਆ ਗਿਆ। ਉਤਰਾਖੰਡ ਵਿਚ ਦੋ-ਤਿੰਨ ਤਬਦੀਲੀਆਂ ਤੋਂ ਬਾਅਦ ਪੁਸ਼ਕਰ ਸਿੰਘ ਧਾਮੀ ਮੁੱਖ ਮੰਤਰੀ ਬਣਾ ਦਿੱਤੇ ਗਏ। ਕਰਨਾਟਕ ਵਿਚ ਯੈਦੀਅਰੱਪਾ ਨੂੰ ਬਾਹਰ ਦਾ ਰਸਤਾ ਦਿਖਾ ਕੇ ਬਸਵਰਾਜ ਬੋਮਈ ਨੂੰ ਕੁਰਸੀ ਸੰਭਾਲ ਦਿੱਤੀ ਗਈ। ਹੁਣੇ ਜਿਹੇ ਗੁਜਰਾਤ ਵਿਚ ਮੁੱਖ ਮੰਤਰੀ ਬਦਲਕੇ ਭੁਮੇਂਦਰ ਪਟੇਲ ਨੂੰ ਮੁੱਖ ਮੰਤਰੀ ਦੀ ਕੁਰਸੀ ਦੇ ਦਿੱਤੀ ਗਈ ਹੈ। ਇਹਨਾਂ ਸਾਰੀਆਂ ਭਾਜਪਾ ਤਬਦੀਲੀਆਂ ਵਿਚ ਕਿਸੇ ਵੀ ਨੇਤਾ ਨੇ ਆਪਣੀ ਕੁਰਸੀ ਛੱਡਣ ਲੱਗਿਆ ਕੋਈ ਵਿਰੋਧ ਨਹੀਂ ਕੀਤਾ ਨਾ ਹੀ ਕੋਈ ਬਗਾਵਤ ਹੋਈ। ਪਰ ਕਾਂਗਰਸ ਵਿੱਚ ਜਿਥੇ ਕਿਧਰੇ ਵੀ ਤਬਦੀਲੀ ਦੀ ਗੱਲ ਹਾਈ ਕਮਾਂਡ ਨੇ ਕੀਤੀ, ਉਥੇ ਬਗਾਵਤ ਵੀ ਹੋਈ ਵਿਰੋਧ ਵੀ।

ਉਦਾਹਰਨ ਪੰਜਾਬ ਦੀ ਹੈ ਜਿਥੇ ਕਾਂਗਰਸ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਗੱਦੀ ਖੋਹ ਲਈ ਅਤੇ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਥਾਪ ਦਿੱਤੇ ਗਏ ਹਨ। ਪੰਜਾਬ ਦੇ ਇਸ ਕਾਟੋ ਕਲੇਸ਼ ਦੀ ਚਰਚਾ ਨਿੱਤ ਮੀਡੀਆਂ 'ਚ ਰਹਿੰਦੀ ਹੈ। ਕਾਰਨ ਭਾਜਪਾ ਵਿਚ ਜੋ ਜਾਬਤਾ ਹੈ, ਉਹ ਕਾਂਗਰਸ ਵਿਚ ਨਹੀਂ ਹੈ। ਅਸਲ ਵਿਚ ਕਾਂਗਰਸ ਦੇ ਸੂਬਾ ਪੱਧਰੀ ਨੇਤਾ ਕਾਂਗਰਸ ਹਾਈ ਕਮਾਂਡ ਨਾਲੋਂ ਵੱਧ ਤਾਕਤਵਰ ਹਨ। ਕੈਪਟਨ ਅਮਰਿੰਦਰ ਸਿੰਘ ਇਸਦੀ ਇੱਕ ਉਦਾਹਰਨ ਹੈ। ਸ਼ਾਇਦ ਆਪਣੀ ਹੈਂਅ ਪੁਗਾਉਣ ਤੇ ਆਪਣਾ ਡੰਡਾ ਕੈਪਟਨ ਉੱਤੇ ਕਾਇਮ ਰੱਖਣ ਲਈ ਹੀ ਪੰਜਾਬ 'ਚ ਇਹ ਖਲਾਰਾ ਹਾਈ ਕਮਾਂਡ ਨੇ ਪਾਇਆ ਹੋਇਆ ਹੈ।

ਸੂਬਿਆਂ 'ਚ ਚੋਣਾਂ ਜਿੱਤਣ ਲਈ ਰਾਸ਼ਟਰੀ ਪਾਰਟੀਆਂ ਦੀ ਮੁੱਖ ਮੰਤਰੀ ਦੇ ਨਾਮ ਉੱਤੇ ਚੋਣ ਲੜਨਾ ਇਕ ਮਜ਼ਬੂਰੀ ਬਣ ਚੁੱਕੀ ਹੈ। ਉਸਦਾ ਵੱਡਾ ਕਾਰਨ ਖੇਤਰੀ ਪਾਰਟੀਆਂ ਦਾ ਸੂਬਿਆਂ ਵਿਚ ਵੱਧ ਰੋਹਬ ਦਾਬ ਹੋਣਾ ਹੈ। ਇਹਨਾਂ ਖੇਤਰੀ ਪਾਰਟੀਆਂ ਉੱਤੇ ਆਮ ਤੌਰ 'ਤੇ ਪਰਿਵਾਰਾਂ ਦਾ ਕਬਜਾ ਹੈ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਉਤੇ ਬਾਦਲ ਪਰਿਵਾਰ ਕਾਬਜ ਹੈ, ਜਿਹੜਾ ਪੰਜਾਬ ਦੀ ਤਾਕਤ ਹਥਿਆਉਣ ਲਈ ਕਦੇ ਭਾਜਪਾ ਕਦੇ ਬਸਪਾ (ਬਹੁਜਨ ਸਮਾਜ ਪਾਰਟੀ) ਨਾਲ ਸਮਝੌਤਾ ਕਰਦਾ ਹੈ। ਉਸਦਾ ਨਿਸ਼ਾਨਾ ਇਕੋ ਹੈ- ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨਾ। ਉਸ ਅਨੁਸਾਰ ਹੀ ਉਹ ਆਪਣਾ ਅਜੰਡਾ ਤਹਿ ਕਰਦਾ ਹੈ। ਕਦੇ ਵੱਧ ਅਧਿਕਾਰਾਂ ਦੀ ਪ੍ਰਾਪਤੀ ਲਈ ਅਨੰਦਰਪੁਰ ਸਾਹਿਬ ਦਾ ਮਤਾ ਸਾਹਮਣੇ ਲਿਆ ਕੇ ਕਾਂਗਰਸੀ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹਿਆ। ਬਾਵਜੂਦ ਇਸ ਗੱਲ ਦੇ ਕਿ ਭਾਜਪਾ ਉਸਦੇ ਇਸ ਅਜੰਡੇ ਨਾਲ ਸਹਿਮਤ ਨਹੀਂ ਸੀ ਤਦ ਵੀ ਕੁਰਸੀ ਪ੍ਰਾਪਤੀ ਲਈ ਭਾਜਪਾ ਨਾਲ ਸਾਂਝ ਪਾਈ ਉਸ ਨਾਲ ਰਲਕੇ ਰਾਜ ਕੀਤਾ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਬਾਤ ਪਾਉਣੀ ਛੱਡ ਦਿੱਤੀ। ਹੁਣ ਜਦੋਂ ਕਿਸਾਨ ਅੰਦੋਲਨ ਸਮੇਂ ਭਾਜਪਾ ਨਾਲ ਸਾਂਝ ਮਹਿੰਗੀ ਪੈਂਦੀ ਦਿਸੀ ਉਹਨਾ ਨਾਲੋਂ ਸਾਂਝ ਤੋੜ ਲਈ ਤੇ ਬਸਪਾ ਨਾਲ ਸਾਂਝ ਪਾ ਲਈ। ਮੰਤਵ ਇਕੋ ਹੈ- ਕੁਰਸੀ ਦੀ ਪ੍ਰਾਪਤੀ।ਅਕਾਲੀ ਦਲ ਵਲੋਂ ਤੇਰਾਂ ਨੁਕਤੀ ਰਿਆਇਤੀ ਅਜੰਡਾ ਵੋਟਾਂ ਵਟੋਰਨ ਲਈ ਛਾਇਆ ਕਰ ਦਿੱਤਾ ਗਿਆ।

ਕਾਂਗਰਸ ਨੂੰ ਜਦੋਂ ਜਾਪਿਆ ਕਿ ਪਿਛਲੇ ਵਰ੍ਹਿਆਂ 'ਚ ਅਮਰਿੰਦਰ ਸਿੰਘ ਨੇ ਚੋਣ ਮੈਨੀਫੈਸਟੋ ਅਨੁਸਾਰ ਕੀਤੇ ਵਾਇਦੇ ਪੂਰੇ ਨਹੀਂ ਕੀਤੇ। ਨਸ਼ੇ ਪੰਜਾਬ 'ਚੋਂ ਖਤਮ ਨਹੀਂ ਹੋਏ। ਬੇਰੁਜ਼ਗਾਰੀ ਨੂੰ ਠੱਲ ਨਹੀਂ ਪਾਈ। ਮਾਫੀਆ ਰਾਜ ਅਤੇ ਕੁਰੱਪਸ਼ਨ ਦਾ ਬੋਲ ਬਾਲਾ ਰਿਹਾ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਬਾਂਹ ਮਰੋੜਨ ਲਈ ਤੇਜ਼-ਤਰਾਰ ਨਵਜੋਤ ਸਿੰਘ ਸਿੱਧੂ ਨੂੰ ਅੱਗੇ ਲਿਆਂਦਾ ਗਿਆ।

ਚਾਹੀਦਾ ਤਾਂ ਇਹ ਸੀ ਕਿ ਪਿਛਲੇ ਚਾਰ ਸਾਲਾਂ 'ਚ ਹਾਈ ਕਮਾਂਡ ਕੈਪਟਨ ਅਮਰਿੰਦਰ ਸਿੰਘ ਦੇ ਕੰਮਾਂ ਦੀ ਪੁਛ-ਛਾਣ ਕਰਦੀ ਪਰ ਇੰਜ ਨਹੀਂ ਹੋਇਆ। ਆਖ਼ਰੀ ਵਰ੍ਹੇ ਆਪਣੀ ਹਾਰ ਨਿਸ਼ਚਿਤ ਵੇਖਦਿਆਂ ਮੁੱਖ ਮੰਤਰੀ ਦਾ ਚੋਣ ਚਿਹਰਾ ਬਦਲਣ ਦੀ ਕਵਾਇਦ ਉਸਦੀ ਮਜ਼ਬੂਰੀ ਬਣ ਗਈ।

ਆਮ ਆਦਮੀ ਪਾਰਟੀ ਜਿਸ ਤੋਂ ਪੰਜਾਬ ਦੇ ਲੋਕਾਂ ਨੂੰ ਪੰਜਾਬ 'ਚ ਕੁਝ ਨਵਾਂ ਹੋਣ ਦੀਆਂ ਆਸਾਂ ਸਨ, ਉਹ ਦਿੱਲੀ ਹਾਈ ਕਮਾਂਡ ਦੀਆਂ ਗਲਤੀਆਂ ਕਾਰਨ ਪੂਰੀਆਂ ਨਾ ਹੋ ਸਕੀਆਂ। ਆਮ ਆਦਮੀ ਪਾਰਟੀ ਦੇ ਪੰਜਾਬ ਦੇ ਕੱਦਵਾਰ ਨੇਤਾਵਾਂ ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਕੰਵਰ ਸੰਧੂ, ਐਮਪੀ ਧਰਮਵੀਰ ਗਾਂਧੀ ਪਟਿਆਲਾ ਆਦਿ ਨੂੰ ਜੋ ਪੰਜਾਬ ਹਿਤੈਸ਼ੀ ਅਜੰਡੇ ਨੂੰ ਲਾਗੂ ਕਰਨਾ ਚਾਹੁੰਦੇ ਸਨ ਅਤੇ ਇਥੋਂ ਦੀਆਂ ਸਥਿਤੀਆਂ ਅਨੁਸਾਰ ਪਾਰਟੀ ਦੀ ਸੰਚਾਲਨਾ ਚਾਹੁੰਦੇ ਸਨ, ਦਿੱਲੀ ਹਾਈ ਕਮਾਂਡ ਨੇ ਆਪਣੇ ਤੁਗਲਕੀ ਫ਼ੈਸਲਿਆਂ ਕਾਰਨ ਨਾ ਚੱਲਣ ਦਿੱਤਾ, ਸਗੋਂ ਉਹਨਾ ਦੇ ਮੂੰਹ ਬੰਦ ਕਰ ਦਿੱਤੇ ਗਏ। ਸਿੱਟਾ ਆਪ ਪਾਰਟੀ ਪੰਜਾਬ 'ਚ ਆਪਣਾ ਅਧਾਰ ਬਨਾਉਣ 'ਚ ਕਾਮਯਾਬ ਨਾ ਹੋ ਸਕੀ। ਪਾਰਟੀ ਦੇ ਵਲੋਂ ਰਿਵਾਇਤੀ ਪਾਰਟੀਆਂ ਵਾਂਗਰ "ਮੁੱਖ ਮੰਤਰੀ" ਦੀ ਸਿੱਖ ਚਿਹਰੇ ਦੀ ਤਲਾਸ਼ ਵਿੱਚ ਵੱਖੋ- ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਉਤੇ ਡੋਰੇ ਸੁਟੇ ਜਾ ਰਹੇ ਹਨ। ਨਜ਼ਰ ਨਵਜੋਤ ਸਿੰਘ ਸਿੱਧੂ ਉਤੇ ਵੀ ਰੱਖੀ ਗਈ। ਡੁਬਈ ਸਥਿਤ ਪੰਜਾਬੀ ਸਿੱਖ ਹੋਟਲ ਕਾਰੋਬਾਰੀ ਡਾ: ਐਸ.ਪੀ.ਸਿੰਘ ਉਬਰਾਏ ਦਾ ਨਾਂ ਵੀ ਮੁੱਖ ਮੰਤਰੀ ਦੇ ਅਹੁਦੇ ਲਈ ਚਰਚਾ 'ਚ ਆਇਆ।

ਅਸਲ ਵਿੱਚ ਇਲਾਕਾਈ ਪਾਰਟੀਆਂ ਨੇ ਇਹੋ ਜਿਹੇ ਸਥਾਨਕ ਨੇਤਾ ਪੈਦਾ ਕੀਤੇ,ਜਿਹਨਾ ਨੇ ਇਲਾਕਾਈ ਮੰਗਾਂ ਨੂੰ ਅੱਗੇ ਰੱਖਕੇ ਪ੍ਰਸਿੱਧੀ ਪ੍ਰਾਪਤ ਕੀਤੀ, ਕੁਰਸੀ ਹਥਿਆਈ ਅਤੇ ਮੁੜ ਇਹੋ ਜਿਹਾ ਤਾਣਾ-ਬਾਣਾ ਬੁਣਿਆ ਕਿ ਰਾਸ਼ਟਰੀ ਪਾਰਟੀਆਂ ਵੀ ਕਈ ਹਾਲਤਾਂ ਵਿੱਚ ਕੁਰਸੀ ਪ੍ਰਾਪਤੀ ਲਈ ਇਹਨਾ ਪਾਰਟੀਆਂ ਉਤੇ ਨਿਰਭਰ ਹੋ ਗਈਆਂ, ਕਿਉਂਕਿ ਉਹ ਇਕੱਲਿਆ ਬਹੁਮਤ ਪ੍ਰਾਪਤ ਨਾ ਕਰ ਸਕੀਆਂ ਅਤੇ ਗੱਠਜੋੜ ਦੀ ਰਾਜਨੀਤੀ ਕਰਦਿਆਂ ਰਾਸ਼ਟਰੀ ਪਾਰਟੀਆਂ ਨੇ ਇਲਾਕਾਈ ਪਾਰਟੀਆਂ ਦੇ ਨੇਤਾਵਾਂ ਨੂੰ ਮੁੱਖ ਮੰਤਰੀ ਦੀਆਂ ਕੁਰਸੀਆਂ ਸੌਂਪੀ ਰੱਖੀਆਂ। ਇਹੋ ਦੋਵੇਂ ਧਿਰਾਂ ਇੱਕ-ਦੂਜੇ ਦੀ ਮਜ਼ਬੂਰੀ ਬਣੀਆਂ। ਤਾਮਿਲਨਾਡੂ ਦੀ ਡੀ.ਐਮ.ਕੇ., ਅੰਨਾ ਡੀਐਮ.ਕੇ, ਪੰਜਾਬ ਦਾ ਅਕਾਲੀ ਦਲ, ਆਂਧਰਾ ਪ੍ਰਦੇਸ਼ ਦੀ ਤੇਲਗੂ ਦੇਸ਼ਮ, ਅਸਾਮ ਦੀ ਅਸਾਮ ਗਣ ਪ੍ਰੀਸ਼ਦ, ਹਰਿਆਣਾ ਦੀ ਇੰਡੀਆ ਨੈਸ਼ਨਲ ਲੋਕਦਲ, ਜੰਮੂ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ ਆਦਿ ਇਲਾਕਾਈ ਪਾਰਟੀਆਂ ਨੇ ਆਪੋ-ਆਪਣੇ ਸੂਬਿਆਂ 'ਚ ਇਹੋ ਜਿਹੇ ਨੇਤਾ ਪੈਦਾ ਕੀਤੇ, ਜਿਹਨਾ ਨੇ ਭਾਵੇਂ ਸਿਆਸਤ ਵਿੱਚ ਆਪਣਾ ਵੱਡਾ ਪ੍ਰਭਾਵ ਛੱਡਿਆ, ਪਰ ਪਰਿਵਾਰਕ ਸਿਆਸਤ ਨੂੰ ਤਰਜ਼ੀਹ ਦਿੱਤੀ। ਪੰਜਾਬ ਦੇ ਅਕਾਲੀ ਦਲ ਦਾ ਬਾਦਲ ਪਰਿਵਾਰ, ਹਰਿਆਣਾ ਦੇ ਦੇਵੀ ਲਾਲ ਦਾ ਪਰਿਵਾਰ, ਜੰਮੂ ਕਸ਼ਮੀਰ ਦਾ ਫ਼ਾਰੂਕ ਅਬਦੁਲਾ ਪਰਿਵਾਰ ਅਤੇ ਬਿਹਾਰ ਸਿਆਸਤ ਦੇ ਨੇਤਾ ਪਾਸਵਾਨ, ਲਾਲੂ ਪ੍ਰਸਾਦ ਯਾਦਵ, ਯੂ.ਪੀ. ਦੇ ਮੁਲਾਇਮ ਸਿੰਘ ਯਾਦਵ ਦੀ ਪਰਿਵਾਰਿਕ ਅਤੇ ਇਲਾਕਾਈ ਰਾਜਨੀਤੀ ਨੇ ਪਰਿਵਾਰਾਂ ਵਿੱਚੋਂ ਹੀ ਮੁੱਖ ਮੰਤਰੀ ਦੇ ਚਿਹਰੇ ਉਭਾਰਨ ਦੀ ਰਾਜਨੀਤੀ ਕੀਤੀ।

ਤਾਕਤ ਹਥਿਆਉਣ ਦੀ ਇਸੇ ਰਾਜਨੀਤੀ ਅਤੇ ਰਣਨੀਤੀ ਨੇ ਸਖਸ਼ੀ ਉਭਾਰ ਨੂੰ ਵੜਾਵਾ ਦਿੱਤਾ। ਵੋਟਾਂ ਦੇ ਅਧਿਕਾਰ ਦੇ ਲੋਕਤੰਤਰ ਦੇ ਮੁੱਖ ਅਧਾਰ ਚੋਣਾਂ 'ਚ ਨਿਰਪੱਖਤਾ ਨੂੰ ਪ੍ਰਭਾਵਤ ਕੀਤਾ। ਰਾਜਨੀਤੀ ਵਿੱਚ ਅਪਰਾਧੀਆਂ ਦੇ ਦਾਖ਼ਲੇ ਨੂੰ ਖੁਲ੍ਹ ਦਿੱਤੀ। ਇਹੀ ਕਾਰਨ ਹੈ ਕਿ 2004 ਦੇ ਮੁਕਾਬਲੇ 2019 ਤੱਕ ਅਪਰਾਧਿਕ ਪਿੱਠ ਭੂਮੀ ਵਾਲੇ ਲੋਕਾਂ ਦੀ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਗਿਣਤੀ ਵਧੀ ਹੈ।

ਅਸਲ ਵਿੱਚ ਵਰਗ ਵਿਸ਼ੇਸ਼, ਮੁੱਖ ਸਖ਼ਸ਼ੀਅਤਾਂ, ਵੱਡੇ ਨੇਤਾਵਾਂ ਦੇ ਚਿਹਰਿਆਂ ਨੂੰ ਅੱਗੇ ਲਿਆਕੇ ਚੋਣਾਂ 'ਚ ਮੁੱਖ ਮੰਤਰੀ ਚਿਹਰਾ ਐਲਾਨ ਕੇ, ਲੋਕਾਂ ਨੂੰ ਭਰਮਾਉਣਾ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰਨ ਦੇ ਤੁਲ ਹੈ। ਜਿੱਤੀ ਹੋਈ ਸਿਆਸੀ ਪਾਰਟੀ ਦੇ ਨੁਮਾਇੰਦੇ ਆਪਣਾ ਨੇਤਾ ਚੁਨਣ, ਉਹ ਨੇਤਾ ਮੁੱਖ ਮੰਤਰੀ ਬਣੇ ਅਤੇ ਆਪਣੇ ਚੋਣ ਵਾਇਦਿਆਂ ਨੂੰ ਪੂਰਾ ਕਰਨ ਲਈ ਯਤਨ ਕਰੇ, ਲੋਕਾਂ ਨੂੰ ਜਬਾਵਦੇਹ ਹੋਵੇ, ਇਹੀ ਇਸ ਸਮੇਂ ਲੋਕ ਭਲੇ ਹਿੱਤ ਹੋਵੇਗਾ।

# ਅਮਰੀਕੀ ਤਾਕਤ ਦਾ ਭਵਿੱਖ

-ਅਰੁੰਧਤੀ ਰਾਏ
ਅਨੁਵਾਦ : ਬੂਟਾ ਸਿੰਘ



***ਰਾਸ਼ਟਰਵਾਦ ਅਤੇ ਵਿਸ਼ੇਸ਼ਵਾਦ ਦੇ ਐਸਾ ਹੋਣ ਤੋਂ ਰੋਕਣ 'ਚ ਸਮਰੱਥ ਹੋਣ ਦੀ ਸੰਭਾਵਨਾ ਨਹੀਂ ਹੈ। ਸੰਯੁਕਤ ਰਾਜ ਅਮਰੀਕਾ ਅੰਦਰਲੀ ਪਾਲਾਬੰਦੀ ਅਤੇ ਵਿਵਾਦ ਸਮੇਂ ਨਾਲ ਜਨਤਕ ਵਿਵਸਥਾ ਦੇ ਗੰਭੀਰ ਰੂਪ 'ਚ ਵਿਗੜ ਜਾਣ ਦਾ ਕਾਰਨ ਬਣ ਸਕਦੇ ਹਨ। ਸ਼ੁਰੂਆਤੀ ਸੰਕੇਤ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ। ਇਕ ਬਹੁਤ ਹੀ ਵੱਖਰੀ ਤਰ੍ਹਾਂ ਦੀ ਪ੍ਰੇਸ਼ਾਨੀ ਦੂਜੇ ਮੁਹਾਜ਼ ਉੱਪਰ ਵੀ ਹੈ।***

ਫਰਵਰੀ 1989 'ਚ ਆਖ਼ਰੀ ਸੋਵੀਅਤ ਟੈਂਕ ਅਫ਼ਗਾਨਿਸਤਾਨ 'ਚੋਂ ਨਿੱਕਲ ਗਿਆ, ਉਸ ਦੀ ਫ਼ੌਜ ਨੂੰ ਮੁਜਾਹਿਦੀਨਾਂ ਦੇ ਇਕ ਢਿੱਲੇ ਜਹੇ ਗੱਠਜੋੜ (ਜਿਸ ਨੂੰ ਸਿਖਲਾਈ, ਹਥਿਆਰ, ਫੰਡਿੰਗ ਅਤੇ ਪ੍ਰੇਰਣਾ ਅਮਰੀਕੀ ਅਤੇ ਪਾਕਿਸਤਾਨੀ ਖ਼ੁਫ਼ੀਆ ਸੇਵਾਵਾਂ ਵੱਲੋਂ ਦਿੱਤੀ ਗਈ ਸੀ।) ਵੱਲੋਂ ਲੱਗਭੱਗ ਇਕ ਦਹਾਕਾ ਲੰਮੇ, ਸਬਕ ਸਿਖਾਊ ਯੁੱਧ 'ਚ ਫ਼ੈਸਲਾਕੁੰਨ ਰੂਪ 'ਚ ਹਰਾ ਦਿੱਤਾ ਗਿਆ ਸੀ। ਉਸ ਸਾਲ ਨਵੰਬਰ ਤੱਕ ਬਰਲਿਨ ਦੀ ਦੀਵਾਰ ਢਹਿ ਗਈ ਸੀ ਅਤੇ ਸੋਵੀਅਤ ਸੰਘ ਦਾ ਪਤਨ ਸ਼ੁਰੂ ਹੋ ਗਿਆ ਸੀ। ਜਦੋਂ ਸ਼ੀਤ ਯੁੱਧ ਖ਼ਤਮ ਹੋਇਆ, ਤਾਂ ਸੰਯੁਕਤ ਰਾਜ ਅਮਰੀਕਾ ਇਕ-ਧਰੁਵੀ ਆਲਮੀ ਵਿਵਸਥਾ ਦਾ ਮੁਖੀ ਬਣ ਗਿਆ। ਬਹੁਤ ਹੀ ਥੋੜ੍ਹੇ ਸਮੇਂ 'ਚ ਕੱਟੜਪੰਥੀ ਇਸਲਾਮ ਨੇ ਆਲਮੀ ਸ਼ਾਂਤੀ ਲਈ ਸਭ ਤੋਂ ਬੜੇ ਖ਼ਤਰੇ ਦੇ ਰੂਪ 'ਚ ਕਮਿਊਨਿਜ਼ਮ ਦੀ ਜਗ੍ਹਾ ਲੈ ਲਈ। ਜਿਵੇਂ ਕਿ ਅਸੀਂ ਜਾਣਦੇ ਸੀ ਕਿ 11 ਸਤੰਬਰ ਦੇ ਹਮਲਿਆਂ ਤੋਂ ਬਾਦ ਰਾਜਨੀਤਕ ਦੁਨੀਆ ਆਪਣੀ ਧੁਰੀ ਦੁਆਲੇ ਘੁੰਮਦੀ ਸੀ ਅਤੇ ਉਸ ਧੁਰੀ ਦੀ ਧੁਰੀ ਕਿਤੇ ਅਫ਼ਗਾਨਿਸਤਾਨ ਦੇ ਬਿਖੜੇ ਪਹਾੜਾਂ 'ਚ ਸਥਿਤ ਜਾਪਦੀ ਸੀ।

ਜਦੋਂ ਅਮਰੀਕਾ ਦੀ ਅਫ਼ਗਾਨਿਸਤਾਨ 'ਚੋਂ ਨਮੋਸ਼ੀ ਭਰੀ ਵਾਪਸੀ ਹੋ ਰਹੀ ਹੈ, ਤਾਂ ਜੇ ਹੋਰ ਕੁਛ ਨਹੀਂ ਤਾਂ ਬਿਰਤਾਂਤ ਦੀ ਸਮਰੂਪਤਾ ਦੇ ਕਾਰਨਾਂ ਕਰਕੇ ਸੰਯੁਕਤ ਰਾਜ ਦੀ ਤਾਕਤ ਦੇ ਪਤਨ, ਚੀਨ ਦੇ ਉਭਰਨ ਅਤੇ ਇਸ ਦੀਆਂ ਬਾਕੀ ਦੁਨੀਆ ਲਈ ਜੋ ਅਰਥ-ਸੰਭਾਵਨਾਵਾਂ ਹੋ ਸਕਦੀਆਂ ਹਨ, ਉਸ ਨੂੰ ਲੈ ਕੇ ਗੱਲਬਾਤ ਨੇ ਅਚਾਨਕ ਤੇਜ਼ੀ ਫੜ ਲਈ ਹੈ। ਯੂਰਪ ਲਈ ਅਤੇ ਖ਼ਾਸ ਕਰਕੇ ਬਰਤਾਨੀਆ ਲਈ, ਸੰਯੁਕਤ ਰਾਜ ਅਮਰੀਕਾ ਦੀ ਆਰਥਕ ਅਤੇ ਫ਼ੌਜੀ ਤਾਕਤ ਨੇ ਯਥਾਸਥਿਤੀ ਨੂੰ ਕਾਰਗਰ ਤਰੀਕੇ ਨਾਲ ਬਰਕਰਾਰ ਰੱਖਕੇ ਇਕ ਤਰ੍ਹਾਂ ਦੀ ਸੱਭਿਆਚਾਰਕ ਲਗਾਤਾਰਤਾ ਮੁਹੱਈਆ ਕੀਤੀ ਹੈ। ਉਨ੍ਹਾਂ ਲਈ ਆਪਣਾ ਸਥਾਨ ਲੈਣ ਲਈ ਇਕ ਨਵੀਂ, ਕਰੂਰ ਸੱਤਾ ਦੀ ਇੰਤਜ਼ਾਰ ਲਾਜ਼ਮੀ ਹੀ ਡੂੰਘੀ ਚਿੰਤਾ ਦਾ ਸਰੋਤ ਹੋਣੀ ਚਾਹੀਦੀ ਹੈ।

ਦੁਨੀਆ ਦੇ ਹੋਰ ਹਿੱਸਿਆਂ 'ਚ, ਜਿੱਥੇ ਯਥਾਸਥਿਤੀ ਵੱਲੋਂ ਅਸਹਿ ਕਸ਼ਟ ਦਿੱਤੇ ਗਏ ਹਨ, ਉੱਥੇ ਅਫ਼ਗਾਨਿਸਤਾਨ ਤੋਂ ਆ ਰਹੀਆਂ ਖ਼ਬਰਾਂ ਨੂੰ ਘੱਟ ਭੈਅ ਨਾਲ ਲਿਆ ਗਿਆ ਹੈ।

ਜਿਸ ਦਿਨ ਤਾਲਿਬਾਨ ਨੇ ਕਾਬੁਲ 'ਚ ਪ੍ਰਵੇਸ਼ ਕੀਤਾ, ਮੈਂ ਪਹਾੜਾਂ 'ਚ ਤੋਸਾ ਮੈਦਾਨ 'ਚ ਸੀ, ਕਸ਼ਮੀਰ 'ਚ ਇਕ ਉੱਚੀ ਜਗ੍ਹਾ ਅਲਪਾਈਨ ਘਾਹ ਦੇ ਮੈਦਾਨ 'ਚ, ਜਿਸ ਦਾ ਇਸਤੇਮਾਲ ਭਾਰਤੀ ਫ਼ੌਜ ਅਤੇ ਹਵਾਈ ਫ਼ੌਜ ਦਹਾਕਿਆਂ ਤੋਂ ਤੋਪਖ਼ਾਨੇ ਅਤੇ ਹਵਾਈ ਬੰਬਾਰੀ ਦਾ ਅਭਿਆਸ ਕਰਨ ਲਈ ਕਰਦੀ ਸੀ। ਘਾਹ ਦੇ ਮੈਦਾਨ ਦੇ ਇਕ ਕਿਨਾਰੇ ਤੋਂ ਅਸੀਂ ਥੱਲੇ ਘਾਟੀ ਨੂੰ ਦੇਖ ਸਕਦੇ ਹਾਂ, ਜੋ ਸ਼ਹੀਦਾਂ ਦੇ ਕਬਰਸਤਾਨਾਂ ਨਾਲ ਘਿਰੀ ਹੋਈ ਹੈ ਜਿੱਥੇ ਕਸ਼ਮੀਰ ਦੇ ਸਵੈਨਿਰਣੇ ਲਈ ਸੰਘਰਸ਼ 'ਚ ਮਾਰੇ ਗਏ ਹਜ਼ਾਰਾਂ ਕਸ਼ਮੀਰੀ ਮੁਸਲਮਾਨਾਂ ਨੂੰ ਦਫ਼ਨਾਇਆ ਗਿਆ ਹੈ।

ਭਾਰਤ ਵਿਚ, ਇਕ ਹਿੰਦੂ ਰਾਸ਼ਟਰਵਾਦੀ ਸਮੂਹ, ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) 9/11 ਤੋਂ ਬਾਦ ਦੇ ਕੌਮਾਂਤਰੀ ਇਸਲਾਮੀ ਹਊਏ ਦਾ ਚਲਾਕੀ ਨਾਲ ਇਸਤੇਮਾਲ ਕਰਦੇ ਹੋਏ ਸੱਤਾ 'ਚ ਆਈ, ਜੋ ਮੁਸਲਿਮ ਵਿਰੋਧੀ ਕਤਲੇਆਮਾਂ ਦੀ ਇਕ ਖ਼ੂਨੀ ਲਹਿਰ 'ਤੇ ਸਵਾਰ ਸੀ ਜਿਸ ਵਿਚ ਹਜ਼ਾਰਾਂ ਲੋਕ ਦਾ ਕਤਲੇਆਮ ਕੀਤਾ ਗਿਆ। ਉਹ ਖ਼ੁਦ ਨੂੰ ਅਮਰੀਕਾ ਦਾ ਕੱਟੜ ਸੰਗੀ ਮੰਨਦੇ ਹਨ। ਭਾਰਤੀ ਸੁਰੱਖਿਆ ਦੀ ਸਥਾਪਿਤ ਵਿਵਸਥਾ ਇਸ ਗੱਲ ਤੋਂ ਜਾਣੂੰ ਹੈ ਕਿ ਤਾਲਿਬਾਨ ਦੀ ਜਿੱਤ ਉੱਪ-ਮਹਾਦੀਪ ਦੀ ਘਿਣਾਉਣੀ ਸਿਆਸਤ ਵਿਚ ਇਕ ਢਾਂਚਾਗਤ ਬਦਲਾਓ ਦੀ ਪ੍ਰਤੀਕ ਹੈ, ਜਿਸ ਵਿਚ ਤਿੰਨ ਪ੍ਰਮਾਣੂ ਤਾਕਤਾਂ ਭਾਰਤ, ਪਾਕਿਸਤਾਨ ਅਤੇ ਚੀਨ ਸ਼ਾਮਿਲ ਹਨ ਜਿਸ ਦਾ ਉਤੇਜਨਾ-ਬਿੰਦੂ ਕਸ਼ਮੀਰ ਹੈ। ਇਹ ਤਾਲਿਬਾਨ ਦੀ ਜਿੱਤ, ਚਾਹੇ ਇਸ ਨੇ ਕਿੰਨੀ ਕੀਮਤ ਵਸੂਲੀ, ਨੂੰ ਆਪਣੇ ਜਾਨੀ ਦੁਸ਼ਮਣ ਪਾਕਿਸਤਾਨ ਦੀ ਜਿੱਤ ਦੇ ਰੂਪ 'ਚ ਦੇਖਦਾ ਹੈ ਜੋ ਤਾਲਿਬਾਨ ਨੂੰ ਅਮਰੀਕੀ ਕਬਜ਼ੇ ਦੇ ਖ਼ਿਲਾਫ਼ ਆਪਣੀ 20 ਸਾਲ ਦੀ ਲੜਾਈ 'ਚ ਗੁਪਤ ਰੂਪ 'ਚ ਹਮਾਇਤ ਦਿੰਦਾ ਰਿਹਾ ਹੈ। ਭਾਰਤ ਦੇ ਮੁੱਖ ਹਿੱਸੇ ਦੀ ਸਾਢੇ ਸਤਾਰਾਂ ਕਰੋੜ ਦੀ ਤਕੜੀ ਮੁਸਲਿਮ ਆਬਾਦੀ ਜੋ ਪਹਿਲਾਂ ਹੀ ਕਰੂਰ ਜਬਰ ਦੀ ਮਾਰ ਹੇਠ ਸੀ, ਜਿਸ ਨੂੰ ਬੰਦ ਬਸਤੀਆਂ 'ਚ ਡੱਕਿਆ ਹੋਇਆ ਹੈ ਅਤੇ ਜਿਸ ਨੂੰ "ਪਾਕਿਸਤਾਨੀ" ਹੋਣ ਦਾ ਠੱਪਾ ਲਗਾ ਕੇ ਕਲੰਕ ਕੀਤਾ ਗਿਆ ਹੈ, ਲਈ ਹੁਣ "ਤਾਲਿਬਾਨੀਆਂ" ਦੇ ਰੂਪ 'ਚ ਵਿਤਕਰਾ ਅਤੇ ਜ਼ੁਲਮ ਹੋਰ ਵੀ ਵਧੇਰੇ ਜ਼ੋਖ਼ਮ ਭਰਿਆ ਹੋ ਗਿਆ ਹੈ।

ਭਾਰਤ ਦਾ ਜ਼ਿਆਦਾਤਰ ਮੁੱਖਧਾਰਾ ਮੀਡੀਆ, ਜੋ ਘਿਣਾਉਣੇ ਰੂਪ 'ਚ ਬੀਜੇਪੀ ਦਾ ਹੱਥਠੋਕਾ ਹੈ, ਤਾਲਿਬਾਨ ਦਾ ਜ਼ਿਕਰ ਲਗਾਤਾਰ ਇਕ ਦਹਿਸ਼ਤਵਾਦੀ ਸਮੂਹ ਦੇ ਰੂਪ 'ਚ ਕਰਦਾ ਆ ਰਿਹਾ ਹੈ। ਪੰਜ ਲੱਖ ਭਾਰਤੀ ਫ਼ੌਜ ਦੀਆਂ ਬੰਦੂਕਾਂ ਹੇਠ ਦਹਾਕਿਆਂ ਤੋਂ ਰਹਿ ਰਹੇ ਕਈ ਕਸ਼ਮੀਰੀ ਇਸ ਖ਼ਬਰ ਨੂੰ ਵੱਖਰੀ ਤਰ੍ਹਾਂ ਪੜ੍ਹਦੇ ਹਨ। ਚਾਹਤ ਨਾਲ। ਉਹ ਆਪਣੀ ਅੰਧਕਾਰ ਅਤੇ ਰੋਹ ਦੀ ਦੁਨੀਆ 'ਚ ਮਹੀਨ ਮੋਰੀ 'ਚੋਂ ਆ ਰਹੇ ਚਾਨਣ ਦੀ ਭਾਲ 'ਚ ਸਨ।

ਦਰਅਸਲ ਜੋ ਕੁਛ ਹੋ ਰਿਹਾ ਸੀ, ਉਸ ਦਾ ਵੇਰਵਾ, ਉਸ ਦਾ ਢਾਂਚਾ ਅਜੇ ਵੀ ਉਲਝਿਆ ਹੋਇਆ ਸੀ। ਜਿਨ੍ਹਾਂ ਲੋਕਾਂ ਨਾਲ ਮੈਂ ਗੱਲ ਕੀਤੀ, ਉਨ੍ਹਾਂ ਵਿੱਚੋਂ ਕੁਛ ਇਸ ਨੂੰ ਦੁਨੀਆ ਦੀ ਸਭ ਤੋਂ ਤਾਕਤਵਰ ਫ਼ੌਜ ਦੇ ਖ਼ਿਲਾਫ਼ ਇਸਲਾਮ ਦੀ ਜਿੱਤ ਦੇ ਰੂਪ 'ਚ ਦੇਖਦੇ ਸਨ। ਹੋਰ ਇਸ ਸੰਕੇਤ ਦੇ ਰੂਪ 'ਚ ਕਿ ਧਰਤੀ ਉੱਪਰ ਕੋਈ ਵੀ ਤਾਕਤ ਸੱਚੇ ਸੁਤੰਤਰਤਾ ਸੰਗਰਾਮ ਨੂੰ ਕੁਚਲ ਨਹੀਂ ਸਕਦੀ। ਉਨ੍ਹਾਂ ਦਾ ਪੁਰਜੋਸ਼ ਵਿਸ਼ਵਾਸ ਸੀ, ਉਹ ਵਿਸ਼ਵਾਸ ਕਰਨਾ ਚਾਹੁੰਦੇ ਸਨ ਕਿ ਤਾਲਿਬਾਨ ਪੂਰੀ ਤਰ੍ਹਾਂ ਬਦਲ ਗਿਆ ਹੈ ਅਤੇ ਇਹ ਦੁਬਾਰਾ ਆਪਣੇ ਵਹਿਸ਼ੀ ਤਰੀਕੇ ਨਾਲ ਨਹੀਂ ਆਵੇਗਾ। ਉਨ੍ਹਾਂ ਨੇ ਵੀ ਦੇਖਿਆ ਕਿ ਖੇਤਰੀ ਸਿਆਸਤ ਅੰਦਰ ਇਸ ਦੀਆਂ ਹੇਠਲੀਆਂ ਤੈਹਾਂ 'ਚ ਕੀ ਰੱਦੋਬਦਲ ਹੋਈ ਹੈ, ਜਿਸ ਨਾਲ ਉਨ੍ਹਾਂ ਨੂੰ ਉਮੀਦ ਬੱਝਦੀ ਸੀ ਕਿ ਕਸ਼ਮੀਰੀਆਂ ਨੂੰ ਕੁਛ ਸਾਹ ਲੈਣ ਦੀ ਜਗ੍ਹਾ ਮਿਲੇਗੀ, ਕੁਛ ਸਨਮਾਨ ਦੀ ਸੰਭਾਵਨਾ ਬਣੇਗੀ।

ਵਿਡੰਬਨਾ ਇਹ ਸੀ ਕਿ ਅਸੀਂ ਇਹ ਗੱਲਬਾਤ ਬੰਬਾਂ ਨਾਲ ਬਣੇ ਖੱਡਿਆਂ ਨਾਲ ਭਰੇ ਘਾਹ ਦੇ ਮੈਦਾਨ 'ਚ ਬੈਠੇ ਕਰ ਰਹੇ ਸੀ। ਇਹ ਭਾਰਤ ਵਿਚ ਸੁਤੰਤਰਤਾ ਦਿਵਸ ਦਾ ਵਕਤ ਸੀ ਅਤੇ ਵਿਰੋਧ ਨੂੰ ਰੋਕਣ ਲਈ ਕਸ਼ਮੀਰ ਨੂੰ ਬੰਦ ਕਰ ਦਿੱਤਾ ਗਿਆ ਸੀ। ਇਕ ਸਰਹੱਦ ਉੱਪਰ ਭਾਰਤ ਅਤੇ ਪਾਕਿਸਤਾਨ ਦੀਆਂ ਫ਼ੌਜਾਂ ਤਣਾਓਪੂਰਨ ਹਾਲਾਤ 'ਚ ਆਹਮਣੇ-ਸਾਹਮਣੇ ਸਨ। ਦੂਜੇ ਪਾਸੇ, ਲਾਗੇ ਲੱਦਾਖ਼ ਵਿਚ, ਚੀਨੀ ਫ਼ੌਜ ਨੇ ਸਰਹੱਦ ਪਾਰ ਕਰਕੇ ਭਾਰਤੀ ਖੇਤਰ 'ਚ ਡੇਰਾ ਲਾ ਲਿਆ ਸੀ। ਅਫ਼ਗਾਨਿਸਤਾਨ ਬਹੁਤ ਨੇੜੇ ਮਹਿਸੂਸ ਹੋਇਆ।

ਦੂਜੇ ਆਲਮੀ ਯੁੱਧ ਤੋਂ ਬਾਦ ਆਪਣਾ ਗ਼ਲਬਾ ਸਥਾਪਤ ਕਰਨ ਅਤੇ ਸਲਾਮਤ ਰੱਖਣ ਦੀਆਂ ਬੇਸ਼ੁਮਾਰ ਫ਼ੌਜੀ ਮੁਹਿੰਮਾਂ 'ਚ ਸੰਯੁਕਤ ਰਾਜ ਅਮਰੀਕਾ ਨੇ ਇਕ ਤੋਂ ਬਾਦ ਇਕ ਮੁਲਕ (ਗ਼ੈਰ ਗੋਰੇ ਮੁਲਕਾਂ) ਨੂੰ ਤੋੜ ਦਿੱਤਾ ਹੈ। ਇਸ ਨੇ ਮਿਲੀਸ਼ੀਆ ਦੀਆਂ ਵਾਗਾਂ ਖੁੱਲ੍ਹੀਆਂ ਛੱਡ ਦਿੱਤੀਆਂ ਹਨ, ਲੱਖਾਂ ਲੋਕਾਂ ਦਾ ਕਤਲੇਆਮ ਕੀਤਾ ਹੈ, ਨਵਜੰਮੀਆਂ ਜਮਹੂਰੀਅਤਾਂ ਦੇ ਤਖ਼ਤ ਉਲਟਾ ਦਿੱਤੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਜ਼ਾਲਮ ਅਤੇ ਵਹਿਸ਼ੀ ਫ਼ੌਜੀ ਕਬਜ਼ੇ ਦੀਆਂ ਹਕੂਮਤਾਂ ਸਥਾਪਤ ਕੀਤੀਆਂ ਹਨ। ਇਸ ਨੇ ਇਕ ਜਾਂ ਦੂਜੇ ਤਰੀਕੇ ਨਾਲ ਨਿਰਸਵਾਰਥ, ਸੱਭਿਅਕ ਬਣਾਉਣ ਦੀ ਬਰਤਾਨਵੀ ਬਸਤੀਵਾਦੀ ਲਫ਼ਾਜ਼ੀ ਦਾ ਇਕ ਆਧੁਨਿਕ ਐਡੀਸ਼ਨ ਲਾਗੂ ਕੀਤਾ ਹੈ। ਵੀਅਤਨਾਮ ਦੇ ਮਾਮਲੇ 'ਚ ਵੀ ਇਹ ਇਸੇ ਤਰ੍ਹਾਂ ਸੀ। ਅਤੇ ਅਫ਼ਗਾਨਿਸਤਾਨ ਦੇ ਮਾਮਲੇ 'ਚ ਵੀ ਇਸੇ ਤਰ੍ਹਾਂ ਹੈ।

ਇਸ ਉੱਪਰ ਮੁਨੱਸਰ ਕਰਦੇ ਹੋਏ ਕਿ ਤੁਸੀਂ ਇਤਿਹਾਸ ਦੇ ਨਿਸ਼ਾਨਾਂ ਨੂੰ ਕਿੱਥੇ ਲਗਾਉਣਾ ਚਾਹੁੰਦੇ ਹੋ, ਸੋਵੀਅਤ ਸੰਘ, ਅਮਰੀਕੀ ਅਤੇ ਪਾਕਿਸਤਾਨੀ ਹਮਾਇਤੀ ਮੁਜਾਹਿਦੀਨ, ਤਾਲਿਬਾਨ, ਉੱਤਰੀ ਗੱਠਜੋੜ, ਅਕਹਿ ਰੂਪ 'ਚ ਹਿੰਸਕ ਅਤੇ ਵਿਸ਼ਵਾਸਘਾਤੀ ਸਰਦਾਰਾਂ ਅਤੇ ਅਮਰੀਕਾ ਅਤੇ ਨਾਟੋ ਦੇ ਲਸ਼ਕਰਾਂ ਵੱਲੋਂ ਅਫ਼ਗਾਨ ਲੋਕਾਂ ਦੀਆਂ ਹੱਡੀਆਂ ਨੂੰ ਫ਼ੌਜੀ ਦੇਗਚੇ 'ਚ ਉਬਾਲ ਕੇ ਉਨ੍ਹਾਂ ਦਾ ਬੇਕਿਰਕੀ ਨਾਲ ਲਹੂ ਸੂਪ ਬਣਾ ਕੇ ਪੀਤਾ ਗਿਆ ਹੈ। ਸਾਰਿਆਂ ਨੇ ਬਿਨਾਂ ਕਿਸੇ ਅੱਪਵਾਦ ਦੇ ਮਨੁੱਖਤਾ ਵਿਰੁੱਧ ਜੁਰਮ ਕੀਤੇ ਹਨ। ਸਾਰਿਆਂ ਨੇ ਅਲ-ਕਾਇਦਾ, ਆਈ.ਐੱਸ.ਆਈ.ਐੱਸ. ਅਤੇ ਉਨ੍ਹਾਂ ਦੇ ਸਹਿਯੋਗੀਆਂ ਵਰਗੇ ਦਹਿਸ਼ਤਵਾਦੀ ਗਰੁੱਪਾਂ ਦੇ ਕੰਮ ਕਰਨ ਲਈ ਮਿੱਟੀ ਅਤੇ ਪੌਣਪਾਣੀ ਮੁਹੱਈਆ ਕਰਨ 'ਚ ਯੋਗਦਾਨ ਪਾਇਆ ਹੈ।

ਜੇ ਔਰਤਾਂ ਨੂੰ ਸ਼ਕਤੀਸ਼ਾਲੀ ਬਣਾਉਣਾ ਅਤੇ ਉਨ੍ਹਾਂ ਉਨ੍ਹਾਂ ਦੇ ਪਰਿਵਾਰਾਂ ਅਤੇ ਸਮਾਜਾਂ ਤੋਂ ਉਨ੍ਹਾਂ ਤੋਂ ਰੱਖਿਆ ਕਰਨਾ ਵਰਗੇ ਸਨਮਾਨਜਨਕ 'ਇਰਾਦੇ' ਫ਼ੌਜੀ ਹਮਲਿਆਂ ਨੂੰ ਘਟਾਉਣ ਵਾਲੇ ਕਾਰਕ ਹਨ, ਤਾਂ ਨਿਸ਼ਚਿਤ ਰੂਪ 'ਚ ਸੋਵੀਅਤ ਅਤੇ ਅਮਰੀਕੀ ਦੋਨੋਂ ਹੀ ਸ਼ਹਿਰੀ ਅਫ਼ਗਾਨ ਔਰਤਾਂ ਦੇ ਇਕ ਨਿੱਕੇ ਜਹੇ ਹਿੱਸੇ ਨੂੰ ਔਰਤ ਵਿਰੋਧੀ ਮੱਧਯੁਗ ਨਫ਼ਰਤ ਦੇ ਉੱਬਲਦੇ ਦੇਗਚੇ 'ਚ ਸੁੱਟਣ ਤੋਂ ਪਹਿਲਾਂ ਉਨ੍ਹਾਂ ਦੀ ਪਰਵਰਿਸ਼ ਕਰਨ, ਉਨ੍ਹਾਂ ਨੂੰ ਪੜ੍ਹਾਉਣ-ਲਿਖਾਉਣ ਅਤੇ ਸ਼ਕਤੀਸ਼ਾਲੀ ਬਣਾਉਣ ਦਾ ਹੱਕੀ ਦਾਅਵਾ ਕਰ ਸਕਦੇ ਹਨ। ਲੇਕਿਨ ਨਾ ਤਾਂ ਮੁਲਕਾਂ 'ਚ ਲੋਕਤੰਤਰ ਨੂੰ ਅਤੇ ਨਾ ਹੀ ਨਾਰੀਵਾਦ ਨੂੰ ਬੰਬਾਂ ਰਾਹੀਂ ਸੁੱਟਿਆ ਜਾ ਸਕਦਾ ਹੈ। ਅਫ਼ਗਾਨ ਔਰਤਾਂ ਨੇ ਆਪਣੀ ਆਜ਼ਾਦੀ ਅਤੇ ਆਪਣੇ ਮਾਣ-ਸਨਮਾਨ ਲਈ ਆਪਣੇ ਤਰੀਕੇ ਨਾਲ, ਆਪਣੇ ਸਮੇਂ 'ਚ ਲੜਾਈ ਲੜੀ ਹੈ ਅਤੇ ਅਗਾਂਹ ਵੀ ਲੜਦੀਆਂ ਰਹਿਣਗੀਆਂ।

ਕੀ ਅਮਰੀਕਾ ਦੀ ਵਾਪਸੀ ਉਸ ਦੇ ਗ਼ਲਬੇ ਦੇ ਅੰਤ ਦੀ ਸ਼ੁਰੂਆਤ ਹੈ? ਕੀ ਅਫ਼ਗਾਨਿਸਤਾਨ ਆਪਣੀ ਉਸੇ ਪੁਰਾਣੀ ਸੋਚ - ਸਾਮਰਾਜਾਂ ਦਾ ਕਬਰਸਤਾਨ - ਦੇ ਅਨੁਸਾਰ ਆਚਰਣ ਕਰਨ ਜਾ ਰਿਹਾ ਹੈ? ਸ਼ਾਇਦ ਨਹੀਂ। ਕਾਬੁਲ ਹਵਾਈ ਅੱਡੇ ਉੱਪਰ ਭਿਆਨਕ ਸ਼ੋਅ ਦੇ ਬਾਵਜੂਦ, ਵਾਪਸੀ ਦੀ ਹਾਰ ਸੰਯੁਕਤ ਰਾਜ ਅਮਰੀਕਾ ਲਈ ਉਨਾ ਬੜਾ ਝਟਕਾ ਨਹੀਂ ਹੋ ਸਕਦਾ, ਜਿੰਨਾ ਕਿ ਦੱਸਿਆ ਜਾ ਰਿਹਾ ਹੈ।

ਅਫ਼ਗਾਨਿਸਤਾਨ ਵਿਚ ਖ਼ਰਚੇ ਗਏ ਉਨ੍ਹਾਂ ਖ਼ਰਬਾਂ ਡਾਲਰਾਂ ਵਿੱਚੋਂ ਜ਼ਿਆਦਾਤਰ ਅਮਰੀਕੀ ਯੁੱਧ ਸਨਅਤ ਵਿਚ ਵਾਪਸ ਚਲੇ ਗਏ, ਜਿਸ ਵਿਚ ਹਥਿਆਰ ਨਿਰਮਾਤਾ, ਨਿੱਜੀ ਭਾੜੇ ਦੇ ਫ਼ੌਜੀ, ਰਸਦ ਅਤੇ ਬੁਨਿਆਦੀ-ਢਾਂਚਾ ਕੰਪਨੀਆਂ ਅਤੇ ਗ਼ੈਰ-ਲਾਭਕਾਰੀ ਸੰਸਥਾਵਾਂ ਸ਼ਾਮਿਲ ਹਨ। ਅਫ਼ਗਾਨਿਸਤਾਨ ਉੱਪਰ ਅਮਰੀਕੀ ਹਮਲੇ ਅਤੇ ਕਬਜ਼ੇ 'ਚ (ਬਰਾਊਨ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਲੱਗਭੱਗ ਇਕ ਲੱਖ ਸੱਤਰ ਹਜ਼ਾਰ ਲੋਕਾਂ ਦਾ ਅੰਦਾਜ਼ਾ ਲਗਾਇਆ ਗਿਆ ਹੈ) ਜਾਨ ਗਵਾਉਣ ਵਾਲੇ ਜ਼ਿਆਦਾਤਰ ਲੋਕ ਅਫ਼ਗਾਨਾਂ 'ਚੋਂ ਸਨ, ਜਿਨ੍ਹਾਂ ਦੀ ਹਮਲਾਵਰਾਂ ਦੀ ਨਜ਼ਰ 'ਚ ਸਪਸ਼ਟ ਰੂਪ 'ਚ ਬਹੁਤ ਘੱਟ ਗਿਣਤੀ ਕੀਤੀ ਜਾਂਦੀ ਹੈ। ਮਗਰਮੱਛ ਦੇ ਹੰਝੂਆਂ ਨੂੰ ਛੱਡ ਦੇਈਏ ਤਾਂ ਮਾਰੇ ਗਏ 2400 ਅਮਰੀਕੀ ਫ਼ੌਜੀ ਵੀ ਕਿਸੇ ਗਿਣਤੀ 'ਚ ਨਹੀਂ ਆਉਂਦੇ।

ਮੁੜ ਉੱਭਰਨ ਵਾਲੇ ਤਾਲਿਬਾਨ ਨੇ ਸੰਯੁਕਤ ਰਾਜ ਨੂੰ ਅਪਮਾਨਿਤ ਤਾਂ ਕੀਤਾ ਹੈ। ਸੱਤਾ ਦੇ ਸ਼ਾਂਤੀਪੂਰਨ ਤਬਾਦਲੇ ਲਈ 2020 'ਚ ਦੋਨਾਂ ਧਿਰਾਂ ਵੱਲੋਂ ਦਸਤਖ਼ਤ ਕੀਤਾ ਦੋਹਾ ਸਮਝੌਤਾ ਇਸ ਦਾ ਸਬੂਤ ਹੈ। ਲੇਕਿਨ ਇਹ ਵਾਪਸੀ ਅਮਰੀਕੀ ਸਰਕਾਰ ਵੱਲੋਂ ਇਕ ਸਖ਼ਤ ਗਿਣਤੀ-ਮਿਣਤੀ ਨੂੰ ਵੀ ਦਰਸਾ ਸਕਦੀ ਹੈ ਕਿ ਤੇਜ਼ੀ ਨਾਲ ਬਦਲਦੀ ਦੁਨੀਆ 'ਚ ਧਨ ਅਤੇ ਫ਼ੌਜੀ ਤਾਕਤ ਨੂੰ ਬਿਹਤਰ ਤਰੀਕੇ ਨਾਲ ਕਿਵੇਂ ਲਗਾਇਆ ਜਾਵੇ। ਲੌਕਡਾਊਨ ਅਤੇ ਕੋਰੋਨਾਵਾਇਰਸ ਨਾਲ ਤਬਾਹ ਹੋਏ ਅਰਥਚਾਰਿਆਂ ਨਾਲ, ਜਦੋਂ ਤਕਨਾਲੋਜੀ ਦੇ ਰੂਪ 'ਚ ਬਿੱਗ ਡੇਟਾ ਅਤੇ ਮਸਨੂਈ ਬੌਧਿਕਤਾ ਇਕ ਨਵੀਂ ਤਰ੍ਹਾਂ ਦੇ ਯੁੱਧ ਲਈ ਜਗ੍ਹਾ ਬਣਾ ਰਹੇ ਹਨ, ਉਦੋਂ ਖੇਤਰ ਉੱਪਰ ਕਬਜ਼ਾ ਰੱਖਣਾ ਪਹਿਲਾਂ ਨਾਲੋਂ ਘੱਟ ਜ਼ਰੂਰੀ ਹੋ ਸਕਦਾ ਹੈ। ਕਿਉਂ ਨਾ ਰੂਸ, ਚੀਨ, ਪਾਕਿਸਤਾਨ ਅਤੇ ਈਰਾਨ ਨੂੰ ਅਫ਼ਗਾਨਿਸਤਾਨ ਦੀ ਦਲਦਲੀ ਰੇਤ 'ਚ ਫਸਣ ਲਈ ਛੱਡ ਦਿੱਤਾ ਜਾਵੇ - ਜੋ ਛੇਤੀ ਹੀ ਕਾਲ, ਆਰਥਕ ਤਬਾਹੀ ਅਤੇ ਕੁਲ ਸੰਭਾਵਨਾਵਾਂ ਤਹਿਤ ਇਕ ਹੋਰ ਖ਼ਾਨਾਜੰਗੀ ਦਾ ਸਾਹਮਣਾ ਕਰਨ ਜਾ ਰਿਹਾ ਹੈ - ਅਤੇ ਅਮਰੀਕੀ ਫ਼ੌਜਾਂ ਨੂੰ ਦਮ ਦਿਵਾਇਆ ਜਾਵੇ, ਅਤੇ ਚੀਨ ਨਾਲ ਤਾਇਵਾਨ ਉੱਪਰ ਸੰਭਾਵਿਤ ਫ਼ੌਜੀ ਟੱਕਰ ਲਈ ਹਰਕਤ 'ਚ ਅਤੇ ਤਿਆਰ-ਬਰ-ਤਿਆਰ ਰੱਖਿਆ ਜਾਵੇ?

ਸੰਯੁਕਤ ਰਾਜ ਅਮਰੀਕਾ ਲਈ ਅਸਲ ਤ੍ਰਾਸਦੀ ਅਫ਼ਗਾਨਿਸਤਾਨ ਵਿਚ ਹਾਰ ਨਹੀਂ ਹੈ, ਸਗੋਂ ਇਹ ਹੈ ਕਿ ਇਸ ਨੂੰ ਲਾਈਵ ਟੈਲੀਵਿਜ਼ਨ ਉੱਪਰ ਦਿਖਾਇਆ ਜਾਣਾ ਹੈ। ਜਦੋਂ ਇਸ ਨੇ ਯੁੱਧ ਤੋਂ ਪੈਰ ਖਿੱਚ ਲਏ ਤਾਂ ਇਹ ਵੀਅਤਨਾਮ ਵਿਚ ਜਿੱਤ ਨਹੀਂ ਸਕਿਆ, ਘਰੇਲੂ ਮੁਹਾਜ਼ ਯੁੱਧ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਨਾਲ ਟੁੱਟ ਭੱਜ ਰਿਹਾ ਸੀ, ਜੋ ਹਥਿਆਰਬੰਦ ਲਸ਼ਕਰਾਂ 'ਚ ਧੱਕੇ ਨਾਲ ਭਰਤੀ ਕੀਤੇ ਜਾਣ ਨਾਲ ਭੜਕ ਉੱਠੇ ਸਨ। ਜਦੋਂ ਮਾਰਟਿਨ ਲੂਥਰ ਕਿੰਗ ਨੇ ਪੂੰਜੀਵਾਦ, ਨਸਲਵਾਦ ਅਤੇ ਸਾਮਰਾਜਵਾਦ ਦਰਮਿਆਨ ਸੰਬੰਧ ਜੋੜ ਦੇ ਦਿਖਾਏ ਅਤੇ ਉਹ ਵੀਅਤਨਾਮ ਯੁੱਧ ਵਿਰੁੱਧ ਬੋਲਿਆ ਤਾਂ ਉਸ ਨੂੰ ਬਦਨਾਮ ਕੀਤਾ ਗਿਆ। ਮੁਹੰਮਦ ਅਲੀ, ਜਿਸ ਨੇ ਭਰਤੀ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਖ਼ੁਦ ਨੂੰ ਇਕ ਜਾਗਦੀ ਜ਼ਮੀਰ ਵਾਲਾ ਵਿਰੋਧੀ ਐਲਾਨ ਕਰ ਦਿੱਤਾ ਸੀ, ਉਸ ਦੇ ਮੁੱਕੇਬਾਜ਼ੀ ਦੇ ਖ਼ਿਤਾਬ ਖੋਹ ਲਏ ਗਏ ਅਤੇ ਉਸ ਨੂੰ ਜਲਾਵਤਨ ਕਰਨ ਦੀ ਧਮਕੀ ਦਿੱਤੀ ਗਈ। ਹਾਲਾਂਕਿ ਅਫ਼ਗਾਨਿਸਤਾਨ ਵਿਚ ਯੁੱਧ ਨੇ ਉਸ ਪੱਧਰ ਦਾ ਜਨੂੰਨ ਨਹੀਂ ਜਗਾਇਆ, ਲੇਕਿਨ ਬਲੈਕ ਲਾਈਵਜ਼ ਮੈਟਰ ਅੰਦੋਲਨ 'ਚ ਕਈ ਲੋਕਾਂ ਨੇ ਉਹ ਸੰਬੰਧ ਵੀ ਦਿਖਾਏ ਹਨ।

ਕੁਛ ਦਹਾਕਿਆਂ 'ਚ, ਸੰਯੁਕਤ ਰਾਜ ਅਮਰੀਕਾ ਗੋਰੇ ਬਹੁਮੱਤ ਵਾਲਾ ਮੁਲਕ ਨਹੀਂ ਰਹੇਗਾ। ਗ਼ੈਰਗੋਰੇ ਅਫ਼ਰੀਕੀਆਂ ਦੀ ਦਾਸਤਾ ਅਤੇ ਮੂਲ ਅਮਰੀਕੀਆਂ ਦੀ ਨਸਲਕਸ਼ੀ ਅਤੇ ਉਜਾੜਾ ਅੱਜ ਲੱਗਭੱਗ ਹਰ ਗੱਲਬਾਤ ਨੂੰ ਪ੍ਰੇਸ਼ਾਨ ਕਰਦਾ ਹੈ। ਗੱਲ ਸੰਭਾਵਨਾ ਤੋਂ ਕਿਤੇ ਜ਼ਿਆਦਾ ਹੈ ਕਿ ਇਹ ਕਹਾਣੀਆਂ ਅਮਰੀਕੀ ਯੁੱਧਾਂ ਜਾਂ ਅਮਰੀਕੀ ਸੰਗੀਆਂ ਵੱਲੋਂ ਦਿੱਤੇ ਦੁੱਖਾਂ-ਕਸ਼ਟਾਂ ਅਤੇ ਤਬਾਹੀ ਦੀਆਂ ਹੋਰ ਕਹਾਣੀਆਂ ਨਾਲ ਜੁੜ ਜਾਣਗੀਆਂ। ਰਾਸ਼ਟਰਵਾਦ ਅਤੇ ਵਿਸ਼ੇਸ਼ਵਾਦ ਦੇ ਐਸਾ ਹੋਣ ਤੋਂ ਰੋਕਣ 'ਚ ਸਮਰੱਥ ਹੋਣ ਦੀ ਸੰਭਾਵਨਾ ਨਹੀਂ ਹੈ। ਸੰਯੁਕਤ ਰਾਜ ਅਮਰੀਕਾ ਅੰਦਰਲੀ ਪਾਲਾਬੰਦੀ ਅਤੇ ਵਿਵਾਦ ਸਮੇਂ ਨਾਲ ਜਨਤਕ ਵਿਵਸਥਾ ਦੇ ਗੰਭੀਰ ਰੂਪ 'ਚ ਵਿਗੜ ਜਾਣ ਦਾ ਕਾਰਨ ਬਣ ਸਕਦੇ ਹਨ। ਸ਼ੁਰੂਆਤੀ ਸੰਕੇਤ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ। ਇਕ ਬਹੁਤ ਹੀ ਵੱਖਰੀ ਤਰ੍ਹਾਂ ਦੀ ਪ੍ਰੇਸ਼ਾਨੀ ਦੂਜੇ ਮੁਹਾਜ਼ ਉੱਪਰ ਵੀ ਹੈ। ਸਦੀਆਂ ਤੋਂ ਅਮਰੀਕਾ ਕੋਲ ਆਪਣੇ ਸਵੈ ਦੇ ਭੂਗੋਲ ਦੇ ਸੁੱਖ-ਆਰਾਮ 'ਚ ਪਿੱਛੇ ਹਟਣ ਦਾ ਬਦਲ ਸੀ। ਇਸ ਕੋਲ ਭਰਪੂਰ ਧਰਤੀ ਅਤੇ ਤਾਜ਼ਾ ਪਾਣੀ ਸੀ, ਕੋਈ ਦੁਸ਼ਮਣ ਗੁਆਂਢੀ ਨਹੀਂ ਸੀ, ਦੋਨੋਂ ਪਾਸੇ ਮਹਾਸਾਗਰ ਹੈ। ਅਤੇ ਹੁਣ ਫਰੈਕਿੰਗ ਵਿਧੀ ਨਾਲ ਬਹੁਤ ਸਾਰਾ ਤੇਲ ਕੱਢਿਆ ਗਿਆ ਹੈ। ਲੇਕਿਨ ਅਮਰੀਕੀ ਭੂਗੋਲ ਹੁਣ ਚੇਤਾਵਨੀ ਦੀ ਹਾਲਤ 'ਚ ਹੈ। ਇਸ ਦਾ ਕੁਦਰਤੀ ਲਾਭ ਹੁਣ "ਅਮਰੀਕੀ ਤਰਜ਼ੇ-ਜ਼ਿੰਦਗੀ" ਜਾਂ ਯੁੱਧ ਨੂੰ ਬਰਕਰਾਰ ਨਹੀਂ ਰੱਖ ਸਕਦਾ। (ਨਾ ਹੀ ਇਸ ਪੱਖੋਂ ਚੀਨ ਦਾ ਭੂਗੋਲ "ਚੀਨੀ ਤਰਜ਼ੇ-ਜ਼ਿੰਦਗੀ" ਨੂੰ ਬਰਕਰਾਰ ਰੱਖ ਸਕਦਾ ਹੈ)।

ਸਾਗਰਾਂ ਦੇ ਪਾਣੀ ਦਾ ਪੱਧਰ ਉੱਚਾ ਉੱਠ ਰਿਹਾ ਹੈ, ਸਮੁੰਦਰੀ ਕੰਢੇ ਅਤੇ ਸਮੁੰਦਰੀ ਕੰਢਿਆਂ 'ਤੇ ਵਸੇ ਸ਼ਹਿਰ ਅਸੁਰੱਖਿਅਤ ਹਨ, ਜੰਗਲ ਸੜ ਰਹੇ ਹਨ, ਵਸੀ ਹੋਈ ਸੱਭਿਅਤਾ ਦੇ ਕਿਨਾਰਿਆਂ ਨੂੰ ਇਸ ਅੱਗ ਦੀਆਂ ਲਪਟਾਂ ਆਪਣੀ ਲਪੇਟ 'ਚ ਲੈ ਰਹੀਆਂ ਹਨ, ਇਹ ਪੂਰੇ ਸ਼ਹਿਰਾਂ ਨੂੰ ਭਸਮ ਕਰਨ ਦੀ ਹੱਦ ਤੱਕ ਫੈਲ ਰਹੀਆਂ ਹਨ। ਨਦੀਆਂ ਸੁੱਕ ਰਹੀਆਂ ਹਨ। ਹਰੀਆਂ-ਭਰੀਆਂ ਘਾਟੀਆਂ ਉੱਪਰ ਸੋਕੇ ਦਾ ਖ਼ਤਰਾ ਮੰਡਲਾ ਰਿਹਾ ਹੈ। ਝੱਖੜ ਅਤੇ ਹੜ੍ਹ ਸ਼ਹਿਰਾਂ 'ਚ ਤਬਾਹੀ ਮਚਾ ਰਹੇ ਹਨ। ਜਿਉਂ-ਜਿਉਂ ਧਰਤੀ ਹੇਠਲਾ ਪਾਣੀ ਖ਼ਤਮ ਹੁੰਦਾ ਜਾਂਦਾ ਹੈ, ਕੈਲੀਫੋਰਨੀਆ ਦੀ ਹਾਲਤ ਵਿਗੜਦੀ ਜਾ ਰਹੀ ਹੈ। ਕੋਲੋਰਾਡੋ ਨਦੀ ਉੱਪਰਲੇ ਮਸ਼ਹੂਰ ਹੂਵਰ ਡੈਮ ਦਾ ਜਲ-ਭੰਡਾਰ, ਜੋ ਚਾਰ ਕਰੋੜ ਲੋਕਾਂ ਨੂੰ ਤਾਜ਼ਾ ਪਾਣੀ ਸਪਲਾਈ ਕਰਦਾ ਹੈ, ਖ਼ਤਰਨਾਕ ਦਰ ਨਾਲ ਸੁੱਕਦਾ ਜਾ ਰਿਹਾ ਹੈ।

ਜੇ ਸਾਮਰਾਜਾਂ ਅਤੇ ਉਨ੍ਹਾਂ ਦੀਆਂ ਚੌਕੀਆਂ ਨੂੰ ਆਪਣਾ ਗ਼ਲਬਾ ਬਣਾਈ ਰੱਖਣ ਲਈ ਧਰਤੀ ਦੀ ਧਾੜਵੀ ਲੁੱਟਮਾਰ ਕਰਨ ਦੀ ਜ਼ਰੂਰਤ ਹੈ, ਤਾਂ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਲੁੱਟ ਦਾ ਸੰਚਾਲਨ ਅਮਰੀਕੀ, ਯੂਰਪੀ, ਚੀਨੀ ਜਾਂ ਭਾਰਤੀ ਕਿਹੜੀ ਪੂੰਜੀ ਕਰਦੀ ਹੈ। ਇਹ ਹਕੀਕਤ 'ਚ ਉਹ ਗੱਲਬਾਤ ਨਹੀਂ ਹੈ ਜੋ ਹੋਣੀ ਚਾਹੀਦੀ ਹੈ। ਕਿਉਂਕਿ ਜਦੋਂ ਅਸੀਂ ਗੱਲਬਾਤ ਕਰਨ 'ਚ ਮਸਰੂਫ਼ ਹੁੰਦੇ ਹਾਂ, ਤਾਂ ਧਰਤੀ ਖ਼ਤਮ ਹੋਣ 'ਚ ਮਸਰੂਫ਼ ਹੁੰਦੀ ਹੈ।

# ਕੈਨੇਡਾ ਪ੍ਰਵਾਸੀ ਮਜ਼ਦੂਰਾਂ ਦੀਆਂ ਹਾਲਤਾਂ ’ਤੇ ਇੱਕ ਝਾਤ



**ਅਮਨ**

ਕੈਨੇਡਾ ਵਿੱਚ ਵੱਸਦੇ ਪ੍ਰਵਾਸੀ ਕਾਮੇ ਕੈਨੇਡੀਅਨ ਸਮਾਜ ਦਾ ਮਹੱਤਵਪੂਰਨ ਹਿੱਸਾ ਹਨ। ਹਰ ਸਾਲ 50,000 ਤੋਂ ਵੱਧ ਪ੍ਰਵਾਸੀ ਕਾਮੇ, ਰੁਜ਼ਗਾਰ ਦੀ ਭਾਲ਼ ਵਿੱਚ ਕਨੇਡਾ ਜਾਂਦੇ ਹਨ ਜੋ ਕਿ ਨੈਨੀ, ਸਫਾਈ ਕਰਮੀ, ਫਾਸਟ ਫੂਡ ਕਾਮੇ ਵਜੋਂ, ਸਿਹਤ ਸੰਭਾਲ, ਖੇਤੀਬਾੜੀ ਅਤੇ ਉਸਾਰੀ ਸਮੇਤ ਹੋਰ ਕਈ ਮਹੱਤਵਪੂਰਨ ਖੇਤਰਾਂ ਵਿੱਚ ਲੰਮੇ ਸਮੇਂ ਤੋਂ ਆਪਣੀਆਂ ਜ਼ਿੰਦਗੀਆਂ ਖਪਾ ਰਹੇ ਹਨ। ਖੇਤੀਬਾੜੀ ਵਿੱਚ ਲੱਗੇ ਪ੍ਰਵਾਸੀ ਮਜ਼ਦੂਰ ਇੱਕ ਤਰ੍ਹਾਂ ਨਾਲ਼ ਉੱਥੋਂ ਦੇ ਲੋਕਾਂ ਦੇ ਅੰਨਦਾਤੇ ਹਨ, ਪਰ ਬਦਲੇ ਵਿੱਚ ਉਹਨਾਂ ਨਾਲ਼ ਅਕਸਰ ਮਾਲਕਾਂ ਅਤੇ ਕੈਨੇਡੀਅਨ ਸਰਕਾਰ ਵੱਲੋਂ ਮਾੜਾ ਵਿਹਾਰ ਕੀਤਾ ਜਾਂਦਾ ਹੈ।

ਪ੍ਰਵਾਸੀ ਕਾਮਿਆਂ ਨੂੰ ਅਕਸਰ ਸਿਹਤ ਸੇਵਾਵਾਂ, ਨੌਕਰੀ ਦੀ ਸੁਰੱਖਿਆ ਅਤੇ ਬੁਨਿਆਦੀ ਮਨੁੱਖੀ ਹੱਕਾਂ ਤੋਂ ਵੀ ਵਾਂਝੇ ਰੱਖਿਆ ਜਾਂਦਾ ਹੈ। ਬਹੁਤ ਸਾਰੇ ਪ੍ਰਵਾਸੀ ਕਾਮੇ ਪੱਕੇ ਤੌਰ ’ਤੇ ਨਹੀਂ ਸਗੋਂ ਵੀਜੇ ’ਤੇ ਕਨੇਡਾ ਜਾਂਦੇ ਹਨ। ਜਿਸ ਕਾਰਣ ਉਹ ਕਿਸੇ ਇੱਕ ਮਾਲਕ ਨਾਲ਼ ਹੀ ਬੱਝ ਜਾਂਦੇ ਹਨ ਅਤੇ ਆਪਣਾ ਵੀਜਾ ਰੱਦ ਹੋਣ ਅਤੇ ਪ੍ਰਵਾਸੀ ਦਾ ਦਰਜਾ ਗੁਆ ਦੇਣ ਦੇ ਡਰੋਂ ਇੱਕ ਤਰ੍ਹਾਂ ਨਾਲ਼ ਬੰਧੂਆ ਮਜ਼ਦੂਰੀ ਕਰਨ ਲਈ ਮਜਬੂਰ ਹੁੰਦੇ ਹਨ। ਅਜਿਹੀਆਂ ਹਾਲਤਾਂ ਵਿੱਚ ਮਾਲਕਾਂ ਵੱਲੋਂ ਉਹਨਾਂ ਨਾਲ਼ ਮਾੜਾ ਵਤੀਰਾ ਇੱਕ ਆਮ ਵਰਤਾਰਾ ਹੈ। ਉਹ ਖਾਣ-ਪੀਣ, ਰਿਹਾਇਸ਼, ਇਲਾਜ, ਆਵਾਜਾਈ ਆਦਿ ਹਰ ਪੱਖੋਂ ਉਸੇ ’ਤੇ ਹੀ ਨਿਰਭਰ ਹੁੰਦੇ ਹਨ। ਇਹ ਇੱਕ ਤਰ੍ਹਾਂ ਦੇ ਆਧੁਨਿਕ ਬੰਧੂਆ ਮਜ਼ਦੂਰ ਹੁੰਦੇ ਹਨ, ਜਿਹਨਾਂ ਨੂੰ ਮਾਲਕ ਕਦੇ ਵੀ ਕੰਮ ਤੋਂ ਕੱਢ ਸਕਦਾ ਹੈ। ਇੱਥੋਂ ਤੱਕ ਕਿ ਗੰਭੀਰ ਬਿਮਾਰੀ ਦੀ ਹਾਲਤ ਵਿੱਚ ਵੀ ਇਹ ਕਾਮੇ ਹਸਪਤਾਲ ਜਾਣ ਤੋਂ ਵੀ ਝਿਜਕਦੇ ਹਨ, ਕਿਉਂਕਿ ਉਹ ਆਮ ਤੌਰ ’ਤੇ ਸਿਹਤ ਸੇਵਾਵਾਂ ਅਧੀਨ ਮਿਲ਼ਦੀਆਂ ਸਹੂਲਤਾਂ ਤੋਂ ਵਾਂਝੇ ਹੁੰਦੇ ਹਨ। ਆਪਣੀ ਨੌਕਰੀ ਅਤੇ ਵੀਜਾ ਗੁਆਉਣ ਅਤੇ ਆਪਣੇ ਦੇਸ਼ ਵਾਪਸ ਭੇਜੇ ਜਾਣ ਦੇ ਡਰੋਂ, ਉਹ ਬਿਮਾਰੀ ਦੀ ਹਾਲਤ ਵਿੱਚ ਵੀ ਕੰਮ ਤੋਂ ਛੁੱਟੀ ਨਹੀਂ ਲੈ ਸਕਦੇ।

ਪ੍ਰਵਾਸੀ ਕਾਮਿਆਂ ਨੂੰ ਨਾ ਤਾਂ ਤਨਖਾਹਾਂ ਸਹੀ ਤਰੀਕੇ ਨਾਲ਼ ਮਿਲ਼ਦੀਆਂ ਹਨ (ਉਹਨਾਂ ’ਤੇ ਕਈ ਤਰ੍ਹਾਂ ਦੀਆਂ ਕਟੌਤੀਆਂ ਲਾ ਦਿੱਤੀਆਂ ਜਾਂਦੀਆਂ ਹਨ), ਨਾ ਸਿਹਤ ਸਹੂਲਤਾਂ ਦਾ ਕੋਈ ਫਾਇਦਾ, ਅਸੁਰੱਖਿਅਤ ਮਹੌਲ ਵਿੱਚ ਇਹਨਾਂ ਨੂੰ ਕੰਮ ਕਰਨਾ ਪੈਂਦਾ ਹੈ, ਬੇਸਮੈਂਟਾਂ ਵਿੱਚ 25-30 ਜਣੇ ਤੁੰਨ ਦਿੱਤੇ ਜਾਂਦੇ ਹਨ, ਜਿੱਥੇ ਬੇਹੱਦ ਘੁਟਣ ਭਰੇ ਮਹੌਲ ਵਿੱਚ ਉਹ ਲਗਾਤਾਰ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ। ਇਹਨਾਂ ਨਾਲ਼ ਗਾਲ਼ੀ ਗਲੌਚ ਤਾਂ ਆਮ ਹੀ ਹੁੰਦਾ ਹੈ ਅਤੇ ਇਹਨਾਂ ਦੀ ਹਾਲਤ ਦਾ ਫਾਇਦਾ ਚੁੱਕ ਕੇ ਇਹਨਾਂ ਨੂੰ ਬਿਨਾਂ ਕੋਈ ਵੱਧ ਤਨਖਾਹ ਦਿੱਤੇ ਓਵਰਟਾਈਮ ਲਵਾਏ ਜਾਂਦੇ ਹਨ। ਉਹਨਾਂ ਨੂੰ ਨਸਲੀ ਵਿਤਕਰਾ ਵੀ ਸਹਿਣਾ ਪੈਂਦਾ ਹੈ। ਪ੍ਰਵਾਸੀ ਕਾਮਿਆਂ ਦੀਆਂ ਕੰਮ ਅਤੇ ਰਿਹਾਇਸ਼ ਦੀਆਂ ਹਾਲਤਾਂ ਤਾਂ ਪਹਿਲੋਂ ਹੀ ਭਿਅੰਕਰ ਸਨ, ਉੱਤੋਂ ਰਹਿੰਦੀ ਕਸਰ ਕੋਵਿਡ -19 ਕਾਲ ਦੌਰਾਨ ਪੈਦਾ ਹੋਏ ਮਾਹੌਲ ਨੇ ਕੱਢ ਦਿੱਤੀ। ਉਦਾਹਰਨ ਵਜੋਂ, ਖੇਤੀਬਾੜੀ ਪ੍ਰਵਾਸੀ ਕਾਮੇ ਕਈ ਸਾਲਾਂ ਤੋਂ ‘ਮੌਸਮੀ ਖੇਤੀਬਾੜੀ-ਕਾਮੇ ਪ੍ਰੋਗਰਾਮ’ ਰਾਹੀਂ ਕੈਨੇਡਾ ਜਾਂਦੇ ਹਨ। ਜਿੱਥੇ ਅਕਸਰ ਉਨ੍ਹਾਂ ਦੇ ਮਾਲਕ ਵੱਲੋਂ ਦਿੱਤੀਆਂ ਰਿਹਾਇਸ਼ਾਂ ਵਿੱਚ ਰਹਿਣਾ ਉਹਨਾਂ ਦੀ ਮਜਬੂਰੀ ਹੁੰਦੀ ਹੈ। ਕੋਵਿਡ 19 ਵੇਲ਼ੇ ਜਦ ਸਾਰੀ ਦੁਨੀਆਂ ਵਿੱਚ ਇੱਕ ਦੂਜੇ ਤੋਂ ਸਰੀਰਕ ਦੂਰੀ ਬਣਾਈ ਰੱਖਣ ਲਈ ਸਰਕਾਰਾਂ ਚੀਕ ਚਿਹਾੜਾ ਪਾ ਰਹੀਆਂ ਸਨ ਤਾਂ ਉਸ ਵੇਲ਼ੇ ਇਹ ਖੇਤੀਬਾੜੀ ਪ੍ਰਵਾਸੀ ਕਾਮੇ ਅਜਿਹੇ ਘੁਰਨਿਆਂ ਵਿੱਚ ਰਹਿ ਰਹੇ ਸਨ, ਜਿਹਨਾਂ ਵਿੱਚ 40 ਤੋਂ ਵੱਧ ਜਣਿਆਂ ਲਈ ਸਿਰਫ ਇੱਕ ਗੁਸਲਖਾਨਾ ਮੁਹੱਈਆ ਕਰਾਇਆ ਜਾਂਦਾ ਸੀ। ਪ੍ਰਵਾਸੀ ਕਾਮੇ ਤਾਂ ਅਕਸਰ ਪਹਿਲਾਂ ਹੀ ਹਾਸ਼ੀਏ ’ਤੇ ਹੁੰਦੇ ਹਨ, ਉਹ ਕੈਨੇਡੀਅਨ ਕਨੂੰਨ ਜਾਂ ਕਿਰਤ ਹੱਕਾਂ ਤੋਂ ਜਾਣੂ ਨਹੀਂ ਹੁੰਦੇ। ਜਿਸ ਕਾਰਨ ਕਮਜ਼ੋਰ ਹਾਲਤ ਵਿੱਚ ਹੋਣ ਕਾਰਣ ਉਹ ਆਪਣੇ ਹੱਕਾਂ ਦੀ ਰਾਖੀ ਕਰਨ ਵਿੱਚ ਅਸਮਰੱਥ ਅਤੇ ਬੇਵੱਸ ਹੁੰਦੇ ਹਨ। ਅਪ੍ਰੈਲ 2020 ਵਿੱਚ ਕਨੇਡੀਅਨ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਕੋਵਿਡ -19 ਨਾਲ਼ ਜੁੜੇ ਖਰਚਿਆਂ ਨੂੰ ਪੂਰਾ ਕਰਨ ਲਈ ਸਰਕਾਰ ਕਿਸਾਨਾਂ ਨੂੰ 5 ਕਰੋੜ ਡਾਲਰ (ਪ੍ਰਤੀ ਮੁਲਾਜ਼ਮ 1500 ਡਾਲਰ ਤੱਕ) ਮੁਹੱਈਆ ਕਰਵਾਏਗੀ, ਪਰ ਇਹ ਫੰਡ ਬਹੁਤ ਸਾਰੇ ਕਾਮਿਆਂ ਤੱਕ ਤਾਂ ਪਹੁੰਚਿਆ ਹੀ ਨਹੀਂ। ਪ੍ਰਵਾਸ ਦੀਆਂ ਨੀਤੀਆਂ ਅਤੇ ਵੀਜੇ ਤੋਂ ਲੈ ਕੇ ਰਿਹਾਇਸ਼ ਦੀਆਂ ਹਾਲਤਾਂ ਅਤੇ ਸਰਕਾਰੀ ਸਹਾਇਤਾ ਆਦਿ ਤੱਕ ਸਾਰੇ ਥਾਵਾਂ ਤੋਂ ਹੀ ਇਹਨਾਂ ਨੂੰ ਮਾਰ ਝੱਲਣੀ ਪੈਂਦੀ ਹੈ।

ਪਰ ਇੱਕ ਸਾਮਰਾਜੀ ਮੁਲਕ ਤੋਂ ਕਿਰਤੀਆਂ ਦੇ ਹੱਕਾਂ ਦੀ ਕੋਈ ਆਸ ਕਰਨਾ ਆਪਣੇ ਆਪ ਨੂੰ ਧੋਖੇ ਵਿੱਚ ਰੱਖਣਾ ਹੈ। ਅਸਾਵਾਂ ਵਿਕਾਸ ਸਰਮਾਏਦਾਰਾ ਪ੍ਰਬੰਧ ਦਾ ਲਾਜ਼ਮੀ ਸਿੱਟਾ ਹੈ ਜਿਸ ਕਰਕੇ ਕੁੱਝ ਦੇਸ਼ ਸਰਮਾਏਦਾਰੀ ਵਿਕਾਸ ਦੀ ਦੌੜ ਵਿੱਚ ਅੱਗੇ ਨਿੱਕਲ ਜਾਂਦੇ ਹਨ ਅਤੇ ਕੁੱਝ ਪਿੱਛੇ ਰਹਿ ਜਾਂਦੇ ਹਨ। ਘੱਟ ਵਿਕਸਤ ਦੇਸ਼ਾਂ ਵਿੱਚੋਂ ਲੋਕ ਆਪਣੀ ਰੋਟੀ ਰੁਜ਼ਗਾਰ ਦੀ ਭਾਲ਼ ਵਿੱਚ ਅਖੌਤੀ ਵਿਕਸਤ ਦੇਸ਼ਾਂ ਵੱਲ ਨੂੰ ਪ੍ਰਵਾਸ ਕਰਦੇ ਹਨ, ਇਸ ਭਰਮ ਵਿੱਚ ਕਿ ਸ਼ਾਇਦ ਓਥੇ ਕਿਰਤੀਆਂ ਦੀ ਜ਼ਿੰਦਗੀ ਕੁੱਝ ਸੁਖਾਲੀ ਹੋਵੇਗੀ। ਪਰ ਹਕੀਕਤ ਤਾਂ ਇਹ ਹੈ ਕਿ ਇਹਨਾਂ ਸਾਮਰਾਜੀ ਮੁਲਕਾਂ ਦੇ ਕਾਮੇ ਵੀ ਕੋਈ ਘੱਟ ਪੀੜਤ ਨਹੀਂ ਹਨ। ਕਨੇਡਾ ਵਿੱਚ 48 ਲੱਖ ਲੋਕ ਕਨੇਡਾ ਸਰਕਾਰ ਵੱਲੋਂ ਤੈਅ ਕੀਤੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਜਿਸ ਵਿੱਚੋਂ ਇੱਕ ਚੌਥਾਈ (12 ਲੱਖ) 18 ਸਾਲ ਤੋਂ ਘੱਟ ਉਮਰ ਦੇ ਹਨ। ਇਹ ਇੱਕ ਅਜਿਹੇ ਦੇਸ਼ ਦੀ ਤਸਵੀਰ ਹੈ, ਜਿਸ ਦੇ ‘ਹਾਉਸ ਔਫ ਕੌਮਨਸ’ (ਪਾਰਲੀਮੈਂਟ) ਨੇ 1989 ਵਿੱਚ ਸੰਨ 2000 ਤੱਕ (11 ਸਾਲਾਂ ਦੇ ਅੰਦਰ) ਕਨੇਡਾ ਵਿੱਚੋਂ ਬਾਲ ਗਰੀਬੀ ਨੂੰ ਖਤਮ ਕਰਨ ਦਾ ਟੀਚਾ ਮਿਥਿਆ ਸੀ। ਪਰ 29 ਸਾਲਾਂ ਬਾਅਦ ਵੀ ਅਜੇ ਤੱਕ ਬੱਚਿਆਂ ਦੀ ਏਨੀ ਵੱਡੀ ਅਬਾਦੀ ਗਰੀਬੀ ਰੇਖਾ ਤੋਂ ਹੇਠਾਂ ਜਿਉਂ ਰਹੀ ਹੈ। ਕਨੇਡਾ ਵਿੱਚ ਪਿਛਲੇ 30 ਸਾਲਾਂ ਵਿੱਚ ਅਮੀਰ-ਗਰੀਬ ਵਿੱਚ ਪਾੜਾ ਲਗਾਤਾਰ ਵਧਿਆ ਹੈ। ਆਮਦਨ ਵਿੱਚ ਨਾਬਰਾਬਰੀ ਦਾ ਸਭ ਤੋਂ ਆਮ ਵਰਤਿਆ ਜਾਣ ਵਾਲ਼ਾ ਮਾਪ ਗਿੰਨੀ ਗੁਣਾਂਕ ਹੈ, ਜੋ 0 ਤੋਂ 1 ਦੇ ਪੈਮਾਨੇ ’ਤੇ ਮਾਪਿਆ ਜਾਂਦਾ ਹੈ। ਇਤਾਲਵੀ ਅੰਕੜਾ ਸਿਧਾਂਤਕਾਰ ਕੋਰਾਡੋ ਗਿੰਨੀ ਦੇ ਨਾਮ ਨਾਲ਼ ਜਾਣਿਆਂ ਜਾਂਦਾ ਗਿੰਨੀ ਗੁਣਾਂਕ ਉਸ ਹੱਦ ਦੀ ਗਣਨਾ ਕਰਦਾ ਹੈ, ਜਿਸ ਨਾਲ਼ ਕਿਸੇ ਦੇਸ਼ ਦੀ ਆਮਦਨ ਦੀ ਵਿਅਕਤੀਆਂ ਵਿੱਚ ਵੰਡ ਨੂੰ, ਉਸ ਦੇਸ਼ ਦੀ ਆਮਦਨ ਦੀ ਸਹੀ ਬਰਾਬਰ ਵੰਡ ਨਾਲ਼ੋਂ ਵਖਰਾਇਆ ਜਾਂਦਾ ਹੈ। ਗਿੰਨੀ ਗੁਣਾਂਕ 0 ਪੂਰਨ ਸਮਾਨਤਾ ਨੂੰ ਦਰਸਾਉਂਦਾ ਹੈ- ਭਾਵ ਸਮਾਜ ਵਿੱਚ ਹਰੇਕ ਵਿਅਕਤੀ ਦੀ ਇੱਕੋ ਜਿਹੀ ਆਮਦਨ ਹੁੰਦੀ ਹੈ। ਗਿੰਨੀ ਗੁਣਾਂਕ 1 ਪੂਰਨ ਅਸਮਾਨਤਾ ਨੂੰ ਦਰਸਾਉਂਦਾ ਹੈ- ਭਾਵ ਇੱਕ ਵਿਅਕਤੀ ਕੋਲ਼ ਸਾਰੀ ਆਮਦਨ ਹੈ ਤੇ ਬਾਕੀ ਸਮਾਜ ਕੋਲ਼ ਕੋਈ ਵੀ ਨਹੀਂ, 0 ਤੋਂ 1 ਵੱਲ ਨੂੰ ਵਾਧਾ ਨਾਬਰਾਬਰੀ ਵਿੱਚ ਹੋ ਰਹੇ ਵਾਧੇ ਨੂੰ ਦਰਸਾਉਂਦਾ ਹੈ। ਇਸ ਲਈ ਲਗਤਾਰ 0 ਦੇ ਗੁਣਾਂਕ ਤੋਂ ਦੂਰ ਜਾਂਦਾ ਤੇ 1 ਵੱਲ ਨੂੰ ਵਧ ਰਿਹਾ ਕਨੇਡਾ ਦਾ ਗਿੰਨੀ ਗੁਣਾਂਕ (ਜੋ ਕਿ ਹੁਣ 0.32 ਹੈ) ਕਨੇਡਾ ਵਿੱਚ ਲਗਾਤਾਰ ਵਧ ਰਹੀ ਆਰਥਿਕ ਨਾਬਰਾਬਰੀ ਨੂੰ ਦਰਸਾਉਂਦਾ ਹੈ। ਇੱਕ ਅੰਕੜੇ ਮੁਤਾਬਕ ਕਨੇਡਾ ਵਿੱਚ 2002 ਤੋਂ ਬਾਅਦ ਤੋਂ ਲੈ ਕੇ ਗਰੀਬ ਕਾਮਿਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ ਅਤੇ ਮੱਧਵਰਗੀ ਅਬਾਦੀ ਲਗਾਤਾਰ ਘਟੀ ਹੈ। ਆਪਣੀ ਅਬਾਦੀ ਵਿੱਚ ਪੈਦਾ ਹੋ ਰਹੀ ਇਸ ਬੇਚੈਨੀ ਨੂੰ ਠੱਲਣ ਲਈ ਉੱਥੋਂ ਦੇ ਕਿਰਤੀਆਂ ਵਿੱਚ ਨਸਲਵਾਦੀ ਵਿਤਕਰੇ ਨੂੰ ਹਵਾ ਦੇ ਕੇ, ਪ੍ਰਵਾਸੀ ਕਾਮਿਆਂ ਪ੍ਰਤੀ ਇੱਕ ਨਫਰਤ ਭਰ ਕੇ ਕੈਨੇਡਾਈ ਹਕੂਮਤ ਆਪਣੇ ਕੋਝੇ ਮਨਸੂਬੇ ਪੂਰੇ ਕਰਦੀ ਹੈ।

ਕਨੇਡਾ ਦਾ ਪ੍ਰਵਾਸ ਦੀਆਂ ਨੀਤੀਆਂ ਦਾ ਆਪਣਾ ਇੱਕ ਵੱਖਰਾ ਅਤੇ ਲੰਮਾ ਇਤਿਹਾਸ ਹੈ। 1960 ਦੇ ਦਹਾਕੇ ਤੱਕ ਕਨੇਡਾ ਦੀਆਂ ਪ੍ਰਵਾਸ ਦੀਆਂ ਨੀਤੀਆਂ ਸਪੱਸ਼ਟ ਤੌਰ ’ਤੇ ਨਸਲਵਾਦੀ ਸਨ ਅਤੇ ਇਸ ਵਿੱਚ ਗੈਰ-ਗੋਰਿਆਂ ਦੀ ਆਮਦ ਨੂੰ ਰੋਕਣ ਲਈ ਬਹੁਤ ਸਾਰੀਆਂ ਰੁਕਾਵਟਾਂ ਖੜੀਆਂ ਕੀਤੀਆਂ ਗਈਆਂ ਸਨ। ਸਰਮਾਏਦਾਰੀ ਦੇ ਵਿਕਾਸ ਦੇ ਅਲੱਗ ਅਲੱਗ ਪੜਾਵਾਂ ਵਿੱਚ ਆਈਆਂ ਸਮਾਜਕ-ਆਰਥਕ ਤਬਦੀਲੀਆਂ ਸਦਕਾ, ਉੱਥੋਂ ਦੇ ਸਰਮਾਏਦਾਰਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸਦੀਆਂ ਇਮੀਗ੍ਰੇਸ਼ਨ ਦੀਆਂ ਨੀਤੀਆਂ ਵਿੱਚ ਵੀ ਤਬਦੀਲੀ ਹੁੰਦੀ ਗਈ। ਜਿਸ ਤਰ੍ਹਾਂ ਸਰਮਾਏਦਾਰੀ ਪ੍ਰਬੰਧ ਅੰਦਰ ਕਨੂੰਨ, ਸਿੱਖਿਆ ਢਾਂਚਾ, ਨਿਆਂ ਪ੍ਰਬੰਧ ਅਤੇ ਕਿਸੇ ਵੀ ਤਰ੍ਹਾਂ ਦੀਆਂ ਨੀਤੀਆਂ ਆਦਿ ਸਭ ਇਸ ਢਾਂਚੇ ਦੀ ਸੇਵਾ ਲਈ ਹੀ ਹੁੰਦੇ ਹਨ, ਉਸੇ ਤਰ੍ਹਾਂ ਪ੍ਰਵਾਸੀ ਕਾਮਿਆਂ ਲਈ ਨੀਤੀਆਂ ਵੀ ਸਰਮਾਏਦਾਰਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਬਣਾਈਆਂ ਜਾਂਦੀਆਂ ਹਨ। 1980 ਦੇ ਦਹਾਕੇ ਵਿੱਚ ਕੈਨੇਡੀਅਨ ਕਿਰਤ ਮੰਡੀ ਦੇ ਢਾਂਚੇ ਦੇ ਨਵੀਆਂ ਲੀਹਾਂ ’ਤੇ ਮੁੜਗਠਨ ਨਾਲ਼ ਹੀ ਕੈਨੇਡੀਅਨ ਇਮੀਗ੍ਰੇਸਨ ਪ੍ਰਣਾਲੀ ਵਿੱਚ ਵੀ ਤਬਦੀਲੀ ਸੁਭਾਵਕ ਹੋਣੀ ਹੀ ਸੀ। ‘ਆਰਜ਼ੀ ਕਾਮਿਆਂ ਦੀ ਵਿਦੇਸ਼ ਨੀਤੀ’ ਨੂੰ ਵੀ ਇਸੇ ਤਬਦੀਲੀ ਦੇ ਅੰਗ ਵਜੋਂ ਹੀ ਵੇਖਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਕਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਤਹਿਤ ਪੱਕੇ ਕਾਮੇ ਭਰਤੀ ਕਰਨ ਦੀ ਬਜਾਏ ਆਰਜੀ ਕਾਮਿਆਂ ਦੀ ਭਰਤੀ ਵੱਲ ਨੂੰ ਪਾਸਾ ਮੋੜਿਆ ਗਿਆ।

ਇਮੀਗ੍ਰੇਸ਼ਨ ਦੀਆਂ ਨੀਤੀਆਂ ਜਿੱਥੇ ਇੱਕ ਪਾਸੇ ਸਰਮਾਏਦਾਰੀ ਅੰਦਰਲੇ ਕੌਮਾਂਤਰੀ ਸਬੰਧਾਂ ਤੋਂ ਪ੍ਰਭਾਵਤ ਹੁੰਦੀਆਂ ਹਨ, ਉੱਥੇ ਹੀ ਦੂਜੇ ਪਾਸੇ ਉਲਟੇ ਰੁਖ ਇਹਨਾਂ ਸਬੰਧਾਂ ਨੂੰ ਵੀ ਪ੍ਰਭਾਵਤ ਕਰਦੀਆਂ ਹਨ। ਸਰਮਾਏਦਾਰਾ ਇਮੀਗ੍ਰੇਸ਼ਨ ਨੀਤੀ ਸਰਹੱਦਾਂ ਦੇ ਪਾਰ ਮਨੁੱਖੀ ਕਿਰਤ ਦੇ ਪ੍ਰਵਾਹ ਨੂੰ ਆਪਣੇ ਕੰਟਰੋਲ ਵਿੱਚ ਕਰਦੀ ਹੈ। ਜਿਸ ਰਾਹੀਂ ਵੱਖ਼ ਵੱਖ਼ ਦੇਸ਼ਾਂ ਦੇ ਸਰਮਾਏਦਾਰ ਆਪਣੇ ਲਈ ਵਾਧੂ ਅਬਾਦੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਂਦੇ ਹਨ। ਇਸ ਨਾਲ਼ ਸਰਮਾਏਦਾਰਾਂ ਨੂੰ ਕਿਰਤੀਆਂ ਦੀ ਇੱਕ ਰਾਖਵੀਂ ਅਬਾਦੀ ਹਾਸਲ ਹੁੰਦੀ ਹੈ ਅਤੇ ਨਾਲ਼ ਹੀ ਘਰੇਲੂ ਅਤੇ ਪ੍ਰਵਾਸੀ ਕਿਰਤੀਆਂ ਵਿੱਚ ਇੱਕ ਵਿਰੋਧ ਪੈਦਾ ਕਰਦੇ ਹੋਏ, ਕਿਰਤ ਦੀ ਮੰਡੀ ਵਿੱਚ ਮਜ਼ਦੂਰ ਜਮਾਤ ਦੀ ਸੌਦੇਬਾਜ਼ੀ ਦੀ ਤਾਕਤ ਨੂੰ ਘਟਾ ਕੇ, ਉਹਨਾਂ ਦੀਆਂ ਉਜਰਤਾਂ ਘਟਾਉਣ ਲਈ ਸਾਜਗਰ ਹਾਲਤਾਂ ਪੈਦਾ ਹੁੰਦੀਆਂ ਹਨ। ਇਹੋ ਕਾਰਣ ਹੈ ਕਿ ਘਰੇਲੂ ਅਤੇ ਪ੍ਰਵਾਸੀ ਮਜ਼ਦੂਰਾਂ ਵਿਚਲਾ ਤਣਾਅ ਹਮੇਸ਼ਾਂ ਹੀ ਹਾਕਮਾਂ ਲਈ ਫਾਇਦੇਮੰਦ ਹੁੰਦਾ ਹੈ ਅਤੇ ਦੂਜੇ ਪਾਸੇ ਕਿਰਤੀ ਅਬਾਦੀ ਵਿਚਲੇ ਏਕੇ ਵਿੱਚ ਇੱਕ ਵੱਡੀ ਰੋਕ ਹੁੰਦਾ ਹੈ।

ਪ੍ਰਵਾਸੀ ਕਾਮਿਆਂ ਦੀਆਂ ਸਮੱਸਿਆਵਾਂ ਨੂੰ ਵੀ ਸਮੁੱਚੀ ਕਿਰਤੀ ਅਬਾਦੀ ਦੀ ਸਮੱਸਿਆ ਦੇ ਅੰਗ ਵਜੋਂ ਰੱਖ਼ ਕੇ ਹੀ ਵੇਖਣਾ ਚਾਹੀਦਾ ਹੈ ਅਤੇ ਇਸ ਦਾ ਹੱਲ ਵੀ ਸਰਮਾਏਦਾਰਾ ਪ੍ਰਬੰਧ ਅੰਦਰ ਸਮੁੱਚੇ ਕਿਰਤੀਆਂ ਦੇ ਹੱਲ ਨਾਲ਼ ਜੁੜਿਆ ਹੋਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਦਿ ਕਾਲ ਤੋਂ ਹੀ ਮਨੁੱਖ ਰੋਟੀ ਰੁਜ਼ਗਾਰ ਤੇ ਚੰਗੀਆਂ ਜੀਵਨ ਹਾਲਤਾਂ ਦੀ ਭਾਲ ਵਿੱਚ ਪ੍ਰਵਾਸ ਕਰਦਾ ਆਇਆ ਹੈ। ਅਸੀਂ ਅੱਜ ਸਮਾਜਕ ਵਿਕਾਸ ਦੇ ਜਿਸ ਪੜਾਅ ਉੱਤੇ ਪਹੁੰਚ ਚੁੱਕੇ ਹਾਂ, ਉੱਥੇ ਹਰ ਕਿਸਮ ਦੀਆਂ ਮਨੁੱਖੀ ਲੋੜਾਂ ਨੂੰ ਪੂਰਨ ਲਈ ਸਾਰੇ ਵਸੀਲੇ ਉਪਲਬਧ ਹਨ। ਪਰ ਸਮੱਸਿਆ ਇਹ ਹੈ ਕਿ ਉਹਨਾਂ ਪੈਦਾਵਾਰ ਦੇ ਵਸੀਲਿਆਂ ਉੱਤੇ ਕੁੱਝ ਕੁ ਲੋਕ ਜੱਫਾ ਮਾਰੀ ਬੈਠੇ ਹਨ, ਜਿਸ ਕਾਰਨ ਲੱਖਾਂ ਨਹੀਂ ਸਗੋਂ ਕਰੋੜਾਂ ਲੋਕ ਸਾਰੇ ਸਰੋਤ ਸਾਧਨਾਂ ਦੇ ਹੁੰਦਿਆਂ ਵੀ ਗਰੀਬੀ-ਭੁੱਖਮਰੀ, ਬੇਰੁਜ਼ਗਾਰੀ ਵਿੱਚ ਧੱਕ ਦਿੱਤੇ ਗਏ ਹਨ। ਇਸੇ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਅੰਦਰ ਸਾਮਰਾਜੀ ਮੁਲਕਾਂ ਦੀ ਲੁੱਟ ਕਾਰਨ ਵਿਕਾਸਸ਼ੀਲ ਜਾਂ ਪੱਛੜੇ ਮੁਲਕਾਂ ਵਿੱਚ ਗਰੀਬੀ, ਬੇਰੁਜ਼ਗਾਰੀ ਦੀ ਸਮੱਸਿਆ ਹੋਰ ਵੀ ਭਿਆਨਕ ਹੈ। ਇਸੇ ਕਾਰਨ ਇਹਨਾਂ ਮੁਲਕਾਂ ਤੋਂ ਚੰਗੇ ਰੁਜ਼ਗਾਰ ਤੇ ਚੰਗੀਆਂ ਜੀਵਨ ਹਾਲਤਾਂ ਦੀ ਭਾਲ ਵਿੱਚ ਪੱਛੜੇ ਮੁਲਕਾਂ ਵਿੱਚੋਂ ਵਿਕਸਤ ਮੁਲਕਾਂ ਵੱਲ ਨੂੰ ਪ੍ਰਵਾਸ ਹੋਣਾ ਲਾਜ਼ਮੀ ਹੈ। ਜੇ ਵੱਖ-ਵੱਖ ਮੁਲਕਾਂ ਦਰਮਿਆਨ ਵਿਕਾਸ ਇੰਨਾ ਅਸਾਵਾਂ ਨਾ ਹੋਵੇ ਤਾਂ ਕਿਸੇ ਨੂੰ ਰੁਜ਼ਗਾਰ ਦੀ ਭਾਲ ਵਿੱਚ ਹੋਰ ਮੁਲਕਾਂ ’ਚ ਨਾ ਜਾਣਾ ਪਵੇ। ਪਰ ਸਰਮਾਏਦਾਰਾ ਪ੍ਰਬੰਧ ਤਹਿਤ ਨਾ ਹੀ ਸਾਵਾਂ ਵਿਕਾਸ ਸੰਭਵ ਹੈ ਤੇ ਨਾ ਹੀ ਕਿਸੇ ਵੀ ਮੁਲਕ ਵਿੱਚੋਂ ਬੇਰੁਜਗਾਰੀ ਖਤਮ ਹੋ ਸਕਦੀ ਹੈ। ਇਸ ਕਰਕੇ ਭਾਵੇਂ ਲੋਕ ਭਾਰਤ ਵਿੱਚ ਰਹਿਣ ਅਤੇ ਭਾਵੇਂ ਕੰਮ ਦੀ ਭਾਲ਼ ਵਿੱਚ ਕਨੇਡਾ ਵਰਗੇ ਮੁਲਕਾਂ ਵਿੱਚ ਜਾਣ, ਉਹ ਹਰ ਥਾਂ ਹੀ ਇਸ ਲੋਕ ਦੋਖੀ ਸਰਮਾਏਦਾਰਾ ਪ੍ਰਬੰਧ ਹੇਠ ਪੀਸੇ ਜਾ ਰਹੇ ਹਨ।

ਭਾਰਤ ਵਿੱਚ ਵੀ ਸਥਾਨਕ ਬਨਾਮ ਪ੍ਰਵਾਸੀ ਮਜ਼ਦੂਰਾਂ ਵਿਚਲੇ ਤਣਾਅ ਨੇ ਹਮੇਸ਼ਾਂ ਇੱਥੋਂ ਦੇ ਸਰਮਾਏਦਾਰਾਂ ਦਾ ਹੀ ਫਾਇਦਾ ਕੀਤਾ ਹੈ। ਇਸ ਲਈ ਇਸ ਲੋਕ ਦੋਖੀ ਪ੍ਰਬੰਧ ਨੂੰ ਉਲਟਾਉਣਾ ਅੱਜ ਪੂਰੀ ਦੁਨੀਆਂ ਦੇ ਕਿਰਤੀ ਲੋਕਾਂ ਲਈ ਲਾਜ਼ਮੀ ਹੈ ਤਾਂ ਜੋ ਧਰਤੀ ਦੇ ਹਰ ਹਿੱਸੇ ’ਤੇ ਇਨਸਾਨ ਨੂੰ ਸਨਮਾਨਯੋਗ ਰੁਜ਼ਗਾਰ ਮਿਲ਼ੇ ਤੇ ਜੇ ਉਹ ਕਿਤੇ ਪਰਵਾਸ ਵੀ ਕਰੇ ਤਾਂ ਉਸ ਨਾਲ਼ ਕੋਈ ਵਿਤਕਰਾ, ਕੋਈ ਲੁੱਟ ਨਾ ਹੋਵੇ।

**ਲਲਕਾਰ ’ਚੋਂ ਧੰਨਵਾਦ ਸਹਿਤ**

## 2,3 ਤੇ 4 ਅਕਤੂਬਰ ਨੂੰ ਸਿੰਘੂ, ਟਿੱਕਰੀ ਤੇ ਗਾਜੀਪੁਰ ਬਾਰਡਰਾਂ ’ਤੇ ਇਪਟਾ ਦੇ ਕਾਰਕੁਨ ਕਿਸਾਨ ਮਸਲਿਆ ਦਾ ਜ਼ਿਕਰ ਕਰਦੀਆਂ ਕਰਨਗੇ ਪੇਸ਼ਕਾਰੀਆਂ, ਨਾਟ-ਕਰਮੀ ਦਵਿੰਦਰ ਦਮਨ ਕਰਨਗੇ ਸੰਭੂ ਬੈਰੀਅਰ ਤੋਂ ਰਵਾਨਾ

ਕਿਸਾਨ/ਇਨਸਾਨ ਵਿਰੋਧੀ ਲੋਕ-ਮਾਰੂ ਤਿੰਨ ਕਾਲੇ ਕਾਨੂੰਨਾਂ ਖ਼ਿਲਾਫ ਪੰਜਾਬ ਵਿਚ ਪਿੱਛਲੇ ਇਕ ਸਾਲ ਅਤੇ ਦਿੱਲੀ ਦੀਆਂ ਬਰੂਹਾਂ ’ਤੇ 10 ਮਹੀਨਿਆਂ ਤੋਂ ਹਾਕਿਮ ਦੇ ਗ਼ੈਰ-ਗੰਭੀਰ ਤੇ ਗ਼ੈਰ-ਇਖਲਾਕੀ ਰੱਵਈਏ ਖਿਲਾਫ਼ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਚੱਲ ਰਹੇ ਅੰਦੋਲਨ ਵਿੱਚ ਇਪਟਾ ਦੇ ਕਾਰਕੁਨ 2,3 ਤੇ 4 ਅਕਤੂਬਰ ਨੂੰ ਸਿੰਘੂ, ਟਿੱਕਰੀ ਤੇ ਗਾਜੀਪੁਰ ਬਾਰਡਰਾਂ ’ਤੇ ਕਿਸਾਨ ਮਸਲਿਆ ਤੇ ਅੰਦੋਲਨ ਦਾ ਜ਼ਿਕਰ ਤੇ ਫ਼ਿਕਰ ਕਰਦੇ ਨਾਟਕਾਂ, ਕੋਰੀਓਗ੍ਰਾਫੀਆਂ ਤੇ ਗਾਇਕੀ ਦੀਆਂ ਪੇਸ਼ਕਾਰੀਆਂ ਰਾਹੀਂ ਸ਼ਮੂਲੀਅਤ ਕਰਨਗੇ।ਜਿਸ ਨੂੰ ਚਰਚਿੱਤ ਨਾਟਕਕਾਰ ਤੇ ਨਾਟ-ਨਿਰਦੇਸ਼ਕ ਅਤੇ ਇਪਟਾ ਦੇ ਸਾਬਕਾ ਸੂਬਾਈ ਪ੍ਰਧਾਨ ਦਵਿੰਦਰ ਦਮਨ ਸੰਭੂ ਬੈਰੀਆ ਤੋਂ ਰਵਾਨਾ ਕਰਨਗੇ




ਇਹ ਜਾਣਕਾਰੀ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਤੇ ਜੱਥੇਬੰਦਕ ਸੱਕਤਰ ਸਰਬਜੀਤ ਰੂਪੋਵਾਲੀ ਦਿੰਦੇ ਕਿਹਾ ਕਿ ਇਪਟਾ ਦੀਆਂ ਜਿਲਾਂ ਇਕਾਈ ਪਟਿਆਲਾ ਤੋਂ ਡਾ. ਕੁਲਦੀਪ ਸਿੰਘ ਦੀਪ ਦਾ ਲਿਖਿਆ ਤੇ ਸਾਗਰ ਸੁਰਿੰਦਰ ਦਾ ਨਿਰਦੇਸ਼ਤ ਨਾਟਕ ‘ਟੋਪੀ ਵਾਲੇ ਕਿੱਲ’, ਲੁਧਿਆਣਾ ਤੋਂ ਰਾਜਵਿੰਦਰ ਸਮਰਾਲਾ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ ‘ਅੰਨਦਾਤਾ’, ਹੁਸ਼ਿਆਰਪੁਰ ਤੋਂ ਅਸ਼ੋਕ ਪੁਰੀ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ ‘ਮੈਂ ਪੰਜਾਬ ਬੋਲਦਾਂ’ ਅਤੇ ਕਪੂਰਥਲਾ ਤੋਂ ਇੰਦਰਜੀਤ ਰੂਪੋਵਾਲੀ ਦੀ ਕੋਰੀਗ੍ਰੀਓਗ੍ਰਾਫੀਆਂ ਤੋਂ ਇਲਾਵਾ ਗਾਇਕੀ ਤੇ ਸ਼ਾਇਰੀ ਦੀ ਪੇਸ਼ਕਾਰੀ ਵੀ ਹੋਵੇਗੀ।

# ਅੰਗਰੇਜ਼ ਰਾਜ 'ਚ ਦਲਿਤਾਂ ਦੀ ਹਾਲਤ ਅਤੇ ਆਜ਼ਾਦ ਪੰਜਾਬ ਦੇ ਪਹਿਲੇ ਦਲਿਤ ਮੁੱਖ ਮੰਤਰੀ ਲਈ ਚੁਣੌਤੀਆਂ



-ਸੁਖਦੇਵ ਸਲੇਮਪੁਰੀ
09780620233

ਦਲਿਤ ਵਰਗ ਦੇ ਲੋਕ ਹਿੰਦੂ ਲੋਕਾਂ ਨਾਲ ਰਲਕੇ ਅਕਸਰ ਰੌਲਾ ਪਾਉਂਦੇ ਹਨ ਕਿ ਅੰਗਰੇਜ਼ਾਂ ਨੇ ਆਪਣੇ ਕਾਰਜਕਾਲ ਦੌਰਾਨ ਦੇਸ਼ ਨੂੰ ਬਹੁਤ ਲੁੱਟਿਆ, ਜਦਕਿ ਹੁਣ ਦਲਿਤ ਵਰਗ ਦੇ ਲੋਕ ਇਸ ਗੱਲ ਨੂੰ ਲੈ ਕੇ ਬਹੁਤ ਪ੍ਰੇਸ਼ਾਨ ਹਨ, ਕਿ ਹਿੰਦੂ ਧਰਮ ਦੀ ਹੋਂਦ ਨੂੰ ਖਤਰਾ ਬਣਿਆ ਹੋਇਆ ਹੈ। ਭਲਾਂ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਜੇਕਰ ਕੇਂਦਰ ਸਮੇਤ ਸਮੁੱਚੇ ਦੇਸ਼ ਦੇ ਸਮੂਹ ਸੂਬਿਆਂ ਵਿਚ ਨਿਰੋਲ ਹਿੰਦੂ ਲੋਕਾਂ ਨਾਲ ਸਬੰਧਿਤ ਹਿੰਦੂ ਸਰਕਾਰਾਂ ਹਨ, ਫਿਰ ਹਿੰਦੂਆਂ ਦੀ ਹੋਂਦ ਕਿਵੇਂ ਖਤਰੇ ਵਿਚ ਹੈ? ਪਰ ਵਿਚਾਰੇ ਦਲਿਤਾਂ ਜਿਨ੍ਹਾਂ ਨੂੰ ਹਿੰਦੂਆਂ ਨੇ ਆਪਣੀ ਗਿਣਤੀ ਵਧਾਉਣ ਲਈ ਹਿੰਦੂ ਬਣਾਇਆ ਹੋਇਆ ਹੈ, ਨੂੰ ਹਿੰਦੂ ਧਰਮ ਦੀ ਬਹੁਤ ਚਿੰਤਾ ਲੱਗੀ ਹੋਈ ਹੈ। ਇਸੇ ਤਰ੍ਹਾਂ ਹੀ ਜਿਹੜੇ ਦਲਿਤ ਸਿੱਖ ਧਰਮ ਅਪਣਾ ਚੁੱਕੇ ਹਨ, ਉਨ੍ਹਾਂ ਨੂੰ ਸਿੱਖ ਧਰਮ ਦੀ ਚਿੰਤਾ ਲੱਗੀ ਰਹਿੰਦੀ ਹੈ। ਕਿੰਨੇ ਸਿਤਮ ਦੀ ਗੱਲ ਹੈ ਕਿ ਦਲਿਤਾਂ ਨੂੰ ਨਾ ਤਾਂ ਆਪਣੀ ਅਤੇ ਨਾ ਹੀ ਆਪਣੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਹੈ। ਦਲਿਤ ਸਿੱਖ ਅਖੌਤੀ ਉਚ ਜਾਤੀ ਦੇ ਸਿੱਖਾਂ ਨਾਲ ਰਲਕੇ ਅਕਸਰ ਕਹਿੰਦੇ ਹਨ ਕਿ ਕੇਂਦਰ ਸਰਕਾਰ ਹਮੇਸ਼ਾ ਸਿੱਖ ਧਰਮ ਨੂੰ ਕਮਜੋਰ ਕਰਨ ਲਈ ਚਾਲਾਂ ਚੱਲਦੀ ਰਹਿੰਦੀ ਹੈ, ਪਰ ਸੋਚਣ ਵਾਲੀ ਗੱਲ ਹੈ ਕਿ ਪੰਜਾਬ ਵਿਚ ਹਮੇਸ਼ਾ ਨਿਰੋਲ ਉੱਚ ਜਾਤੀ ਦੇ ਸਿੱਖਾਂ ਦੀ ਸਰਕਾਰ ਰਹੀ ਹੈ, ਫਿਰ ਸਿੱਖਾਂ ਦੀ ਹੋਂਦ ਨੂੰ ਖਤਰਾ ਕਿਵੇਂ ਹੋ ਸਕਦਾ ਹੈ? ਜਦ ਕਿ ਸੱਚ ਤਾਂ ਇਹ ਹੈ ਕਿ ਸਿੱਖ ਧਰਮ ਨੂੰ ਨਾ ਤਾਂ ਕਦੀ ਕੋਈ ਖਤਰਾ ਹੋਇਆ ਹੈ ਅਤੇ ਨਾ ਹੈ।

ਦੇਸ਼ ਦੇ ਇਸਾਈਆਂ, ਬੋਧੀਆਂ ਅਤੇ ਮੁਸਲਮਾਨਾਂ ਨੇ ਕਦੀ ਵੀ ਰੌਲਾ ਨਹੀਂ ਪਾਇਆ ਕਿ ਉਨ੍ਹਾਂ ਦੀ ਹੋਂਦ ਨੂੰ ਖਤਰਾ ਬਣਿਆ ਹੈ, ਹਾਲਾਂਕਿ ਹਰ ਰੋਜ ਉਨ੍ਹਾਂ ਉਪਰ ਮਾਨਸਿਕ, ਸਰੀਰਕ, ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਤੌਰ 'ਤੇ ਨਿਰਵਿਘਨ ਤਸ਼ੱਦਦ ਚੱਲਦਾ ਰਹਿੰਦਾ ਹੈ। ਦਲਿਤ ਜਿਨ੍ਹਾਂ ਉਪਰ ਹਜਾਰਾਂ ਸਾਲਾਂ ਤੋਂ ਤਸ਼ੱਦਦ ਹੁੰਦਾ ਆ ਰਿਹਾ ਹੈ, ਨੇ ਕਦੀ ਵੀ ਆਪਣਾ ਮੂੰਹ ਨਹੀਂ ਖੋਲ੍ਹਿਆ। ਸਿਰ ਨੀਵਾਂ ਕਰਕੇ ਕੁੱਟ ਖਾਣ ਦੇ ਆਦੀ ਬਣ ਚੁੱਕੇ। ਅੰਗਰੇਜ਼ਾਂ ਨੇ ਆਪਣੇ ਕਾਰਜਕਾਲ ਦੌਰਾਨ ਦਲਿਤਾਂ ਨੂੰ ਨਾ ਕੁੱਟਿਆ ਅਤੇ ਨਾ ਹੀ ਲੁੱਟਿਆ, ਕਿਉਂਕਿ ਅੰਗਰੇਜ਼ਾਂ ਨੇ ਦੇਸ਼ ਵਿਚ ਆ ਕੇ ਵੇਖ ਲਿਆ ਸੀ ਕਿ ਦਲਿਤਾਂ ਕੋਲ ਤਾਂ ਕੁਝ ਵੀ ਨਹੀਂ ਹੈ, ਸਗੋਂ ਮਨੂੰਵਾਦੀ ਵਿਵਸਥਾ ਦਾ ਸ਼ਿਕਾਰ ਹੋ ਕੇ ਪਸ਼ੂਆਂ ਵਰਗਾ ਜੀਵਨ ਜਿਊਣ ਲਈ ਬੇਵੱਸ ਹਨ। ਅੰਗਰੇਜ਼ਾਂ ਨੇ ਮਨੂੰਵਾਦੀ ਵਿਵਸਥਾ ਦੇ ਉਲਟ ਦਲਿਤਾਂ ਅਤੇ ਔਰਤਾਂ ਦੀ ਜਿੰਦਗੀ ਵਿੱਚ ਸੁਧਾਰ ਲਿਆਉਣ ਲਈ ਨਵੀਆਂ ਨੀਤੀਆਂ ਹੋਂਦ ਵਿਚ ਲਿਆਕੇ ਅੱਗੇ ਵਧਣ ਦਾ ਰਾਹ ਖੋਲ੍ਹਿਆ, ਪਰ ਕਿੰਨੇ ਸਿਤਮ ਦੀ ਗੱਲ ਹੈ ਕਿ ਦਲਿਤ ਵੀ ਹਿੰਦੂਆਂ ਦੇ ਪਿਛੇ ਲੱਗ ਕੇ ਅੰਗਰੇਜ਼ਾਂ ਦੇ ਵਿਰੁੱਧ ਹੋ ਗਏ। ਬਾਬਾ ਸਾਹਿਬ ਡਾ ਅੰਬੇਦਕਰ ਨੇ ਅੰਗਰੇਜ਼ਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਸੀ ਕਿ ਭਾਰਤ ਵਿਚ ਦਲਿਤਾਂ ਦੀ ਜਿੰਦਗੀ ਕੁੱਤਿਆਂ ਨਾਲੋਂ ਵੀ ਮਾੜੀ ਹੈ, ਕਿਉਂਕਿ ਛੱਪੜ ਵਿਚੋਂ ਇਕ ਕੁੱਤਾ ਤਾਂ ਲੰਘ ਸਕਦਾ ਹੈ, ਪਰ ਦਲਿਤਾਂ ਨੂੰ ਛੱਪੜ ਵਿਚੋਂ ਪਾਣੀ ਪੀਣ ਦਾ ਅਧਿਕਾਰ ਨਹੀਂ । ਅੰਗਰੇਜ਼ਾਂ ਨੂੰ ਜਦੋਂ ਬਾਬਾ ਸਾਹਿਬ ਡਾ ਅੰਬੇਦਕਰ ਨੇ ਦਲਿਤਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਤੋਂ ਜਾਣੂ ਕਰਵਾਇਆ ਤਾਂ ਫਿਰ ਦਲਿਤਾਂ ਦਾ ਜੀਵਨ ਪੱਧਰ ਉਪਰ ਚੁੱਕਣ ਲਈ ਰਾਖਵਾਂਕਰਨ ਦਾ ਮੁੱਢ ਵੱਜਣਾ ਸ਼ੁਰੂ ਹੋਇਆ।

ਅੱਜ ਰਾਖਵਾਂਕਰਨ ਨੂੰ ਲੈ ਕੇ ਉੱਚ ਜਾਤੀ ਨਾਲ ਸਬੰਧਿਤ ਹਿੰਦੂਆਂ ਅਤੇ ਸਿੱਖਾਂ ਵਲੋਂ ਡੱਟਕੇ ਵਿਰੋਧ ਕੀਤਾ ਜਾ ਰਿਹਾ ਹੈ। ਦੇਸ਼ ਵਿਚ ਉੱਚ ਜਾਤੀ ਨਾਲ ਸਬੰਧਿਤ ਲੋਕਾਂ ਦੀ ਗਿਣਤੀ ਸਿਰਫ 15 ਫੀਸਦੀ ਹੈ, ਪਰ ਉਹ ਦੇਸ਼ ਦੀ 90 ਫੀਸਦੀ ਤੋਂ ਵੱਧ ਰਾਜਨੀਤਕ, ਆਰਥਿਕ, ਪ੍ਰਸ਼ਾਸਨਿਕ, ਵਪਾਰਕ ਅਤੇ ਜਮੀਨੀ ਵਿਵਸਥਾ ਉਪਰ ਕਾਬਜ ਹਨ, ਪਰ ਐਨ ਇਸ ਦੇ ਉਲਟ ਦੇਸ਼ ਵਿਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਲੋਕਾਂ ਦੀ ਅਬਾਦੀ 85 ਫੀਸਦੀ ਹੈ, ਪਰ ਉਨ੍ਹਾਂ ਕੋਲ 10 ਫੀਸਦੀ ਵੀ ਦੇਸ਼ ਦਾ ਰਾਜ ਭਾਗ ਨਹੀਂ ਹੈ। ਦਲਿਤ ਵਰਗ ਚੋਂ ਹਿੰਦੂ ਅਤੇ ਸਿੱਖ ਬਣੇ ਲੋਕਾਂ ਨੂੰ ਆਪਣੀ ਬੰਦ ਜੁਬਾਨ ਖੋਲ੍ਹ ਕੇ ਹਿੰਦੂਆਂ ਅਤੇ ਸਿੱਖਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਜਨਸੰਖਿਆ ਦੇ ਅਧਾਰ 'ਤੇ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾਵੇ।

ਇਸ ਵੇਲੇ ਦਲਿਤਾਂ ਨੂੰ ਸੰਵਿਧਾਨਿਕ ਤੌਰ 'ਤੇ ਜਿਹੜੇ ਹੱਕ ਮਿਲੇ ਹੋਏ ਹਨ, ਉਨ੍ਹਾਂ ਨੂੰ ਖੋਹਣ ਲਈ ਉੱਚ ਜਾਤੀ ਦੇ ਹਿੰਦੂ ਅਤੇ ਸਿੱਖ ਸੱਭ ਤੋਂ ਅੱਗੇ ਹਨ। ਦੇਸ਼ ਵਿਚ ਜੇ ਅੱਜ ਕਿਸੇ ਦੇ ਹੱਕਾਂ ਅਤੇ ਹਿੱਤਾਂ ਦੀ ਹੋਂਦ ਨੂੰ ਖਤਰਾ ਹੈ ਤਾਂ ਉਨ੍ਹਾਂ ਵਿਚ ਦਲਿਤ, ਬੋਧੀ, ਇਸਾਈ ਅਤੇ ਮੁਸਲਮਾਨ ਸ਼ਾਮਲ ਹਨ। ਹਿੰਦੂਆਂ ਅਤੇ ਸਿੱਖਾਂ ਦੀ ਹੋਂਦ ਨੂੰ ਕੋਈ ਵੀ ਖਤਰਾ ਨਹੀਂ ਹੈ, ਕਿਉਂਕਿ ਹਿੰਦੂ ਹਮੇਸ਼ਾ ਦੇਸ਼ ਦੇ ਰਾਜ ਭਾਗ ਉਪਰ ਕਾਬਜ ਰਿਹਾ ਹੈ ਜਦਕਿ ਪੰਜਾਬ ਦਾ ਮੁੱਖ ਮੰਤਰੀ ਹਮੇਸ਼ਾ ਸੁਪਰ ਸਿੱਖ ਰਿਹਾ ਹੈ।



ਜੇਕਰ ਹਿੰਦੂਆਂ ਅਤੇ ਸਿੱਖਾਂ ਉਪਰ ਮੁਗਲਾਂ ਨੇ ਤਸ਼ੱਦਦ ਢਾਹਿਆ ਤਾਂ ਇਸ ਪਿੱਛੇ ਕਿਸੇ ਦਲਿਤ ਨਹੀਂ ਬਲਕਿ ਜਾਗੀਰੀਆਂ (ਜਾਗੀਰ) ਅਤੇ ਵਜੀਰੀਆਂ ਦੇ ਲਾਲਚਖੋਰ ਹਿੰਦੂਆਂ ਅਤੇ ਸਿੱਖਾਂ ਦਾ ਹੱਥ ਸੀ। ਇਸੇ ਤਰ੍ਹਾਂ ਅੰਗਰੇਜ਼ਾਂ ਦਾ ਲੰਬਾ ਸਮਾਂ ਭਾਰਤ ਉਪਰ ਰਾਜ ਕਰਨ ਦਾ ਕਾਰਨ ਵੀ ਜਾਗੀਰਾਂ ਲੈਣ ਵਾਲੇ ਲਾਲਚੀ ਹਿੰਦੂ ਅਤੇ ਸਿੱਖ ਹੀ ਸਨ।

ਦਲਿਤਾਂ ਨੂੰ ਹਿੰਦੂ ਅਤੇ ਸਿੱਖ ਬਣਾਉਣ ਪਿੱਛੇ ਵੀ ਵੋਟਾਂ ਦੀ ਸਿਆਸਤ ਭਾਰੂ ਹੈ, ਪਰ ਸੁਪਰ ਹਿੰਦੂਆਂ ਅਤੇ ਸਿੱਖਾਂ ਨੇ ਦਲਿਤਾਂ ਨੂੰ ਹਮੇਸ਼ਾ ਚੌਥੇ ਦਰਜੇ ਦੇ ਹਿੰਦੂ ਅਤੇ ਸਿੱਖ ਹੀ ਮੰਨਿਆ ਹੈ, ਜੇਕਰ ਦਲਿਤਾਂ ਵਿੱਚੋਂ ਬਣੇ ਹਿੰਦੂਆਂ ਅਤੇ ਸਿੱਖਾਂ ਨੂੰ ਆਪਣੇ ਬਰਾਬਰ ਦੇ ਹਿੰਦੂ ਅਤੇ ਸਿੱਖ ਮੰਨਿਆ ਹੁੰਦਾ ਤਾਂ ਅੱਜ ਦੇਸ਼ ਵਿੱਚ ਦਲਿਤਾਂ ਦਾ ਜੀਵਨ ਪੱਧਰ ਵੀ ਸੁਪਰ ਹਿੰਦੂਆਂ ਅਤੇ ਸਿੱਖਾਂ ਵਾਂਗੂੰ ਮਾਣ-ਸਨਮਾਨ ਵਾਲਾ ਹੋਣਾ ਸੀ। ਮੰਦਿਰਾਂ ਵਿਚ ਜਾਣ ਲਈ ਦਲਿਤਾਂ ਉਪਰ ਅਜੇ ਵੀ ਮਨਾਹੀ ਹੈ, ਦਲਿਤ ਭਾਵੇਂ ਦੇਸ਼ ਦਾ ਰਾਸ਼ਟਰਪਤੀ ਵੀ ਕਿਉਂ ਨਾ ਹੋਵੇ?

ਪਿਛਲੇ ਹਜਾਰਾਂ ਸਾਲਾਂ ਤੋਂ ਦੇਸ਼ ਵਿੱਚ ਮਨੂੰ-ਸਿਮਰਤੀ ਵਿਧਾਨ ਲਾਗੂ ਹੋਣ ਕਾਰਨ ਦਲਿਤ ਪਸ਼ੂਆਂ ਵਰਗੀ ਜਿੰਦਗੀ ਜਿਊਣ ਲਈ ਮਜਬੂਰ ਸਨ, ਜਿਸ ਨੂੰ ਬਰਤਾਨੀਆ ਸਰਕਾਰ ਮਹਿਸੂਸ ਕਰ ਰਹੀ ਸੀ, ਜਦ ਕਿ ਦਲਿਤਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਨੇ ਬਰਤਾਨੀਆ ਸਰਕਾਰ ਕੋਲ ਵੀ ਇਸ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਜੋਰਦਾਰ ਢੰਗ ਨਾਲ ਉਠਾਇਆ ਸੀ, ਜਿਸ ਪਿੱਛੋਂ ਬਰਤਾਨੀਆ ਸਰਕਾਰ ਨੇ ਦੇਸ਼ ਵਿਚ ਦਲਿਤਾਂ ਦੀ ਹੋ ਰਹੀ ਮੰਦਹਾਲੀ ਭਰੀ ਦੁਰਦਸ਼ਾ ਵੇਖਦਿਆਂ ਉਨ੍ਹਾਂ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪੱਧਰ ਵਿਚ ਸੁਧਾਰ ਲਿਆਉਣ ਲਈ ਦੇਸ਼ ਵਿਚ ਦਲਿਤਾਂ ਲਈ ਵੱਖਰੇ ਚੋਣ ਹਲਕੇ ਬਣਾਉਣ ਲਈ ਪਹਿਲ ਕਦਮੀ ਕੀਤੀ ਸੀ , ਪਰ ਬਰਤਾਨੀਆ ਸਰਕਾਰ ਦੇ ਇਸ ਫੈਸਲੇ ਖਿਲਾਫ 16 ਸਤੰਬਰ 1932 ਨੂੰ ਮੋਹਨਦਾਸ ਕਰਮਚੰਦ ਗਾਂਧੀ ਨੇ ਯਰਵਦਾ ਜੇਲ੍ਹ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਸੀ ਅਤੇ ਫਿਰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਉਪਰ ਦਬਾਅ ਪੁਵਾ ਕੇ ਪੂਨਾ ਪੈਕਟ ਤਹਿਤ ਸਹਿਮਤੀ ਤੋਂ ਬਾਅਦ ਹੜਤਾਲ ਵਾਪਸ ਲੈ ਲਈ ਸੀ। ਅਸਲ ਵਿਚ ਮੋਹਨਦਾਸ ਕਰਮਚੰਦ ਗਾਂਧੀ ਨੇ ਅਸਿੱਧੇ ਤੌਰ 'ਤੇ ਦਲਿਤਾਂ ਨੂੰ ਵੱਧ ਅਧਿਕਾਰ ਦੇਣ ਅਤੇ ਡਾ ਅੰਬੇਦਕਰ ਵਿਰੁੱਧ ਹੀ ਭੁੱਖ ਹੜਤਾਲ ਰੱਖੀ ਸੀ, ਜੇਕਰ ਦੇਸ਼ ਵਿਚ ਦਲਿਤਾਂ ਲਈ ਵੱਖਰੇ ਚੋਣ ਹਲਕੇ ਬਣਾਉਣ ਸਬੰਧੀ ਤਜਵੀਜ ਪਾਸ ਹੋ ਜਾਂਦੀ ਤਾਂ ਅੱਜ ਉਨ੍ਹਾਂ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸਥਿਤੀ ਹੋਰਨਾਂ ਵਰਗਾਂ ਦੇ ਲੋਕਾਂ ਦੀ ਤਰ੍ਹਾਂ ਹੀ ਬਿਹਤਰ ਹੋਣੀ ਸੀ।

**ਆਜਾਦ ਪੰਜਾਬ ਦੇ ਪਹਿਲੇ ਦਲਿਤ ਮੁੱਖ ਮੰਤਰੀ ਲਈ ਚੁਣੌਤੀਆਂ**

– ਦੇਸ਼ ਦੇ ਇਤਿਹਾਸ ਦੇ ਪੰਨਿਆਂ ਵਿਚ ਇਕ ਨਵੇਂ ਅਧਿਆਏ ਦੀ ਸ਼ੁਰੂਆਤ ਸ਼ੁਰੂ ਹੋ ਗਈ ਹੈ, ਕਿ ਹਜਾਰਾਂ ਸਾਲਾਂ ਤੋਂ ਸਮਾਜਿਕ, ਆਰਥਿਕ, ਅਤੇ ਰਾਜਨੀਤਕ ਵਿਤਕਰਿਆਂ ਦਾ ਸ਼ਿਕਾਰ ਹੁੰਦੇ ਆ ਰਹੇ ਦਲਿਤ ਵਰਗ ਵਿਚ ਪੰਜਾਬ ਜਿਸ ਨੂੰ ਦੇਸ਼ ਦੀ ਖੜਕ, ਖੇਡ ਅਤੇ ਖੇਤੀ ਭੁਜਾ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ, ਦਾ ਪਹਿਲੀ ਵਾਰ ਦਲਿਤ ਮੁੱਖ ਮੰਤਰੀ ਬਣਿਆ ਹੋਇਆ, ਅਤੇ ਮੁੱਖ ਮੰਤਰੀ ਵੀ ਉਹ ਇਨਸਾਨ ਬਣਿਆ ਹੋਇਆ, ਜਿਹੜਾ ਉੱਚ ਸਿੱਖਿਆ ਪ੍ਰਾਪਤ ਇਨਸਾਨ ਹੈ। ਕਿਸੇ ਦਲਿਤ ਦਾ ਮੁੱਖ ਮੰਤਰੀ ਬਣ ਜਾਣਾ, ਭਾਵੇਂ ਬਹੁਤ ਸਾਰੇ ਵਰਗਾਂ ਦੇ ਲੋਕਾਂ ਦੇ ਢਿੱਡ ਵਿਚ ਪੀੜਾ ਵੀ ਪੈਦਾ ਕਰ ਰਿਹਾ ਹੋਵੇਗਾ, ਕਿਉਂਕਿ ਦੇਸ਼ ਦੀ ਕੋਈ ਵੀ ਸਿਆਸੀ ਪਾਰਟੀ ਕਦੀ ਵੀ ਕਿਸੇ ਸੂਬੇ ਦਾ ਮੁੱਖ ਮੰਤਰੀ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਕਿਸੇ ਦਲਿਤ ਨੂੰ ਬਣਾਉਣਾ ਨਹੀਂ ਚਾਹੁੰਦੀ।

ਪੰਜਾਬ ਨੂੰ ਮਿਲਿਆ ਨਵਾਂ ਮੁੱਖ ਮੰਤਰੀ ਸ ਚਰਨਜੀਤ ਸਿੰਘ ਚੰਨੀ ਦੀ ਜਦੋਂ ਅਸੀਂ ਕਾਬਲੀਅਤ ਉਪਰ ਝਾਤੀ ਮਾਰਦੇ ਹਾਂ ਤਾਂ, ਵੇਖਕੇ ਦੰਗ ਰਹਿ ਜਾਈਦਾ। ਮੁੱਖ ਮੰਤਰੀ ਸ ਚੰਨੀ ਆਪਣੇ ਕਾਲਜ ਦੇ ਦਿਨਾਂ ਦੌਰਾਨ ਵਿਦਿਆਰਥੀ ਜਥੇਬੰਦੀ ਦੇ ਪ੍ਰਧਾਨ ਰਹੇ ਹਨ। ਉਹ ਤਿੰਨ ਵਾਰ ਕੌਂਸਲਰ ਰਹਿ ਚੁੱਕੇ ਹਨ, ਜਦ ਕਿ ਉਹ ਹੁਣ ਤੱਕ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ। ਇੱਕ ਵਾਰ ਕਾਂਗਰਸ ਨਾਲ ਤਾਣੀ ਉਲਝ ਜਾਣ ਕਾਰਨ ਕਾਂਗਰਸ ਨੇ ਉਨ੍ਹਾਂ ਨੂੰ ਆਪਣੀ ਟਿਕਟ ਤੋਂ ਵੰਚਿਤ ਕਰਕੇ ਰੱਖ ਦਿੱਤਾ, ਪਰ ਚਮਕੌਰ ਸਾਹਿਬ ਦੇ ਹਲਕੇ ਵਿਚ ਉਨ੍ਹਾਂ ਦੀ ਹਰਮਨਪਿਆਰਤਾ ਹੋਣ ਕਰਕੇ ਲੋਕਾਂ ਨੇ ਉਨ੍ਹਾਂ ਨੂੰ ਅਜਾਦ ਉਮੀਦਵਾਰ ਵਜੋਂ ਖੜ੍ਹਾਕੇ ਵਿਧਾਇਕ ਬਣਾਕੇ ਵਿਧਾਨ ਸਭਾ ਵਿਚ ਭੇਜ ਦਿੱਤਾ, ਜਿਸ ਪਿੱਛੋਂ ਮੁੜ ਕਾਂਗਰਸ ਨੇ ਆਪਣੇ ਵਿਚ ਸ਼ਾਮਲ ਕਰ ਲਿਆ। ਉਹ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਵੀ ਰਹੇ ਹਨ ਅਤੇ ਤਕਨੀਕੀ ਸਿੱਖਿਆ ਵੀ ਰਹੇ ਹਨ। ਉਹ ਇੱਕ ਸੂਝਵਾਨ ਨੇਤਾ ਅਤੇ ਉੱਚ ਸਿੱਖਿਆ ਪ੍ਰਾਪਤ ਇਨਸਾਨ ਹਨ। ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ ਏ (ਰਾਜਨੀਤੀ), ਵਕਾਲਤ ਅਤੇ ਐਮ ਬੀ ਏ ਪਾਸ ਹਨ ਅਤੇ ਇਸ ਵੇਲੇ ਉਹ ਸਿਆਸਤ ਦੇ ਰੁਝੇਵਿਆਂ ਵਿਚ ਰੁੱਝਿਆ ਹੋਣ ਦੇ ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ ਐਚ ਡੀ ਵੀ ਕਰ ਰਹੇ ਹਨ। ਉਹ ਕੇਵਲ ਸਿਆਸਤ ਦੇ ਹੀ ਉੱਚ ਖਿਡਾਰੀ ਨਹੀਂ ਹਨ, ਬਲਕਿ ਇਸ ਦੇ ਨਾਲ ਨਾਲ ਉਹ ਬਾਸਕਟਬਾਲ ਦੇ ਵੀ ਚੋਟੀ ਦੇ ਖਿਡਾਰੀ ਰਹਿ ਚੁੱਕੇ ਹਨ। ਇੰਟਰ ਯੂਨੀਵਰਸਿਟੀ ਬਾਸਕਟਬਾਲ ਦੇ ਮੁਕਾਬਲੇ ਵਿਚ ਉਹ ਤਿੰਨ ਵਾਰ ਗੋਲਡ ਮੈਡਲਿਸਟ ਰਹਿ ਚੁੱਕੇ ਹਨ।


ਇਸ ਵੇਲੇ ਮੁੱਖ ਮੰਤਰੀ ਸ ਚੰਨੀ ਸਾਹਮਣੇ ਜਿਥੇ ਸੂਬੇ ਦੀ ਆਰਥਿਕ ਮੰਦਹਾਲੀ ਦਾ ਡਰਾਉਣਾ ਪਹਾੜ ਖੜ੍ਹਾ ਹੈ, ਉਥੇ ਹੀ ਉਨ੍ਹਾਂ ਨੂੰ ਆਪਣੀ ਹੀ ਕਾਂਗਰਸ ਪਾਰਟੀ ਨੂੰ ਇਕ ਮੰਚ 'ਤੇ ਲਿਆ ਕੇ ਖੜ੍ਹਾ ਕਰਨਾ ਬਹੁਤ ਵੱਡਾ ਚੁਣੌਤੀ ਹੈ। ਦਲਿਤਾਂ ਕਹਿਣਾ ਹੈ ਕਿ ਸ਼ੁਕਰ ਹੈ ਕਿ ਕਾਂਗਰਸ ਨੂੰ 75 ਸਾਲ ਬਾਅਦ ਦਲਿਤ ਮੁੱਖ ਮੰਤਰੀ ਬਣਾਉਣ ਦੀ ਯਾਦ ਆਈ ਹੈ। ਇਥੇ ਹੀ ਬਸ ਨਹੀਂ ਕਾਂਗਰਸ ਸਮੇਤ ਦੂਜੀਆਂ ਸਿਆਸੀ ਪਾਰਟੀਆਂ ਅਤੇ ਅਫਸਰਸਾਹੀ ਜਿਨ੍ਹਾਂ ਦੀ ਜਾਤ-ਪਾਤ ਨੂੰ ਲੈ ਕੇ ਬਿਮਾਰ ਮਾਨਸਿਕਤਾ ਹੈ, ਦੇ ਨਾਲ ਵੀ ਨਾਲੋ ਨਾਲ ਨਜਿੱਠਣ ਲਈ ਤਕੜੇ ਹੋ ਕੇ ਰਹਿਣਾ ਪਵੇਗਾ। ਦਲਿਤ ਮੁੱਖ ਮੰਤਰੀ ਨੂੰ ਅਹੁਦਾ ਮਿਲਦਿਆਂ ਹੀ ਢੇਰ ਸਾਰੀਆਂ ਚੁਣੌਤੀਆਂ ਪਰੋਸੀਆਂ ਮਿਲੀਆਂ ਹਨ ਅਤੇ ਇੰਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਮੁੱਖ ਮੰਤਰੀ ਨੇ ਕਿਵੇਂ ਕਰਨਾ ਹੈ, ਇੱਕ ਵੱਡੀ ਚੁਣੌਤੀ ਹੈ। ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਜ, ਕਿਸਾਨਾਂ ਅਤੇ ਦਲਿਤਾਂ ਲਈ 85 ਵੀਂ ਸੰਵਿਧਾਨਿਕ ਸੋਧ ਨੂੰ ਲਾਗੂ ਕਰਨ ਸਮੇਤ ਹਰ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਕੇ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਮੁੱਖ ਮੰਤਰੀ ਲਈ ਗੰਭੀਰ ਸਮੱਸਿਆ ਹੈ, ਪਰ ਸੂਬੇ ਦੇ ਲੋਕਾਂ ਨੂੰ ਉਮੀਦ ਹੈ ਕਿ , ਉਹ ਉਨ੍ਹਾਂ ਦੀਆਂ ਉਮੀਦਾਂ ਉਪਰ ਖਰਾ ਉਤਰਨਗੇ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ 'ਚ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ 'ਤੇ ਚਰਚਾ

## ਕਿਸਾਨੀ ਸਘੰਰਸ਼ ਤੇ ਕਰੋਨਾ ਮਹਾਮਾਰੀ ਦੀ ਵਿਗੜ ਰਹੀ ਸਥਿਤੀ ਉੱਤੇ ਫਿਕਰ ਜ਼ਾਹਿਰ ਕੀਤਾ

**ਜ਼ੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਕਰੋਨਾ ਮਹਾਮਾਰੀ ਦੀ ਵਿਗੜਦੀ ਸਥਿਤੀ ਨੂੰ ਦੇਖਦਿਆਂ ਇਸ ਮਹੀਨੇ ਦੀ ਮੀਟਿੰਗ ਵੀ ਜ਼ੂਮ ਦੇ ਮਾਧਿਅਮ ਰਾਹੀਂ ਆਪਣੇ-ਆਪਣੇ ਘਰਾਂ ਤੋਂ ਕੀਤੀ। ਪ੍ਰਧਾਨ ਦਵਿੰਦਰ ਮਲਹਾਂਸ ਨੇ ਸਭ ਨੂੰ 'ਜੀ ਆਇਆਂ' ਆਖਿਆ ਅਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਮੀਟਿੰਗ ਦਾ ਵੇਰਵਾ ਸਾਂਝਾ ਕੀਤਾ ਅਤੇ ਸ਼ੋਕ ਮਤੇ ਪੜ੍ਹਦਿਆਂ ਜੋਗਿੰਦਰ ਸ਼ਮਸ਼ੇਰ,ਜੋ ਵੈਨਕੂਵਰ ਵਿਚ ਰਹਿ ਰਹੇ ਸਨ। ਉਨ੍ਹਾਂ ਦੇ ਸਾਹਿਤ ਵਿੱਚ ਪਾਏ ਯੋਗਦਾਨ, ਉਨ੍ਹਾਂ ਵੱਲੋਂ ਇੰਗਲੈਂਡ ਵਿੱਚ ਕੀਤੀ ਪਹਿਲੀ ਵਰਲਡ ਪੰਜਾਬੀ ਕਾਨਫ਼ਰੰਸ ਅਤੇ ਮਾਨ ਸਨਮਾਨਾਂ ਦੀ ਗੱਲਬਾਤ ਵੀ ਕੀਤੀ ਜਿਨ੍ਹਾਂ ਵਿੱਚ 2004 ਵਿੱਚ ਪੰਜਾਬੀ ਲਿਖਾਰੀ ਸਭਾ ਕੈਲਗਰੀ ਦੇ ਸਾਲਾਨਾ ਸਮਾਗਮ ਵਿੱਚ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਸੀ, 24 ਅਗਸਤ 2021 ਨੂੰ ਉਹ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਪੰਜਾਬੀ ਲਿਖਾਰੀ ਸਭਾ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਜਿਸ ਵਿੱਚ ਅੱਗੇ ਚੱਲ ਕੇ ਰਾਜਵੰਤ ਮਾਨ ਅਤੇ ਮਹਿੰਦਰਪਾਲ ਐਸ ਪਾਲ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਸੰਸਕਾਰ ਦਾ ਜ਼ਿਕਰ ਕੀਤਾ। 27 ਅਗਸਤ ਨੂੰ ਦਿੱਲੀ ਵਿਚ ਰਾਬੀਆ ਨਾਲ ਹੋਏ ਸਮੂਹਿਕ ਬਲਾਤਕਾਰ ਅਤੇ ਹੈਵਾਨੀਅਤ ਭਰੇ ਬੇਰਹਿਮੀ ਨਾਲ ਕੀਤੇ ਕਤਲ ਅਤੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਕਾਰੇ ਉੱਤੇ ਡਾਢੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਕਾਨੂੰਨ ਅਤੇ ਸਰਕਾਰ ਦੇ ਅਵੇਸਲੇਪਣ ਨੂੰ ਲਾਹਨਤ ਪਾਈ ਗਈ। ਸਤੰਬਰ 2017 ਨੂੰ ਗੌਰੀ ਲੰਕੇਸ਼ ਦੇ ਘਰ ਅਗੇ ਹੋਏ ਕਤਲ, ਉਸ ਦੀ ਕੁਰਬਾਨੀ ਤੇ ਲੋਕ ਭਲਾਈ ਦੇ ਜਜ਼ਬੇ ਨੂੰ ਯਾਦ ਕੀਤਾ ਗਿਆ। ਸਤੰਬਰ ਮਹੀਨੇ ਵਿੱਚ ਹੀ ਅਵਤਾਰ ਪਾਸ਼ ਦੇ ਜਨਮ ਦਿਹਾੜੇ ਨੂੰ ਸੰਬੋਧਤ ਹੋ ਕੇ ਉਸ ਦੀਆਂ ਲਿਖਤਾਂ ਤੇ ਜੀਵਨ ਜਜ਼ਬੇ ਉੱਤੇ ਵਿਸ਼ੇਸ਼ ਗੱਲਬਾਤ ਹੋਈ। ਰੰਗਮੰਚ ਤੇ ਵਿਧਾਤਾ, ਸੁਪਨਸਾਜ਼, ਭਾਈ ਮੰਨਾ ਸਿੰਘ ਨਾਮ ਨਾਲ ਮਸ਼ਹੂਰ ਗੁਰਸ਼ਰਨ ਭਾਜੀ ਦੇ ਸੁਨੇਹੇ ਨੂੰ ਯਾਦ ਕੀਤਾ ਗਿਆ। ਸੁਖਵਿੰਦਰ ਤੂਰ ਨੇ ਉਨ੍ਹਾਂ ਬਾਰੇ ਗੱਲ ਕਰਦਿਆਂ ਅੱਗੋਂ ਦੱਸਿਆ ਕਿ ਉਨ੍ਹਾਂ ਦਾ ਜਨਮ ਦਿਹਾੜਾ ਤੇ ਸਦੀਵੀ ਵਿਛੋੜਾ ਸਤੰਬਰ ਮਹੀਨੇ ਵਿੱਚ ਹੀ ਆਉਂਦਾ ਹੈ ਤੇ ਉਨ੍ਹਾਂ ਦੇ ਨਾਟਕਾਂ ਅਤੇ ਸਨਮਾਨਾਂ ਦੀ ਗੱਲਬਾਤ ਕੀਤੀ ਅਤੇ 'ਮੇਰੇ ਹੱਥ ਵਿਚ ਫੁੱਲ ਫੜੇ' ਮਹਿੰਦਰਪਾਲ ਐਸ ਪਾਲ ਦੀ ਗ਼ਜ਼ਲ ਤਰੰਨਮ ਚ ਗਾ ਕੇ ਹਾਜ਼ਰੀ ਲਵਾਈ। ਪੰਜਾਬੀ ਮਾਂ ਬੋਲੀ ਦੇ ਸਪੂਤ ਆਲਮੀ ਸ਼ਾਇਰ ਬਾਬਾ ਨਜ਼ਮੀ ਨੂੰ ਸਤੰਬਰ 'ਚ ਆਉਦੇ ਉਹਨਾਂ ਦੇ ਜਨਮ ਦਿਨ ਤੇ ਵਿਸ਼ੇਸ਼ ਯਾਦ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿਚ ਪਰਮਿੰਦਰ ਰਮਨ, ਸਰਬਜੀਤ ਉੱਪਲ, ਰਾਜਵੰਤ ਮਾਨ, ਮੰਗਲ ਚੱਠਾ, ਸੁਖਜੀਤ ਸੈਣੀ, ਹਰਮਿੰਦਰ ਚੁੱਘ ਆਦਿ ਨੇ ਕਵਿਤਾਵਾਂ ਅਤੇ ਗੀਤ ਪੇਸ਼ ਕੀਤਾ। ਮੀਤ ਪ੍ਰਧਾਨ ਬਲਵੀਰ ਗੋਰਾ, ਮਹਿੰਦਰਪਾਲ ਐੱਸ ਪਾਲ ਨੇ ਖ਼ੂਬਸੂਰਤ ਗ਼ਜ਼ਲ ਸੁਣਾਈ। ਗੁਰਚਰਨ ਕੌਰ ਥਿੰਦ ਨੇ 'ਰਾਤ ਹਨ੍ਹੇਰੀ ਕੂਕ ਰਹੀ' ਅਤੇ 'ਰੂਹ ਦਾ ਸੈਲਾਬ' ਕਿਸਾਨੀ ਸੰਘਰਸ਼ ਨੂੰ ਸਮਰਪਿਤ ਕਵਿਤਾ ਦੇ ਨਾਲ-ਨਾਲ ਅਫਗਾਨਿਸਤਾਨ ਵਿੱਚ ਨਵੀਂ ਕਾਬਜ ਹੋਈ ਸਿਆਸਤ ਵੱਲੋਂ ਔਰਤਾਂ ਦੇ ਹੱਕ ਦਬਾਏ ਜਾਣ ਦੀ ਫਿਕਰ ਤੇ ਕਿਸਾਨੀ ਸੰਘਰਸ਼ ਨੂੰ ਅਮਰੀਕਾ ਦੀਆਂ ਜੱਥੇਬੰਦੀਆ ਦੇ ਸਮਰਥਨ ਦਾ ਜ਼ਿਕਰ ਵੀ ਕੀਤਾ। ਜਸਬੀਰ ਸਹੋਤਾ ਨੇ ਸਾਹਿਤ ਸਭਾਵਾਂ ਵੱਲੋਂ ਲੇਖਕ, ਰੰਗਮੰਚ ਤੇ ਕ੍ਰਾਂਤੀਕਾਰੀਆਂ ਨੂੰ ਯਾਦ ਕੀਤੇ ਜਾਣ ਦੀ ਸ਼ਲਾਘਾ ਕੀਤੀ। ਹਰੀਪਾਲ ਨੇ ਦਵਿੰਦਰ ਮਲਹਾਂਸ ਦੇ ਪਲੇਠੇ ਨਾਵਲ 'ਜੰਗਲੀ ਗੁਲਾਬ' ਦਾ ਵਿਸਥਾਰ ਸਾਂਝਾ ਕੀਤਾ ਕਿ ਕਿਵੇਂ ਵਿਦੇਸ਼ ਜਾਣ ਦੇ ਚੱਕਰ ਚ ਨੌਜਵਾਨੀ ਦਾ ਘਾਣ ਹੋ ਰਿਹਾ ਹੈ। ਜ਼ੋਰਾਵਰ ਬਾਂਸਲ ਨੇ ਨੌਜਵਾਨੀ ਦੇ ਵਿਦੇਸ਼ ਜਾਣ ਦੇ ਰੁਝਾਨ ਵਿਸ਼ੇ ਤੇ ਚਰਚਾ ਦਾ ਆਗਾਜ਼ ਕੀਤਾ ਜਿਸ ਵਿਚ ਸਾਰੇ ਹੀ ਹਾਜ਼ਰੀਨ ਨੇ ਆਪਣੇ-ਆਪਣੇ ਵਿਚਾਰ ਦਿੱਤੇ। ਨਤੀਜਾ ਇਹ ਨਿਕਲਿਆ ਕਿ ਕੁੜੀਆਂ ਵਿੱਚ ਅਸੁਰੱਖਿਅਤ ਦੀ ਭਾਵਨਾ ਬੇਰੁਜਗਾਰੀ ਤੇ ਸਰਕਾਰਾਂ ਦਾ ਨਿਕੰਮਾਪਨ ਤੇ ਸਮਾਜਿਕ ਤਾਣਾ-ਬਾਣਾ ਆਦਿ ਬਹੁਤ ਸਾਰੇ ਕਾਰਨ ਹਨ, ਜੋ ਨੌਜਵਾਨ ਮੁੰਡੇ ਤੇ ਕੁੜੀਆਂ ਬਾਹਰ ਦਾ ਰੁਖ ਕਰਦੇ ਹਨ। ਕੁੱਲ ਮਿਲਾ ਕੇ ਇਹ ਚਰਚਾ ਬਹੁਤ ਗੰਭੀਰ ਰਹੀ। ਇਸ ਮੀਟਿੰਗ ਵਿੱਚ ਬਲਜਿੰਦਰ ਸੰਘਾ, ਜਗਦੇਵ ਸਿੱਧੂ ਸਤਵਿੰਦਰ ਸਿੰਘ (ਜੱਗ ਟੀ ਵੀ) ਆਦਿ ਹਾਜ਼ਰ ਸਨ। ਕਰੋਨਾ ਮਹਾਮਾਰੀ ਕਾਰਨ ਵਿਗੜ ਰਹੀ ਸਥਿਤੀ ਨਾਲ ਨਜਿੱਠਣ ਲਈ ਸਭ ਨੂੰ ਸਿਹਤ ਹਦਾਇਤਾਂ ਦਾ ਪਾਲਣ ਕਰਨ ਦੀ ਤਗੀਦ ਕੀਤੀ ਤੇ ਕਿਹਾ ਕਿ ਸਭ ਨੂੰ ਆਪਣੇ ਹਿੱਸੇ ਦਾ ਯੋਗਦਾਨ ਪਾਉਣਾ ਚਾਹੀਦਾ ਹੈ ਤੇ ਟੀਕਾਕਰਨ ਬਹੁਤ ਜਰੂਰੀ ਹੈ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਫੂਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਭਾਰਤ ਬੰਦ ਨੂੰ ਵਿਸ਼ਾਲ ਲੋਕ ਹੁੰਗਾਰਾ

(ਸਫ਼ਾ 1 ਦੀ ਬਾਕੀ)

'ਤੇ ਹੋਏ ਹਜ਼ਾਰਾਂ ਪ੍ਰੋਗਰਾਮਾਂ ਵਿਚ ਕਰੋੜਾਂ ਲੋਕਾਂ ਦਾ ਹਿੱਸਾ ਲੈਣਾ ਮਾਮੂਲੀ ਵਿਰੋਧ ਪ੍ਰਦਰਸ਼ਨ ਨਹੀਂ ਹੈ ਜਿਸ ਨੂੰ ਗੋਦੀ ਮੀਡੀਆ ਸਿੱਧੇ ਤੌਰ 'ਤੇ ਨਕਾਰ ਸਕੇ। ਇਸ ਨੇ ਬੰਦ ਦੌਰਾਨ ਆਮ ਲੋਕਾਂ ਨੂੰ ਆਈਆਂ ਮੁਸ਼ਕਲਾਂ ਦਾ ਹੋ-ਹੱਲਾ ਮਚਾ ਕੇ ਬੰਦ ਦੇ ਮਹੱਤਵ ਨੂੰ ਘਟਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਸੋਸ਼ਲ ਮੀਡੀਆ ਉੱਪਰ 'ਆਜ ਭਾਰਤ ਬੰਦ ਹੈ' ਹੈਸ਼ਟੈਗ ਦੀ ਹਮਾਇਤ 'ਚ 6 ਲੱਖ 1 ਹਜ਼ਾਰ ਟਵੀਟ ਹੋਏ ਜਦਕਿ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਟਰੋਲ ਆਰਮੀ ਦੇ ਹੈਸ਼ਟੈਗ 'ਆਜ ਭਾਰਤ ਖੁੱਲ੍ਹਾ ਹੈ' ਨੂੰ ਸਿਰਫ਼ 1 ਲੱਖ 18 ਹਜ਼ਾਰ ਟਵੀਟ ਹੀ ਮਿਲੇ।

ਬੰਦ ਦੇ ਸੱਦੇ ਉੱਪਰ ਪੰਜਾਬ ਅਤੇ ਹਰਿਆਣਾ ਵਿਚ ਸੜਕੀ ਅਤੇ ਰੇਲ ਆਵਾਜਾਈ ਪੂਰੀ ਤਰ੍ਹਾਂ ਬੰਦ ਰਹੀ। ਪੰਜਾਬ ਵਿਚ 500 ਤੋਂ ਵਧੇਰੇ ਥਾਵਾਂ ਉੱਪਰ ਪ੍ਰਭਾਵਸ਼ਾਲੀ ਵਿਰੋਧ ਪ੍ਰਦਰਸ਼ਨ ਹੋਏ। ਬੰਦ ਨੂੰ ਸਮਾਜ ਦੇ ਸਾਰੇ ਵਰਗਾਂ ਨੇ ਬਹੁਤ ਹੀ ਜੋਸ਼-ਖ਼ਰੋਸ਼ ਨਾਲ ਹੁੰਗਾਰਾ ਦਿੱਤਾ। ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ ਨੇ ਵੱਡੇ ਕਾਫ਼ਲਿਆਂ ਦੇ ਰੂਪ 'ਚ ਸ਼ਮੂਲੀਅਤ ਕੀਤੀ। ਔਰਤ ਜਥੇਬੰਦੀਆਂ, ਜਮਹੂਰੀ ਤਾਕਤਾਂ, ਕਲਾਕਾਰਾਂ-ਰੰਗਕਰਮੀਆਂ, ਸਾਹਿਤਕਾਰਾਂ, ਸ਼ਹਿਰਾਂ ਦੇ ਲੋਕਾਂ, ਦੁਕਾਨਦਾਰਾਂ, ਵਪਾਰੀਆਂ, ਹੋਰ ਕੰਮਕਾਜੀ ਲੋਕਾਂ, ਵੱਖ-ਵੱਖ ਪਬਲਿਕ ਅਤੇ ਨਿੱਜੀ ਖੇਤਰਾਂ ਦੀਆਂ ਟਰੇਡ ਯੂਨੀਅਨਾਂ ਸਮੇਤ ਹਰ ਵਰਗ ਨੇ ਇਸ ਸੱਦੇ ਦੀ ਭਰਪੂਰ ਹਮਾਇਤ ਕੀਤੀ। ਹੁਣ ਤੱਕ ਹਾਸਲ ਹੋਈਆਂ ਮੁੱਢਲੀਆਂ ਰਿਪੋਰਟਾਂ ਅਨੁਸਾਰ ਤਕਰੀਬਨ ਸਾਰੇ ਭਾਰਤ ਵਿਚ ਹੀ ਬੰਦ ਨੂੰ ਗਿਣਨਯੋਗ ਹੁੰਗਾਰਾ ਮਿਲਿਆ ਜੋ ਬੰਦ ਦੇ ਪਹਿਲੇ ਸੱਦਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਵਿਆਪਕ ਸੀ। ਪੱਛਮੀ ਯੂ.ਪੀ. ਵਿਚ ਵੀ ਪ੍ਰਭਾਵਸ਼ਾਲੀ ਬੰਦ ਰਿਹਾ ਅਤੇ ਬਾਕੀ ਹਿੱਸੇ ਵਿਚ ਵੀ ਇਸ ਦਾ ਅਸਰ ਰਿਹਾ। ਝਾਰਖੰਡ, ਕੇਰਲਾ, ਬਿਹਾਰ, ਪੱਛਮੀ ਬੰਗਾਲ, ਉੜੀਸਾ ਆਦਿ ਰਾਜਾਂ 'ਚ ਵੀ ਬਹੁਤ ਸਾਰੇ ਥਾਵਾਂ ਉੱਪਰ ਬੰਦ ਦਾ ਭਰਵਾਂ ਅਸਰ ਦੇਖਿਆ ਗਿਆ। ਰਾਜਸਥਾਨ, ਕਰਨਾਟਕਾ, ਗੁਜਰਾਤ ਆਦਿ ਰਾਜਾਂ ਦੀਆਂ ਰਾਜਧਾਨੀਆਂ ਅਤੇ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਲੋਕਾਂ ਦੀ ਸ਼ਮੂਲੀਅਤ ਨਾਲ ਵਿਰੋਧ ਪ੍ਰਦਰਸ਼ਨ ਹੋਏ। ਵੱਡੇ ਵੱਡੇ ਸ਼ਹਿਰਾਂ ਵਿਚ ਸੁੰਨ ਪਸਰੀ ਹੋਈ ਸੀ। ਭਾਜਪਾ ਦੀ ਸਰਕਾਰ ਵਾਲੇ ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੇ ਹਮਾਇਤੀਆਂ ਨੇ ਵੀ ਦੋ ਘੰਟੇ ਲਈ ਮੰਡੀਆਂ ਬੰਦ ਕਰਕੇ ਬੰਦ ਵਿਚ ਸੰਕੇਤਕ ਹਿੱਸਾ ਲਿਆ। ਇਹ ਕਾਰਪੋਰੇਟ ਪੱਖੀ ਨੀਤੀਆਂ ਨਾਲ ਲੋਕ ਉਤਪਾਦਕਾਂ ਦੀ ਬੇਤਹਾਸ਼ਾ ਲੁੱਟ 'ਚੋਂ ਉਪਜੀ ਵਿਆਪਕ ਬੇਚੈਨੀ ਨਾਲ ਸੰਭਵ ਹੋਇਆ ਹੈ ਜਿਸ ਦਾ ਇਜ਼ਹਾਰ ਵੱਖ-ਵੱਖ ਰੂਪਾਂ 'ਚ ਹੋ ਰਿਹਾ ਹੈ।

ਅੰਦੋਲਨ ਦਾ ਜਨਤਕ ਦਬਾਓ ਇਸ ਕਦਰ ਹੈ ਕਿ ਹਾਕਮ ਜਮਾਤੀ ਪਾਰਟੀਆਂ ਵੀ ਅੰਦੋਲਨ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਲਈ ਮਜਬੂਰ ਹਨ। ਪੰਜਾਬ ਤੋਂ ਇਲਾਵਾ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲਾ, ਪੱਛਮੀ ਬੰਗਾਲ, ਰਾਜਸਥਾਨ ਆਦਿ ਸਰਕਾਰਾਂ ਨੇ ਬੰਦ ਦੀ ਹਮਾਇਤ ਕੀਤੀ। ਕਾਂਗਰਸ, ਤੇਲਗੂ ਦੇਸ਼ਮ ਪਾਰਟੀ, ਆਮ ਆਦਮੀ ਪਾਰਟੀ, ਬਸਪਾ ਸਮੇਤ ਕਈ ਪਾਰਟੀਆਂ ਨੇ ਬੰਦ ਦੀ ਹਮਾਇਤ ਕੀਤੀ। ਨਾ ਚਾਹੁੰਦਿਆਂ ਹੋਇਆਂ ਵੀ ਕਾਰਪੋਰੇਟ ਪੱਖੀ ਆਰਥਕ ਮਾਡਲ ਦੀਆਂ ਪੁਰਜੋਸ਼ ਹਮਾਇਤੀ ਵਿਰੋਧੀ-ਧਿਰ ਦੀਆਂ ਪਾਰਟੀਆਂ ਅੰਦੋਲਨ ਦੇ ਹੱਕ 'ਚ ਖੜ੍ਹਨ ਲਈ ਮਜਬੂਰ ਹਨ। ਇਹ ਕਿਸਾਨ ਅੰਦੋਲਨ ਹੀ ਹੈ ਜਿਸ ਨੇ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਫਾਸ਼ੀਵਾਦੀ ਰੱਥ ਦਾ ਪਹੀਆ ਜਾਮ ਕੀਤਾ। ਇਸ ਨਾਲ ਇਨ੍ਹਾਂ ਪਾਰਟੀਆਂ ਨੂੰ ਵੀ ਕੁਛ ਰਾਜਨੀਤਕ ਸਰਗਰਮੀ ਕਰਨ ਦਾ ਮੌਕਾ ਮਿਲਿਆ ਜਿਨ੍ਹਾਂ ਨੂੰ ਬੀ.ਜੇ.ਪੀ. ਨੇ ਰਾਜਨੀਤਕ ਮੈਦਾਨ 'ਚੋਂ ਇਕ ਤਰ੍ਹਾਂ ਨਾਲ ਖਦੇੜ ਦਿੱਤਾ ਸੀ। ਜਦੋਂ ਦਾ ਮਹਾਂਅੰਦੋਲਨ ਸ਼ੁਰੂ ਹੋਇਆ ਹੈ, ਕਿਸਾਨੀ 'ਚ ਆਈ ਚੇਤਨਾ ਰਾਜਨੀਤਕ ਏਜੰਡਾ ਤੈਅ ਕਰ ਰਹੀ ਹੈ, ਭਾਜਪਾ ਅਤੇ ਇਸ ਦੇ ਬੇਸ਼ਰਮ ਜੋਟੀਦਾਰ ਸੰਗੀਆਂ ਨੂੰ ਛੱਡ ਕੇ ਬਾਕੀ ਹਾਕਮ ਜਮਾਤੀ ਪਾਰਟੀਆਂ ਨੂੰ ਵੀ ਮਹਾਂਅੰਦੋਲਨ ਦੇ ਹੱਕ 'ਚ ਸਟੈਂਡ ਲੈਣਾ ਪੈ ਰਿਹਾ ਹੈ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਤੈਅ ਕੀਤੀ ਮਰਿਯਾਦਾ ਨੂੰ ਮੰਨਣਾ ਪੈ ਰਿਹਾ ਹੈ। ਸੰਸਦ ਦੇ ਮਾਨਸੂਨ ਸੈਸ਼ਨ ਮੌਕੇ ਵਿਰੋਧੀ ਧਿਰ ਦੇ ਸਾਂਸਦਾਂ ਨੂੰ ਕਿਸਾਨ ਵਿੱਪ੍ਹ ਨੂੰ ਲਾਗੂ ਕਰਨਾ ਪਿਆ। ਹੁਣ ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿਚ ਵਿਧਾਨ-ਸਭਾ ਚੋਣਾਂ 2022 ਲਈ ਰਾਜਨੀਤਕ ਪਾਰਟੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਚੋਣ ਤਿਆਰੀ ਲਈ ਸਰਗਰਮੀਆਂ ਉੱਪਰ ਅਸਰਦਾਰ ਰੋਕ ਲਾਉਣ 'ਚ ਕਾਮਯਾਬ ਹੋਇਆ ਹੈ। ਮੋਰਚੇ ਦੇ ਆਗੂਆਂ ਨਾਲ ਮੀਟਿੰਗ ਵਿਚ ਭਾਵੇਂ ਬਾਦਲ ਦਲ ਵਰਗੀਆਂ ਮੌਕਾਪ੍ਰਸਤ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਰੋਕਣ ਦਾ ਕੋਈ ਵਾਅਦਾ ਨਹੀਂ ਕੀਤਾ ਪਰ ਵਿਹਾਰਕ ਤੌਰ 'ਤੇ ਇਸ ਨੇ ਆਪਣੀਆਂ ਚੋਣ ਸਰਗਰਮੀਆਂ ਆਰਜ਼ੀ ਤੌਰ 'ਤੇ ਰੋਕ ਦਿੱਤੀਆਂ। ਮੋਗਾ ਵਿਖੇ ਕਿਰਤੀ ਕਿਸਾਨ ਯੂਨੀਅਨ ਅਤੇ ਕੁਛ ਹੋਰ ਕਿਸਾਨ ਜਥੇਬੰਦੀਆਂ ਵੱਲੋਂ ਸੁਖਬੀਰ ਬਾਦਲ ਦੀ ਰੈਲੀ ਨੂੰ ਦਿੱਤੀ ਡੱਟਵੀਂ ਚੁਣੌਤੀ ਨੇ ਬਾਦਲ ਦਲ ਦਾ ਹੰਕਾਰ ਭੰਨ ਦਿੱਤਾ ਜੋ ਬਹੁਜਨ ਸਮਾਜ ਪਾਰਟੀ ਨਾਲ ਮੌਕਾਪ੍ਰਸਤ ਗੱਠਜੋੜ ਕਰਕੇ ਐਨੇ ਭੂਤਰੇ ਹੋਏ ਸਨ ਕਿ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀਆਂ ਦੇ ਰਹੇ ਸਨ। ਮੋਗੇ ਦੇ ਘਟਨਾਕ੍ਰਮ ਤੋਂ ਬਾਦ ਸੰਯੁਕਤ ਕਿਸਾਨ ਮੋਰਚੇ ਦੇ ਡਾਵਾਂਡੋਲ ਆਗੂਆਂ ਨੂੰ ਵੀ ਸਟੈਂਡ ਲੈਣਾ ਪਿਆ ਅਤੇ ਚੋਣ ਸਰਗਰਮੀ ਉੱਪਰ ਰੋਕ ਤੋਂ ਛਿੱਥੇ ਪਏ ਬਾਦਲਕਿਆਂ ਨੂੰ ਦਿੱਲੀ ਵਿਚ ਖੇਤੀ ਕਾਨੂੰਨਾਂ ਵਿਰੁੱਧ ਪ੍ਰਦਰਸ਼ਨ ਕਰਨ ਦਾ ਢੌਂਗ ਕਰਨਾ ਪਿਆ।

ਮਹਾਂਅੰਦੋਲਨ ਦੇ ਬੇਮਿਸਾਲ ਪ੍ਰਭਾਵ ਦਾ ਕੌਮਾਂਤਰੀ ਪਾਸਾਰ ਵੀ ਬਹੁਤ ਮਹੱਤਵਪੂਰਨ ਹੈ। ਬਦੇਸ਼ਾਂ 'ਚ ਵੀ ਪ੍ਰਵਾਸੀ ਭਾਰਤੀ ਲਗਾਤਾਰ ਅੰਦੋਲਨ ਦੀ ਹਮਾਇਤ 'ਚ ਸਰਗਰਮ ਹਨ। ਮੋਦੀ ਦੀ ਹਾਲੀਆ ਅਮਰੀਕਾ ਫੇਰੀ ਮੌਕੇ ਪ੍ਰਵਾਸੀ ਭਾਰਤੀਆਂ ਵੱਲੋਂ ਰੋਹ ਭਰਪੂਰ ਵਿਰੋਧ ਪ੍ਰਦਰਸ਼ਨ ਅਤੇ ਕੈਨੇਡਾ, ਇੰਗਲੈਂਡ ਅਤੇ ਹੋਰ ਮੁਲਕਾਂ ਵਿਚ ਭਾਰਤ ਬੰਦ ਦੇ ਸੱਦੇ ਦੀ ਹਮਾਇਤ 'ਚ ਬਹੁਤ ਸਾਰੇ ਸ਼ਹਿਰਾਂ 'ਚ ਰੈਲੀਆਂ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਸਿਆਸਤ ਅਤੇ ਅਮਲ ਨੂੰ ਲਗਾਤਾਰ ਦਿੱਤੀ ਜਾ ਰਹੀ ਚੁਣੌਤੀ ਦੀਆਂ ਸੂਚਕ ਹਨ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੀ ਗਿਣਤੀ ਦੇਖਣ ਨੂੰ ਭਾਵੇਂ ਥੋੜ੍ਹੀ ਜਾਪਦੀ ਹੈ ਪਰ ਇਹ ਉਨ੍ਹਾਂ ਮੁਲਕਾਂ ਦੀ ਰੋਜ਼ਮਰਾ ਮਨੁੱਖੀ ਜ਼ਿੰਦਗੀ ਦੀਆਂ ਸੀਮਤਾਈਆਂ ਕਾਰਨ ਹੈ, ਹਕੀਕਤ 'ਚ ਇਹ ਵਿਰੋਧ ਪ੍ਰਦਰਸ਼ਨ ਹਿੰਦੂਤਵ ਦੀ ਵਿਚਾਰਧਾਰਾ ਨੂੰ ਪੱਕੇ ਪੈਰੀਂ ਟੱਕਰ ਦੇ ਰਹੇ ਪ੍ਰਵਾਸੀ ਭਾਰਤੀਆਂ ਦੇ ਮਜ਼ਬੂਤ ਰੁਝਾਨ ਦੀ ਤਰਜ਼ਮਾਨੀ ਕਰਦੇ ਹਨ।

ਦਰਅਸਲ ਇਸ ਕੁਲ ਵਰਤਾਰੇ ਦੇ ਪਿੱਛੇ ਅਵਾਮ ਦੀ ਸੱਚੇ ਬਦਲ ਦੀ ਪੁਰਜ਼ੋਰ ਤਾਂਘ ਕੰਮ ਕਰ ਰਹੀ ਹੈ। ਉਹ ਮੌਜੂਦਾ ਅਤਿਅੰਤ ਭ੍ਰਿਸ਼ਟ, ਇਨਸਾਨ ਵਿਰੋਧੀ, ਧਾੜਵੀ ਰਾਜ ਢਾਂਚੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਦਰਅਸਲ, ਹਾਕਮ ਜਮਾਤੀ ਪਾਰਟੀਆਂ ਕੋਲ ਕੋਈ ਬਦਲ ਨਹੀਂ ਹੈ। ਆਰਥਕ ਢਾਂਚਾ-ਢਲਾਈ ਦੇ ਨਾਮ ਹੇਠ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਰਾਹੀਂ ਧਾੜਵੀ ਕਾਰਪੋਰੇਟ ਰਾਜ ਦਾ ਮੁੱਢ ਬੰਨ੍ਹਣ ਵਾਲੀ ਕਾਂਗਰਸ ਤੋਂ ਲੈ ਕੇ ਸਾਫ਼-ਸੁਥਰੀ ਸਿਆਸਤ ਦਾ ਦੰਭ ਕਰਨ ਵਾਲੀ ਆਮ ਆਦਮੀ ਪਾਰਟੀ ਤੱਕ, ਹਰ ਹਾਕਮ ਜਮਾਤੀ ਧੜਾ ਉੱਨੀ-ਇੱਕੀ ਦੇ ਫ਼ਰਕ ਨਾਲ ਇਸੇ ਆਰਥਕ ਮਾਡਲ ਦਾ ਪੈਰੋਕਾਰ ਹੈ। ਇਹੀ ਵਜ੍ਹਾ ਹੈ ਕਿ ਇਹ ਸਾਰੀਆਂ ਪਾਰਟੀਆਂ ਖੁੱਲ੍ਹੀ ਮੰਡੀ ਦੇ ਧਾੜਵੀ ਮਾਡਲ ਵਿਰੁੱਧ ਕਦੇ ਅੰਦੋਲਨ ਨਹੀਂ ਕਰਦੀਆਂ, ਕਿਉਂਕਿ ਇਹ ਇਨ੍ਹਾਂ ਦਾ ਏਜੰਡਾ ਹੀ ਨਹੀਂ ਹੈ। ਖਣਨ ਮਾਫ਼ੀਆ ਅਤੇ ਨਸ਼ਿਆਂ ਦੇ ਪਸਾਰੇ ਨੂੰ ਨੱਥ ਪਾਉਣ ਦੀ ਇਨ੍ਹਾਂ 'ਚ ਰਾਜਨੀਤਕ ਇੱਛਾ ਸ਼ਕਤੀ ਨਹੀਂ ਹੈ। ਕਿਉਂਕਿ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਕਿਸੇ ਨਾ ਕਿਸੇ ਰੂਪ 'ਚ ਤਰ੍ਹਾਂ-ਤਰ੍ਹਾਂ ਦੇ ਮਾਫ਼ੀਆ ਨਾਲ ਸੰਬੰਧ ਹਨ। ਇਹ ਚੋਣਾਂ ਸਮੇਂ ਬਿਜਲੀ ਦੇ ਯੂਨਿਟ ਮਾਫ਼ ਕਰਨ, ਆਟਾ-ਦਾਲ ਸਕੀਮਾਂ ਵਰਗੇ ਲੋਕ-ਲੁਭਾਊ ਨਾਅਰਿਆਂ ਦੀ ਸਿਆਸਤ ਕਰਨ ਦੀ ਲਛਮਣ-ਰੇਖਾ ਪਾਰ ਨਹੀਂ ਕਰ ਸਕਦੀਆਂ ਅਤੇ ਸਮਾਜ ਦੇ ਬੁਨਿਆਦੀ ਮੁੱਦਿਆਂ ਨੂੰ ਮੁਖ਼ਾਤਿਬ ਨਹੀਂ ਹੋ ਸਕਦੀਆਂ।

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਮਹਾਂਅੰਦੋਲਨ ਸੱਚੇ ਬਦਲ ਦੀ ਜ਼ਰੂਰਤ ਨੂੰ ਵਾਰ-ਵਾਰ ਉਭਾਰ ਰਿਹਾ ਹੈ, ਅਵਾਮ ਦੀ ਬਦਲ ਦੀ ਤਾਂਘ ਨੂੰ ਸਾਹਮਣੇ ਲਿਆ ਰਿਹਾ ਹੈ ਅਤੇ ਸੱਚੇ ਬਦਲ ਦੇ ਉਭਰਨ ਲਈ ਜ਼ਰਖ਼ੇਜ਼ ਹਾਲਾਤ ਬਣਾ ਰਿਹਾ ਹੈ। ਪਰ ਇਹ ਆਪਣੇ ਆਪ ਵਿਚ ਮੌਕਾਪ੍ਰਸਤ ਚੋਣ ਸਿਆਸਤ ਦਾ ਬਦਲ ਨਹੀਂ ਹੈ। ਬਦਲਾਓ ਨੂੰ ਪ੍ਰਣਾਈਆਂ ਇਨਕਲਾਬੀ ਰਾਜਨੀਤਕ ਤਾਕਤਾਂ ਨੂੰ ਬਦਲ ਉਭਾਰਨ ਲਈ ਰਾਜਨੀਤਕ ਮੰਚ ਤੋਂ ਸਰਗਰਮ ਹੋਣਾ ਪਵੇਗਾ ਅਤੇ ਮਿਹਨਤਕਸ਼ ਤੇ ਦੱਬੇਕੁਚਲੇ ਅਵਾਮ ਦੀ ਰਾਜਨੀਤਕ ਚੇਤਨਾ ਨੂੰ ਉੱਚਾ ਚੁੱਕਣ ਵਾਲੇ ਠੋਸ ਪ੍ਰੋਗਰਾਮ ਲੈਣੇ ਪੈਣਗੇ।

*30 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼*

## ਮਹਾਨ ਨੌਜਵਾਨ ਗ਼ਦਰੀ ਸ਼ਹੀਦ-ਪ੍ਰੇਮ ਸਿੰਘ ਸਰਾਭਾ



ਸ਼ਹੀਦ ਪ੍ਰੇਮ ਸਿੰਘ ਸਰਾਭਾ

ਪ੍ਰੇਮ ਸਿੰਘ ਦਾ ਜਨਮ ਪਿਤਾ ਜੀ ਸ. ਜੀਵਾ ਸਿੰਘ ਦੇ ਘਰੇ ਮਾਤਾ ਜਿਉਣ ਕੌਰ ਦੀ ਕੁੱਖੋਂ ਹੋਇਆ । ਆਪ ਜੀ ਦੇ ਦੋ ਹੋਰ ਭਰਾ-ਤੇਜਾ ਸਿੰਘ ਸਫ਼ਰੀ (ਮਹਾਨ ਗ਼ਦਰੀ ਯੋਧਾ) ਤੇ ਜਗੀਰ ਸਿੰਘ ਸਨ । ਪ੍ਰੇਮ ਸਿੰਘ 'ਤੇ ਜਿੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਮਹਾਨ ਸੰਗਰਾਮੀ ਜੀਵਨ ਤੇ ਸ਼ਹਾਦਤ ਦਾ ਵੱਡਾ ਪ੍ਰਭਾਵ ਪਿਆ, ਉਥੇ ਗ਼ਦਰੀ ਸੂਰਮੇਂ-ਵੱਡੇ ਵੀਰ ਤੇਜਾ ਸਿੰਘ ਸਫ਼ਰੀ ਦੀਆਂ ਇਨਕਲਾਬੀ ਸਰਗਰਮੀਆਂ ਦਾ ਵੀ ਡੂੰਘਾ ਅਸਰ ਹੋਇਆ।

ਪ੍ਰੇਮ ਸਿੰਘ ਦੀ ਉਮਰ ਅਜੇ 15 ਸਾਲ ਦੀ ਹੀ ਸੀ ਕਿ ਉਸਨੇ 1930 ਵਿੱਚ ਕਲਕੱਤਾ ਵਿਖੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਵੱਡੇ ਜਲੂਸ ਵਿੱਚ ਹਿੱਸਾ ਲਿਆ। ਪੁਲਿਸ ਨੇ ਭਾਰੀ ਲਾਠੀਚਾਰਜ ਕੀਤਾ । ਜਖ਼ਮੀ ਹੋਏ ਸੁਭਾਸ਼ ਨੂੰ ਜਦੋਂ ਹਸਪਤਾਲ 'ਚ ਪਤਾ ਲੱਗਾ ਕਿ ਪ੍ਰੇਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਪਿੰਡੋਂ ਹੈ; ਤਾਂ ਉਹ ਬਹੁਤ ਖੁਸ਼ ਹੋਏ । ਆਪ ਕਲਕੱਤੇ ਰਹਿੰਦਿਆਂ, ਪੰਜਾਬੀ ਨੌਜਵਾਨ ਸਭਾ ਦੇ ਜਨਰਲ ਸਕੱਤਰ ਬਣੇ । ਪ੍ਰੇਮ ਸਿੰਘ, ਸੁਭਾਸ਼ ਚੰਦਰ ਬੋਸ ਨਾਲ ਉਨਾਂ 7 ਆਦਮੀਆਂ 'ਚੋਂ ਸਨ, ਜਿਨਾਂ ਨੇ ਕਲਕੱਤਾ ਜੇਲ ਉਪਰ ਤਿਰੰਗਾ ਝੰਡਾ ਲਹਿਰਾ ਦਿੱਤਾ ਸੀ । ਇਸ ਮੌਕੇ ਜਦੋਂ ਪੁਲਿਸ ਸੁਭਾਸ਼ ਨੂੰ ਕੁੱਟ ਰਹੀ ਸੀ, ਤਾਂ ਪ੍ਰੇਮ ਸਿੰਘ ਉਸ ਉਪਰ ਪੈ ਗਿਆ ਤੇ ਆਪ ਜਬਰ ਝੱਲਦਾ ਰਿਹਾ । ਆਪ ਜੀ ਤੇ ਬੰਗਾਲ ਹਕੂਮਤ ਨੇ ਨੰਗੀ ਤਲਵਾਰ ਰੱਖਣ ਦਾ ਕੇਸ ਵੀ ਪਾਇਆ । ਆਪ ਜੀ ਗ਼ਦਰ-ਕਾਵਿ ਵੀ ਰਚਦੇ ਸਨ । ਆਪ ਦੀਆਂ ਰਚਨਾਵਾਂ ''ਪੰਜਾਬੀ ਪ੍ਰਤਿੱਕਾ'' (ਕਲਕੱਤਾ) ਵਿੱਚ ਛਪਦੀਆਂ।

ਤੇਜਾ ਸਿੰਘ ਸਫ਼ਰੀ ਤੇ ਪ੍ਰੇਮ ਸਿੰਘ ਸਰਾਭਾ ਨੇ 1932 'ਚ ਪਹਿਲੀ ਵੇਰ ਆਪ ਦੀ ਅਗਵਾਈ ਹੇਠ ਪਿੰਡ ਤੇ ਇਲਾਕੇ ਦਾ ਵੱਡਾ ਇੱਕਠ ਕਰਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੀ ਬਰਸੀ ਮਨਾਈ । ਅੰਗਰੇਜ ਹਕੂਮਤ ਵੱਲੋਂ ਭਾਰੀ ਪੁਲਿਸ ਫੋਰਸ ਲਗਾਉਣ ਦੇ ਬਾਵਜੂਦ ਆਪ ਨੇ ਨਿਰਭੈ ਹੋ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ । ਬਾਅਦ 'ਚ ਦੋਨੋਂ ਭਰਾਵਾਂ ਸਮੇਤ ਦਰਜਨਾਂ ਆਗੂਆਂ ਤੇ ਵਰਕਰਾਂ ਨੂੰ ਫੜ ਕੇ ਜੇਲਾਂ 'ਚ ਬੰਦ ਕਰ ਦਿੱਤਾ ਗਿਆ । ਲੰਮੇਂ ਅਰਸੇ ਬਾਅਦ ਰਿਹਾਈ ਉਪਰੰਤ ਬਾਹਰ ਆ ਕੇ ਫਿਰ ਆਪ ਨੇ ਅੰਗਰੇਜ ਹਕੂਮਤ ਵਿਰੁੱਧ ਅਸਲੀ ਆਜ਼ਾਦੀ ਤੇ ਖਰੇ ਲੋਕ ਜਮਹੂਰੀ ਰਾਜ ਪ੍ਰਬੰਧ ਦੀ ਸਿਰਜਣਾ ਲਈ ਜਦੋਂ-ਜਹਿਦ ਜਾਰੀ ਰੱਖੀ । ਸੰਨ 1946 ਦੀ ਲੁਧਿਆਣਾ ਕਾਨਫਰੰਸ ਮੌਕੇ ਪ੍ਰੇਮ ਸਿੰਘ ਨੇ ਬਹੁਤ ਹੀ ਸੂਝ ਅਤੇ ਜੋਸ਼ ਭਰਪੂਰ ਤਕਰੀਰ ਰਾਹੀਂ ਗੋਰੀ ਹਕੂਮਤ ਨੂੰ ਨੰਗਾ ਕੀਤਾ । ਸਿੱਟੇ ਵਜੋਂ ਇਕ ਹੋਰ ਨਵਾਂ ਕੇਸ ਦਰਜ ਕਰਕੇ ਆਪ ਨੂੰ ਮੁੜ ਕੈਦ ਕਰ ਲਿਆ ਗਿਆ । ਮੁੜ ਰਿਹਾਈ ਉਪਰੰਤ ਆਪ ਨੂੰ ਕਈ ਵਾਰ ਪਿੰਡ 'ਚ ਵੀ ਜੂਹ ਬੰਦ ਕੀਤਾ । ਲੇਕਿਨ ਇਸਨੂੰ ਟਿੱਚ ਸਮਝਦੇ ਹੋਏ ਆਪ ਫਰਾਰ ਹੋ ਜਾਂਦੇ ਰਹੇ । 15 ਅਗਸਤ 1947 ਮੌਕੇ, ਹਿੰਦ-ਪਾਕਿ ਦੀ ਵੰਡ ਵੇਲੇ 10 ਲੱਖ ਲੋਕਾਂ ਦੇ ਫਿਰਕੂ ਕਤਲੇਆਮ ਕਾਰਣ ਪ੍ਰੇਮ ਸਿੰਘ ਸਰਾਭਾ, ਤੇਜਾ ਸਿੰਘ ਸਫ਼ਰੀ ਸਮੇਤ ਅਨੇਕਾਂ ਕਮਿਊਨਿਸਟ ਯੋਧਿਆਂ ਨੇ ਸਮਝਿਆ ਕਿ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਵੱਡਾ ਧੋਖਾ ਹੋ ਗਿਆ ਹੈ । ਸੋ ਆਪ ਨੇ ਕਾਲੇ ਅੰਗਰੇਜ਼ਾਂ ਵਿਰੁੱਧ ਵੀ ਬਗਾਵਤ ਦਾ ਝੰਡਾ ਚੁੱਕ ਲਿਆ। ਸਿੱਟੇ ਵਜੋਂ ਪ੍ਰੇਮ ਸਿੰਘ ਨੂੰ ਮੁੜ ਜੇਲ 'ਚ ਡੱਕ ਦਿੱਤਾ ਗਿਆ । ਜੇਲ 'ਚੋਂ ਪਾੜ ਲਾ ਕੇ ਤਿੰਨ ਜੁਝਾਰੂ ਕੈਦੀ-ਕਾਮਰੇਡ ਵਿਧਾਤਾ ਰਾਮ, ਰਾਜਿੰਦਰ ਸਿੰਘ ਤੇ ਗੁਰਚਰਨ ਸਿੰਘ ਰੰਧਾਵਾ ਫਰਾਰ ਹੋ ਗਏ । ਪ੍ਰੇਮ ਸਿੰਘ ਤੇ ਭਾਰੀ ਤਸ਼ੱਦਦ ਕੀਤਾ ਗਿਆ । ਪੁਲਿਸ ਨੇ ਆਪ ਨੂੰ ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ ।ਆਪ ਦੀ ਮ੍ਰਿਤਕ ਦੇਹ ਲੈਣ ਲਈ ਕਾਮਰੇਡ ਭਾਗ ਸਿੰਘ ਸਰਾਭਾ ਸਾਥੀਆਂ ਸਮੇਤ ਲੁਧਿਆਣਾ ਜੇਲ ਪੁੱਜੇ । ਲੇਕਿਨ ਉਨਾਂ ਨੂੰ ਕੋਰਾ ਜਵਾਬ ਦਿੱਤਾ ਗਿਆ ਅਤੇ ਮ੍ਰਿਤਕ ਦੇਹ ਨੂੰ ਜਬਰੀ ਜੇਲ ਦੇ ਅੰਦਰ ਹੀ ਦਫਨ ਕਰ ਦਿੱਤਾ ਗਿਆ।

ਪ੍ਰੇਮ ਸਿੰਘ ਸਰਾਭਾ ਨੇ ਸ਼ਹੀਦ ਹੋਣ ਤੋਂ ਪਹਿਲਾਂ ਵਜ਼ੀਰੇ ਆਜ਼ਮ ਜਵਾਹਰ ਲਾਲ ਨਹਿਰੂ ਨੂੰ ਇਕ ਪੱਤਰ ਲਿਖਿਆ, ਜਿਸਦੀ ਬਹੁਤ ਹੀ ਵੱਡੀ ਇਤਿਹਾਸਿਕ ਅਹਿਮੀਅਤ ਹੈ ਜਿਸਦੀ ਸੰਖੇਪ ਸ਼ਬਦਾਵਲੀ ਇਸ ਤਰਾਂ ਹੈ:- ''ਅਸੀਂ ਜਿਹੜੇ ਅਸਲੀ ਆਜ਼ਾਦੀ ਤੇ ਸੱਚੀ ਬਰਾਬਰੀ ਲਈ ਲੜੇ, ਅੱਜ ਜੇਲਾਂ ਵਿੱਚ ਜੱਦੋ-ਜਹਿਦ ਕਰਦੇ ਮਰ ਰਹੇ ਹਾਂ। ਤੁਸੀਂ ਜਨਤਾ ਤੋਂ ਦੂਰ ਚਲੇ ਗਏ ਹੋ। ਆਪਣੇ ਭਾਰਤ ਤੋਂ ਦੂਰ। ਤੁਸੀਂ ਅਮਰੀਕਾ ਤੇ ਬਰਤਾਨੀਆ ਦੇ ਸ਼ਾਹੀ ਖਾਨਦਾਨਾਂ ਦੇ ਨੇੜੇ ਹੋ ਗਏ ਹੋ। ਸਾਡੀ ਤੇ ਕਿਰਤੀਆਂ ਦੀ ਵਫ਼ਾ ਤੇ ਤਪੱਸਿਆ ਆਪਣੇ ਹੱਕ ਮੰਗਦੀ ਹੈ। ਤੁਸੀਂ ਕਿਰਤੀਆਂ ਵੱਲ ਪਿੱਠ ਕਰ ਰਹੇ ਹੋ ਤੇ ਸਾਮਰਾਜੀਆਂ ਵੱਲ ਮੂੰਹ ਕਰ ਰਹੇ ਹੋ। ਤੁਸੀਂ ਜੋ ਕੀਤਾ, ਚੰਗਾ ਨਹੀਂ ਕੀਤਾ। ਸਾਡੀਆਂ ਜੇਲ੍ਹਾਂ ਵਿੱਚ ਹੋ ਰਹੀਆਂ ਸ਼ਹੀਦੀਆਂ, ਨਵੇਂ ਇਤਿਹਾਸ ਨੂੰ ਜਨਮ ਦੇਣਗੀਆਂ। ਅੱਛਾ ਮੈਂ ਜਾ ਰਿਹਾ ਹਾਂ, ਆਪਣੇ ਸ਼ਹੀਦਾਂ ਕੋਲ।'' ਇਹ ਕਹਿਣ ਉਪਰੰਤ 30 ਸਤੰਬਰ 1949 ਨੂੰ ਆਪ ਜੀ ਦੇਸ਼ ਵਾਸੀਆਂ ਨੂੰ ਸਦਾ-ਸਦਾ ਲਈ ਵਿਛੋੜਾ ਦੇ ਗਏ। ਆਪ ਜੀ ਦੇ ਅਮਰ ਬੋਲ ਦੇਸ਼ ਅੰਦਰ ਖਰੀ ਆਜ਼ਾਦੀ, ਖੁਸ਼ਹਾਲੀ, ਮੁਕੰਮਲ ਬਰਾਬਰੀ ਤੇ ਸਮਾਜਵਾਦ ਲਈ ਲੋਕ ਲਹਿਰਾਂ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ।

**ਜਸਦੇਵ ਸਿੰਘ ਲਲਤੋਂ**
**96464-02470**

## ਪੇਰੂ ਦੀ ਕਮਿਊਨਿਸਟ ਪਾਰਟੀ (ਪੀਸੀਪੀ) ਸ਼ਾਈਨਿੰਗ ਪਾਥ ਦੇ ਆਗੂ ਸਾਥੀ ਅਬੀਮੇਲ ਗੁਜ਼ਮੈਨ



ਪੇਰੂ ਦੀ ਕਮਿਊਨਿਸਟ ਪਾਰਟੀ (ਪੀਸੀਪੀ) ਸ਼ਾਈਨਿੰਗ ਪਾਥ ਦੇ ਆਗੂ ਸਾਥੀ ਅਬੀਮੇਲ ਗੁਜਮੈਨ ਜਿਨਾਂ ਨੂੰ ਆਮ ਤੌਰ ਤੇ ਗੌਂਜਾਲੋ ਦੇ ਨਾਂ ਨਾਲ ਜਾਣਿਆ ਜਾਂਦਾ ਹੈ , 11 ਸਤੰਬਰ ਨੂੰ ਜੀਵਨ ਯਾਤਰਾ ਪੂਰੀ ਕਰ ਗਏ। ਉਨਾਂ ਦੀ ਮੌਤ ਕੈਲਾਲੋ ਨਵਲ ਬੇਸ ਦੀ ਜੇਲ ਵਿਚ ਹੋਈ। ਉਨ੍ਹਾਂ ਨੂੰ 12 ਸਤੰਬਰ 1992 ਵਿਚ ਗ੍ਰਿਫਤਾਰ ਕੀਤਾ ਗਿਆ ਸੀ ਉਹ 29 ਸਾਲ ਜੇਲ ਚ ਰਹੇ ਤੇ ਜੇਲ ਵਿਚ ਹੀ ਉਨਾਂ ਦੀ ਮੌਤ ਹੋਈ। ਉਹ 86 ਵਰਿਆਂ ਦੇ ਸਨ।

ਸਾਥੀ ਗੌਂਜਾਲੋ ਆਪਣੇ ਵਿਦਿਆਰਥੀ ਕਾਲ ਵਿਚ ਹੀ ਕਮਿਊਨਿਸਟ ਲਹਿਰ ਵਲ ਆਕਰਸ਼ਿਤ ਹੋ ਗਏ ਸਨ। ਉਨ੍ਹਾਂ ਦੀ ਸਮਝ ਸੀ ਕਿ ਪੇਰੂ ਦੇ ਇਨਕਲਾਬ 'ਚ ਮੁੱਖ ਤਾਕਤ ਕਿਸਾਨੀ ਹੈ। ਇਸਤੇ ਅਮਲ ਲਈ ਉਨ੍ਹਾਂ ਆਦਿਵਾਸੀ ਕਿਸਾਨੀ 'ਚ ਕੇਂਦਰਿਤ ਕਰਨ ਦਾ ਰਾਹ ਚੁਣਿਆ। ਇਸ ਲਈ ਉਨ੍ਹਾਂ ਆਦਿਵਾਸੀ ਬੋਲੀ ਸਿੱਖੀ ਅਤੇ ਇਕ ਆਦਿਵਾਸੀ ਕੁੜੀ ਨਾਲ ਵਿਆਹ ਕਰਵਾ ਲਿਆ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਵਿਚ ਸੋਧਵਾਦੀ ਦੈ ਕਾਬਜ ਹੋਣ ਤੇ ਸਰਮਾਏਦਾਰੀ ਦੀ ਬਹਾਲੀ ਦਾ ਅਮਲ ਸ਼ੁਰੂ ਹੋਣ ਨਾਲ ਸੰਸਾਰ 'ਚ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਮਹਾਨ ਬਹਿਸ ਛਿੜ ਗਈ ਇਸ ਚ ਉਨਾਂ ਸੋਵੀਅਤ ਸੋਧਵਾਦ ਵਿਰੁੱਧ ਸਟੈਂਡ ਲਿਆ ਅਤੇ ਮਾਓ ਦੀ ਅਗਵਾਈ ਵਾਲੀ ਸੀ ਪੀ ਸੀ ਦਾ ਸਮਰਥਨ ਕੀਤਾ। ਇਸਤੋਂ ਹੀ ਉਨ੍ਹਾਂ ਦੀ ਪਾਰਟੀ ਦਾ ਨਾਂ ਸ਼ਾਈਨਿੰਗ ਪਾਥ ਪਿਆ। ਮਾਓ ਦੀ ਮੌਤ ਤੋਂ ਬਾਦ, ਚੀਨ ਦੀ ਪਾਰਟੀ ਦੇ ਸੋਧਵਾਦ ਵਿਰੁੱਧ ਵਿਚਾਰਧਾਰਕ ਸੰਘਰਸ਼ ਕੀਤਾ ਅਤੇ ਸੋਧਵਾਦ ਦੇ ਕੌਮਾਂਤਰੀ ਬਦਲ ਵਜੋਂ ਰਿਮ ( ਇਨਕਲਾਬੀ ਕੌਮਾਂਤਰੀ ਲਹਿਰ) ਨਾਂ ਦਾ ਕੇਂਦਰ ਉਸਾਰਨ ਦਾ ਯਤਨ ਕੀਤਾ।

ਉਨ੍ਹਾਂ ਦੀ ਅਗਵਾਈ ਚ ਪੇਰੂ ਦੇ ਪੇਂਡੂ ਖੇਤਰ ਵਿਚ ਵਿਸ਼ਾਲ ਅਧਾਰ ਖੇਤਰ ਉਸਾਰਿਆ ਅਤੇ ਪੇਰੂ ਦੇ ਦੇਹਾਂਤ ਦਾ ਵੱਡਾ ਖੇਤਰ ਉਨ੍ਹਾਂ ਦੇ ਕੰਟਰੋਲ ਵਿਚ ਸੀ। ਪਰ ਛੇਤੀ ਜਿੱਤ ਦੀ ਕਾਹਲੀ ਚ ਪਾਰਟੀ ਨੇ ਰਾਜਧਾਨੀ ਲੀਮਾ ਦੇ ਦਵਾਲੇ ਵਸਤੀਆ ਚ ਕੰਮ ਕੇਂਦਰਿਤ ਕਰਨਾ ਸ਼ੁਰੂ ਕਰਤਾ। ਇਥੋਂ ਹੀ ਸਾਥੀ ਗੌਂਜਾਲੋ ਸਮੇਤ ਕੇਂਦਰੀ ਕਮੇਟੀ ਦਾ ਵੱਡਾ ਹਿੱਸਾ ਫੜਿਆ ਗਿਆ। ਪੇਰੂ ਦੇ ਇਨਕਲਾਬ ਨੂੰ ਲੱਗੀ ਇਸ ਗੰਭੀਰ ਪਛਾੜ ਨਾਲ ਰਿਮ ਵੀ ਵਿਖਰਨਾ ਸ਼ੁਰੂ ਹੋ ਗਿਆ ਪਰ ਸਾਥੀ ਦੀ ਮਹਾਨਤਾ ਇਸ ਚ ਹੈ ਕਿ ਹਥਿਆਰਬੰਦ ਸੰਘਰਸ਼ ਉਦੋਂ ਸ਼ੁਰੂ ਕੀਤਾ ਜਦੋਂ ਚੀਨ ਚ ਸਰਮਾਏਦਾਰੀ ਦੀ ਬਹਾਲੀ ਹੋਈ ਤੇ ਕੌਮਾਂਤਰੀ ਪੱਧਰ ਤੇ ਬੇਦਿਲੀ ਦਾ ਮਹੌਲ ਸੀ ਤੇ ਉਨਾ ਇਨਕਲਾਬ ਦੀ ਮਸ਼ਾਲ ਉੱਚੀ ਕੀਤੀ। ਅਸੀਂ ਇਸ ਇਨਕਲਾਬੀ ਕਮਿਊਨਿਸਟ ਅਤੇ ਯੋਧੇ ਦੀ ਯਾਦ 'ਚ ਸੂਹਾ ਪਰਚਮ ਝੁਕਾਉਂਦਿਆਂ ਇਨਕਲਾਬੀ ਸ਼ਰਧਾਂਜਲੀ ਦਿੰਦੇ ਹਾਂ। ਪਰਮਜੀਤ ਪੰਮੇ ਦੀ ਵਾਲ ਤੋਂ ਧੰਨਵਾਦ ਸਹਿਤ ਬੀ.ਬੀ.ਸੀ.ਨੇ ਖਬਰ ਨਸ਼ਰ ਕੀਤੀ ਕਿ ਦੇਸ ਪੀਰੂ ਦੀ ਸਰਕਾਰ ਸਾਹਵੇਂ ਮਸਲਾ ਹੈ ਕਿ ਗੁਰੀਲਾ ਲੀਡਰ ਗੁੰਜਮੈਨ ਦੀ ਲਾਸ਼ ਦਾ ਕੀ ਕੀਤਾ ਜਾਵੇ? ਧਰਤੀ ਹੇਠ ਦੱਬਿਆ ਜਾਵੇ, ਸਾੜਿਆ ਜਾਵੇ ਜਾਂ ਫਿਰ ਵਾਰਿਸਾਂ ਨੂੰ ਦੇ ਦਿੱਤਾ ਜਾਵੇ! ਖਬਰ ਮੁਤਾਬਕ ''ਅਧਿਕਾਰੀਆਂ ਨੂੰ ਡਰ ਹੈ ਕਿ ਜੇ ਲਾਸ਼ ਨੂੰ ਦੱਬਾ ਦਿੱਤਾ ਗਿਆ ਤਾਂ ਉਸਦੀ ਕਬਰ ਅੱਤਵਾਦੀਆਂ ਲਈ ਉਤਸਾਹ ਦਾ ਜਰੀਆ ਬਣੇਗੀ'', ਪੀਰੂ ਦੇ ਕਨੂੰਨ ਮੰਤਰੀ ਨੇ ਰਾਇ ਦਿੱਤੀ ਕਿ ਲਾਸ ਨੂੰ ਸਾੜਕੇ,ਸੁਆਹ ਪ੍ਰਸਾਤ ਮਹਾਂਸਾਗਰ 'ਚ ਖਿਲਾਰ ਦਿੱਤੀ ਜਾਵੇ ਤਾਂ ਕਿ ਕੋਈ ਨਿਸਾਨ ਈ ਨਾਂ ਬਚੇ ਪੀਰੂ ਦੇ ਕਨੂੰਨ ਮੁਤਾਬਕ ਲਾਸਾਂ ਸੱਭ ਤੋਂ ਨੇੜਲੇ ਪਰੀਵਾਰ ਮੈਂਬਰ ਨੂੰ ਦੇਣੀ ਹੁੰਦੀ ਹੈ ਸੋ ਹੱਕਦਾਰ ਉਸਦੀ ਪਤਨੀ ਐ ਜਿਹੜੀ ਖੁਦ 29 ਸਾਲਾਂ ਤੋਂ ਜੇਲ 'ਚ ਬੰਦ ਐ ਅਤੇ ਇੰਨਾਂ ਦਾ ਵਿਆਹ 2010 'ਚ ਜੇਲ 'ਚ ਈ ਹੋਇਆ ਸੀ. ਗੁੰਜਮੈਨ ਦੇ ਪਰੀਵਾਰ ਦਾ ਕੋਈ ਵੀ ਹੋਰ ਮੈਂਬਰ ਜਿੰਦਾ ਨਾਂ ਹੋਣ ਕਰਕੇ ਪਤਨੀ ਨੇ ਮੁਖਤਿਆਰਨਾਮਾਂ ਜੇਲ ਤੋਂ ਬਾਹਰ ਇਕ ਕਾਮਰੇਡ ਨੂੰ ਦੇਕੇ ਅਦਾਲਤ 'ਚ ਦਰਖਾਸਤ ਦੇ ਦਿੱਤੀ ਕਿ ਲਾਸ ਉਸਨੂੰ ਦਿੱਤੀ ਜਾਵੇ ਪਰ ਅਦਾਲਤ ਨੇ ਇਨਕਾਰ ਕਰ ਦਿੱਤਾ।

ਕਾਮਰੇਡ ਗੁੰਜਮੈਨ ਪਹਿਲੋਂ ਯੂਨੀਵਰਸਿਟੀ 'ਚ ਫਿਲਾਸਫੀ ਦਾ ਪ੍ਰੋਫੈਸਰ ਸੀ, ਬਾਅਦ 'ਚ ਉਸਨੂੰ ਕਮਿਊਨਿਸਟ ਪਾਰਟੀ ਦਾ ਚੇਅਰਮੈਨ ਚੁਣ ਲਿਆ ਗਿਆ. ਅੰਡਰਗਰਾਂਉਂਡ ਹੋਣ ਤੋਂ ਬਾਅਦ ਉਸਦੀ ਅਗਵਾਈ 'ਚ ਪੀਰੂ ਦੀ ਬਦਨਾਮ ਫੂਜੀਮੂਰੀ ਸਰਕਾਰ ਖਿਲਾਫ ਗੁਰੀਲਾ ਜੰਗ ਛਿੜ ਪਈ,ਜੰਗ ਅਪਣੀ ਚਰਮਸੀਮਾਂ 'ਤੇ ਸੀ ਜਦੋਂ ਗੁੰਜਮੈਨ ਅਤੇ ਹੋਰ ਸੀਨੀਅਰ ਲੀਡਰਾਂ ਨੂੰ ਗਿਰਫਤਾਰ ਕਰ ਲਿਆ ਗਿਆ। ਉਸੀ ਵਕਤ ਤੋਂ ਉਹ ਪੀਰੂ ਦੀ ਉੱਚ-ਸਕਿਊਰਿਟੀ ਵਾਲੀ ਜੇਲ 'ਚ ਬੰਦ ਸੀ। ਅਸਲ 'ਚ ਹੁਣ ਵੀ ਮਸਲਾ ਉਸਦੀ ਲਾਸ ਨਾਲੋਂ ਵੱਧ ਉਸਦੀ ਸਿਆਸਤ ਦਾ ਐ ਜਿਸਨੂੰ ਉਹ ਅਪਣਾਇਆ ਹੋਇਆ ਸੀ। ਅੱਜ ਸੰਸਾਰ ਪੱਧਰ 'ਤੇ ਭਾਰੂ ਸਰਮਾਏਦਾਰ ਵਿਚਾਰਧਾਰਾ ਲੋਕਾਂ ਦੀ ਇਕ ਵੀ ਬੁਨਿਆਦੀ ਸਮੱਸਿਆ ਦਾ ਹੱਲ ਕਰਨ ਤੋਂ ਅਸਮਰੱਥ ਹੋਣ ਕਰਕੇ ਗੁੰਜਮੈਨ ਵਰਗੇ ਬੁੱਧੀਜੀਵੀ ਅਤੇ ਉਨਾਂ ਦੀ ਸਿਆਸਤ ਸਰਮਾਏਦਾਰੀ ਲਈ ਸੱਚਮੁਚ ਈ ਇਕ ਚੁਣੌਤੀ ਐ!

## ਬਾਗੀ ਮ੍ਰਿਤਕ ਗੁੰਜਾਲੋ ਤੋਂ ਵੀ ਖੌਫਜਦਾ ਨੇ ਹਾਕਮ

29 ਸਾਲ ਤੋਂ ਜੇਲ੍ਹ 'ਚ ਬੰਦ
ਕਾਮਰੇਡ ਗੁੰਜਾਲੋ
ਆਖਰੀ ਸਲਾਮ ਕਹਿ ਗਿਆ
ਇੱਕ ਬੁੱਧੀਜੀਵੀ,
ਇੱਕ ਚਿੰਤਕ
ਇੱਕ ਮਾਰਕਸਵਾਦੀ,
ਇੱਕ ਗਰੀਲਾ
ਗੰਜਾਲੋ ਪੀਰੂ ਦੇ ਹਾਕਮਾਂ ਲਈ
ਮੌਤ ਦਾ ਖੌਫ ਬਣਿਆ ਰਿਹਾ

ਪੀਰੂ ਦੇ ਹਾਕਮ
ਜਿਊਂਦੇ ਗੰਜਾਲੋ ਤੋਂ ਵੀ ਖੌਫਜਦਾ ਰਹੇ
ਅਤੇ ਉਹਦੀ ਮੌਤ ਪਿੱਛੋਂ ਵੀ ਦਹਿਸ਼ਤਜਦਾ ਹਨ।

ਹਾਕਮਾਂ ਨੂੰ ਚਿੰਤਾ ਹੈ
ਗੁੰਜਾਲੋ ਦੀ ਲਾਸ਼ ਕੀ ਕੀਤਾ ਜਾਵੇ,
ਉਹਨਾਂ ਲਾਸ਼ ਉਸਦੇ ਵਾਰਸਾਂ ਨੂੰ ਨਹੀਂ ਸੌਂਪੀ,

ਪਰ...
ਉਹ ਲਾਸ਼ ਨੂੰ ਦਫਨ ਕਰਨ ਤੋਂ ਵੀ ਤਰਿੰਹਦੇ ਨੇ
ਕਿਤੇ...
ਪੀਰੂ ਦੇ ਬਾਗੀਆਂ ਲਈ ਉਹਦੀ ਕਬਰ
ਪੂਜਾ ਸੱਥਲ ਬਣ ਜਾਵੇਗੀ
ਤੇ ਗੁੰਜਾਲੋ ਮੁੜ ਜ਼ਿੰਦਾ ਹੋ ਜਾਵੇਗਾ

ਆਖਰ ਦੇਸ ਦੇ ਕਾਨੂੰਨ ਮੰਤਰੀ ਦਾ
ਸਰਕਾਰੀ ਹੁਕਮ ਹੋਇਆ
'ਲਾਸ਼ ਨੂੰ ਸਾੜ ਕੇ ਸੁਆਹ ਕਰ ਦਿਓ,
ਅਤੇ ਰਾਖ ਨੂੰ ਸੁੱਟ ਦਿਓ ਪ੍ਰਸ਼ਾਂਤ ਮਹਾਂਸਾਗਰ 'ਚ
ਤਾਂ ਕਿ ਕੋਈ ਨਿਸ਼ਾਨ ਹੀ ਨਾਂ ਬਚੇ'

ਉਹ ਨਹੀਂ ਜਾਣਦੇ
ਕਿ ਜਦੋਂ ਗੁੰਜਾਲੋ ਨੂੰ ਸਾੜਿਆ
ਤਾਂ ਉਹਦੀ ਲਾਸ਼ ਦੀ ਮਹਿਕ ਫੈਲ ਜਾਵੇਗੀ
ਦੂਰ ਤੱਕ ਪੂਰੀ ਫਿਜ਼ਾ 'ਚ

ਸਿਰਫ ਪੀਰੂ ਨਹੀਂ,
ਉਹਦੀ ਮਹਿਕ ਖਿੰਡ ਜਾਵੇਗੀ
ਦੁਨੀਆਂ ਦੇ ਹਰ ਕੋਨੇ 'ਚ
ਜਿੱਥੇ ਕਿਤੇ ਵੀ ਬਾਗੀ ਹੋਣਗੇ
ਝੁੱਕ ਜਾਣਗੇ ਉਨ੍ਹਾਂ ਦੇ ਸਿਰ
ਗੁੰਜਾਲੋ ਦੀ ਯਾਦ 'ਚ
ਤੇ ਹੋਰ ਦ੍ਰਿੜ ਹੋਣਗੇ ਉਨ੍ਹਾਂ ਦੇ ਪ੍ਰਣ

ਉਹ ਇੱਕ ਨਹੀਂ
ਹਜਾਰਾਂ ਲੱਖਾਂ ਕਬਰਾਂ 'ਤੇ ਪੂਜਿਆ ਜਾਵੇਗਾ

ਤੁਸੀਂ ਸੁੱਟ ਦਿਓ,
ਉਹਦੀ ਰਾਖ ਪ੍ਰਸ਼ਾਂਤ ਮਹਾਂ ਸਾਗਰ 'ਚ
ਉਹ ਪਸਰ ਜਾਵੇਗੀ,
ਸੱਤਾਂ ਮਹਾਂਦੀਪਾਂ ਦੀ ਧਰਤੀ ਦੇ ਚੁਫੇਰੇ
ਅਤੇ ਉਗ ਆਵੇਗੀ
ਦੁਨੀਆਂ ਦੇ ਹਰ ਦੇਸ, ਹਰ ਕੋਨੇ 'ਚ
ਬਾਗੀਆਂ ਦੀ ਫਸਲ

ਉਹ ਨਹੀਂ ਜਾਣਦੇ
ਜਿਸ ਮਿੱਟੀ
ਆਸਮਾਨ
ਹਵਾ 'ਤੇ
ਪਾਣੀ ਨੇ
ਗੁੰਜਾਲੋ ਨੂੰ ਪਾਲਿਆ
ਜੁਆਨ ਕੀਤਾ
ਦ੍ਰਿੜ ਤੇ ਮਜਬੂਤ ਬਣਾਇਆ
ਇੱਕ ਇਸਪਾਤੀ ਬਾਗੀ

ਭਲਾ ਉਹਨੂੰ ਆਪਣੇ ਪੁੱਤਰ ਦੀ
ਬਾਗੀ ਰੂਹ ਦੀ ਮਹਿਕ ਨੂੰ
ਦੂਰ ਦੂਰ ਤੱਕ ਖਿੰਡਾਉਣੋ
ਤੁਸੀਂ ਕਿਵੇਂ ਰੋਕ ਸਕਦੇ ਹੋ?
ਕੀ ਇਨ੍ਹਾਂ ਨੂੰ ਵੀ ਕੈਦ ਕਰੋਗੇ?
ਕਿੰਨੇ ਕੁ ਸਾਲ?
ਕਿੰਨੇ ਦਹਾਕੇ?
ਕਿੰਨੀਆਂ ਕੁ ਸਦੀਆਂ?

ਦੁਨੀਆਂ ਦੇ ਹਰ ਕੋਨੇ 'ਚ
ਗੁੰਜਾਲੋ ਦੀ ਰਾਖ ਦਾ ਖਿੰਡਿਆ ਕਿਣਕਾ
ਦੇਰ ਸਵੇਰ
ਉੱਗ ਆਵੇਗਾ
ਧਰਤੀ ਜਰਖੇਜ ਹੋਵੇ ਜਾਂ ਬੰਜਰ

ਯਾਦ ਰੱਖਿਓ
ਤੁਸੀਂ ਇਹ ਸੋਚਣ ਵਾਲੇ ਪਹਿਲੇ ਨਹੀਂ
90 ਸਾਲ ਪਹਿਲਾਂ ਵੀ
ਅੰਗਰੇਜ ਹਾਕਮਾਂ ਨੇ ਇਵੇਂ ਹੀ ਸੋਚਿਆ ਸੀ
'ਤੇ ਭਗਤ ਸਿੰਘ ਤੇ ਉਹਦੇ ਸਾਥੀਆਂ ਦੀਆਂ
ਲਾਸ਼ਾਂ ਦੇ ਟੋਟੇ ਕਰਕੇ ਦਰਿਆ ਕੰਢੇ
ਸਾੜ ਕੇ ਮਿਟਾ ਦੇਣ ਦਾ ਭਰਮ ਪਾਲਿਆ ਸੀ
ਤਾਂ ਕਿ ਉਹ ਭਾਰਤੀ ਲੋਕਾਂ ਦੀ ਮੁਕਤੀ ਦਾ
ਪ੍ਰਤੀਕ ਨਾ ਬਣ ਸਕੇ।

ਪਰ ਅੱਜ ਉਹ ਭਾਰਤ ਹੀ ਨਹੀਂ
ਦੁਨੀਆਂ ਦੇ ਮਿਹਨਤਕਸ਼ ਲੋਕਾਂ ਦੀ
ਮੁਕਤੀ ਦਾ ਪ੍ਰਤੀਕ ਬਣ ਚੁੱਕਾ ਹੈ
ਅਤੇ ਹਰ ਬਾਗੀ ਲਈ ਪ੍ਰੇਰਣਾ ਦੀ ਮਸ਼ਾਲ
ਚੀ ਗਵੇਰਾ ਨਾਲ ਵੀ ਇਵੇਂ ਹੀ ਕੀਤਾ ਸੀ ਵਰਤਾਅ
ਕਾ ਗੁੰਜਾਲੋ
ਇਸੇ ਵਿਰਾਸਤ ਚੋਂ ਹੀ ਹੈ
ਕਾਤਲੋ.....
ਤੁਸੀਂ 29 ਸਾਲ ਜੇਲ੍ਹ 'ਚ ਬੰਦ ਰੱਖਕੇ
ਮਾਰ ਸਕਦੇ ਹੋ ਗੁੰਜਾਲੋ ਨੂੰ
ਪਰ ਦੁਨੀਆਂ ਦੇ ਹਰ ਬਾਗੀ ਦੀ ਰੂਹ
ਉਹਦੇ ਵਿਚਾਰਾਂ
ਉਹਦੀ ਹਸਤੀ ਨੂੰ ਨਹੀਂ ਮਾਰ ਸਕਦੇ

ਉਹ ਹਰ ਥਾਂ ਉਗੇਗਾ
ਦੁਨੀਆਂ ਦੇ ਮਿਹਨਕਸ਼ਾਂ ਦੀ ਮਹਿਕ ਬਣਕੇ ਖਿੜੇਗਾ
ਉਹਦੀ ਬਾਗੀ ਰੂਹ ਦੀ ਸੁਗੰਧੀ ਫੈਲਦੀ ਰਹੇਗੀ
ਦਹਾਕਿਆਂ ਤੱਕ
ਦੁਨੀਆਂ ਦਾ ਹਰ ਬਾਗੀ ਉਹਨੂੰ ਸਿਜੱਦਾ ਕਰੇਗਾ
ਦੁਨੀਆਂ ਦੇ ਹਰ ਬਾਗੀ ਦੀ ਰੂਹ
ਉਹਦੇ ਹਾਣ ਦਾ ਬਣਨਾ ਲੋਚੇਗੀ

ਉਹਦਾ ਭੂਤ ਦਾ ਖੌਫ
ਜੋ ਸਿਰਫ ਪੀਰੂ ਤੱਕ ਨਹੀਂ
ਵਿਸਵ ਪੂੰਜੀ ਦੀ ਸਤਾ ਤੱਕ ਫਡੈਲਿਆ ਹੋਇਆ ਹੈ
ਇਹੋਉਹਦੀ (ਪੂੰਜੀ ਦੀ ਸੱਤ੍ਹਾ) ਮੌਤ ਦੇ ਵਾਰੰਟ ਲਿਖੇਗਾ

ਕਾਮਰੇਡ ਗੁੰਜਾਲੋ ਸਦਾ ਅਮਰ ਰਹੇਗਾ
ਸਦਾ ਅਮਰ ਰਹੇਗਾ

-ਨਰਭਿੰਦਰ
9354430211

## ਹਰਭਗਵਾਨ ਭੀਖੀ ਦੀਆਂ ਕਵਿਤਾਵਾਂ

### ਤੂੰ ਖਾਮੋਸ਼ ਨਾ ਰਹੀਂ

1.
ਹੁਣ ਚੁੱਪ ਬੈਠਣ ਦਾ ਵੇਲਾ ਨੀ
ਮਾਂ ਬਾਪ ਸੜਕਾਂ ਤੇ ਨੇ
ਨਾਅਰੇ ਮਾਰਦੇ ਧਰਨੇ
ਲਾਉਂਦੇ
ਜਾਬਰਾਂ ਨੂੰ ਲਲਕਾਰ ਦੇ
ਇਤਿਹਾਸ ਦੁਹਰਾਉਂਦੇ
ਹੁਣ ਗੱਲ ਸਿਰਫ ਜ਼ਮੀਨ ਬਚਾਉਣ ਦੀ ਨੀ
ਹੋਂਦ ਬਚਾਉਣ ਤੇ ਜ਼ਮੀਰ ਬਚਾਉਣ ਦੀ ਹੈ ...
ਇਤਿਹਾਸ ਨੂੰ ਪੜ੍ਹਨਾ ਪੈਣਾ ਹੈ
ਫੇਰ ਮੁੜ ਲੜਣਾ ਪੈਣਾ ਹੈ
ਇਤਿਹਾਸ ਪੜ੍ਹੇ ਬਿਨ
ਇਤਿਹਾਸ ਸਿਰਜੇ ਵੀ ਨੀ ਜਾਂਦੇ
ਏਸ ਲਈ ਆ ਗਦਰੀ ਬਾਬੇ ਲਲਕਾਰ ਰਹੇ ਨੇ
ਨੌਜਵਾਨਾਂ ਤੈਨੂੰ ਹੀ ਪੁਕਾਰ ਰਹੇ ਨੇ
•••
2.
ਓਹ ਕਹਿੰਦੇ ਨੇ ਇੱਕੋ ਭਾਸ਼ਾ ਹੋਵੇ
ਕੱਲ੍ਹ ਕਹਿਣਗੇ
ਇੱਕ ਜਾਤ
ਇੱਕ ਧਰਮ
ਇੱਕ ਪਾਰਟੀ ਹੋਵੇ
ਉਹ ਚਾਹੁੰਦੇ ਨੇ
ਸਵਿੰਧਾਨ ਦੀ ਥਾਂ
ਮਨੂਸਿਮ੍ਰਤੀ ਹੋਵੇ
ਏਹ ਨਾਜ਼ੀਵਾਦੀ
ਖਤਮ ਕਰ ਦੇਣਾ ਚਾਹੁੰਦੇ ਨੇ
ਦਲਿਤਾਂ, ਧਾਰਮਿਕ ਘੱਟ ਗਿਣਤੀਆਂ ਨੂੰ
ਤੇ ਔਰਤ ਨੂੰ ਰੱਖਣਾ ਚਾਹੁੰਦੇ ਨੇ
ਪੈਰ ਦੀ ਜੁੱਤੀ ਤੇ ਭੋਗ ਵਿਲਾਸ ਦੀ ਵਸਤੂ
ਦੇਸ਼ ਦੀ ਇੱਕ ਬੋਲੀ ਤੋਂ ਉਨ੍ਹਾਂ ਦਾ ਭਾਸ਼ਾ ਤੋਂ ਨਹੀਂ
ਸਗੋਂ ਸੰਕੇਤ ਹੈ
ਕਿ ਜੇਕਰ ਉਨ੍ਹਾਂ ਦੀ ਬੋਲੀ ਨਾ ਬੋਲੀ ਗਈ
ਤਾਂ ਕਤਲ ਕਰ ਦੇਣਗੇ
ਹੋਰ ਬੋਲੀ ਬੋਲੀ ਬੋਲਣ ਵਾਲੇ
ਦਭੋਲਕਰ,ਪਨਸਾਰੇ ਤੇ ਗੌਰੀ ਲੰਕੇਸ਼ ਵਾਂਗ
ਪਰ ਉਹ ਅਕਸਰ ਭੁੱਲ ਜਾਂਦੇ ਨੇ
ਜਫਰਨਾਮਾ,ਚੰਡੀ ਦੀ ਵਾਰ ਲਿਖਣ ਵਾਲੀ
ਤੇ ਰਾਜੇ ਸੀਂਹ ਮੁਕੱਦਮ ਕੁੱਤੇ ਕਹਿਣ ਵਾਲੀ ਭਾਸ਼ਾ
ਅੱਜ ਵੀ ਨਾਬਰ ਹੈ ਜਰਵਾਣਿਆਂ ਲਈ।
• • •
3.
ਹੇ ਦਸ਼ਮੇਸ਼ ਪਿਤਾ
ਬਾਦਸ਼ਾਹ ਦਰਵੇਸ਼
ਹੁਣ ਤੇਰਾ ਸਿੰਘ
ਤੇਰਾ ਸਿੱਖ ਨਹੀਂ ਰਿਹਾ
ਉਹ ਤੇਰੇ ਘਰ ਤਾਂ ਆਉਂਦਾ ਹੈ
ਪਰ ਤੇਰੇ ਰਾਹਾਂ ਦੀ ਹਾਮੀ ਭਰਨ ਨਹੀਂ
ਆਪਣੇ ਬੱਚਿਆਂ ਦੀ ਸਲਾਮਤੀ ਲਈ
ਪੇਪਰ ਚੋਂ ਪਾਸ ਕਰਵਾਉਣ ਲਈ
ਕਾਰੋਬਾਰ ਵਧਾਉਣ ਲਈ
ਜਮੀਨੀ ਕੇਸ ਜਿਤਾਉਣ ਲਈ
ਵਿਦੇਸ਼ ਦਾ ਵੀਜਾ ਲਵਾਉਣ ਲਈ
ਉਹ ਟੁੱਟ ਜਾਣਾ ਚਾਹੁੰਦਾ ਹੈ
ਤੇਰੀ ਧਰਤੀ ਤੋਂ ਵਿਦੇਸ਼ ਦੀ ਪੀ ਆਰ ਲੈ ਕੇ
ਇਹ ਸਭ ਤੇਰਾ ਸਿੱਖ ਮੁਫਤ ਨਹੀਂ ਚਾਹੁੰਦਾ
ਇਸ ਬਦਲੇ ਉਹ ਭੇਟਾ ਚੜ੍ਹਾ ਸਕਦਾ ਹੈ
ਸੁੰਦਰ ਰੁਮਾਲਾ ਲਿਆ ਸਕਦਾ ਹੈ
ਪਾਠ ਕਰਵਾ ਸਕਦਾ ਹੈ
ਪ੍ਰਸ਼ਾਦ ਵੰਡ ਸਕਦਾ ਹੈ ॥
ਹੇ ਦਸ਼ਮੇਸ਼ ਪਿਤਾ!
ਤੇਰਾ ਸਿੱਖ ਤੇਰਾ ਸਿੰਘ ਨਹੀ ਰਿਹਾ
ਤੇਰੇ ਰੰਘਰੇਟੇ ਗੁਰੂ ਦੇ ਬੇਟਿਆਂ ਨੂੰ
ਅਜੇ ਵੀ ਵਿਹੜੇ ਵਾਲੇ
ਕਹਿ ਕੇ ਬੁਲਾਉਂਦਾ ਹੈ
ਹਕ ਮੰਗਣ ਬਦਲੇ
ਸਮਾਜਿਕ ਬਾਈਕਾਟ ਦਾ ਹੋਕਾ ਵੀ
ਤੇਰੇ ਹੀ ਦੁਆਰ ਤੋਂ ਦਿੰਦਾ ਹੈ ।
ਹੇ ਦਸ਼ਮੇਸ਼ ਪਿਤਾ!
ਇਹ ਨਹੀ ਕਿ ਤੇਰਾ ਸਿੱਖ
ਤੇਰੀਆਂ ਕੁਰਬਾਨੀਆਂ ਨੂੰ ਯਾਦ ਨਹੀਂ ਕਰਦਾ
ਹਰ ਵਕਤ ਤੈਨੂੰ ਚੇਤੇ ਰੱਖਦਾ ਹੈ
ਵਾਰਾਂ ਗਾ ਕੇ ਰੱਜੇ ਪੁਜਿਆਂ ਨੂੰ
ਲੰਗਰ ਛਕਾ ਕੇ
ਹੇ ਬਾਦਸ਼ਾਹ ਦਰਵੇਸ਼
ਤੇਰਾ ਸਿੱਖ
ਬਸ ਥੋੜਾ ਜਿਹਾ
ਜੇ ਬਚਣਾ ਚਾਹੁੰਦਾ ਹੈ
ਚਾਂਦਨੀ ਚੌਕ ਤੋਂ
ਅਨੰਦਪੁਰ ਦੇ ਕਿਲੇ ਤੋਂ
ਮਾਛੀਵਾੜੇ ਦੇ ਜੰਗਲਾਂ ਤੋਂ
ਸਰਸਾ ਨਦੀ ਦੇ ਵਿਛੋੜੇ ਤੋਂ
ਠੰਡੇ ਬੁਰਜ ਤੋਂ
ਚਮਕੌਰ ਦੀ ਗੜ੍ਹੀ ਤੋਂ
ਸਰਹੰਦ ਦੀਆਂ ਨੀਹਾਂ ਤੋਂ
ਤੇ ਲਿਖਣਾ ਨਹੀਂ ਚਾਹੁੰਦਾ
ਕਿਸੇ ਔਰੰਗਜ਼ੇਬ ਨੂੰ ਜਫਰਨਾਮਾ
ਨਾ ਹੀ ਟੁੱਟੀ ਗੰਢਣਾ ਚਾਹੁੰਦਾ ਹੈ
ਐਸਾ ਵੀ ਨਹੀਂ ਕਿ ਤੇਰੇ ਸੱਚੇ ਸਿੰਘ ਨਹੀਂ
ਬਸ ਫਿਲਹਾਲ ਉਹ ਹਾਸ਼ੀਏ 'ਤੇ ਨੇ॥॥

## ਸਾਡੇ ਸਮਿਆਂ ਵਿੱਚ...

1. ਇਨਕਾਰ
ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲ਼ੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ
ਮੈਂ ਤਾਂ ਜਦ ਵੀ ਕੀਤੀ-ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ ਗੰਨਿਆਂ ਦੀ ਗੱਲ ਹੀ ਕਰਾਂਗਾ
ਮੈਂ ਦਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫਸਲ
ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਹੀ ਗੱਲ ਕਰਾਂਗਾ।
ਮੇਰੇ ਤੋਂ ਆਸ ਨ ਕਰਿਓ ਕਿ ਮੈਂ ਸਰਦੀ ਦੀ ਰੁੱਤੇ ਖਿੜਨ ਵਾਲੇ
ਫੁੱਲਾਂ ਦੀਆਂ ਕਿਸਮਾਂ ਦੇ ਨਾਂ 'ਤੇ
ਪਿੰਡ ਦੀਆਂ ਕੁੜੀਆਂ ਦੇ ਨਾਂ ਕੁਨਾਂ ਧਰਾਂਗਾ

ਮੈਂ ਬੈਂਕ ਦੇ ਸੈਕਟਰੀ ਦੀਆਂ ਖਚਰੀਆਂ ਮੁੱਛਾਂ
ਸਰਪੰਚ ਦੀ ਥਾਣੇ ਤੱਕ ਲੰਮੀ ਪੂਛ ਦੀ
ਤੇ ਉਸ ਪੂਰੇ ਚਿੜੀਆ-ਘਰ ਦੀ
ਜੋ ਮੈਂ ਆਪਣੀ ਹਿੱਕ ਉੱਤੇ ਪਾਲ ਰੱਖਿਆ ਹੈ
ਜਾਂ ਉਸ ਅਜਾਇਬ ਘਰ ਦੀ
ਜੋ ਮੈਂ ਅਪਣੀ ਹਿੱਕ ਅੰਦਰ ਸਾਂਭ ਰੱਖਿਆ ਹੈ
ਜਾਂ ਏਦਾਂ ਦੀ ਹੀ ਕੋਈ ਕਰੜ ਬਰੜੀ ਗੱਲ ਕਰਾਂਗਾ
ਮੇਰੇ ਲਈ ਦਿਲ ਤਾਂ ਬੱਸ ਇਕ ਪਾਨ ਦੇ ਪੱਤੇ ਵਰਗਾ ਲੋਥੜਾ ਹੈ
ਮੇਰੇ ਲਈ ਹੁਸਨ ਕੋਈ ਮੱਕੀ ਦੀ ਲੂਣ ਭੁੱਕੀ ਹੋਈ ਰੋਟੀ ਜਿਹੀ ਲੱਜ਼ਤ ਹੈ
ਮੇਰੇ ਲਈ ਜ਼ਿੰਦਗੀ ਘਰ ਦੀ ਸ਼ਰਾਬ ਵਾਂਗ
ਲੁਕ ਲੁਕ ਪੀਣ ਦੀ ਕੋਈ ਸ਼ੈਅ ਹੈ
ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖਰਗੋਸ਼ ਵਾਂਗ
ਰੋਹੀਆਂ ਦੀ ਕੂਲੀ ਮਹਿਕ ਨੂੰ ਪੋਲੇ ਜਹੇ ਸੁੰਘਾਂ
ਮੈਂ ਹਰ ਕਾਸੇ ਨੂੰ ਜੋਤਾ ਲੱਗੇ ਹੋਏ ਬਲਦਾਂ ਦੇ ਵਾਂਗ
ਖੁਰਲੀ ਉੱਤੇ ਸਿੱਧਾ ਹੋ ਕੇ ਟੱਕਰਿਆ ਹਾਂ

ਮੈਂ ਜੱਟਾਂ ਦੇ ਸਾਧ ਹੋਣ ਤੋਂ ਉਰ੍ਹਾਂ ਦਾ ਸਫਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ ਅੱਖਾਂ ਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ, ਚੱਪਾ ਸਦੀ ਦਾ ਦਾਗ ਹਾਂ ਕੇਵਲ
ਤੇ ਮੇਰੀ ਕਲਪਣਾ, ਉਸ ਲੁਹਾਰ ਦੇ ਥਾਂ ਥਾਂ ਤੋਂ ਲੂਸੇ ਮਾਸ ਵਰਗੀ ਹੈ
ਜੋ ਬੇਰਹਿਮ ਅਸਮਾਨ ਤੇ ਖਿਝਿਆ ਰਹੇ, ਇਕ ਹਵਾ ਦੇ ਬੁੱਲੇ ਲਈ
ਜੀਹਦੇ ਹੱਥ ਵਿਚਲਾ ਚਉ ਦਾ ਫਾਲਾ
ਕਦੀ ਤਲਵਾਰ ਬਣ ਜਾਵੇ, ਕਦੀ ਬੱਸ ਪੱਠਿਆਂ ਦੀ ਪੰਡ ਰਹਿ ਜਾਵੇ
ਮੈਂ ਹੁਣ ਤੁਹਾਡੇ ਲਈ ਹਾਰਮੋਨੀਅਮ ਦਾ ਪੱਖਾ ਨਹੀਂ ਹੋ ਸਕਦਾ
ਮੈਂ ਭਾਂਡੇ ਮਾਂਜਦੀ ਝੀਰੀ ਦੀਆਂ ਉਂਗਲਾਂ 'ਚੋਂ ਸਿੰਮਦਾ ਰਾਗ ਹਾਂ ਕੇਵਲ
ਮੇਰੇ ਕੋਲ ਸੂਹਜ ਦੀ ਉਸ ਸੁਪਨ ਸੀਮਾ ਤੋਂ ਉਰ੍ਹੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਚਾਈ
ਕਿਸੇ ਸੀਰੀ ਦੇ ਕਾਲੇ-ਸ਼ਾਹ ਬੁੱਲ੍ਹਾਂ ਜਹੀ ਰਾਤ ਦੀ ਹੀ ਗੱਲ ਕਰਾਂਗਾ
ਉਸ ਇਤਿਹਾਸ ਦੀ
ਜੋ ਮੇਰੇ ਬਾਪ ਦੇ ਧੁੱਪ ਨਾਲ ਲੂਸੇ ਮੌਰਾਂ ਉੱਤੇ ਉੱਕਰਿਆ ਹੈ
ਜਾਂ ਅਪਣੀ ਮਾਂ ਦੇ ਪੈਰੀਂ ਪਾਟੀਆਂ ਬਿਆਈਆਂ ਦੇ ਭੂਗੋਲ ਦੀ ਹੀ ਗੱਲ ਕਰਾਂਗਾ
ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਕੋਈ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

*ਪਾਸ਼*

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਕੈਲਗਰੀ ਵੂਮੈਨ ਐਸੋਸੀਏਸ਼ਨ ਦੀ ਜ਼ੂਮ ਮੀਟਿੰਗ ਦਾ ਝਰੋਖਾ

**ਗੁਰਚਰਨ ਥਿੰਦ**



ਕੋਵਿਡ-19 ਬਿਮਾਰੀ ਦੇ ਕੇਸਾਂ ਦੀ ਗਿਣਤੀ ਵੱਧਣ ਕਾਰਨ ਨਵੇਂ ਸਿਰਿਓਂ ਪਾਬੰਦੀਆਂ ਲਗ ਜਾਣ ਕਰਕੇ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ 18 ਸਤੰਬਰ ਦਿਨ ਸ਼ਨੀਵਾਰ ਨੂੰ ਜ਼ੂਮ ਦੁਆਰਾ ਆਨਲਾਈਨ ਕੀਤੀ ਗਈ। ਹਰਮਿੰਦਰ ਚੁੱਗ ਨੇ ਮੀਟਿੰਗ ਦਾ ਸੰਚਾਲਨ ਕੀਤਾ। ਬਲਵਿੰਦਰ ਬਰਾੜ ਨੇ ਕਿਹਾ ਕਿ ਹਾਲਾਤਾਂ ਨੂੰ ਮੁੱਖ ਰਖ ਕੇ ਇਨ-ਪਰਸਨ ਮੀਟਿੰਗ ਦੀ ਬਜਾਏ ਜ਼ੂਮ ਮੀਟਿੰਗ ਕਰਨੀ ਪੈ ਰਹੀ ਹੈ। ਬੇਸ਼ਕ ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਮਿੱਟਦੀ ਪਰ ਇਸ ਜ਼ੂਮ ਮੀਟਿੰਗ ਦੁਆਰਾ ਝਰੋਖਾ ਦਰਸ਼ਨ ਕਰਕੇ ਤਸੱਲੀ ਜ਼ਰੂਰ ਮਿਲ ਜਾਂਦੀ ਹੈ। ਉਹਨਾਂ ਨੇ ਇੱਕ ਹਾਸ-ਰਸ ਕਵਿਤਾ ਸੁਣਾ ਕੇ ਮਾਹੌਲ ਵੀ ਖੁਸ਼ਗਵਾਰ ਬਣਾ ਦਿੱਤਾ। ਰਾਜਵੰਤ ਮਾਨ ਨੇ ਕਿਸਾਨੀ ਸੰਘਰਸ਼ ਸਬੰਧੀ, ਉਭਾਰਤ ਬਾਗ਼ ਦੇ ਫੁੱਲ ਅਸੀਂ ਇਕੋ ਅਰਸ਼ ਦੇ ਤਾਰੇ, ਏਕੇ ਦੀ ਕੰਧ ਤੋੜ ਕੇ ਕੋਈ ਨ਼ਫ਼ਰਤ ਕਿਉਂ ਪਸਾਰੇ।' ਆਪਣੀ ਰਚਨਾ ਸੁਣਾਈ। ਸੁਰਿੰਦਰ ਸੰਧੂ ਨੇ ਹਰ ਮਨੁੱਖ ਦੇ ਅੰਦਰ ਬਿਰਾਜਮਾਨ ਰੱਬ ਦੇ ਟਿਕਾਣੇ ਬਾਰੇ ਬੜਾ ਭਾਵਪੂਰਤ 'ਰੱਬ ਦਾ ਟਿਕਾਣਾ' ਗੀਤ ਪੇਸ਼ ਕੀਤਾ। ਸੁਖਜੀਤ ਸੈਣੀ ਨੇ 'ਅੱਜ ਕੱਲ੍ਹ ਦੋ ਕਬੂਤਰ ਆਉਂਦੇ ਰੋਜ਼ ਬਨੇਰੇ, ਉਹਨਾਂ ਦੀਆਂ ਗੱਲਾਂ ਬਿਲਕੁਲ ਜਿੰਵੇਂ ਵਿੱਚ ਤੇਰੇ ਮੇਰੇ' ਰਚਨਾ ਦੁਆਰਾ ਪੰਛੀਆਂ ਦੇ ਮਨੁੱਖਾਂ ਵਾਂਗ ਆਪਸੀ ਪ੍ਰੇਮ ਨੂੰ ਪ੍ਰਗਟਾਇਆ। ਰੁਬੀਨਾ ਨੇ ਖ਼ੂਬਸੂਰਤ ਗ਼ਜ਼ਲ ਨਾਲ ਹਾਜ਼ਰੀ ਲੁਆਈ। ਅਮਰਜੀਤ ਗਰੇਵਾਲ ਅਤੇ ਸੁਰਜੀਤ ਸੀਤੋ ਜੀ ਨੇ ਲੰਮੀ ਹੇਕ ਵਾਲੇ ਲੋਕ ਗੀਤ ਗਾ ਕੇ ਰੰਗ ਬੰਨ੍ਹਿਆ। ਇਕਬਾਲ ਭੁੱਲਰ ਜੀ ਨੇ ਬਲਵਿੰਦਰ ਬਾਲਮ ਜੀ ਦੀ ਲਿਖੀ ਕਵਿਤਾ 'ਸੁਸਤ ਜ਼ਮੀਰਾਂ ਤੇ ਸੁਤੀਆਂ ਤਕਦੀਰਾਂ ਨੂੰ, ਅੰਦੋਲਨ ਫਿਰ ਬਣਾ ਸਕਦੇ ਨੇ ਦੋ ਹੰਝੂ' ਅਤੇ ਹਰਮਿੰਦਰ ਚੁੱਗ ਨੇ ਹੋਲੀ ਦੇ ਰੰਗਾਂ ਨਾਲ ਤੁਲਨਾ ਕਰ ਉਮਰ ਵਿਹਾ ਚੁੱਕੇ ਵਡੇਰੀ ਉਮਰ ਦੇ ਵਿਅਕਤੀਆਂ ਦੀਆਂ ਤਮੰਨਾ ਪ੍ਰਗਟਾਉਂਦੀ ਰਚਨਾ ਸੁਣਾਈ। ਸਰਬਜੀਤ ਉੱਪਲ ਨੇ ਵੀ ਕਵਿਤਾ ਨਾਲ ਹਾਜ਼ਰੀ ਲੁਆਈ। ਗੁਰਚਰਨ ਥਿੰਦ ਨੇ ਮਹਾਂਭਾਰਤ ਕਥਾ ਦੀ ਮਹਾਂਨਾਇਕਾ ਦਰੋਪਦੀ ਦੀ ਸਖ਼ਸ਼ੀਅਤ ਦੀ ਗੱਲ ਕਰਦਿਆਂ ਕਿਹਾ ਕਿ ਦਰੋਪਦੀ ਸਾਡੇ ਅੱਜ ਦੇ ਸਮਾਜ ਦੀਆਂ ਰਵਾਇਤਾਂ ਅਤੇ ਪ੍ਰੰਪਰਾਵਾਂ ਦੀ ਪ੍ਰਤੀਕ ਹੈ। ਉਪਰੰਤ ਇਸ ਵਿਸ਼ੇ ਤੇ ਖੁਲ੍ਹੀ ਗਲਬਾਤ ਸ਼ੁਰੂ ਹੋ ਗਈ। ਹਰੇਕ ਨੇ ਔਰਤਾਂ ਦੀ ਸਮਾਜ ਵਿੱਚ ਦਸ਼ਾ ਤੇ ਦਿਸ਼ਾ ਬਾਰੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਗੁਰਚਰਨ ਥਿੰਦ ਨੇ ਹਮੇਸ਼ਾਂ ਤੋਂ ਔਰਤ ਤੇ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ ਦੀ ਬਾਤ ਪਾਉਂਦੀ ਰਚਨਾ, 'ਮੁਹੱਬਤ ਦਾ ਗੀਤ ਹੁਣ ਮੈਂ ਕਦੇ ਨਹੀਂ ਗਾਉਣਾ' ਸੁਣਾਈ ਤਾਂ ਸੁਣ ਸਭ ਦਾ ਦਿਲ ਪਸੀਜ ਗਿਆ। ਪਿਛਲੇ ਸ਼ਨੀਵਾਰ ਸਭਾ ਦੀਆਂ ਮੈਂਬਰਾਂ ਹੈਰੀਟੇਜ਼ ਪਾਰਕ ਦੇ ਟੂਰ ਤੇ ਗਈਆਂ ਸਨ। ਪਾਰਕ ਵਿੱਚ ਵੱਖ ਵੱਖ ਝੂਲਿਆਂ ਦਾ ਆਨੰਦ ਮਾਣਿਆਂ, ਪਾਰਕ ਦੇ ਹਰੇ ਘਾਹ ਤੇ ਬੈਠ ਰਲ ਮਿਲ ਕੇ ਖਾਣ-ਪੀਣ ਦਾ ਅਨੰਦ ਮਾਣਿਆ। ਰੇਲ ਗੱਡੀ ਦੇ ਝੂਟੇ ਲਏ, ਪੁਰਾਣੇ ਸਮਿਆਂ ਦੀਆਂ ਸੰਭਾਲ ਕੇ ਰੱਖੀਆਂ ਵਿਰਾਸਤੀ ਚੀਜ਼ਾਂ ਚਾਅ ਨਾਲ ਵੇਖੀਆਂ ਅਤੇ ਗੀਤ ਗਾ ਕੇ ਤੇ ਬੋਲੀਆਂ ਪਾ ਕੇ ਖੂਬ ਆਨੰਦ ਮਾਣਿਆ। ਅੱਜ ਦੀ ਮੀਟਿੰਗ ਵਿੱਚ ਪਿਛਲੇ ਹਫਤੇ ਬਿਤਾਏ ਆਨੰਦਮਈ ਪਲਾਂ ਨੂੰ ਫਿਰ ਯਾਦ ਕੀਤਾ ਗਿਆ।



SHAUKAT HAYAT
403-680-1735
FREE EVALUATION
DOING MORE FROM FOR SALE TO SOLD
HAYAT HOMES REAL ESTATE EXPERTS
www.hayathomes.com


## "ਹੱਕਾਂ ਦੇ ਪਹਿਰੇਦਾਰ"

**ਬਾਬਾ ਬੂਝਾ ਸਿੰਘ ਪ੍ਰਕਾਸ਼ਨ ਦੀ ਨਵੀਂ ਛਪੀ ਬਹੁਤ ਹੀ ਮਹੱਤਵਪੂਰਨ ਕਿਤਾਬ**

ਇਹ ਕਿਤਾਬ ਜਮਹੂਰੀ ਅਤੇ ਮਨੁੱਖੀ ਹੱਕਾਂ ਲਈ ਜੂਝਣ ਵਾਲੇ ਲੋਕਪੱਖੀ ਬੁੱਧੀਜੀਵੀਆਂ ਅਤੇ ਕਾਰਕੁੰਨਾਂ, ਜਿਨ੍ਹਾਂ ਨੂੰ ਭੀਮਾ-ਕੋਰੇਗਾਓਂ ਅਤੇ ਦਿੱਲੀ ਹਿੰਸਾ ਸਾਜ਼ਿਸ਼ ਕੇਸਾਂ ਤਹਿਤ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਹੈ, ਦੇ ਜਮਹੂਰੀ ਹੱਕਾਂ ਦੀ ਲਹਿਰ ਵਿਚ ਵਡਮੁੱਲੇ ਯੋਗਦਾਨ, ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਤੁਆਰਫ਼ ਕਰਾਉਂਦੀ ਹੈ। ਇਸ ਵਿਚ ਭਾਰਤੀ ਹੁਕਮਰਾਨ ਜਮਾਤ ਦੇ ਯੂ.ਏ.ਪੀ.ਏ. ਵਰਗੇ ਕਾਨੂੰਨ ਬਣਾਉਣ ਦੇ ਤਾਨਾਸ਼ਾਹ ਮਨੋਰਥ, ਅਦਾਲਤਾਂ ਅਤੇ ਪੁਲਿਸ/ਜਾਂਚ ਏਜੰਸੀਆਂ ਦੀ ਲੋਕ ਵਿਰੋਧੀ ਖਸਲਤ ਆਦਿ ਬਹੁਤ ਹੀ ਮਹੱਤਵਪੂਰਨ ਸਵਾਲਾਂ ਬਾਰੇ ਵਿਸਤਾਰਤ ਜਾਣਕਾਰੀ ਸ਼ਾਮਿਲ ਹੈ। ਇਸ ਦੇ ਨਾਲ ਹੀ ਉਪਰੋਕਤ ਬੁੱਧੀਜੀਵੀਆਂ ਵੱਲੋਂ ਜੇਲ੍ਹ ਵਿੱਚੋਂ ਲਿਖੇ ਚੋਣਵੇਂ ਲੇਖਾਂ, ਚਿੱਠੀਆਂ ਅਤੇ ਕਵਿਤਾਵਾਂ ਨੂੰ ਵੀ ਦਸਤਾਵੇਜ਼ਾਂ ਦੇ ਰੂਪ ਵਿਚ ਸੰਗ੍ਰਹਿ ਦਾ ਹਿੱਸਾ ਬਣਾਇਆ ਗਿਆ ਹੈ।





MATRIX ACCOUNTING SERVICES
Accounting & Tax Experts
• Personal Tax • Corporate Tax • Book Keeping • Incorporation
• GST Returns • Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9



YASMITA ENGINEERING
- Professional Engineering Service
- Design and Drafting of Buildings
- Building and Development Permits for : Residential and Commercial Projects (New house, Addition, Garage, Deck, Secondary Suite, Backyard Suite etc.)
- Environmental Site Assessment
- All types of Civil, Electrical, Mechanical, Structural and Environmental Engineering Works

Devendra Bhandari
M.Eng., P.Eng.
Director Technical Services
Yasmita Engineering Ltd.
Civil And Environmental Engineering Services
Serving Alberta, British Columbia and Saskatchewan
Serving Alberta, British Columbia and Saskatchewan at Major Locations
Email: Yasmitaengineering@outlook.com | Yasmitaengineeringltd@gmail.com
Phone: (403)909-4060, (825)712-6797, (780) 270-3712



ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com



ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

# ਗਰੁੱਪ ਇੰਸ਼ੋਰੈਂਸ ਬਨਾਮ ਜਾਤੀ ਇੰਸ਼ੋਰੈਂਸ

ਗਰੁੱਪ ਇੰਸ਼ੋਰੈਂਸ ਉਹ ਹੁੰਦੀ ਹੈ ਜੋ ਕੰਮ 'ਤੇ ਹੁੰਦੀ ਹੈ। ਇਹ ਜ਼ਿਆਦਾ ਕਰਕੇ ਕੰਮ ਦੇਣ ਵਾਲਾ (Employer) ਤੇ ਕੰਮ ਕਰਨ ਵਾਲਾ (Employee) ਦੇ ਆਪਸੀ ਤਨਖਾਹ ਦੇਣ ਦੇ ਆਧਾਰਤ ਨਿਰਧਾਰਿਤ ਹੁੰਦੀ ਹੈ। ਯਾਨੀਕਿ ਜ਼ਿਆਦਾ ਕਰਕੇ ਨੌਕਰੀ ਕਰਨ ਵਾਲਾ ਆਪਣਾ ਟੈਕਸ ਆਦਿ ਆਪਣੀ ਕੰਪਨੀ ਕੋਲ ਕਟਵਾ ਕੇ ਚੈਕ ਲੈਂਦਾਹੈ। ਯਾਨੀ ਨੈਟ ਇਨਕਮ (Net income) ਤੇ। ਗਰੁੱਪ ਪਾਲਿਸੀ ਵਿਚ ਘੱਟ ਪੀਰੀਅਮ ਹੁੰਦਾ ਹੈ ਤੇ ਫਾਇਦਾ ਜ਼ਿਆਦਾ ਹੁੰਦਾ ਹੈ। ਮੁੱਖ ਕਰਕੇ ਗਰੁੱਪ ਪਾਲਿਸੀ ਵਿਚ ਦਵਾਈਆਂ ਤੇ ਦੰਦਾਂ ਦੀ ਇੰਸ਼ੋਰੈਂਸ ਹੁੰਦੀ ਹੈ। ਯਾਨੀਕਿ ਉਹ ਸਭ ਤੋਂ ਪ੍ਰਾਂਤਕ ਸਰਕਾਰੀ ਪਲਾਨ (OHIP) ਵਿਚ ਸਹੂਲਤ ਨਹੀਂ ਹੁੰਦੀ। ਉਹ ਗਰੁੱਪ ਪਲਾਨ ਵਿਚ ਹੁੰਦੀ ਹੈ। ਸੋ ਜਿਸ ਕੋਲ ਪ੍ਰਾਂਤਕ ਸਰਕਾਰੀ ਸਿਹਤ ਪਲਾਨ (OHIP) ਨਾ ਹੋਵੇ ਉਹ ਗਰੁੱਪ ਪਲੈਨ ਦਾ ਮੈਂਬਰ ਨਹੀਂ ਬਣ ਸਕਦਾ। ਜ਼ਰੂਰੀ ਨਹੀਂ ਗਰੁੱਪ ਪਲੈਨ ਵਿਚ ਡਿਸਇਬੈਲਟੀ ਇੰਸ਼ੋਰੈਂਸ ਵੀ ਹੋਵੇ; ਇਹ ਹੋ ਵੀ ਸਕਦਾ ਹੈ ਤੇ ਨਹੀਂ ਵੀ। ਗਰੁੱਪ ਪਲੈਨ ਵਿਚ ਇਕ ਮਾਸਟਰ ਪਲੈਨ ਹੁੰਦੀ ਹੈ ਜਿਸ ਵਿਚ ਕੰਪਨੀ ਦਾ ਸ਼ਾਮਲ ਹੋਣਾ ਜ਼ਰੂਰੀ ਹੁੰਦਾ ਹੈ। ਨੌਕਰੀ ਕਰਨ ਵਾਲੇ ਜਿਹੜੇ ਉਸ ਪਲੈਨ ਵਿਚ ਕਵਰ ਹੋਏ ਹੁੰਦੇ ਹਨ ਉਨ੍ਹਾਂ ਨੂੰ ਡਰੱਗ ਕਾਰਡ ਤੇ ਇਕ 'ਕੀ ਕੁਝ ਕਵਰ ਹੈ'? ਦਾ ਸਰਟੀਫਿਕੇਟ ਦਿੱਤਾ ਜਾਂਦਾ ਹੈ। ਜੇ ਕੋਈ ਮੁਲਾਜ਼ਮ ਨੂੰ ਨੌਕਰੀ ਤੋਂ ਜਵਾਬ ਮਿਲ ਜਾਵੇ ਜਾਂ ਰਿਟਾਇਰ ਹੋ ਜਾਵੇ ਤਾਂ ਉਸ ਕੋਲ 30 ਤੋਂ 45 ਦਿਨ ਹੁੰਦੇ ਹਨ। ਉਸੇ ਪਾਲਿਸੀ ਨੂੰ ਚਾਲੂ ਰੱਖਣਾ ਹੈ ਜਾਂ ਨਹੀਂ ਪਰ ਹੁਣ ਸਾਰੇ ਦਾ ਸਾਰਾ ਪ੍ਰੀਅਮ ਉਹਨੂੰ ਖ਼ੁਦ ਨੂੰ ਦੇਣਾ ਪੈਂਦਾ ਹੈ ਪਰ ਮੈਡੀਕਲ ਨਹੀਂ ਹੁੰਦਾ। ਪੰਜਾਬ ਇੰਸ਼ੋਰੈਂਸ ਦੀ, ਕੈਨੇਡਾ ਦੀਆਂ ਸਾਰੀਆਂ ਪ੍ਰਮੁੱਖ ਇੰਸ਼ੋਰੈਂਸ ਕੰਪਨੀਆਂ ਨਾਲ ਰਜਿਸਟ੍ਰੇਸ਼ਨ ਹੈ ਤੇ ਪੰਜਾਬ ਇੰਸ਼ੋਰੈਂਸ ਕੈਨੇਡਾ ਦੇ ਵਿਚ ਕਿਸੇ ਕੀ ਕੰਪਨੀ ਲਈ ਇਕ ਵਧੀਆ ਤੇ ਸਸਤੀ ਗਰੁੱਪ ਪਲੈਨ ਬਣਾ ਕੇ ਦੇ ਸਕਦਾ ਹੈ। ਗਰੇਟ, ਵੈਸਟ ਲਾਈਫ਼, ਸੰਨ ਲਾਈਫ਼, ਮੈਨੂੰਲਾਈਫ਼ ਡਿਸਜਾਰਡਿਨ ਜਾਂ ਹੋਰ ਕਿਸੇ ਵੀ ਕੰਪਨੀ ਤੋਂ ਭਰੋਸੇਯੋਗ ਪਾਲਿਸੀ ਪ੍ਰਾਪਤ ਕਰਨ ਲਈ 416-527-3737 ਜਾਂ 416-910-9000 'ਤੇ ਫੋਨ ਕੀਤਾ ਜਾ ਸਕਦਾ ਹੈ।

ਕਈ ਵਾਰੀ ਸਾਡੇ ਕੋਲ ਜ਼ਿਆਦਾ ਮੁਲਾਜ਼ਮ ਨਹੀਂ ਹੁੰਦੇ ਸਿਰਫ਼ ਆਪ ਹੀ ਕੰਪਨੀ ਚਲਾ ਰਹੇ ਹੁੰਦੇ ਹਾਂ। ਉਸ ਅੰਦਾਜ਼ ਵਿਚ ਵੀ ਇਕ ਜਾਤੀ ਪਲੈਨ ਤਿਆਰ ਕਰਵਾ ਲਈ ਜਾਂਦੀ ਹੈ। ਇਸ ਹਾਲਤ ਵਿਚ ਕਿਸੇ ਵੀ ਡਰੱਗ (ਦੁਆਈਆਂ) ਤੇ ਦੰਦਾਂ ਦੀ ਪਾਲਿਸੀ ਦੇ ਲਈ ਦਿੱਤਾ, ਸਾਲ ਦਾ ਸਾਰਾ ਪੈਸਾ (Premium) ਅਸੀਂ ਇਕ ਕੰਪਨੀ ਖਰਚੇ ਦੇ ਰੂਪ 'ਚ ਪਾ ਕੇ ਟੈਕਸ ਬਚਾ ਸਕਦੇ ਹਾਂ। ਅਜਿਹੀ ਕਿਸੇ ਵੀ ਪਾਲਿਸੀ ਵਿਚ ਅਸੀਂ ਦੁਆਈਆਂ, ਦੰਦਾਂ, ਮਾਲਿਸ਼ਾਂ ਤੇ ਟਰੈਵਲ ਇੰਸ਼ੋਰੈਂਸ ਦੇ ਨਾਲ ਨਾਲ ਡਿਸਇਬੈਲਟੀ ਜੀਵਨ ਬੀਮਾ, ਕੋਈ ਜੋਖਮ ਭਰੀ ਬਿਮਾਰੀ ਜਿਵੇਂ ਕੈਂਸਰ ਆਦਿ ਦੀ ਇੰਸ਼ੋਰੈਂਸ ਵੀ ਸ਼ਾਮਲ ਕਰ ਸਕਦੇ ਹਾਂ।

**ਗਰੁੱਪ ਪਲੈਨ ਦੇ ਕੰਪਨੀ ਨੂੰ ਫਾਇਦੇ :**

- ਮੁਲਾਜ਼ਮ ਟਿਕਕੇ ਕੰਮ ਕਰਦੇ ਨੇ।
- ਵਧੀਆ ਮੁਲਾਜ਼ਮ ਛੱਡ ਕੇ ਨਹੀਂ ਜਾਂਦੇ।
- ਦਿੱਤੀ ਹੋਈ ਕਿਸ਼ਤ ਟੈਕਸ 'ਚ ਕਲੇਪ ਕੀਤੀ ਜਾ ਸਕਦੀ ਹੈ।
- ਕੰਬਲ ਪਾਲਿਸੀ (Group Rate) ਕਰਕੇ ਥੋੜ੍ਹੇ ਬਹੁਤੇ ਬਿਮਾਰ ਮੁਲਾਜ਼ਮ ਵੀ ਇੰਸ਼ੋਰੈਂਸ ਲੈਣ ਦੇ ਕਾਬਲ ਹੋ ਜਾਂਦੇ ਨੇ।
- ਹਿਸਾਬ ਕਿਤਾਬ ਮੁਤਾਬਕ; ਪ੍ਰਤੀ ਮੁਲਾਜ਼ਮ, ਇਹ ਪਲੈਨ ਸਸਤੀ ਪੈਂਦੀ ਹੈ। ਇਸ ਵਿਚ ਕੀਮਤ (Price) ਵੰਡੀ ਜਾਂਦੀ ਹੈ।
- ਮੁਲਾਜ਼ਮ 'ਤੇ ਨਿਰਭਰ ਉਸਦੇ ਪਰਿਵਾਰ ਦੇ ਦੂਜੇ ਜੀ ਵੀ ਥੋੜ੍ਹੀ ਬਹੁਤੀ ਇੰਸ਼ੋਰੈਂਸ ਲੈਣ ਦੇ ਕਾਬਲ ਹੋ ਜਾਂਦੇ ਨੇ ਜਿਵੇਂ 'ਕੁਝ ਨਾ ਹੋਣ ਨਾਲੋਂ' ਫਿਰ ਵੀ ਠੀਕ ਹੈ।
- ਇਸ ਵਿਚ ਪ੍ਰੀਭਾਸ਼ਾ (definition) ਸੌਖੀ ਹੁੰਦੀ ਹੈ।
- ਕਲੇਮ ਵੇਲੇ ਮੈਡੀਕਲ ਸਬੂਤ (medical evidence) ਦੀ ਘੱਟ ਜ਼ਰੂਰਤ ਪੈਂਦੀ ਹੈ।

ਕਿਸੇ ਵੀ ਜਾਤੀ ਜਾਂ ਗਰੁੱਪ ਪਾਲਿਸੀ ਲਈ ਭਰੋਸੇਯੋਗ ਪੰਜਾਬ ਇੰਸ਼ੋਰੈਂਸ ਕੰਪਨੀ ਨਾਲ ਰਾਵਤਾ ਕਾਇਮ ਕਰੋ।

ਸਾਡੇ ਕੋਲ ਪੂਰੀ ਤਰ੍ਹਾਂ Full Time ਬਰੋਕਰ ਹਰ ਇਲਾਕੇ 'ਤੇ ਪ੍ਰਾਂਤ ਵਿਚ ਮੌਜੂਦ ਹਨ। ਉਹ ਮੁਕੰਮਲ ਤੌਰ 'ਤੇ ਸਰਟੀਫਾਈਡ ਹੁੰਦੇ ਹਨ। ਪੰਜਾਬ ਇੰਸ਼ੋਰੈਂਸ ਕੰਪਨੀ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਕੰਪਨੀ ਹੈ। ਮਿਲਜੁਲ ਕੇ ਜਾਂ Online ਅਸੀਂ ਅੰਕੜੇ ਇਕੱਠੇ ਕਰਕੇ 3 ਤੋਂ 4 ਵੱਖਰੀ ਤਰ੍ਹਾਂ ਦੀਆਂ ਤੁਹਾਨੂੰ ਉਦਾਹਰਣਾਂ (Clnote) ਦਿੰਦੇ ਹਾਂ ਫਿਰ ਜੋ ਕੰਪਨੀ ਦੇ ਮੁਤਾਬਕ ਫਿਟ ਹੋਵੇ ਉਸੇ ਪਾਲਿਸੀ ਨੂੰ ਤਿਆਰ ਕਰਕੇ ਦਸਤਖਤ ਕਰ ਲਏ ਜਾਂਦੇ ਹਨ। ਤੁਸੀਂ ਮੇਰੇ ਨਾਲ ਵੀ ਇਸ ਸਬੰਧ ਵਿਚ ਫੋਨ ਕਰ ਸਕਦੇ ਹੋ ਤੇ ਮੈਂ ਤੁਹਾਡੀ ਸਹੂਲਤ ਮੁਤਾਬਕ ਵਧੀਆ ਪਲੈਨ ਤਿਆਰ ਕਰਵਾ ਦੇਵਾਂਗਾ।



**Bachitter Mehmi**
**416-527-3737**


11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
|---|---|---|---|---|---|
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |














# ਭਗਤ ਸਿੰਘ ਤੇ ਸਾਥੀਆਂ ਦੇ ਫਿਰੋਜ਼ਪੁਰ ਟਿਕਾਣੇ ਨੂੰ ਮਿਉਜ਼ਿਅਮ ਵਿੱਚ ਬਦਲੋ : ਇਤਿਹਾਸਕਾਰ ਰਾਕੇਸ਼ ਕੁਮਾਰ












ਖੋਜੀ ਇਤਿਹਾਸਕਾਰ ਰਾਕੇਸ ਕੁਮਾਰ ਨੇ ਦੱਸਿਆ ਕਿ ਦੇਸ ਦੀ ਅਜਾਦੀ ਲਈ ਭਗਤ ਸਿੰਘ ਤੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫਿ?ਰੋਜਪੁਰ ਦੇ ਤੁੜੀ ਬਜਾਰ ਵਿੱਚ ਸਾਲ 1928 ਵਿੱਚ ਇੱਕ ਗੁਪਤ ਟਿਕਾਣਾ ਬਣਾਇਆਂ ਸੀ।

ਭਗਤ ਸਿੰਘ ਨੇ ਅਪਣੀ ਪਹਿਚਾਣ ਛੁਪਾਉਣ ਲਈ ਫਿਰੋਜ਼ਪੁਰ ਦੇ ਇਸ ਗੁਪਤ ਟਿਕਾਣੇ ਤੇ ਪਾਰਟੀ ਦੀਆ ਲੋੜਾਂ ਮੁਤਾਬਕ ਸਿਰ ਦੇ ਵਾਲ ਤੇ ਦਾੜ੍ਹੀ 15 ਸਤੰਬਰ 1928 ਦੇ ਲਾਗੇ ਕਟਵਾਈ ਸੀ। ਇਹ ਉਸ ਦੇ ਸਾਥੀਆਂ ਸੁੱਖਦੇਵ, ਡਾ. ਗਯਾ ਪ੍ਰਸਾਦ ਤੇ ਜੈ ਗੋਪਾਲ ਨੇ ਕੱਟੀ ਸੀ।

ਇਸ ਗੁਪਤ ਟਿਕਾਣੇ ਤੇ ਕ੍ਰਾਂਤੀਕਾਰੀ ਸਾਂਡਰਸ ਦੀ ਹੱਤਿਆ ਤੋਂ ਪਹਿਲਾ ਹਵਾਈ ਪਿਸਤੌਲ ਨਾਲ ਨਿਸਾਨੇਬਾਜੀ ਕਰਦੇ ਸੀ ਭਗਤ ਸਿੰਘ ਤੇ ਉਸ ਦੇ ਕਰਾਂਤੀਕਾਰੀ ਸਾਥੀ ਫਿਰੋਜਪੁਰ ਦੇ ਗੁਪਤ ਟਿਕਾਣੇ ਤੇ ਇੱਕ ਦੂਜੇ ਨੂੰ ਫਰਜੀ ਨਾਮ ਨਾਲ ਬੁਲਾਉਦੇ ਸੀ।

ਜੈ ਗੋਪਾਲ ਜਿਹੜਾ ਭਗਤ ਸਿੰਘ ਹੋਰਾਂ ਦਾ ਸਾਥੀ ਸੀ ਨੇ ਅਦਾਲਤ ਵਿੱਚ 7 ਮਈ 1930 ਨੂੰ ਆਪਣੇ ਬਿਆਨ ਵਿੱਚ ਦੱਸਿਆ ਸੀ ਕਿ ਇਹ ਪਿਸਤੌਲ ਨੰਬਰ 168896 ਉਸਨੇ 23 ਨਵੰਬਰ1928 ਨੂੰ ਫਿਰੋਜਪੁਰ ਵਿਖੇ ਭਗਤ ਸਿੰਘ ਕੋਲ ਗੁਪਤ ਟਿਕਾਣੇ ਤੇ ਦੇਖੀ ਸੀ।

ਕ੍ਰਾਂਤੀਕਾਰੀ ਸ਼ਿਵ ਵਰਮਾ ਨੇ ਫਿਰੋਜਪੁਰ ਦੇ ਗੁਪਤ ਟਿਕਾਣੇ ਤੇ ਬੈਠਕੇ ਚਾਂਦ ਫਾਂਸੀ ਅੰਕ ਲਈ ਸ਼ਹੀਦਾਂ ਦੀਆਂ ਜੀਵਨੀਆਂ ਲਿਖਿਆਂ ਸੀ ਇਸ ਦੀ ਪੁਸ਼ਟੀ ਸ਼ਿਵ ਵਰਮਾ ਨੇ ਬਾਅਦ ਵਿੱਚ ਆਪਣੀਆਂ ਯਾਦਾਂ ਵਿੱਚ ਕੀਤੀ।

ਫਿਰੋਜ਼ਪੁਰ ਤੂੜੀ ਬਜਾਰ ਵਿਚਲੇ ਕ੍ਰਾਂਤੀਕਾਰੀਆ ਦੇ ਗੁਪਤ ਟਿਕਾਣੇ ਤੇ ਮਹਾਨ ਕਰਾਂਤੀਕਾਰੀ ਚੰਦਰ ਸ਼ੇਖਰ ਅਜਾਦ, ਭਗਤ ਸਿੰਘ, ਸੁਖਦੇਵ, ਡਾ. ਗਯਾ ਪ੍ਰਸਾਦ, ਮਹਾਂਵੀਰ ਸਿੰਘ,ਸ਼ਿਵ ਵਰਮਾ ਅਤੇ ਵਿਜੇ ਕੁਮਾਰ ਸਿਨਹਾ ਆਦਿ ਰਹਿੰਦੇ ਰਹੇ ਨੇ।

ਰਾਕੇਸ ਕੁਮਾਰ ਨੇ ਦੱਸਿਆ ਕਿ ਮੇਰੀ ਇਸ ਗੁਪਤ ਟਿਕਾਣੇ ਬਾਰੇ ਇਤਿਹਾਸਕ ਖੋਜ ਤੋ ਬਾਅਦ ਸਰਕਾਰ ਨੇ 17 ਦਸੰਬਰ 2015 ਨੂੰ ਇੱਕ ਨੋਟਿਫਿਕੇਸਨ ਜਾਰੀ ਕਰਕੇ ਇਸ ਇਮਾਰਤ ਨੂੰ ਸੁਰੱਖਿਅਤ ਇਮਾਰਤ ਘੋਸ਼ਿ?ਤ ਕਰ ਦਿੱਤਾ ਸੀ।

ਆਜਾਦੀ ਦੇ ਸੁਪਨੇ ਦੀ ਨਿਸਾਨੀ ਹੈ। ਲੋਕ ਸੱਤ ਸਾਲ ਤੋਂ ਸਰਕਾਰ ਤੋਂ ਮੰਗ ਕਰਦੇ ਤੇ ਸੰਘਰਸ ਕਰਦੇ ਆ ਰਹੇ ਨੇ ਕਿ ਭਗਤ ਸਿੰਘ ਤੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਦੇ ਫਿਰੋਜਪੁਰ ਵਿਚ ਗੁਪਤ ਟਿਕਾਣੇ ਨੂੰ ਲਾਈਬਰੇਰੀ ਤੇ ਮਿਉਜਿਅਮ ਵਿੱਚ ਬਦਲੋ।


ਫਿਰੋਜਪੁਰ ਦੀ ਇਸ ਇਮਾਰਤ ਵਿਚ ਵੀ ਭਗਤ ਸਿੰਘ ਤੇ ਉਸ ਦੇ ਕਰਾਂਤੀਕਾਰੀ ਸਾਥੀਆਂ ਨੇ ਬੈਠ ਕਿ ਦੇਸ ਦੀ ਅਜਾਦੀ ਦਾ ਸੁਪਨਾ ਲਿਆ ਸੀ ਜਿਸ ਵਿਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਹੀਂ ਹੋਵੇਗੀ ਉਹ ਕਿਹੋ ਜਿਹੀ ਆਜਾਦੀ ਚਾਹੁੰਦੇ ਸੀ ਇਹ ਬਰਤਾਨਵੀ ਸਾਮਰਾਜ ਤੋਂ ਦੇਸ ਦੀ ਆਜਾਦੀ ਦੇ ਸੰਘਰਸ ਦੀ ਨਿਸਾਨੀ ਹੈ।












# ਸ਼ਹੀਦ ਊਧਮ ਸਿੰਘ ਮਿਉਂਸਪਲ ਲਾਇਬ੍ਰੇਰੀ ਸੁਨਾਮ ਦੀ ਤਰਸਯੋਗ ਹਾਲਤ ਸੁਧਾਰਨ ਦੀ ਮੰਗ







ਸੁਨਾਮ (ਬਲਜਿੰਦਰ ਸਿੰਘ ਵੜੈਚ) : ਅੱਜ ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਇੱਕ ਵਫਦ ਨੇ ਕਾਰਜ ਸਾਧਕ ਅਫਸਰ ਸੁਨਾਮ ਊਧਮ ਸਿੰਘ ਵਾਲਾ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਅਤੇ ਮੰਗ ਕੀਤੀ ਕਿ ਸ਼ਹੀਦ ਊਧਮ ਸਿੰਘ ਮਿਉਂਸੀਪਲ ਲਾਇਬ੍ਰੇਰੀ ਸੁਨਾਮ ਊਧਮ ਸਿੰਘ ਵਾਲਾ ਦੀ ਤਰਸਯੋਗ ਹਾਲਤ ਨੂੰ ਜਲਦੀ ਸੁਧਾਰਿਆ ਜਾਵੇ। ਵਫਦ ਨੇ ਦੱਸਿਆ ਕਿ ਸ਼ਹਿਰ ਵਿੱਚ ਪੀਰਾਂ ਵਾਲੇ ਗੇਟ ਵਿਖੇ ਸ਼ਹੀਦ ਦੇ ਨਾਂ ਤੇ ਬਣੀ ਲਾਇਬ੍ਰੇਰੀ ਦੀ ਅਜਿਹੀ ਤਰਸਯੋਗ ਹਾਲਤ ਹੋਣਾ ਸ਼ਹੀਦ ਦਾ ਅਪਮਾਣ ਹੈ। ਜਿਸ ਨੇ ਅਪਣੀ ਜ਼ਿੰਦਗੀ ਦੇਸ ਦੀ ਆਜਾਦੀ ਲਈ ਕੁਰਬਾਨ ਕਰ ਦਿੱਤੀ । ਵਫਦ ਨੇ ਦੱਸਿਆ ਕਿ ਲਾਇਬ੍ਰੇਰੀ ਵਿੱਚ ਲੰਮੇ ਸਮੇਂ ਤੋਂ ਕੋਈ ਲਾਇਬ੍ਰੇਰੀਅਨ ਤੈਨਾਤ ਨਹੀਂ, ਜਿਸ ਕਰਕੇ ਕਿਤਾਬਾਂ ਦੀ ਸੰਭਾਲ ਨਾ ਹੋਣ ਕਰਕੇ ਕਿਤਾਬਾਂ ਨੂੰ ਸਿਉਂਕ ਲੱਗਣੀ ਸ਼ੁਰੂ ਹੋ ਚੁੱਕੀ ਹੈ। ਅਲਮਾਰੀਆਂ ਦੇ ਸ਼ੀਸ਼ੇ ਟੁੱਟੇ ਹੋਣ ਕਾਰਨ ਕਿਤਾਬਾਂ ਤੇ ਇੰਚ-ਇੰਚ ਮਿੱਟੀ ਚੜ੍ਹੀ ਹੋਈ ਹੈ। ਇਮਾਰਤ ਨੂੰ ਰੰਗ-ਰੋਗਨ ਹੋਏ ਵੀ ਕਈ ਸਾਲ ਹੋ ਚੁੱਕੇ ਨੇ। ਬਿਜਲੀ ਦੀ ਫੀਟਿੰਗ ਲਟਕ ਰਹੀ ਹੈ। ਅਖਬਾਰਾਂ ਤੇ ਰਸਾਲੇ ਸੰਭਾਲਣ ਵਾਲੇ ਪਏ ਨੇ। ਲਾਇਬ੍ਰੇਰੀ ਵਿੱਚ ਬੇਲੋੜਾ ਸਮਾਨ ਸੰਭਾਲਣ ਵਾਲਾ ਪਿਆ ਹੈ। ਅੰਦਰ ਬਣੇ ਬਾਥਰੂਮਾਂ ਦੀ ਵੀ ਦੇਖਭਾਲ ਦੀ ਲੋੜ ਹੈ। ਮੰਚ ਵੱਲੋਂ ਪਹਿਲਾ ਵੀ ਇੱਕ ਵਫਦ 13 ਅਗਸਤ ਨੂੰ ਮਿਲ ਚੁੱਕਾ ਹੈ। ਈ.ਓ.ਸਾਹਿਬ ਨੇ ਮੰਗ ਪੱਤਰ ਨੂੰ ਵਿਸਥਾਰ ਪੂਰਵਕ ਵਿਚਾਰਨ ਤੋਂ ਬਾਅਦ ਵਫਦ ਨੂੰ ਭਰੋਸਾ ਦਿੱਤਾ ਕਿ ਕੱਲ ਨੂੰ ਲਾਇਬ੍ਰੇਰੀ ਵਿੱਚ ਲਾਇਬ੍ਰੇਰੀਅਨ ਦੀ ਪੱਕੇ ਤੌਰ 'ਤੇ ਨਿਯੁਕਤੀ ਕਰ ਦਿੱਤੀ ਜਾਵੇਗੀ ਲਾਇਬ੍ਰੇਰੀ ਲਈ ਛੇ ਲੱਖ ਰੁਪਇਆ ਹੈ, ਜਲਦੀ ਟੈਂਡਰ ਲਗਾ ਕੇ ਸੁਧਾਰ ਕੀਤਾ ਜਾਵੇਗਾ। ਇਸ ਮੌਕੇ ਮੰਚ ਦੇ ਅਹੁਦੇਦਾਰ ਗੁਰਮੇਲ ਸਿੰਘ ਬਖਸੀਵਾਲਾ, ਰਾਕੇਸ ਕੁਮਾਰ, ਦਰਸ਼ਨ ਸਿੰਘ ਖੋਖਰ, ਮਿਠੂ ਸਿੰਘ, ਅਮਰੀਕ ਸਿੰਘ ਉਗਰਾਹਾਂ, ਪਵਨ ਕੁਮਾਰ, ਲਾਭ ਸਿੰਘ ਛਾਜਲਾ, ਕਰਮ ਸਿੰਘ, ਪਰਮਿੰਦਰ ਉਭਾਵਾਲ, ਨਾਇਬ ਸਿੰਘ ਰਟੋਲਾ, ਪਰਮਿੰਦਰ ਸਿੰਘ ਚੰਦੀ ਆਦਿ ਹਾਜ਼ਰ ਸਨ।

CIAO AM530 (TORONTO)
11 PM-12AM (TORONTO)
Every Saturday
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk 416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal 416-671-1919

HOMELIFE HIGHER STANDARDS
HOMELIFE SILVERCITY REALTY INC. BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT FOR VISITORS, TRUCKERS, WORK PERMIT, REFUGE & INTERNATIONAL STUDENTS
LOWEST RATES FREE QUOTE Call
Call: 416.209.6363
Hardeep Atwal
Sr. Financial Advisor

GALAXY Frightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

Kirei Sales Inc
HARJIT S. SAHOTA
Sales Manager


Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada
Wholesaler : Plumbing & Kitchen Fixtures

Galaxy Kitchen Cabinets Ltd
Residential & Commercial

* Custom Cabinets
* Countertops
* Vanities Bars
* Entertainment Units
Call for Free Estimate :
Sarbjit S Mangat 778-549-4740
#12 -13325 - 76 Ave. Surrey BC V2W 2V8 | F. 604-503-0058

KENNEDY MECHANICAL LTD.
Plumbing & Radiant Heat
Bob Dhesi 778-709-1115
Sukhi Johal 604-339-8717
7985 133 A Street Surrey, BC V3W 4R4
Plumbing . Gas Fitting . Radiant Heat

Kulwant S. Dhesi ( Kelly)
President & CEO
DHESI Enterprises
Specialize in: Flatbed, Stepdeck RGN & Multiple Axle
: (604) 501-3934
: (604) 501-3953
: (604) 780-6115
: kelly@dhesient.com
: www.dhesient.com
12454 - 110 Avenue
Surrey, BC V3V 3J6
Toll Free 1-866-501-3101
Fax Free 1-866-501-3102

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :

- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)
10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
WE FINANCE TOO
York Authorized Dealer
YORK

WE DO INSTALL & SERVICE
ALL MAJOR BRANDS
Ritesh Vashisht
604.657.9420

Email: simplexmechanical@hotmail.com
www.hvacsurreybc.ca

SHAAN CONSTRUCTION LTD.

- General Contracting
- Quality Custom Homes
- Quality Framing
- 2-5-10 Year Warranty
2-5-10 Year Warranty
25+ years of experience

Call for a Free Estimate
MALKIT SWAICH
778.889.9526

A Class Granite Ltd.
A CLASS GRANITE
PRICED RIGHT AND DONE RIGHT



WWW.ACLASSGRANITE.ORG
CALL FOR A FREE ESTIMATE
MALKIT
778 889 9526
- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com



ਉਜਾਗਰ ਲਲਤੋਂ
98724-48221

ਕਹਾਣੀ

# ਬੱਸ ਤੂੰ ਨਾ ਭੜਕੀਂ



ਮਾਘ ਦਾ ਮਹੀਨਾ ਸੀ ਤੇ ਕਈ ਦਿਨਾਂ ਤੋਂ ਧੁੰਦ ਪੈ ਰਹੀ ਸੀ। ਸਵੇਰੇ ਸਾਝਰੇ ਤਿਆਰ ਹੋ ਕੇ ਮੈਂ ਬਾਹਰਲਾ ਦਰ ਖੋਲ੍ਹਤਾ ਤੇ ਦੁਰਗੇ ਦੀ ਉਡੀਕ 'ਚ ਮੂਹਰਲੇ ਵਰਾਂਡੇ ਵਿੱਚ ਈ ਮੋਬਾਇਲ ਲੈ ਕੇ ਬੈਠ ਗਿਆ।

ਅੱਜ ਅਸੀਂ ਅਰਜਨ ਕੇ ਖੇਤ, ਉਹਨਾਂ ਦੀ ਕਣਕ ਨੂੰ ਪਾਣੀ ਲਾਉਣ ਜਾਣਾ ਸੀ। ਅਰਜਨ ਸਿੰਘ ਸ਼ਰੀਕੇ 'ਚੋਂ ਮੇਰਾ ਭਾਈ ਲੱਗਦਾ ਸੀ ਤੇ ਉਹ ਆਵਦੇ ਮੁੰਡੇ ਨਾਲ ਟਰੈਕਟਰ-ਟਰਾਲੀ ਲੈ ਕੇ ਦਿੱਲੀ ਮੋਰਚੇ 'ਤੇ ਗਏ ਹੋਏ ਸੀ ਤੇ ਉਹਨਾਂ ਦੇ ਮਗਰਲੇ ਕੰਮਾਂ ਦੀ ਜ਼ਿੰਮੇਵਾਰੀ ਮੈਂ ਓਟੀ ਹੋਈ ਸੀ।

ਅੱਜ ਮੈਂ ਆਪਣੇ ਕੰਮ ਤੋਂ ਛੁੱਟੀ ਕੀਤੀ ਸੀ ਤੇ ਦਿਹਾੜੀਏ ਦੀ ਲੋੜ ਨੂੰ ਦੇਖਦੇ ਹੋਏ ਦੁਰਗੇ ਨੂੰ ਫੋਨ ਕਰਤਾ ਸੀ।

ਦੁਰਗੇ ਨੇ ਮੈਨੂੰ ਸਾਝਰੇ ਤਿਆਰ ਰਹਿਣ ਨੂੰ ਕਿਹਾ ਸੀ ਤਾਂ ਕਿ ਬਿਜਲੀ ਆਉਣ ਤੋਂ ਪਹਿਲਾਂ-ਪਹਿਲਾਂ ਚੱਲ ਕੇ ਸੌ ਵੱਟ ਬੰਨਾ ਦੇਖਿਆ ਜਾਂਦੈ, ਕੋਈ ਨੱਕਾ-ਨੁੱਕਾ ਠੀਕ ਕਰਨ ਵਾਲਾ ਹੁੰਦੈ।

ਮੈਨੂੰ ਪਤਾ ਸੀ ਜੇ ਉਹਨੇ ਕਿਹਾ ਸੀ, ਤਾਂ ਉਹ ਬਿੰਦ ਝੱਟ ਤਾਈਂ ਆਉਣ ਈ ਵਾਲਾ ਸੀ।

ਪਰ ਮੈਨੂੰ ਉਹਦੀ ਇਕ ਹੋਰ ਗੱਲ ਨੇ ਸੋਚਾਂ ਵਿੱਚ ਪਾਇਆ ਹੋਇਆ ਸੀ। ਜਦ ਮੈਂ ਉਹਨੂੰ ਦਿਹਾੜੀ ਬਾਰੇ ਪੁੱਛਿਆ ਸੀ ਤਾਂ ਉਹਨੇ ਕਿਹਾ ਸੀ, "ਇਹ ਗੱਲ੍ਹ ਨੀ ਕਰਨੀ ਆਪਾਂ, ਜਦ ਉਹ ਉੱਥੇ ਬੈਠੇ ਐ ਤਾਂ ਆਪਾਂ ਇੱਥੇ ਉਹਨਾਂ ਦਾ ਐਨਾ ਵੀ ਨ੍ਹੀ ਕਰ ਸਕਦੇ ? ਚੱਲ ਸਵੇਰੇ ਸਾਝਰੇ ਤਿਆਰ ਰਹੀਂ।"

ਐਨੀ ਗੱਲ ਕਰ ਕੇ ਉਹਨੇ ਫੋਨ ਕੱਟ ਦਿੱਤਾ ਸੀ।

ਹੁਣ ਮੈਂ ਇਹੀ ਗੱਲ ਸੋਚ ਰਿਹਾ ਸੀ, ਜੇ ਉਹਨੇ ਕੰਮ ਨਿਬੜਣ 'ਤੇ ਦਿਹਾੜੀ ਦੇ ਪੈਸੇ ਲੈਣ ਤੋਂ ਨਾਂਹ-ਨੁੱਕਰ ਕੀਤੀ ਤਾਂ ਮੈਨੂੰ ਵੀ ਬਹੁਤਾ ਜ਼ੋਰ ਪਾਉਣ ਦੀ ਲੋੜ ਨ੍ਹੀ, ਕਿਸੇ ਹੋਰ ਬਹਾਨੇ ਉਹਦਾ ਮਾਣ-ਤਾਣ ਕਰ ਦਿਆਂਗੇ।

ਊ ਦੁਰਗੇ ਦੀ ਏਸ ਗੱਲ ਤੋਂ ਮੈਨੂੰ ਕੋਈ ਹੈਰਾਨੀ ਨ੍ਹੀ ਹੋਈ। ਉਹ ਪਿੰਡ ਦੇ ਖੇਤ ਮਜ਼ਦੂਰਾਂ ਦਾ ਆਗੂ ਸੀ ਤੇ ਅਜਿਹੀ ਗੱਲ ਕਰ ਸਕਦਾ ਸੀ।

ਮੈਨੂੰ ਇਕ ਪੁਰਾਣੀ ਗੱਲ ਯਾਦ ਆ ਗਈ। ਇਕ ਵਾਰ ਦਿਹਾੜੀ ਦੇ ਮਸਲੇ ਨੂੰ ਲੈ ਕੇ ਸਾਡੇ ਪਿੰਡ ਦੇ ਜੱਟਾਂ ਤੇ ਵਿਹੜੇ ਵਾਲਿਆਂ ਦਾ ਪੰਗਾ ਪੈ ਗਿਆ ਸੀ।

ਹਾੜੀ ਨੂੰ ਅਜੇ ਦਾਤੀ ਨਹੀਂ ਸੀ ਪਈ। ਇੱਕ ਦਿਨ ਹਵੇਲੀ ਵਾਲੇ ਲਾਲ ਜੀ ਨੇ ਜੱਟਾਂ ਦਾ 'ਕੱਠ ਕਰ ਕੇ ਹਾੜੀ ਲਈ ਦਿਹਾੜੀ ਬੰਨ੍ਹਣ ਦੀ ਗੱਲ ਛੇੜਤੀ। ਪਿੰਡ 'ਚ ਗੱਲ ਕੀ ਤੁਰੀ ਸਾਰੇ ਜੱਟ ਇਕੋ ਸੁਰ 'ਚ ਬੋਲਣ ਲੱਗੇ। ਦੂਏ ਪਾਸੇ ਵਿਹੜੇ ਵਾਲੇ ਦੁਰਗੇ ਦੁਆਲੇ 'ਕੱਠੇ ਹੋਣ ਲੱਗ ਪਏ।

ਅਰਜਨ ਉਦੋਂ ਉਠਦੀ ਉਮਰ ਦਾ ਗੱਭਰੂ ਸੀ, ਦਲੇਰ ਸੀ ਤੇ ਲਾਲ ਜੀ ਦੇ ਨੇੜੇ ਸੀ।

ਲਾਲ ਜੀ ਨੂੰ ਪਤਾ ਸੀ ਬਈ ਅਰਜਨ ਦੀ ਨਿੱਕੇ ਹੁੰਦੇ ਤੋਂ ਦੁਰਗੇ ਨਾਲ ਪੱਕੀ ਆੜੀ ਸੀ। ਦੋਹੇ ਪਿੰਡ ਦੇ ਮਿਡਲ ਸਕੂਲ ਵਿੱਚ ਜਮਾਤੀ ਹੁੰਦੇ ਸੀ। ਪੜ੍ਹਾਈ 'ਚ ਢਿੱਲੇ ਮੁੰਡਿਆਂ 'ਚ ਦੋਹਾਂ ਦਾ ਨਾਂ ਸਾਰਿਆਂ ਤੋਂ ਉੱਤੇ ਸੀ ਤੇ ਦੋਹਾਂ ਨੇ ਥੋੜ੍ਹੇ ਫਰਕ ਨਾਲ ਅੱਗੜ-ਪਿੱਛੜ ਸਕੂਲ ਛੱਡਿਆ ਸੀ।

ਲਾਲ ਜੀ ਨੇ ਅਰਜਨ ਨੂੰ ਥਾਪੀ ਦੇ ਕੇ ਦੁਰਗੇ ਕੋਲ ਭੇਜਿਆ, ਬੀ ਉਹਨੂੰ ਅਸੀਂ ਉਹੀ ਦਿਹਾੜੀ ਦੇ ਦਿਆਂਗੇ ਜੋ ਉਹ ਕਹੂਗਾ ਪਰ ਉਹ ਵਿਹੜੇ ਦੇ ਲੋਕਾਂ ਨੂੰ ਚੱਕ-ਥੱਲ ਕਰ ਕੇ ਖਰਾਬ ਨਾ ਕਰੇ।

ਅਰਜਨ ਦੇ ਚਿੱਤ 'ਚ ਸੀ ਵੀ ਦੁਰਗਾ ਉਹਦਾ ਕਿਹਾ ਕਦੇ ਨੀ ਟਾਲ ਸਕਦਾ।

ਪਰ ਦੁਰਗਾ ਅਰਜਨ ਦੀ ਗੱਲ ਕਦੋਂ ਮੰਨਣ ਆਲਾ ਸੀ। ਉਹ ਟੱਸ ਤੋਂ ਮੱਸ ਵੀ ਨ੍ਹੀ ਹੋਇਆ। ਅਰਜਨ ਨੇ ਪੂਰਾ ਟਿੱਲ ਲਾਇਆ। ਲਾਲ ਜੀ ਵੱਲੋਂ ਕਈ ਤਰ੍ਹਾਂ ਦੇ ਲਾਲਚ ਦਿੱਤੇ। ਪਰ ਉਹਦੀਆਂ ਗੱਲਾਂ ਦਾ ਦੁਰਗੇ 'ਤੇ ਐਨਾ ਵੀ ਅਸਰ ਨਾ ਹੋਇਆ, ਜਿੰਨਾ ਥੰਦੇ ਭਾਂਡੇ 'ਤੇ ਪਾਣੀ ਦਾ ਹੁੰਦੈ।

ਜਦ ਦੁਰਗਾ ਕਿਵੇਂ ਵੀ ਨਾ ਮੰਨਿਆ ਤਾਂ ਅਰਜਨ ਆਵਦੀ ਹੇਠੀ ਮੰਨ ਗਿਆ ਤੇ ਦੁਰਗੇ ਨੂੰ ਸਿੱਧੀਆਂ ਧਮਕੀਆਂ ਦੇਣ 'ਤੇ ਉੱਤਰ ਆਇਆ। ਪਰ ਦੁਰਗੇ 'ਤੇ ਇਹਨਾਂ ਦਾ ਵੀ ਕੋਈ ਅਸਰ ਨਾ ਹੋਇਆ। ਉਹ ਕਿਵੇਂ ਵੀ ਨਾ ਝਿਪਿਆ।

ਚਾਹੇ ਉਦੋਂ ਮੈਂ ਨਿਆਣਾ ਈ ਹੁੰਦਾ ਸੀ, ਪਰ ਮੈਨੂੰ ਅੱਜ ਵੀ ਯਾਦ ਐ, ਉਹਨੀ ਦਿਨੀਂ ਸਾਰੇ ਪਿੰਡ ਵਿੱਚ ਇਕ ਪਾਸੇ ਅਰਜਨ ਤੇ ਦੁਏ ਪਾਸੇ ਦੁਰਗੇ ਦੀਆਂ ਗੱਲਾਂ ਹੁੰਦੀਆਂ ਸੀ।

ਗੱਲ ਵਿਗੜਦੀ-ਵਿਗੜਦੀ ਵਿਹੜੇ ਆਲਿਆਂ ਦਾ ਬਾਈਕਾਟ ਕਰਨ 'ਤੇ ਜਾ ਪਹੁੰਚੀ ਤੇ ਪਿੰਡ ਵਿੱਚ ਪੂਰਾ ਤਣਾਅ ਬਣ ਗਿਆ।

ਅਖੀਰ ਜਿਲ੍ਹੇ ਦੇ ਵੱਡੇ ਅਫਸਰਾਂ ਨੇ ਆ ਕੇ ਦੋਹਾਂ ਧਿਰਾਂ ਨੂੰ ਟਿਕਾਇਆ ਤੇ ਉਹਨਾਂ ਦਾ ਰਾਜੀਨਾਮਾ ਕਰਵਾਇਆ ਸੀ।

ਦੋਹਾਂ ਧਿਰਾਂ ਦਾ ਰਾਜੀਨਾਮਾ ਤਾਂ ਹੋ ਗਿਆ, ਪਰ ਅਰਜਨ ਨੇ ਮੁੜਕੇ ਦੁਰਗੇ ਨਾਲ ਕਦੇ ਕਲਾਮ ਨਾ ਕੀਤੀ। ਦੁਏ ਪਾਸੇ ਦੁਰਗੇ ਨੇ ਵੀ ਉਹਦੀ ਆਕੜ ਨੂੰ ਟਿੱਚ ਕਰਕੇ ਜਾਣਿਆ ਸੀ।

ਮੇਰੇ ਨਾਲ ਦੁਰਗੇ ਦੀ ਸ਼ੁਰੂ ਤੋਂ ਈ ਵਧੀਆ ਬਣਦੀ ਸੀ। ਮੈਨੂੰ ਜਦ ਵੀ ਲੋੜ ਹੁੰਦੀ, ਉਹ ਅੱਧੇ ਬੋਲ 'ਤੇ ਭੱਜਿਆ ਆਉਂਦਾ ਸੀ। ਹੁਣ ਵੀ ਉਹਨੇ ਦੂਈ ਗੱਲ ਨੀ ਸੀ ਕਹਾਈ।

ਦੁਰਗਾ ਆ ਗਿਆ। ਆਪਣੇ ਮੋਬਾਇਲ 'ਚ ਖੁੱਭੇ ਹੋਏ ਮੈਨੂੰ ਉਹਦੇ ਆਉਣ ਦਾ ਉਦੋਂ ਈ ਪਤਾ ਲੱਗਿਆ, ਜਦ ਉਹਨੇ ਮੇਰੇ ਨੇੜੇ ਆ ਕੇ 'ਸਾਸਰੀਕਾਲ' ਬੁਲਾਈ। ਮੈਂ ਸਿਰ ਚੁੱਕ ਕੇ ਦੇਖਿਆ, ਲੰਮੇ, ਪਤਲੇ, ਤਾਂਬੇ-ਰੰਗੇ ਬੁੜ੍ਹੇ ਆਦਮੀ ਦੀ ਚੱਪਾ ਕੁ ਬੱਗੀ ਦਾਹੜੀ ਵਿੱਚ, ਇਕ ਵੀ ਵਾਲ ਕਾਲਾ ਨਹੀਂ ਸੀ, ਪਰ ਉਹ ਸਰੀਰ ਦਾ ਤਕੜਾ ਤੇ ਚੁਸਤ ਦਿਖਾਈ ਦੇ ਰਿਹਾ ਸੀ।

ਉਸ ਨੇ ਪੁਰਾਣੇ ਜੇ ਕੋਟ ਉੱਪਰੋਂ ਘਸੇ ਜੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ।

"ਤਿਆਰ ਐਂ, ਚੱਲੀਏ ?" ਉਹਨੇ ਪੁੱਛਿਆ "ਚੱਲਦੇ ਆਂ, ਚਾਹ ਤਾਂ ਪੀ ਲੈ।" ਮੈਂ ਕਿਹਾ "ਚਾਹ ਮੇਰੀ ਪੀਤੀ ਹੋਈ ਐ, ਚੱਲ, ਚੱਲਕੇ ਵੱਟ-ਬੰਨਾ ਦੇਖੀਏ।

ਚਾਹ ਦੇ ਸਮਾਨੇ ਦਾ ਝੋਲਾ ਮੈਂ ਦੁਰਗੇ ਨੂੰ ਫੜਾਇਆ ਤੇ ਮੋਟਰਸਾਇਕਲ ਦੀ ਕਿੱਕ ਮਾਰੀ। ਅਸੀਂ ਪਿੰਡੋਂ ਨਿਕਲੇ ਤਾਂ ਦੇਖਿਆ ਕਿ ਧੁੰਦ ਹੋਰ ਵੀ ਗਾਹੜੀ ਸੀ।

ਮੋਟਰ 'ਤੇ ਪਹੁੰਚ ਕੇ ਮੈਂ ਕਮਰੇ ਦਾ ਬੂਹਾ ਖੋਹਲਿਆ, ਦੁਰਗੇ ਨੇ ਅੱਗੇ ਵਧ ਕੇ ਕੰਧ ਨਾਲ ਖੜ੍ਹੀ ਕੀਤੀ ਮੰਜੀ ਡਾਹ ਦਿੱਤੀ, ਬੱਲਬ ਦਾ ਬਟਨ ਦੱਬਿਆ ਤੇ ਇੱਕ ਖੂੰਜੇ ਪਈ ਕਹੀ ਨੂੰ ਆਪਣੇ ਮੋਢੇ 'ਤੇ ਰੱਖਦਾ ਹੋਅਆ ਬੋਲਿਆ, "ਲੈ ਤੂੰ ਬੈਠ, ਬੱਤੀ ਆਗੀ ਤਾਂ ਮੋਟਰ ਚਲਾਦੀਂ, ਮੈਂ ਆਇਆ ਗੇੜਾ ਮਾਰਕੇ।"

ਦਰਾਂ 'ਚ ਖੜ੍ਹਾ ਮੈਂ ਉਹਨੂੰ ਹਰੀ ਕਚੂਰ ਕਣਕ ਵਿੱਚੀ ਖਾਲ਼ੇ ਖਾਲ ਜਾਂਦੇ ਨੂੰ ਦੇਖ ਰਿਹਾ ਸੀ, ਦਸ ਕੁ ਕਦਮ ਦੂਰ ਉਹ ਧੁੰਦ 'ਚ ਅਲੋਪ ਹੋ ਗਿਆ। ਤਦੇ ਮੇਰਾ ਧਿਆਨ ਪਰੇ ਸੜਕ 'ਤੇ ਜਾ ਰਹੇ ਟਰੈਕਟਰ ਦੀ ਅਵਾਜ਼ ਨੇ ਖਿੱਚ ਲਿਆ।

ਤਿੰਨ ਕੁ ਕਿੱਲਿਆਂ ਦੀ ਵਿੱਥ ਤੋਂ ਵੱਡੀ ਸੜਕ ਲੰਘਦੀ ਸੀ ਜੋ ਹਰ ਵੇਲੇ ਵਗਦੀ ਰਹਿੰਦੀ ਸੀ। ਇਹਨੀਂ ਦਿਨੀਂ ਦਿੱਲੀ ਜਾਂਦੀਆਂ, ਝੰਡਿਆਂ ਵਾਲੀਆਂ ਤੇ ਤਰਪਾਲਾਂ ਨਾਲ ਛੱਤੀਆਂ ਟਰਾਲੀਆਂ ਅਕਸਰ ਦਿਖਾਈ ਦਿੰਦੀਆਂ ਸੀ।

ਖਾਲ਼ 'ਤੇ ਗੇੜਾ ਮਾਰ ਕੇ ਦੁਰਗਾ ਮੁੜਿਆ ਤਾਂ ਉਹਦੇ ਇੱਕ ਹੱਥ ਡੇਕ ਦੀ ਸੁੱਕੀ ਟਾਹਣੀ ਚੁੱਕੀ ਹੋਈ ਸੀ। ਮੈਨੂੰ ਯਾਦ ਆਇਆ ਨਾਲ ਦੀ ਮੋਟਰ 'ਤੇ ਬੱਕਰੀਆਂ ਵਾਲਿਆਂ ਨੇ ਡੇਕਾਂ ਛਾਂਗੀਆਂ ਸੀ, ਜਿਸ ਦਾ ਸੁੱਕਾ ਛਾਂਗ ਬਚਿਆ ਪਿਆ ਸੀ।

ਮੋਢੇ ਤੋਂ ਕਹੀ ਲਾਹ ਕੇ ਦੁਰਗੇ ਨੇ ਕੰਧ ਨੇੜੇ ਰੱਖੀ ਤੇ ਟਾਹਣੀ ਨੂੰ ਪੈਰ ਹੇਠ ਦੇ ਕੇ ਤੋੜਣ ਲੱਗਿਆ। ਮੈਂ ਵੀ ਦੁਰਗੇ ਕੋਲ ਆ ਖੜ੍ਹਾ ਹੋਇਆ।

ਚਾਣਚੱਕ ਮੈਂ ਪਹੀ 'ਤੇ ਦੇਖਿਆ, ਲੋਈ ਦੀ ਬੁੱਕਲ ਮਾਰੀ ਕੋਈ ਧੁੰਦ ਵਿੱਚ ਤੁਰਿਆ ਆ ਰਿਹਾ ਸੀ, ਹੋਰ ਨੇੜੇ ਆਇਆ ਤਾਂ ਮੈਂ ਪਛਾਣਿਆ ਜੋਤੀ ਸੀ।

"ਇਹ ਕਮਲਾ ਕਿੱਧਰ ਤੁਰਿਆ ਫਿਰਦੈ ?" ਮੈਂ ਮਨ ਈ ਮਨ ਸੋਚਿਆ, ਪਰ ਮੇਰੇ ਬੁੱਲ੍ਹਾਂ 'ਤੇ ਮੁਸਕਾਣ ਆ ਗਈ।

ਜੋਤੀ ਸਾਡੇ ਸਕਿਆਂ 'ਚੋਂ, ਮੇਰਾ ਭਤੀਜਾ ਲੱਗਦਾ ਸੀ। ਉਹਨੂੰ ਤੁੱਕ ਬੰਦੀ ਦਾ ਸੌਂਕ ਸੀ, ਤੇ ਉਹ ਆਵਦੀਆਂ ਕੱਚੀਆਂ ਪਿੱਲੀਆਂ ਕਵਿਤਾਵਾਂ ਮੈਨੂੰ ਸੁਣਾਉਂਦਾ ਰਹਿੰਦਾ ਸੀ। ਉਹਦਾ ਟੱਬਰ ਇਕ ਡੇਰੇ ਦਾ ਸ਼ਰਧਾਲੂ ਸੀ ਤੇ ਡੇਰੇ ਨਾਲ ਜੁੜੀਆਂ ਕਰਾਮਾਤੀ ਕਹਾਣੀਆਂ ਦਾ ਜੋਤੀ ਕੋਲ ਤਕੜਾ ਭੰਡਾਰ ਸੀ, ਜੋ ਉਹ ਅਕਸਰ ਸੁਣਾਉਂਦਾ ਰਹਿੰਦਾ।

ਉਹਦੀ ਗੱਲ ਕੱਟਣ ਵਾਲੇ ਲੋਕਾਂ ਨੂੰ ਉਹ ਪਸੰਦ ਨਹੀਂ ਸੀ ਕਰਦਾ। ਮੈਂ ਉਹਦਾ ਭੇਤੀ ਸੀ ਤੇ ਇਸੇ ਕਰਕੇ ਮੈਂ ਉਹਨੂੰ ਕਦੇ ਨਹੀਂ ਸੀ ਟੋਕਿਆ। ਸ਼ਾਇਦ ਏਸੇ ਕਰਕੇ ਉਹ ਮੇਰੀ ਕਦਰ ਕਰਦਾ ਸੀ। ਅਸਲ ਵਿੱਚ ਉਹ ਦਿਲ ਦਾ ਸਾਫ ਤੇ ਭੋਲਾ ਮੁੰਡਾ ਸੀ ਤੇ ਏਸੇ ਕਰਕੇ ਮੈਨੂੰ ਚੰਗਾ ਲੱਗਦਾ ਸੀ।

"ਸੁਣਾ ਜੋਤੀ ਤੂੰ ਕਿੱਧਰ ?" ਉਹਦੇ ਨੇੜੇ ਆਉਣ ਤੇ ਮੇਰੇ ਮੂੰਹੋਂ ਨਿਕਲਿਆ।

"ਮੈਂ ਸੋਚਿਆ, ਮੈਂ ਵੀ ਚੱਲ ਕੇ ਚਾਚਾ ਜੀ ਦੀ ਹੈਲਪ ਕਰ ਦਿਆਂ।" ਉਹਨੇ ਉਡਦੀ ਨਜ਼ਰ ਦੁਰਗੇ ਵੱਲ ਦੇਖਿਆ। ਉਹ ਧੂਣੀ ਦੇ ਕੰਮ 'ਚ ਮਗਨ ਸੀ।

"ਹੈਲਪ ਨੂੰ ਹੁਣ ਕਿਹੜਾ ਹਲਟਾਂ ਦਾ ਜਮਾਨਾ ਜੋਤੀ" ਮੈਂ ਕਿਹਾ, 'ਹੋਰ ਸੁਣਾ ਘਰੇ ਸਭ ਸੁਖ ਸਾਂਦ ਐ ?"

"ਹਾਂ ਜੀ, ਬਾਬਾ ਜੀ ਦੀ ਕਿਰਪੈ।" ਉਹਨੇ ਆਵਦੇ ਹੱਥ ਜੋੜੇ।

ਕੁਝ ਪਲ ਦੀ ਚੁੱਪੀ ਤੋਂ ਮਗਰੋਂ ਉਹ ਬੋਲਿਆ, "ਹੁਣ ਤਾਂ ਆਪਣਾ ਮੋਰਚਾ ਵੀ ਪੂਰੀ ਚੜ੍ਹਾਈ 'ਚ ਐ।"

ਮੈਂ ਸਹਿਮਤੀ 'ਚ ਸਿਰ ਹਿਲਾਇਆ, "ਹਾਂ ਮੋਰਚਾ ਹੁਣ ਚੜ੍ਹਦੀ ਕਲਾ 'ਚ ਐ।" ਪਰ ਮੇਰੀਆਂ ਅੱਖਾਂ ਮੂਹਰੇ ਛੱਬੀ ਜਨਵਰੀ ਦਾ ਉਹ ਦ੍ਰਿਸ਼ ਫਿਰ ਤੋਂ ਸੰਜੀਵ ਹੋ ਉੱਠਿਆ।

ਮੈਂ ਘਰੇ ਵਿਹੜੇ 'ਚ ਕੋਈ ਕੰਮ ਕਰ ਰਿਹਾ ਸੀ, ਕਿ ਇਹੀ ਜੋਤੀ ਕਾਹਲੀ-ਕਾਹਲੀ ਸਾਡੇ ਘਰ ਆਇਆ, ਤੇ ਸਿੱਧਾ ਮੇਰੇ ਵੱਲ ਆਉਂਦਾ ਹੋਇਆ ਬੋਲਿਆ , "ਲੱਗ ਗਿਆ ਪਤਾ ਚਾਚਾ ਜੀ ? ਫੌਜਾਂ ਕਿਲੇ 'ਚ ਜਾ ਵੜੀਆਂ!"

ਮੈਂ ਦੇਖਿਆ ਖੁਸ਼ੀ 'ਚ ਇਹਦਾ ਚਿਹਰਾ ਖਿੜਿਆ ਹੋਇਆ ਸੀ, ਤੇ ਕਾਹਲੀ ਕਾਹਲੀ ਚੱਕਵੇਂ ਪੈਰੀਂ ਆਉਣ ਕਰਕੇ ਇਹਨੂੰ ਥੋੜ੍ਹਾ ਜਿਹਾ ਸਾਹ ਵੀ ਚੜ੍ਹਿਆ ਹੋਇਆ ਸੀ।

ਮੈਂ ਇਹ ਖ਼ਬਰ ਕੁਝ ਚਿਰ ਪਹਿਲਾਂ ਨੈੱਟ 'ਤੇ ਦੇਖ ਚੁੱਕਿਆ ਸੀ। ਪਰ ਇਹਨੂੰ ਜਿਵੇਂ ਚਾਅ ਚੜ੍ਹਿਆ ਹੋਇਆ ਸੀ ਮੈਨੂੰ ਚੰਗਾ ਨਹੀਂ ਸੀ ਲੱਗਿਆ। ਪਰ ਮੈਂ ਚੁੱਪ ਰਿਹਾ ਸੀ।

ਇਸ ਤੋਂ ਮਗਰੋਂ ਕਈ ਦਿਨਾਂ ਤੱਕ ਸਾਡਾ ਮੇਲ ਨਹੀਂ ਸੀ ਹੋਇਆ। ਫੇਰ ਜਿੱਦਣ ਪਿੰਡ ਦੀ ਫਿਰਨੀ 'ਤੇ ਸਾਡਾ ਟਾਕਰਾ ਹੋਇਆ, ਤਾਂ ਮੈਂ ਦੇਖਿਆ ਕਿ ਇਹਦਾ ਉਹ ਪਹਿਲਾਂ ਵਾਲਾ ਬੁਖਾਰ ਉੱਤਰਿਆ ਹੋਇਆ ਸੀ।

ਇਹਨੇ ਕਿਹਾ ਸੀ, "ਦੇਖਲੋ ਚਾਚਾ ਜੀ ਸਰਕਾਰ ਨੇ ਚਾਲ ਤਾਂ ਬੜੀ ਡੂੰਘੀ ਚੱਲੀ ਸੀ, ਪਰ ਕਾਮਯਾਬ ਨਾ ਹੋ ਸਕੀ।"

ਸੁਣ ਕੇ ਪਲ ਭਰ ਲਈ ਤਾਂ ਮੈਨੂੰ ਆਪਣੇ ਕੰਨਾਂ 'ਤੇ ਯਕੀਨ ਨਹੀਂ ਸੀ ਹੋਇਆ ਵੀ ਇਹ ਉਹੀ ਜੋਤੀ ਐ ? ਪਰ ਫੇਰ ਵੀ ਮੈਨੂੰ ਚੰਗਾ ਲੱਗਿਆ ਸੀ ਵੀ ਚਲੋ ਘੱਟ-ਘੱਟ ਇਹ ਸਰਕਾਰ ਦੀਆਂ ਸਿਆਸੀ ਚਾਲਾਂ ਤਾਂ ਸਮਝਣ ਲੱਗਿਆ ਸੀ।

ਧੂਣੀ 'ਚ ਗਾਹੜੇ ਧੂੰਏ ਦਾ ਗੁਬਾਰ ਉੱਠਣ ਲੱਗਿਆ, ਜਿਸ ਨੂੰ ਦੁਰਗੇ ਨੇ ਫੂਕਾਂ ਮਾਰ ਮਾਰ ਕੇ ਮੱਚਣ ਲਾ ਲਿਆ ਸੀ।

ਅਚਾਨਕ ਕਮਰੇ ਵਿੱਚ ਰੋਸ਼ਨੀ ਚਮਕ ਉੱਠੀ ਬਿਜਲੀ ਆ ਗਈ ਸੀ। ਦੁਰਗਾ ਉੱਠਕੇ ਕਮਰੇ 'ਚ ਮੋਟਰ ਚਲਾਉਣ ਚਲਾ ਗਿਆ ਤੇ ਆਉਂਦਾ ਹੋਇਆ, ਅੰਦਰੋਂ ਮੰਜੀ ਚੁੱਕ ਲਿਆਇਆ।

ਮੈਂ ਤੇ ਜੋਤੀ ਮੰਜੀ ਬੈਠ ਗਏ ਤੇ ਦੁਰਗੇ ਨੇ ਆਵਦੇ ਬੈਠਣ ਲਈ ਨੇੜੇ ਪਈ ਇੱਟ ਲੈ ਲਈ। ਕੁਝ ਚਿਰ ਅਸੀਂ ਅੱਗ ਸੇਕਦੇ ਰਹੇ।

ਹੱਥ ਦੇ ਇਸ਼ਾਰੇ ਨਾਲ ਜੋਤੀ ਨੇ ਮੇਰਾ ਧਿਆਨ ਸੜਕ 'ਤੇ ਜਾ ਰਹੇ ਟਰੈਕਟਰ ਦੀ ਅਵਾਜ਼ ਵੱਲ ਦੁਆਇਆ। ਤਦੇ ਇਕ ਹੋਰ ਤੇ ਉਸ ਦੇ ਮਗਰੇ ਇਕ ਹੋਰ ਟਰੈਕਟਰ ਦੀ ਅਵਾਜ ਜਿਵੇਂ ਘੋਰੂ ਪਾਉਂਦੀ ਜਾ ਰਹੀ ਸੀ।

"ਦਿੱਲੀ ਨੂੰ ਜਾਂਦੇ ਐ !" ਜੋਤੀ ਬੋਲਿਆ।

ਕੁਝ ਚਿਰ ਅਸੀਂ ਪਲੋ-ਪਲ ਦੂਰ ਹੁੰਦੀ ਜਾ ਰਹੀ ਟਰੈਕਟਰਾਂ ਦੀ ਅਵਾਜ ਸੁਣਦੇ ਰਹੇ। ਧੂਣੀ 'ਚੇ ਮੱਚ ਰਹੇ ਡੱਕੇ ਠੀਕ ਕਰਦਾ ਹੋਇਆ ਦੁਰਗਾ ਬੋਲਿਆ, "ਦੱਸਦੇ ਐ, ਐਤਕੀਂ ਠੰਡ ਨੇ ਵੀ ਕਈ ਸਾਲਾਂ ਦਾ ਰਿਕਾਟ ਤੋੜਿਐ।"

ਜੋਤੀ ਨੇ ਮੇਰੇ ਗੋਡੇ ਨੂੰ ਛੂਹਿਆ, "ਊ ਇਕ ਗੱਲ ਐ, ਚਾਚਾ ਜੀ" ਉਹ ਬੋਲਿਆ, "ਜਿਵੇਂ ਐਨੀ ਠੰਡ 'ਚ ਲੋਕ ਉੱਥੇ ਬੈਠੇ ਐ ਤੇ ਸਰਕਾਰ ਨੂੰ ਕੋਈ ਪਰਵਾਹ ਨੀਂ ਥੋਨੂੰ ਦੇਖ ਕੇ ਖਿਝ ਨੀ ਚੜ੍ਹਦੀ ?"

ਮੇਰੇ ਕੋਲ ਉਹਦੀ ਗੱਲ ਦਾ ਕੋਈ ਜੁਆਬ ਨਹੀਂ ਸੀ। ਕੁਝ ਛਿਣ ਉਹ ਮੇਰੇ ਮੂੰਹ ਵੱਲ ਦੇਖਦਾ ਰਿਹਾ ਤੇ ਬੋਲਿਆ, "ਜੇ ਮੈਂ ਥੋਨੂੰ ਸੱਚੀ ਦੱਸਾਂ, ਮੈਨੂੰ ਤਾਂ ਕਈ ਆਰੀ ਐਨੀ ਵਿਹੁ ਚੜ੍ਹਦੀ ਐ..।" ਪਰ ਦੁਰਗੇ ਨੇ ਉਹਦੀ ਗੱਲ ਕੱਟ ਦਿੱਤੀ, "ਇਹੀ ਤਾਂ ਉਹ ਭਾਲਦੇ ਐ, ਵੀ ਤੂੰ ਭੜਕੇ ਤੇ ਅਗਲੇ ਨੂੰ ਕੋਈ ਬਹਾਨਾ ਮਿਲੇ।"

ਪਰ ਉਹਨਾਂ ਦਾ ਫਰਜ਼ ਨੀ ਬਣਦਾ ਵੀ ਲੋਕਾਂ ਦਾ ਮਸਲਾ ਹੱਲ ਕਰਨ।" ਜੋਤੀ ਦੀ ਅਵਾਜ਼ ਵਿੱਚ ਤੈਸ਼ ਸੀ।

"ਇਹਨਾਂ ਦੇ ਹੱਥ ਵੱਸ ਈ ਕੀ ਐ ?" ਦੁਰਗੇ ਦੀ ਅਵਾਜ਼ ਵਿੱਚ ਵੀ ਅਜੀਬ ਜਿਹੀ ਤੇਜੀ ਸੀ, "ਇਹ ਤਾਂ ਸਿਰਫ ਮੋਹਰੇ ਐ, ਖਿਡਾਰੀ ਤਾਂ ਕੋਈ ਹੋਰ ਐ।" ਉਹ ਜੋਤੀ ਵੱਲ ਦੇਖ ਕੇ ਮੁਸਕਰਾਇਆ, " ਜਦੋਂ ਤੈਨੂੰ ਇਹ ਗੱਲ ਸਮਝ ਆ ਗਈ ਫੇਰ ਤੈਨੂੰ ਆਪੇ ਪਤਾ ਲੱਗ ਜੂ ਵੀ ਆਪਣੇ ਲੋਕਾਂ ਦੀ ਅਸਲ ਲੜਾਈ ਹੈ ਕੀਹਦੇ ਨਾਲ।"

" ਇਹ ਗੱਲ ਸਹੀ ਹੈ। " ਮੇਰੇ ਮੂੰਹੋਂ ਨਿਕਲਿਆ। ਮੈਂ ਹੈਰਾਨੀ ਨਾਲ ਦੁਰਗੇ ਦੇ ਮੂੰਹ ਵੱਲ ਦੇਖਿਆ। ਸਧਾਰਨ ਜੇ ਦਿਖਦੇ ਮਜਦੂਰ ਬੰਦੇ ਨੇ ਬਹੁਤ ਡੂੰਘੀ ਗੱਲ ਕੀਤੀ ਸੀ।

ਦੁਰਗੇ ਦੀ ਗੱਲ 'ਤੇ ਸਿਰ ਤਾਂ ਜੋਤੀ ਵੀ ਹਿਲਾ ਰਿਹਾ ਸੀ, ਪਰ ਮੈ ਜਾਣਦਾ ਸੀ ਕਿ ਗੱਲ ਉਹੀ ਪਕੜ 'ਚ ਨ੍ਹੀ ਸੀ ਆਈ।

ਦੁਰਗਾ ਧੂਣੀ 'ਚ ਨਵੇਂ ਡੱਕੇ ਲਾਉਂਦਾ ਹੋਇਆ ਆਵਦੇ ਬੁੱਲਾਂ 'ਚ ਈ ਮੁਸਕਰਾ ਰਿਹਾ ਸੀ। ਉਹਦੀਆਂ ਅੱਖਾਂ ਦੱਸ ਰਹੀਆਂ ਸੀ ਕਿ ਉਹ ਕਿਸੇ ਦੂਰ ਖਿਆਲਾਂ 'ਚ ਡੁੱਬਿਆ ਹੋਇਆ ਸੀ।

ਅਚਾਨਕ ਉਹ ਖੁੱਲ੍ਹ ਕੇ ਮੁਸਕਰਾਇਆ ਤੇ ਹੱਥ ਮਾਰ ਕੇ ਸਾਡਾ ਧਿਆਨ ਆਵਦੇ ਵੱਲ ਖਿੱਚਦਾ ਹੋਇਆ ਬੋਲਿਆ, "ਸੁਣੋ, ਥੌਨੂੰ ਇਕ ਹਾਸੇ ਦੀ ਗੱਲ ਸੁਣਾਵਾਂ। ਆਹ ਮੋਹਰੇ ਆਲੀ ਗੱਲ ਤੋਂ ਮੈਨੂੰ ਯਾਦ ਆਇਐ।"

"ਜਦੋਂ ਆਪਣੇ ਐਮਰਜੈਂਸੀ ਲੱਗੀ ਸੀ"

"ਹੂੰ ! " ਐਮਰਜੈਂਸੀ ਦੇ ਨਾਂ ਤੋਂ ਮੈਂ ਚੋਕੰਨਾ ਜਿਆ ਹੋ ਕੇ ਹੁੰਗਾਰਾ ਭਰਿਆ।"

"ਅਸੀਂ ਭਾਈ ਜੇਲ੍ਹ 'ਚ ਸੀ। ਉੱਥੇ ਆਪਣੇ ਪਿੰਡ ਆਲੇ ਕਰਮ ਸਿਉਂ ਤੇ ਦੌਲਤੀ ਆੜਤੀਏ ਦੀ ਸ਼ਤਰੰਜ ਦੀ ਬਾਜੀ ਲੱਗ ਗਈ।

"ਤੂੰ ਜੇਲ 'ਚ ਕਿਵੇਂ ਸੀ ?" ਮੈਂ ਹੈਰਾਨੀ ਨਾਲ ਪੁੱਛਿਆ।

ਮੈਂ ਜਾਣਦਾ ਸੀ ਕਿ ਸਾਡੇ ਪਿੰਡ ਆਲਾ ਕਰਮ ਸਿੰਘ ਜਿੰਮੀਦਾਰਾ ਯੂਨੀਅਨ ਵਿੱਚ ਹੁੰਦਾ ਸੀ ਤੇ ਦੌਲਤੀ ਆੜ੍ਹਤੀਆ ਵੀ ਸਿਆਸੀ ਆਗੂ ਸੀ, ਪਰ ਇਹ ਤਾਂ ਮਜ਼ਦੂਰ ਬੰਦਾ ਸੀ।

"ਮੈਂ ਵੀ ਫਸ ਗਿਆ ਸੀ" ਉਹਨੇ ਦੱਸਿਆ।

"ਉਹ ਕਿਵੇਂ ?"

"ਲੈ ਇਹ ਵੀ ਸੁਣ ਲੋ" ਉਹ ਕੁਝ ਛਿਣ ਮੇਰੇ ਮੂੰਹ ਵੱਲ ਦੇਖਦਾ ਰਿਹਾ ਤੇ ਬੋਲਿਆ, "ਉਦੋਂ ਮੈਂ ਕਾਮਰੇਡ ਭੂਰੇ ਕੇ ਰਲਿਆ ਹੁੰਦਾ ਸੀ।

ਭੂਰਾ ਤਾਂ ਉਦੋਂ ਕਾਲਜ 'ਚ ਪੜ੍ਹਦਾ ਹੁੰਦਾ ਸੀ ਤੇ ਇਹਦਾ ਬਾਪੂ ਸ਼ਹਿਰ ਦੁੱਧ ਪਾਉਂਦਾ ਹੁੰਦਾ ਸੀ। ਸੱਤ-ਅੱਠ ਡੰਗਰ ਘਰਦੇ ਸੀ ਤੇ ਬਾਕੀ

ਥੋੜ੍ਹਾ ਬਹੁਤਾ ਦੁੱਧ ਪਿੰਡ 'ਚੋਂ ਚੁੱਕ ਲੈਂਦੇ ਸੀ।

ਉਹਨੇ ਤਾਂ ਸਵੇਰੇ ਸਾਝਰੇ ਸੈਂਕਲ 'ਤੇ ਦੁੱਧ ਆਲੇ ਢੋਲ ਲੱਦਣੇ ਤੇ ਫੇਰ ਉਹ ਦਿਨ ਢਲੇ ਹੀ ਮੁੜਦਾ ਹੁੰਦਾ ਸੀ। ਭੂਰੇ ਨੇ ਵੀ ਖਾ ਪੀ ਕੇ ਸੈਂਕਲ ਚੱਕਣਾ ਤੇ ਕਾਲਜ ਉੱਠ ਜਾਣਾ ਤੇ ਮਗਰੋਂ ਡੰਗਰ ਸਾਂਭਣ ਨੂੰ ਮੈਂ ਤਕੜਾ ਸੀ।

ਇਨ੍ਹਾਂ ਦੇ ਘਰ ਮੇਰੀ ਭੂਰੇ ਨਾਲ ਈ ਬਣਦੀ ਸੀ। ਇਹਦੀ ਮਾਂ ਦਾ ਸੁਭਾਅ ਵੀ ਠੀਕ ਸੀ, ਪਰ ਇਹਦੇ ਬਾਪੂ ਦਾ ਸੁਭਾਅ ਹੋਰ ਸੀ। ਉਹ ਤਾਂ ਜੇ ਭੂਰੇ ਕੋਲ ਕਿਸੇ ਮੁੰਡੇ ਨੇ ਆ ਜਾਣਾ- ਇਹਦੀ ਮਾਂ ਕੋਲ ਚੁੜ-ਚੁੜ ਕਰਨੋ ਈ ਨ੍ਹੀ ਸੀ ਹਟਦਾ।

ਭੂਰਾ ਮੁੰਡਿਆਂ ਦੀ ਯੂਨੀਅਨ ਵਿੱਚ

ਸੀ ਤੇ ਮੁੰਡੇ ਇਹਦੇ ਕੋਲ ਆਉਂਦੇ ਈ ਰਹਿੰਦੇ ਸੀ। ਮੇਰੇ ਨਾਲ ਸਾਰੇ ਈ ਬਹੁਤ ਵਧੀਆ ਸੀ, ਤੇ ਆਪਾਂ ਵੀ ਉਹਨਾਂ ਦੇ ਕਿਸੇ ਕੰਮ ਨੂੰ ਕਦੇ ਮੱਥੇ ਵੱਟ ਨ੍ਹੀ ਸੀ ਪਾਇਆ।

ਕਈ ਆਰੀ ਉਹ ਸਿੱਧਾ ਖੇਤ ਹੀ ਬੋਰ 'ਤੇ ਆ ਜਾਂਦੇ, ਤੇ ਇਹਨਾਂ ਲਈ ਚਾਹ-ਰੋਟੀ, ਮੇਰੇ ਚਾਹੇ ਦੋ ਗੇੜੇ ਲੱਗਣ ਚਾਹੇ ਚਾਰ ਮੈਂ ਕਦੇ ਪਰਵਾਹ ਹੀ ਨ੍ਹੀ ਸੀ ਕੀਤੀ। ਜੇ ਕਦੇ ਲੋੜ ਹੋਣੀ ਤਾਂ ਮੈਂ ਬਿੰਦ ਨ੍ਹੀ ਸੀ ਲਾਉਂਦਾ, ਮੰਡੀਓ ਇਹਨਾਂ ਦਾ ਸੌਦਾ ਪੱਤਾ ਵੀ ਲਿਆ ਦੇਣਾ ਸੈਕਲ 'ਤੇ ਲੱਗਦਾ ਵੀ ਕੀ ਸੀ, ਗੋਲੀ ਆਗੂੰ ਜਾਣਾ ਤੇ ਗੋਲੀ ਆਗੂੰ ਮੁੜਕੇ ਵੀ ਆ ਜਾਣਾ।

ਉਹਨਾਂ ਦੀ ਇੱਕ ਗੱਲ ਮੈਂ ਕਮਾਲ ਦੀ ਦੇਖੀ, ਚੰਗੀਆਂ ਭਲੀਆਂ ਗੱਲਾਂ ਕਰਦੇ ਕਰਦੇ ਇਉਂ ਬਹਿਸਣ ਲੱਗਦੇ, ਵੀ ਹੁਣੇ ਲੜ ਪੈਣਗੇ।

ਪਰ ਉਹ ਥੋੜ੍ਹੇ ਚਿਰ ਮਗਰੋਂ ਈ ਰਲ ਕੇ ਗੀਤ ਗਾਉਣ ਲੱਗਦੇ।

ਗਾਉਂਦੇ ਸਾਰੇ ਈ ਬਹੁਤ ਵਧੀਆ ਸੀ ਪਰ ਬੰਤ ਦੀ ਅਵਾਜ਼ ਬਹੁਤ ਵਧੀਆ ਸੀ।

ਹੁਣ ਗਾਉਣ ਦਾ ਸ਼ੌਕ ਤਾਂ ਮੈਨੂੰ ਵੀ ਸੀ। ਇਹਨਾਂ ਮੂਹਰੇ ਤਾਂ ਭਾਵੇਂ ਮੈਂ ਕਦੇ ਵੀ ਨ੍ਹੀ ਸੀ ਗਾਇਆ, ਪਰ ਜਿਹਨੇ ਵੀ ਮੈਨੂੰ ਸੁਣਿਆ ਸੀ, ਇਹੀ ਕਹਿੰਦਾ ਸੀ ਵੀ ਜਮਾਂ ਮਾਣਕ ਅਰਗੀ ਤਰਜ਼ ਐ । ਬੰਤ ਭੂਰੇ ਕੋਲ ਆਮ ਈ ਆਉਂਦਾ-ਜਾਂਦਾ ਰਹਿੰਦਾ ਸੀ। ਕੇਰਾਂ ਮੈਂ ਬੰਤ ਨੂੰ ਗੀਤ ਸੁਣਾਇਆ ਤਾਂ ਉਹ ਬਹੁਤ ਖੁਸ਼ ਹੋਇਆ, ਕਹਿੰਦਾ, "ਤੂੰ ਤਾਂ ਗਾਉਂਦਾ ਈ ਬਹੁਤ ਵਧੀਐਂ!" ਉਹਨੇ ਮੈਨੂੰ ਉਦਾਸੀ ਦੇ ਗੀਤ ਗਾਉਣ ਲਾਤਾ। ਉਹ ਮੈਨੂੰ ਕਹਿੰਦਾ ਸੀ ਵੀ ਜਦ ਆਪਣੇ ਨੇੜੇ ਤੇੜੇ ਗੁਰਸ਼ਰਨ ਭਾਅ ਜੀ ਦਾ ਨਾਟਕ ਹੋਇਆ ਤਾਂ ਉਹ ਮੈਨੂੰ ਭਾਅ ਜੀ ਨੂੰ ਮਿਲਾਊਗਾ, ਫੇਰ ਤੂੰ ਉਨ੍ਹਾਂ ਦੀਆਂ ਸਟੇਜਾਂ 'ਤੇ ਗਾਇਆ ਕਰੀਂ।

ਇਹ ਗੱਲ ਦਾ ਮੈਨੂੰ ਐਨਾ ਚਾਅ ਸੀ ਵੀ ਮੈਂ ਹਰ ਵੇਲੇ ਕੰਮ ਕਰਦੇ ਨੇ ਜਾਂ ਤੁਰੇ ਫਿਰਦੇ ਨੇ ਗਾਉਂਦੇ ਰਹਿਣਾ ਤੇ ਆਵਦੀਆਂ ਤਰਜ਼ਾਂ ਪੱਕੀਆਂ ਕਰਦੇ ਰਹਿਣਾ। ਪੰਜ-ਛੇ ਗੀਤ ਤਾਂ ਮੈਨੂੰ ਬੰਤ ਨੇ ਈ ਕੰਠ ਕਰਾਤੇ ਸੀ। ਜਿਸ ਸਾਲ ਐਮਰਜੈਂਸੀ ਲੱਗੀ ਉਸੇ ਸਾਲ ਮਹਿੰਗਾਈ ਨੂੰ ਲੈ ਕੇ ਤਕੜਾ ਰੌਲਾ ਪਿਆ ਹੋਇਆ ਸੀ। ਇਕ ਆਰੀ ਬਹੁਤ ਵੱਡਾ ਜਲੂਸ ਨਿਕਲਣਾ ਸੀ। ਉਹਦਾ ਤਕੜਾ ਰੌਲਾ ਸੀ।

ਬੰਤ ਆ ਕੇ ਭੂਰੇ ਨੂੰ ਕਿਹਾ ਕਰੇ ਵੀ ਇਹ ਲੋਕਾਂ ਦੀ ਲਹਿਰ ਐ, ਆਪਾਂ ਨੂੰ ਵੀ ਇਹਦੇ 'ਚ ਰਲਣਾ ਚਾਹੀਦੈ। ਭੂਰਾ ਕਹੇ, "ਇਹ ਫਾਸ਼ੀ ਲੋਕਾਂ ਦੀ ਖੇਡ ਐ !" ਤੇ ਲਓ ਭਾਈ ਉਹ ਇਹੀ ਫੈਸਲਾ ਨ੍ਹੀ ਕਰ ਸਕੇ ਵੀ ਆਪਾਂ ਜਲੂਸ 'ਚ ਜਾਈਏ ਜਾਂ ਨਾ ਜਾਈਏ। ਐਨੇ ਨੂੰ ਐਮਰਜੈਂਸੀ ਲੱਗ ਗਈ।

ਭੂਰੇ ਨੇ ਤਾਂ ਸਵੇਰੇ ਸਾਝਰੇ ਈ ਸੈਕਲ ਚੱਕਿਆ ਤੇ ਕਿਸੇ ਪਾਸੇ ਖਿਸਕ ਗਿਆ। ਜਾਂਦਾ ਜਾਂਦਾ ਮੈਨੂੰ ਕਹਿ ਗਿਆ, "ਜੇ ਪੁਲਸ ਆਲੇ ਆ ਕੇ ਮੇਰੇ ਬਾਰੇ ਪੁੱਛਣ ਤਾਂ ਕਹਿ ਦੀਂ ਲਾਮ ਨੂੰ ਗਿਆ ਹੋਇਐ, ਬਾਕੀ ਬੋਰ 'ਤੇ ਦੇਖਲੀਂ ਕੋਈ ਕਾਗਜ਼ ਪੱਤਰ ਪਿਆ ਹੋਇਆ ਤਾਂ ਆਵਦੇ ਘਰੇ ਲੈ ਜੀਂ ਤੇ ਸਾਂਭਲੀਂ।

ਐਮਰਜੈਂਸੀ ਦਾ ਤਾਂ ਉਦੋਂ ਮੈਨੂੰ ਪਤਾ ਨ੍ਹੀ ਸੀ, ਪਰ ਐਨੀ ਕੁ ਗੱਲ ਮੈਂ ਸਮਝ ਗਿਆ ਸੀ ਵੀ ਕੋਈ ਮਾੜੀ ਗੱਲ ਹੋਗੀ।

ਸਭ ਤੋਂ ਪਹਿਲਾਂ ਮੈਂ ਕਾਗਜ਼ਾਂ ਆਲਾ ਕੰਮ ਕੀਤਾ। ਕਾਗਜ਼ ਵੀ ਕੀ ਸੀ, ਇਕ ਰਸਾਲਾ ਪਿਆ ਸੀ। ਖੋਹਲ ਕੇ ਦੇਖਿਆ ਤਾਂ ਉਹਦੇ 'ਚ ਉਦਾਸੀ ਦੀਆਂ ਬੋਲੀਆਂ, ਮੈਨੂੰ ਤਾਂ ਦੇਖਕੇ ਚਾਅ ਚੜ੍ਹ ਗਿਆ। ਰਸਾਲਾ ਮੈਂ ਡੱਬ 'ਚ ਲਕੋ ਲਿਆ ਤੇ ਘਰੇ ਲੈ ਗਿਆ।

ਦੋ ਕੁ ਦਿਨਾਂ 'ਚ ਈ ਬੋਲੀਆਂ ਮੈਨੂੰ ਕੰਠ ਹੋਗੀਆਂ। ਤਰਜ਼ ਵੀ ਸਮਝ ਲੈ, ਪੱਕ ਈ ਚੱਲੀ ਸੀ। ਹਰ ਵੇਲੇ ਗਾਈ ਜੋ ਜਾਂਦਾ ਸੀ। ਮੇਰਾ ਦਿਲ ਕਰੇ ਵੀ ਬੰਤ ਆਜੇ ਤੇ ਮੈਂ ਉਹਨੂੰ ਬੋਲੀਆਂ ਸੁਣਾ ਕੇ ਹਰਾਨ ਕਰ ਦਿਆਂ।

ਪਰ ਉਹਨੇ ਕਿੱਥੋਂ ਆਉਣਾ ਸੀ। ਭੂਰਾ ਤਾਂ ਆਪ ਪੁਲਸ ਤੋਂ ਟਲਿਆ ਫਿਰਦਾ ਸੀ। ਪੁਲਸ ਵੀ ਦੋ-ਤਿੰਨ ਗੇੜੇ ਮਾਰ ਗਈ ਸੀ। ਮੈਨੂੰ ਤਾਂ ਕਿਸੇ ਨੇ ਨੀ ਬੁਲਾਇਆ। ਇਹਨਾਂ ਨੂੰ ਈ ਪੁੱਛ ਪੁਛਾ ਕੇ ਮੁੜਦੇ ਰਹੇ। ਇਕ ਆਰੀ ਤਾਂ ਖਾਸੇ ਔਖੇ-ਭਾਰੇ ਵੀ ਹੋਏ ਸੀ।

(ਬਾਕੀ ਅਗਲੇ ਅੰਕ 'ਚ)

# ਇਨਕਲਾਬੀ ਸੰਘਰਸ਼ਾਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹਿਣਗੇ "ਸਾਥੀ ਦਰਸ਼ਨ ਸਿੰਘ ਜੀ ਕੈਨੇਡੀਅਨ"

**ਅਵਤਾਰ ਲੰਗੇਰੀ**
**9463260181**

ਸਮਾਜਿਕ ਤਬਦੀਲੀ ਲਈ ਹਮੇਸ਼ਾ ਇਕ ਤੋਂ ਵਧੇਰੇ ਤੱਤ ਮਿਲ ਕੇ ਜ਼ਿੰਮੇਵਾਰ ਬਣਦੇ ਹਨ ਤੇ ਇਨ੍ਹਾਂ ਵਿਚੋਂ ਇਕ ਮਹੱਤਵਪੂਰਨ ਵਿਅਕਤੀਗਤ ਪ੍ਰਤੀਬੱਧਤਾ ਦਾ ਤੱਤ ਹੁੰਦਾ ਹੈ। ਪ੍ਰਤੀਬੱਧ ਵਿਅਕਤੀਆਂ ਦਾ ਯੋਗਦਾਨ ਇਤਿਹਾਸ ਦੀ ਧਾਰਾ ਨੂੰ ਇਕ ਵਿਸ਼ੇਸ਼ ਮੋੜ ਦੇਣ ਲਈ ਬਹੁਤ ਜ਼ਰੂਰੀ ਹੁੰਦਾ ਹੈ। ਅਜਿਹੇ ਹੀ ਇਕ ਮਹਾਨ ਇਨਕਲਾਬੀ ਅਮਰ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਜੀ ਕੈਨੇਡੀਅਨ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਦੇ ਇਕ ਛੋਟੇ ਜਿਹੇ ਪਿੰਡ ਲੰਗੇਰੀ ਵਿੱਚ ਪਿਤਾ ਸਰਦਾਰ ਦੇਵਾ ਸਿੰਘ ਸੰਘਾ ਅਤੇ ਮਾਤਾ ਸ੍ਰੀਮਤੀ ਰਾਓ ਜੀ ਦੇ ਘਰ 13 ਮਾਰਚ 1918 ਨੂੰ ਜਨਮ ਲਿਆ ਅੱਜ ਮਿਤੀ 25 ਸਤੰਬਰ 2021ਨੂੰ ਉਨ੍ਹਾਂ ਦੇ 35ਵੇਂ ਸ਼ਹੀਦੀ ਦਿਹਾੜੇ ਸਮੇਂ ਉਨ੍ਹਾਂ ਨੂੰ ਯਾਦ ਕਰਦਿਆਂ ਜਦੋਂ ਦੇਸ਼ ਦਾ ਮਜ਼ਦੂਰ ਕਿਸਾਨ ਆਪਣੇ ਹੱਕਾਂ ਲਈ ਦਿੱਲੀ ਦੇ ਬਾਰਡਰਾਂ ਸਮੇਤ ਦੇਸ਼ ਦੇ ਵੱਖ ਵੱਖ ਖਿੱਤਿਆਂ ਅੰਦਰ ਵੱਡੀਆਂ ਕਾਰਪੋਰੇਟ ਸ਼ਕਤੀਆਂ ਅਤੇ ਉਸ ਦੀ ਕਠਪੁਤਲੀ ਕੇਂਦਰੀ ਸਰਕਾਰ ਵਿਰੁੱਧ ਸ਼ੰਘਰਸ਼ ਕਰਕੇ ਆਪਣੀ ਹੋਂਦ ਦੀ ਲੜਾਈ ਲੜ ਹੋਵੇ ਤਾਂ ਸਾਥੀ ਕੈਨੇਡੀਅਨ ਦੇ ਜੀਵਨ ਸੰਘਰਸ਼ ਉਨ੍ਹਾਂ ਵੱਲੋਂ ਘਾਲੀ ਗਈ ਘਾਲਣਾ ਅਤੇ ਦਿੱਤੀ ਗਈ ਸ਼ਹਾਦਤ ਨੂੰ ਯਾਦ ਕਰਨਾ ਸਮੇਂ ਦੀ ਅਣਸਰਦੀ ਲੋੜ ਬਣਦੀ ਹੈ।

ਪਿੰਡ ਦੇ ਪ੍ਰਾਇਮਰੀ ਅਤੇ ਮਾਹਿਲਪੁਰ ਦੇ ਹਾਈ ਸਕੂਲ ਤੋਂ ਦਸਵੀਂ ਦੀ ਪੜ੍ਹਾਈ ਕਰਨ ਉਪਰੰਤ 1936 ਈਸਵੀ ਵਿੱਚ ਘਰ ਦੀ ਗ਼ਰੀਬੀ ਤੋਂ ਨਿਜਾਤ ਪਾਉਣ ਲਈ ਆਪਣੀ ਥੋੜ੍ਹੀ ਜਿਹੀ ਜ਼ਮੀਨ ਵੀ ਗਹਿਣੇ ਰੱਖ ਕੈਨੇਡਾ ਵੱਲ ਨੂੰ ਚਾਲੇ ਪਾ ਦਿੱਤੇ। ਇਹ ਸਫਰ ਉਨ੍ਹਾਂ ਲਈ ਬੜਾ ਸੰਘਰਸ਼ਮਈ ਰਿਹਾ ਉਹ ਕੈਨੇਡਾ ਲਈ ਕਲਕੱਤੇ ਤੋਂ ਮਾਲ ਢੋਣ ਵਾਲੇ ਜਹਾਜ ਰਾਹੀਂ ਹਾਂਗਕਾਂਗ ਤੇ ਫਿਰ ਸ਼ੰਘਈ ਪੁੱਜੇ ਵੈਨਕੂਵਰ ਲਈ ਜਹਾਜ਼ ਫੜਨ ਵਾਸਤੇ ਉਨ੍ਹਾਂ ਨੂੰ ਸ਼ੰਘਈ ਵਿੱਚ ਲਗਪਗ ਡੇਢ ਮਹੀਨੇ ਦੀ ਉਡੀਕ ਕਰਨੀ ਪਈ ਆਖ਼ਰ ਉਹ 13 ਮਾਰਚ 1937 ਨੂੰ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿੱਚ ਆ ਪਹੁੰਚੇ, ਇਸ ਦਿਨ ਉਨ੍ਹਾਂ ਦਾ 19 ਵਾਂ ਜਨਮ ਦਿਨ ਸੀ। ਦਰਸ਼ਨ ਸਿੰਘ ਕੈਨੇਡਾ ਵਿੱਚ ਵਿਦਿਆਰਥੀ ਦੇ ਤੌਰ ਤੇ ਦਾਖਲ ਹੋਏ ਪਰ ਯੂਨੀਵਰਸਿਟੀ ਵਿਚ ਪੜ੍ਹਨ ਲਈ ਪੈਸੇ ਦੀ ਲੋੜ ਸੀ ਜਿਸ ਕਰਕੇ ਉਨ੍ਹਾਂ ਨੂੰ ਲੱਕੜ ਮਿੱਲ ਵਿੱਚ ਭਾਰੀ ਫੱਟੇ ਖਿੱਚਣ ਦਾ ਕੰਮ ਕਰਨਾ ਪਿਆ। ਕੁਝ ਸਮਾਂ ਲੱਕੜ ਮਿੱਲ ਵਿੱਚ ਕੰਮ ਕਰਨ ਤੋਂ ਬਾਅਦ ਦਰਸ਼ਨ ਸਿੰਘ ਨੇ ਇਹ ਕੰਮ ਛੱਡ ਦਿੱਤਾ ਤੇ ਉਹ ਡੰਕਨ ਨੇੜੇ ਲੋਗਿੰਗ ਕੈਂਪ ਵਿੱਚ ਜਾ ਕੇ ਕੰਮ ਕਰਨ ਲੱਗੇ। ਇਹ ਜਾਨ ਜੋਖ਼ਮ ਵਿੱਚ ਪਾਉਣ ਵਾਲਾ ਕੰਮ ਸੀ ਪਰ ਇੱਥੇ ਮਜ਼ਦੂਰੀ ਦੇ ਪੈਸੇ ਵੱਧ ਮਿਲਦੇ ਸਨ ਕੁਝ ਮਹੀਨੇ ਮਿੱਲ ਦੇ ਲੋਗਿੰਗ ਕੈਂਪ ਵਿਚ ਕੰਮ ਕਰਨ ਤੋਂ ਬਾਅਦ ਦਰਸ਼ਨ ਸਿੰਘ ਵੈਨਕੂਵਰ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਪੜ੍ਹਾਈ ਕਰਨ ਲੱਗੇ ਪਰ ਦਰਸ਼ਨ ਸਿੰਘ ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਨਾਲੋਂ ਮਾਰਕਸਵਾਦੀ ਸਾਹਿਤ ਪੜ੍ਹਨ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਸਨ। ਉਹ ਬਹੁਤਾ ਸਮਾਂ ਰਾਜਨੀਤਕ ਮਸਲਿਆਂ ਬਾਰੇ ਪੜ੍ਹਨ ਅਤੇ ਉਨ੍ਹਾਂ ਨੂੰ ਸਮਝਣ ਤੇ ਲਾਉਂਦੇ ਰਹੇ। ਦਰਸ਼ਨ ਸਿੰਘ ਦੇ ਕਹਿਣ ਅਨੁਸਾਰ ਉਸ ਨੂੰ ਯੂਨੀਵਰਸਿਟੀ ਦੇ ਮਜ਼ਮੂਨਾਂ ਦੀ ਸਮਝ ਨਹੀਂ ਸੀ ਪੈਂਦੀ ਪਰ ਸਿਆਸੀ ਸਾਹਿਤ ਪੜ੍ਹਨ ਅਤੇ ਸਮਝਣ ਵਿੱਚ ਉਨ੍ਹਾਂ ਨੂੰ ਕਦੇ ਵੀ ਕੋਈ ਮੁਸ਼ਕਿਲ ਪੇਸ਼ ਨਹੀਂ ਸੀ ਆਉਂਦੀ। ਇਸੇ ਯੂਨੀਵਰਸਿਟੀ ਵਿਚ ਪੜ੍ਹਦਿਆਂ ਉਨ੍ਹਾਂ ਕੁਝ ਅਗਾਂਹਵਧੂ ਸੋਚ ਵਾਲੇ ਗੋਰੇ ਵਿਦਿਆਰਥੀਆਂ ਨੇ ਮਿਲ ਕੇ ਯੰਗ ਕਮਿਊਨਿਸਟ ਲੀਗ ਨਾਂ ਦੀ ਕਲੱਬ ਬਣਾਈ ਜੋ ਕਿ ਸਮਾਜਿਕ ਮਸਲਿਆਂ ਲਈ ਕੰਮ ਕਰਦੀ ਸੀ।

ਕਾਮਰੇਡ ਦਰਸ਼ਨ ਸਿੰਘ ਹਿੰਦੁਸਤਾਨ ਦੀ ਕਮਿਊਨਿਸਟ ਪਾਰਟੀ ਨਾਲ ਵੀ ਪੂਰੀ ਤਰ੍ਹਾਂ ਜੁੜੇ ਹੋਏ ਸਨ ਉਹ ਹਿੰਦੁਸਤਾਨੀ ਭਾਈਚਾਰੇ ਦੀਆਂ ਸਰਗਰਮੀਆਂ ਚ ਡੂੰਘੀ ਦਿਲਚਸਪੀ ਰੱਖਦੇ ਸੀ ਜਦੋਂ ਵੀ ਸਮਾਂ ਮਿਲਦਾ ਉਹ ਵੱਖ ਵੱਖ ਥਾਵਾਂ ਤੇ ਜਾ ਕੇ ਹਿੰਦੁਸਤਾਨ ਦੀ ਆਜ਼ਾਦੀ, ਕੈਨੇਡਾ ਵਿੱਚ ਵੋਟ ਦੇ ਹੱਕ, ਨਸਲਵਾਦ, ਮਜ਼ਦੂਰਾਂ ਦੀ ਲੁੱਟ ਖਸੁੱਟ ਅਤੇ ਸਮਾਜਿਕ ਪਾੜੇ ਬਾਰੇ ਅਕਸਰ ਹੀ ਤਕਰੀਰਾਂ ਕਰਦੇ ਜਿਸ ਕਰਕੇ ਉਹ ਕੈਨੇਡੀਅਨ ਪੰਜਾਬੀਆਂ ਅਤੇ ਅਗਾਂਹਵਧੂ ਗੋਰਿਆਂ ਵਿੱਚ ਬਹੁਤ ਹੀ ਹਰਮਨ ਪਿਆਰੇ ਹੋ ਗਏ। ਇਨ੍ਹਾਂ ਤਕਰੀਰਾਂ ਕਾਰਨ ਦਰਸ਼ਨ ਨੂੰ ਇਮੀਗ੍ਰੇਸ਼ਨ ਵੱਲੋਂ ਵਰਕ ਪਰਮਿਟ ਦੇਣੇ ਬੰਦ ਕਰ ਦਿੱਤੇ ਗਏ ਜਿਸ ਕਾਰਨ ਉਨ੍ਹਾਂ ਨੂੰ ਯੂਨੀਵਰਸਿਟੀ ਦੀ ਪੜ੍ਹਾਈ ਬੰਦ ਕਰਨੀ ਪਈ ਅਤੇ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦੀ ਸ਼ੁਰੂਆਤ ਹੋਈ।

ਦਰਸ਼ਨ ਸਿੰਘ ਹਿੰਦੁਸਤਾਨ ਵਿਚ ਰਹਿੰਦਿਆਂ ਹੀ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ ਕੈਨੇਡਾ ਵਿਚ ਆ ਕੇ ਮਾਰਕਸਵਾਦੀ ਸਾਹਿਤ ਪੜ੍ਹਿਆ ਤਾਂ ਆਪ ਦੇ ਵਿਚਾਰ ਹੋਰ ਪੱਕੇ ਹੋ ਗਏ ਆਪ ਨੇ ਕੈਨੇਡਾ ਵਿਚ ਹਿੰਦੋਸਤਾਨੀ ਕਮਿਊਨਿਟੀ ਦੇ ਚਾਲੀ ਸਾਲਾਂ ਦੇ ਇਤਿਹਾਸ ਨੂੰ ਪੜ੍ਹਿਆ ਅਤੇ ਘੋਖਿਆ। ਆਪ ਨੂੰ ਇਸ ਗੱਲ ਦੀ ਸਮਝ ਆਈ ਕਿ ਕਾਮਾਗਾਟਾ ਮਾਰੂ ਦੇ ਦਿਨਾਂ ਤੋਂ ਲੈ ਕੇ ਹੁਣ ਤੱਕ ਜਦ ਵੀ ਕਦੀ ਹਿੰਦੁਸਤਾਨੀ ਆਵਾਸੀਆਂ ਤੇ ਭਾਰੀ ਪਈ ਤਾਂ ਸਿਰਫ ਕਮਿਊਨਿਸਟ ਵਿਚਾਰਾਂ ਦੇ ਕੈਨੇਡੀਅਨ ਹੀ ਉਨ੍ਹਾਂ ਦੀ ਮਦਦ ਲਈ ਬਹੁੜੇ ਹਨ ਇਹ ਸਿਰਫ ਕੈਨੇਡੀਅਨ ਕਮਿਊਨਿਸਟ ਪਾਰਟੀ ਹੀ ਸੀ ਜਿਹੜੀ ਹਿੰਦੁਸਤਾਨ ਦੀ ਆਜ਼ਾਦੀ ਦੀ ਹਮਾਇਤ ਕਰਦੀ ਸੀ ਅਤੇ ਨਸਲਵਾਦ ਵਿਰੁੱਧ ਸਰਗਰਮੀ ਨਾਲ ਲੜਦੀ ਸੀ ਜਿਸ ਕਰਕੇ ਅਲਬਰਟਾ ਵਿਚ ਰਹਿੰਦਿਆਂ ਉਹ 1939 ਵਿੱਚ ਕਮਿਊਨਿਸਟ ਪਾਰਟੀ ਆਫ ਕੈਨੇਡਾ ਦੇ ਮੈਂਬਰ ਬਣ ਗਏ।



COM. DARSHAN SINGH CANADIAN EX. M.L.A.
(13.03.1918--To--25.09.1986)

ਕੈਨੇਡਾ ਰਹਿੰਦਿਆਂ ਉਨ੍ਹਾਂ ਅੰਦਰ ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਿੱਚ ਆਪਣਾ ਯੋਗਦਾਨ ਪਾਉਣ ਦੀ ਤੀਬਰ ਇੱਛਾ ਸੀ, ਇਸੇ ਇਰਾਦੇ ਨਾਲ ਉਹ ਜੂਨ ਉੱਨੀ ਸੌ ਚਾਲੀ ਵਿੱਚ ਵੈਨਕੂਵਰ ਜਹਾਜ ਰਾਹੀਂ ਹਿੰਦੁਸਤਾਨ ਨੂੰ ਰਵਾਨਾ ਹੋ ਗਏ। ਦਰਸ਼ਨ ਸਿੰਘ ਤੋਂ ਪਹਿਲਾਂ ਗ਼ਦਰ ਪਾਰਟੀ ਨੇ ਸਾਨ ਫਰਾਂਸਿਸਕੋ ਤੋਂ ਕੁਝ ਗ਼ਦਰੀਆਂ ਨੂੰ ਹਿੰਦੋਸਤਾਨ ਭੇਜਿਆ ਸੀ ਪਰ ਜਾਪਾਨ ਪੁੱਜਣ ਤੇ ਦਰਸ਼ਨ ਸਿੰਘ ਨੂੰ ਪਤਾ ਲੱਗਾ ਕਿ ਉਨ੍ਹਾਂ ਗ਼ਦਰੀਆਂ 'ਚੋਂ ਬਹੁਤਿਆਂ ਨੂੰ ਸ਼ੰਘਈ ਅਤੇ ਹਾਂਗਕਾਂਗ ਵਿੱਚ ਫੜਕੇ ਜੇਲ੍ਹੀਂ ਡੱਕ ਦਿੱਤਾ ਹੈ ਜਿਸ ਤੇ ਜਾਪਾਨ ਚ ਰਹਿੰਦੇ ਹਿੰਦੁਸਤਾਨੀਆਂ ਨੇ ਦਰਸ਼ਨ ਨੂੰ ਆਖਿਆ ਜੇ ਤੂੰ ਸ਼ੰਘਈ ਦੀ ਜੇਲ੍ਹ ਵਿੱਚ ਸੜਨਾ ਚਾਹੁੰਦਾ ਤਾਂ ਜਾ ਸਕਦੈਂ ਪਰ ਇਸ ਵਿੱਚ ਕੋਈ ਫ਼ਾਇਦਾ ਨਹੀਂ ਹੋਣਾ। ਇਸ ਕਰਕੇ ਉਨ੍ਹਾਂ ਦੀ ਸਲਾਹ ਮੰਨ ਕੇ ਦਰਸ਼ਨ ਫੇਰ ਜਪਾਨ ਤੋਂ ਵਾਪਸ ਕੈਨੇਡਾ ਮੁੜ ਗਏ। ਕੈਨੇਡਾ ਵਾਪਸੀ ਤੇ ਉਨ੍ਹਾਂ ਦੀ ਮਿਲਣੀ ਕਮਿਊਨਿਸਟ ਲੀਡਰ ਨਾਈਜਲ ਮੌਰਗਨ ਨਾਲ ਹੋਈ ਨਾਈਜਲ ਮੌਰਗਨ ਲੱਕੜ ਦੀਆਂ ਮਿੱਲਾਂ ਦੇ ਕਾਮਿਆਂ ਦੀ ਯੂਨੀਅਨ ਸੰਗਠਿਤ ਕਰਨ ਲਈ ਦਰਸ਼ਨ ਦੀ ਮਦਦ ਚਾਹੁੰਦਾ ਸੀ। ਲੱਕੜ ਮਿੱਲਾਂ ਦੇ ਕਾਮਿਆਂ ਦੀ ਯੂਨੀਅਨ ਇੰਟਰਨੈਸ਼ਨਲ ਵੁੱਡਵਰਕਸ ਆਫ ਅਮੈਰਿਕਾ ਅਮਰੀਕਾ ਵਿੱਚ ਜੰਮੀ ਪਲੀ ਸੀ ਤੇ ਇਸ ਨੂੰ ਬਣਾਉਣ ਵਾਲੇ ਵੀ ਅਮਰੀਕੀ ਕਮਿਊਨਿਸਟ ਸਨ। ਆਈ ਡਬਲਯੂ ਦੀ ਉੱਪਰਲੀ ਲੀਡਰਸ਼ਿਪ ਕਮਿਊਨਿਸਟਾਂ ਦੇ ਹੱਥ ਵਿੱਚ ਹੀ ਸੀ। ਕੈਨੇਡਾ ਵਿੱਚ ਆਈ ਡਬਲਯੂ ਏ ਨੂੰ ਬਣਾਉਣ ਵਾਲੇ ਵੀ ਕਮਿਊਨਿਸਟ ਹੀ ਸਨ। ਕਮਿਊਨਿਸਟ ਲੀਡਰ ਨਾਈਜਲ ਮੌਰਗਨ ਨੇ ਦਰਸ਼ਨ ਸਿੰਘ ਨੂੰ ਦੱਸਿਆ ਕਿ ਹਿੰਦੁਸਤਾਨੀ ਚੀਨੀ ਤੇ ਜਾਪਾਨੀ ਕਾਮਿਆਂ ਨੂੰ ਜਥੇਬੰਦ ਕਰਨ ਕਰਨ ਚ ਪਾਰਟੀ ਨੂੰ ਮੁਸ਼ਕਲ ਆ ਰਹੀ ਹੈ ਤੇ ਹਿੰਦੁਸਤਾਨੀ ਕਾਮਿਆਂ ਨੂੰ ਆਈ ਡਬਲਯੂ ਏ 'ਚ ਲਿਆਉਣ ਲਈ ਉਸ ਨੂੰ ਦਰਸ਼ਨ ਦੀ ਮਦਦ ਚਾਹੀਦੀ ਹੈ। ਦਰਸ਼ਨ ਸਿੰਘ ਇਸ ਕੰਮ ਲਈ ਰਾਜ਼ੀ ਹੋ ਗਏ ਤੇ ਆਪ 1944-45 ਤਕ ਬਹੁਤ ਸਾਰੇ ਕਾਮਿਆਂ ਨੂੰ ਆਈ ਡਬਲਯੂ ਏ ਦੇ ਮੈਂਬਰ ਬਣਾਉਣ ਵਿਚ ਕਾਮਯਾਬ ਹੋ ਗਏ ਦਰਸ਼ਨ ਅਤੇ ਹੋਰ ਕਮਿਊਨਿਸਟ ਇਨਕਲਾਬੀ ਲੀਡਰਾਂ ਦੀ ਅਗਵਾਈ ਵਿਚ 15 ਮਈ 1946 ਨੂੰ ਲੱਕੜ ਸਨਅਤ ਦੇ ਕਾਮਿਆਂ ਨੇ ਹੜਤਾਲ ਕਰ ਦਿੱਤੀ ਆਈ ਡਬਲਯੂ ਏ ਲਈ 37 ਦਿਨ ਚੱਲੀ ਇਹ ਇਕ ਇਤਿਹਾਸਕ ਤੇ ਫੈਸਲਾਕੁੰਨ ਹੜਤਾਲ ਸੀ। ਇਸ ਹੜਤਾਲ ਵਿੱਚ ਪੰਜਾਬੀ ਕਾਮਿਆਂ ਨੇ ਯੂਨੀਅਨ ਦਾ ਪੂਰਾ ਪੂਰਾ ਸਾਥ ਦਿੱਤਾ ਉਹ ਆਪਣੇ ਗੋਰੇ ਭਰਾਵਾਂ ਨਾਲ ਰਲ ਕੇ ਪਿਕਟ ਲਾਈਨਾਂ ਤੇ ਡਟੇ ਰਹੇ। ਆਖ਼ਰ ਯੂਨੀਅਨ ਦੀ ਜਿੱਤ ਹੋਈ। ਦਿਹਾੜੀ ਅੱਠ ਘੰਟੇ ਦੀ ਮੰਨ ਲਈ ਗਈ, ਤਨਖਾਹ ਦੇ ਪ੍ਰਤੀ ਘੰਟਾ ਰੇਟ ਵਿੱਚ ਭਾਰੀ ਵਾਧਾ ਹੋਇਆ, ਹਿੰਦੋਸਤਾਨੀ ਤੇ ਦੂਸਰੇ ਗੈਰ ਗੋਰੇ ਕਾਮਿਆਂ ਨੂੰ ਗੋਰੇ ਕਾਮਿਆਂ ਜਿੰਨੀ ਤਨਖਾਹ ਮਿਲਣ ਲੱਗੀ। ਇਸ ਹੜਤਾਲ ਦੀ ਕਾਮਯਾਬੀ ਚ ਦਰਸ਼ਨ ਸਿੰਘ ਦਾ ਵੱਡਾ ਇਤਿਹਾਸਕ ਯੋਗਦਾਨ ਰਿਹਾ ਜਿਸ ਦਾ ਲਾਹਾ ਅੱਜ ਵੀ ਵੱਡੀ ਗਿਣਤੀ ਵਿਚ ਕੈਨੇਡਾ ਵਿਚ ਕੰਮ ਕਰ ਰਹੇ ਪਰਵਾਸੀ ਭਾਰਤੀਆਂ ਨੂੰ ਮਿਲ ਰਿਹਾ ਹੈ। ਆਈ ਡਬਲਯੂ ਏ ਦੀ ਸਥਾਪਨਾ ਲਈ ਦਰਸ਼ਨ ਵੱਲੋਂ ਕੈਨੇਡਾ ਦੀਆਂ ਵੱਖ ਵੱਖ ਸਟੇਟਾਂ ਵਿੱਚ ਸਿਰ ਤੋੜ ਯਤਨ ਕੀਤੇ। ਕੈਨੇਡਾ ਵਿੱਚ ਰਹਿੰਦੇ ਹਿੰਦੁਸਤਾਨੀਆਂ ਵੱਲੋਂ ਵੋਟ ਦੇ ਹੱਕ ਲਈ ਲੜੇ ਘੋਲ ਵਿੱਚ ਵੀ ਦਰਸ਼ਨ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਦਰਸ਼ਨ ਸਿੰਘ ਵੱਲੋਂ ਕਮਿਊਨਿਟੀ ਦੇ ਦੂਸਰੇ ਲੀਡਰਾਂ ਨਾਲ ਰਲ ਕੇ ਵੋਟ ਦੇ ਹੱਕ ਲਈ ਲੜੇ ਇਸ ਘੋਲ ਦੀ ਆਖਰ ਜਿੱਤ ਹੋਈ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ 2 ਅਪ੍ਰੈਲ 1947 ਨੂੰ ਕਾਨੂੰਨ ਬਣਾ ਕੇ ਹਿੰਦੁਸਤਾਨੀਆਂ ਨੂੰ ਵੋਟ ਦਾ ਹੱਕ ਦੇ ਦਿੱਤਾ। ਬੀ ਸੀ ਵਿੱਚ ਵੋਟ ਦਾ ਹੱਕ ਮਿਲਣ ਨਾਲ ਇੱਥੇ ਵੱਸਦੇ ਹਿੰਦੁਸਤਾਨੀਆਂ ਨੂੰ ਕੈਨੇਡਾ ਦੇ ਸਿਟੀਜ਼ਨ ਬਣਨ ਅਤੇ ਕੈਨੇਡਾ ਚ ਵੋਟ ਪਾਉਣ ਦਾ ਹੱਕ ਮਿਲ ਗਿਆ। ਇਸ ਜਿੱਤ ਲਈ ਕਾਮਰੇਡ ਕੈਨੇਡੀਅਨ ਨੂੰ ਸਲਾਮ ਕਰਨਾ ਬਣਦਾ ਹੈ, ਜਿਨ੍ਹਾਂ ਵੱਲੋਂ ਕੈਨੇਡਾ ਚ ਵੋਟ ਦੇ ਹੱਕ ਲਈ ਲੜੇ ਘੋਲ ਚ ਖੱਬੀ ਸੋਚ ਵਾਲੀਆਂ ਸਿਆਸੀ ਪਾਰਟੀਆਂ ਅਤੇ ਆਈ ਡਬਲਯੂ ਏ ਵਰਗੀਆਂ ਯੂਨੀਅਨਾਂ ਨੂੰ ਹਿੰਦੁਸਤਾਨੀਆਂ ਦੇ ਹੱਕ ਵਿਚ ਭੁਗਤਾਇਆ।

ਦਰਸ਼ਨ ਡੂੰਘੇ ਚਿੰਤਕ ਹੋਣ ਕਾਰਨ ਅੰਤਰਰਾਸ਼ਟਰੀ ਮਸਲਿਆਂ ਬਾਰੇ ਡੂੰਘੀ ਦਿਲਚਸਪੀ ਅਤੇ ਜਾਣਕਾਰੀ ਰੱਖਦੇ ਸੀ ਉਨ੍ਹਾਂ 1945-46 ਦੌਰਾਨ ਰਾਈਜ਼ ਆਫ ਨਿਊ ਏਸ਼ੀਆ ਨਾਂ ਦੀ ਕਿਤਾਬ ਲਿਖੀ ਆਪ ਦਾ ਇਸ ਕਿਤਾਬ ਨੂੰ ਲਿਖਣ ਦਾ ਮਕਸਦ ਕੈਨੇਡੀਅਨ ਲੋਕਾਂ ਨੂੰ ਏਸ਼ੀਆ ਦੇ ਮੁਲਕਾਂ ਚ ਚਲ ਰਹੇ ਆਜ਼ਾਦੀ ਕੌਮੀ ਅੰਦੋਲਨਾਂ ਬਾਰੇ ਜਾਣਕਾਰੀ ਦੇਣਾ ਸੀ। ਇਸ ਕਿਤਾਬ ਵਿਚ ਹਿੰਦੁਸਤਾਨ,ਚੀਨ, ਜਪਾਨ, ਇਰਾਨ, ਤੁਰਕੀ, ਵੀਅਤਨਾਮ, ਇੰਡੋਨੇਸ਼ੀਆ, ਫਿਲਪੀਨਜ਼ ਅਤੇ ਕੋਰੀਆ ਆਦਿ ਮੁਲਕਾਂ ਬਾਰੇ ਦਰਸ਼ਨ ਸਿੰਘ ਦੇ ਲਿਖੇ ਲੇਖ ਹਨ।

15 ਅਗਸਤ 1947 ਨੂੰ ਮਿਲੀ ਭਾਰਤੀ ਆਜ਼ਾਦੀ ਦੇ ਅਰਥ ਉਹ ਭਲੀ ਭਾਂਤ ਸਮਝ ਗਏ ਸਨ। ਉਹ ਭਾਵੇਂ ਕੈਨੇਡਾ ਵਿੱਚ ਲੋਕ ਮੁਕਤੀ ਸੰਗਰਾਮ ਵਿਚ ਆਪਣਾ ਯੋਗਦਾਨ ਪਾ ਰਹੇ ਸਨ ਪਰ ਉਨ੍ਹਾਂ ਦੀ ਰੂਹ ਹਿੰਦੁਸਤਾਨ ਅੰਦਰ ਸੀ। ਉਹ ਦੇਖਦੇ ਸਨ ਕਿ ਹਿੰਦੋਸਤਾਨ ਅੰਦਰ ਕਿਰਤ ਕਰਨ ਵਾਲੇ ਲੋਕਾਂ ਦੀ ਹਾਲਤ ਕੈਨੇਡੀਅਨ ਮਜ਼ਦੂਰਾਂ ਦੀ ਦੇ ਮੁਕਾਬਲੇ ਕਿਤੇ ਬਦ ਤੋਂ ਬਦਤਰ ਸੀ। ਉਹ ਇਹ ਮਹਿਸੂਸ ਕਰਨ ਲੱਗੇ ਕਿ ਕਿ ਜੇਕਰ ਉਨ੍ਹਾਂ ਨੇ ਆਪਣੇ ਆਪ ਨੂੰ ਸਿਆਸਤ ਦੇ ਸਮਰਪਿਤ ਕਰਨਾ ਹੈ ਤਾਂ ਉਹ ਇਹ ਸਭ ਕੁਝ ਭਾਰਤ ਜਾ ਕੇ ਕਰਨ, ਜਿਸ ਕਰਕੇ ਉਹ 16 ਦਸੰਬਰ 1947 ਨੂੰ ਭਾਰਤ ਪਹੁੰਚ ਗਏ। ਹਜ਼ਾਰਾਂ ਦੇਸ ਭਗਤ ਕੈਨੇਡਾ ਅਮਰੀਕਾ ਦੀਆਂ ਕਮਾਈਆਂ ਤੇ ਸੁੱਖ ਸਹੂਲਤਾਂ ਨੂੰ ਲੱਤ ਮਾਰ ਕੇ ਆਜ਼ਾਦੀ ਦੀ ਜੰਗ ਵਿੱਚ ਆ ਕੇ ਕੁੱਦੇ ਸਨ ਪਰ ਦਰਸ਼ਨ ਸਿੰਘ ਪਹਿਲੇ ਕੈਨੇਡੀਅਨ ਸੀ ਜੋ ਭਾਰਤ ਨੂੰ ਮਿਲੀ ਆਜ਼ਾਦੀ ਨੂੰ ਅਧੂਰੀ ਸਮਝਦਿਆਂ ਗ਼ਦਰੀਆਂ ਦੇ ਸੁਪਨਿਆਂ ਵਾਲੇ ਕਿਰਤੀ ਕਿਸਾਨਾਂ ਦੀ ਸਰਦਾਰੀ ਵਾਲੇ ਰਾਜ ਦੀ ਸਥਾਪਨਾ ਲਈ ਸੰਘਰਸ਼ ਕਰਨ ਵਾਸਤੇ ਭਾਰਤ ਪਰਤੇ ਸਨ। ਭਾਰਤ ਪੁੱਜ ਕੇ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਕਲਕੱਤਾ ਕਾਂਗਰਸ ਰਾਹੀਂ ਪਾਰਟੀ ਵਿੱਚ ਸ਼ਾਮਲ ਹੋ ਗਏ ਕੋਲਕਾਤਾ ਕਾਂਗਰਸ ਤੋਂ ਛੇਤੀ ਹੀ ਬਾਅਦ ਭਾਰਤ ਸਰਕਾਰ ਵੱਲੋਂ ਭਾਰਤੀ ਕਮਿਊਨਿਸਟ ਪਾਰਟੀ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਗਿਆ। ਇਸ ਸਮੇਂ ਦੌਰਾਨ ਦਰਸ਼ਨ ਸਿੰਘ ਆਪਣੇ ਬਹੁਤ ਸਾਰੇ ਸਾਥੀਆਂ ਦੇ ਨਾਲ ਗੁਪਤਵਾਸ ਰਹਿ ਕੇ ਪਾਰਟੀ ਲਈ ਕੰਮ ਕਰਦੇ ਰਹੇ ਤੇ ਇਸੇ ਗੁਪਤਵਾਸ ਦੌਰਾਨ ਹੀ ਉਨ੍ਹਾਂ ਦਾ ਵਿਆਹ ਜਲੰਧਰ ਜ਼ਿਲ੍ਹੇ ਦੇ ਪਿੰਡ ਜੰਡਿਆਲਾ ਦੇ ਗ਼ਦਰੀ ਬਾਬਾ ਲਾਲ ਸਿੰਘ ਦੀ ਪੋਤੀ ਹਰਬੰਸ ਕੌਰ ਨਾਲ ਹੋਇਆ। 1951 ਵਿੱਚ ਸਾਥੀ ਕਨੇਡੀਅਨ ਨੇ ਜ਼ਿਲ੍ਹਾ ਜਲੰਧਰ ਵਿਚ ਕਮਿਊਨਿਸਟ ਪਾਰਟੀ ਦੇ ਸਕੱਤਰ 1963 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਲਈ ਅਤੇ 1968 ਤੋਂ 1971 ਤਕ ਬਤੌਰ ਸੂਬਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਲਈ ਕੰਮ ਕਰਦਿਆਂ ਖਰਾਬ ਸਿਹਤ ਦੇ ਬਾਵਜੂਦ ਵੀ ਦਿਨ ਰਾਤ ਸੰਘਰਸ਼ ਕੀਤਾ। 1972 ਅਤੇ 1977 ਉਹ ਦੋ ਵਾਰ ਹਲਕਾ ਗੜ੍ਹਸ਼ੰਕਰ ਤੋਂ ਐਮਐਲਏ ਚੁਣੇ ਗਏ ਕੰਢੀ ਲੋਕਾਂ ਦੇ ਮਸੀਹੇ ਦੇ ਨਾਂ ਨਾਲ ਜਾਣੇ ਜਾਂਦੇ ਕੈਨੇਡੀਅਨ ਨੇ ਕੰਢੀ ਇਲਾਕੇ ਵਿੱਚ ਮੀਲਾਂ ਤੋਂ ਪਾਣੀ ਢੋ ਰਹੇ ਲੋਕਾਂ ਦੇ ਘਰ ਘਰ ਤੱਕ ਪਾਣੀ ਪਹੁੰਚਾਇਆ ਅਕਤੂਬਰ ਉੱਨੀ ਸੌ ਪਚਾਸੀ ਵਿਚ ਇਲਾਕਾ ਜੰਡੋਲੀ ਦੇ ਆਸ ਪਾਸ ਦੇ ਸੋਲਾਂ ਪਿੰਡਾਂ ਨੂੰ ਉਜਾੜ ਕੇ ਮਿਲਟਰੀ ਮਿਲਟਰੀ ਛਾਉਣੀ ਬਣਨ ਦਾ ਐਲਾਨ ਹੋਇਆ ਪਰ ਸਾਥੀ ਕਨੇਡੀਅਨ ਇਨ੍ਹਾਂ ਪਿੰਡਾਂ ਦਾ ਉਜਾੜਾ ਕਿਵੇਂ ਬਰਦਾਸ਼ਤ ਕਰ ਸਕਦੇ ਸੀ ਉਨ੍ਹਾਂ ਦੇ ਸੀਨੇ ਵਿੱਚ ਲਾਟ ਫਿਰ ਗਈ ਕਿਉਂਕਿ ਘੁੱਗ ਵਸਦੇ ਪਿੰਡਾਂ ਦਾ ਉਜਾੜਾ ਹੋਣ ਵਾਲਾ ਸੀ ਜਿਉਂ ਹੀ ਇਨ੍ਹਾਂ ਪਿੰਡਾਂ ਦੇ ਨਿਵਾਸੀਆਂ ਨੂੰ ਉਜਾੜੇ ਦੇ ਨੋਟਿਸ ਮਿਲੇ ਤਾਂ ਪਿੰਡਾਂ ਵਿੱਚ ਹਾਹਾਕਾਰ ਮੱਚ ਗਈ। ਛਾਉਣੀ ਨਾ ਬਣਨ ਦੇਣ ਲਈ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਕੈਨੇਡੀਅਨ ਜੀ ਦੀ ਅਗਵਾਈ ਵਿੱਚ ਚੱਲੇ ਸੰਘਰਸ਼ ਵਿੱਚ ਤਕਰੀਬਨ ਪੰਜਾਹ ਪਿੰਡਾਂ ਦਾ ਬੱਚਾ ਬੱਚਾ ਸੰਘਰਸ਼ ਲਈ ਅੱਗੇ ਆਇਆ। ਇਲਾਕੇ ਦੀਆਂ ਪੰਜਾਹ ਪੰਚਾਇਤਾਂ ਨੇ ਸਰਬਸੰਮਤੀ ਨਾਲ ਮਤੇ ਪਾਸ ਕਰਕੇ ਛਾਉਣੀ ਨਾ ਬਣਨ ਦੇਣ ਦੇ ਘੋਲ ਨੂੰ ਜਿੱਤ ਵਿੱਚ ਤਬਦੀਲ ਕਰ ਦਿੱਤਾ। ਪਿੰਡ ਲੰਗੇਰੀ ਵਾਸੀਆਂ ਲਈ 1980 ਵਿੱਚ ਭਾਈ ਪਿਆਰਾ ਸਿੰਘ ਜੀ ਦੀ ਯਾਦ ਵਿਚ ਸਰਕਾਰੀ ਡਿਸਪੈਂਸਰੀ 1982 ਵਿੱਚ ਇਕੱਲੇ ਲੰਗੇਰੀ ਪਿੰਡ ਲਈ ਵਾਟਰ ਸਪਲਾਈ ਸਕੀਮ, ਪੱਕੀ ਸੜਕ ਅਤੇ 1983 ਵਿਚ ਲੰਗੇਰੀ ਨਾਲ ਲੱਗਦੇ ਚੋਅ ਉੱਪਰ ਪੁਲ ਬਣਾਉਣ ਤੋਂ ਇਲਾਵਾ ਸਰਕਾਰੀ ਟਿਊਬਵੈੱਲ ਲਗਵਾ ਕੇ ਲੰਗੇਰੀ ਪਿੰਡ ਦੇ ਦੇਸ਼ ਭਗਤਾਂ ਗਦਰੀਆਂ ਸੂਰਬੀਰਾਂ ਅਤੇ ਯੋਧਿਆਂ ਦੀ ਯਾਦ ਨੂੰ ਸਮਰਪਣ ਕੀਤਾ।

1976 ਵਿੱਚ ਪ੍ਰਧਾਨਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਅੰਦਰ ਐਮਰਜੈਂਸੀ ਲਗਾਉਣ ਨਾਲ ਹਾਲਾਤ ਖਰਾਬ ਹੋ ਗਏ ਦਿੱਲੀ ਅਤੇ ਪੰਜਾਬ ਦੇ ਮੌਕਾਪ੍ਰਸਤ ਸਿਆਸਤਦਾਨਾਂ ਨੇ ਆਪਣੀ ਕੁਰਸੀ ਬਚਾਉਣ ਖਾਤਰ ਧਰਮ ਦਾ ਪੱਤਾ ਖੇਡਿਆ। 1984 ਵਿੱਚ ਕੇਂਦਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲੇ ਦੀ ਘਟਨਾ ਵਾਪਰੀ। ਪੰਜਾਬ ਵਸਦੇ ਸਿੱਖਾਂ ਸਮੇਤ ਸਮੂਹ ਪੰਜਾਬੀਆਂ ਦੇ ਹਿਰਦੇ ਵਲੂੰਧਰੇ ਗਏ। ਪੰਜਾਬ ਅੰਦਰ ਕਾਲਾ ਦੌਰ ਸ਼ੁਰੂ ਹੋਇਆ ਅਤੇ ਵੱਖਵਾਦੀ ਲਹਿਰ ਜ਼ੋਰ ਫੜ ਗਈ। ਸਾਥੀ ਦਰਸ਼ਨ ਸਿੰਘ ਕੈਨੇਡੀਅਨ ਹਿੰਦੂ ਸਿੱਖ ਕੈਨੇਡੀਅਨ ਦੇ ਝੰਡਾ ਬਰਦਾਰ ਬਣ ਮਾਝੇ ਦੀ ਧਰਤੀ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਅੰਦਰ ਹਿੰਦੂ ਸਿੱਖ ਏਕਤਾ ਦੇ ਹੱਕ ਵਿੱਚ ਜਲਸੇ ਕਰਨ ਲੱਗੇ। ਇਨ੍ਹੀਂ ਦਿਨੀਂ 25 ਸਤੰਬਰ 1986 ਨੂੰ ਆਪਣੀ ਹੀ ਕਰਮ ਭੂਮੀ ਤੇ ਮਾਹਿਲਪੁਰ ਤੋਂ ਲੰਗੇਰੀ ਵੱਲ ਨੂੰ ਸਾਈਕਲ ਤੇ ਆ ਰਹੇ ਸਾਥੀ ਕੈਨੇਡੀਅਨ ਨੂੰ ਲੰਗੇਰੀ ਦੇ ਪਿੰਡ ਦੇ ਬਾਹਰ ਮਾਹਿਲਪੁਰ ਨੇੜੇ ਵੱਖਵਾਦੀਆਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਅੱਜ ਸਾਥੀ ਕੈਨੇਡੀਅਨ ਸਰੀਰਕ ਰੂਪ ਵਿੱਚ ਭਾਵੇਂ ਸਾਡੇ ਵਿੱਚ ਨਹੀਂ ਪਰ ਉਨ੍ਹਾਂ ਦੀ ਸੋਚ ਨੂੰ ਕਦੀ ਕਤਲ ਨਹੀਂ ਕੀਤਾ ਜਾ ਸਕਦਾ। ਉਹ ਮਜ਼ਦੂਰਾਂ, ਕਿਸਾਨਾਂ, ਔਰਤਾਂ, ਸਨਅਤੀ ਕਾਮਿਆਂ ਅਤੇ ਵਿਦਿਆਰਥੀ ਸੰਘਰਸ਼ਾਂ ਦੇ ਰੂਪ ਵਿੱਚ ਹਮੇਸ਼ਾਂ ਸਾਡੇ ਅੰਗ ਸੰਗ ਰਹਿਣਗੇ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY

REALTY INC., BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

**TEAM OF OVER 600 REALTORS**

# HOMELIFE SILVERCITY

REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
Cambridge
PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab
Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness
Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.